## Buying/Selling in Michigan

All types of Residential & Commercial properties. Gas Stations, Liquor Stores, Hotels, Plazas, Truck Terminals etc.

All types of loans.



**Landmark Realty**

40600 Ann Arbor Rd., Suite# 150, Plymouth, MI 48170

**Call: 734-751-4455**

rajsshergill@yahoo.com

Raj Shergill
*Associate Broker*



ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

120-20 101 Avenue S. Richmond Hill, NY 11419

## Singh Accounting & Tax Services

Niagara Falls Grand Island, NY

All kinds of accounting work.

*Book keeping *Payroll *Sales Tax
*New business set up *E-file tax return

Go to App store to load our free App



**Ph: 716-425-7126**

Fax: 716-284-0025
Email: singhtaxservice@yahoo.com
Website: singhtaxservice.com

Sarbjit Singh Khakh (Sabhi)
*Accountant*



Twentieth Year of Publication | *ਨਿਊ ਯਾਰਕ ਐਡੀਸ਼ਨ* | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 12, March 23, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਵਿਚ ਤੀਜੇ ਬਦਲ ਦਾ ਜਲੌਅ ਮੱਠਾ ਪਿਆ

## ਰਵਾਇਤੀ ਧਿਰਾਂ ਨੂੰ ਲਾਹਾ ਮਿਲਣ ਦੇ ਆਸਾਰ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਰਵਾਇਤੀ ਧਿਰਾਂ ਨੂੰ ਚੋਣ ਮੁਕਾਬਲੇ ਤੋਂ ਲਾਂਭੇ ਕਰਨ ਲਈ ਪੰਜਾਬ ਵਿਚ ਤੀਜੇ ਬਦਲ ਦਾ ਹੋਕਾ ਠੰਢਾ ਪੈ ਗਿਆ ਹੈ। ਪੰਜਾਬ ਵਿਚ ਇਸ ਵਾਰ ਵੀ ਚੋਣ ਮੁਕਾਬਲਾ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਵਿਚਕਾਰ ਰਹਿਣ ਦੇ ਆਸਾਰ ਬਣ ਰਹੇ ਹਨ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਿਰ ਜੋੜਨ ਵਿਚ ਨਾਕਾਮ ਰਹੇ ਹਨ।

ਆਮ ਆਦਮੀ ਪਾਰਟੀ ਦੀ ਆਪਣੇ ਬਾਗੀ ਵਿਧਾਇਕਾਂ ਨਾਲ ਚੱਲ ਰਹੀ ਗੱਲਬਾਤ ਵੀ ਕਿਸੇ ਤਣ ਪੱਤਣ ਨਹੀਂ ਲੱਗੀ। ਪੰਜਾਬ ਡੈਮੋਕ੍ਰੈਟਿਕ ਅਲਾਇੰਸ, ਜਿਸ ਵਿਚ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਡਾ. ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ. ਅਤੇ ਆਰ.ਸੀ.ਪੀ.ਆਈ. ਸ਼ਾਮਲ ਹਨ, ਨੇ ਸਾਂਝੇ ਤੌਰ ਉਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ ਪਰ ਇਸ ਨਾਲ ਰਵਾਇਤੀ ਧਿਰਾਂ ਨੂੰ ਬਹੁਤਾ ਫਰਕ ਨਹੀਂ ਪੈਣਾ। ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਕਰ ਕੇ ਇਹੀ ਆਸ ਸੀ ਕਿ ਦੂਜੇ ਦਲ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੱਤਾਧਾਰੀ ਕਾਂਗਰਸ ਨੂੰ ਵਖਤ ਪਾ ਸਕਦੇ ਹਨ ਪਰ ਹੁਣ ਤੱਕ ਦੇ ਸਿਆਸੀ ਘਟਨਾਕ੍ਰਮ ਤੋਂ ਅਜਿਹਾ ਨਹੀਂ ਲੱਗਾ ਰਿਹਾ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਤੇ ਕਾਂਗਰਸ ਤੋਂ ਬਾਅਦ ਆਮ ਆਦਮੀ ਪਾਰਟੀ ਹੀ ਵੱਡੀ ਧਿਰ ਹੈ ਪਰ ਅੰਦਰੂਨੀ ਫੁੱਟ ਕਰਕੇ ਉਹ ਸ਼ਾਇਦ ਪਿਛਲਾ ਇਤਿਹਾਸ ਦੁਹਰਾ ਨਹੀਂ ਸਕੇਗੀ।

ਇਸ ਸਿਆਸੀ ਸਮੀਕਰਨ ਦਾ ਸਿੱਧਾ ਲਾਹਾ ਕਾਂਗਰਸ ਨੂੰ ਮਿਲਣ ਦੇ ਕਿਆਸੇ ਹਨ। ਦਰਅਸਲ, ਸਾਲ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਦੂਜਾ ਸਥਾਨ ਲੈ ਕੇ ਆਮ ਆਦਮੀ ਪਾਰਟੀ ਵੱਡੀ ਧਿਰ ਵਜੋਂ ਉਭਰੀ ਸੀ। ਬੇਸ਼ਕ ਉਸ ਮਗਰੋਂ ਪਾਰਟੀ ਵਿਚ ਫੁੱਟ ਪੈ ਗਈ ਅਤੇ ਸੱਤ ਵਿਧਾਇਕ ਬਾਗੀ ਹੋ ਗਏ, ਇਸ ਦੇ ਬਾਵਜੂਦ ਅਕਾਲੀ ਦਲ ਅਤੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੂਜੀਆਂ ਧਿਰਾਂ ਨਾਲੋਂ ਵੱਧ ਆਧਾਰ ਰੱਖਦੀ ਹੈ। ਮੰਨਿਆ ਜਾ ਰਿਹਾ ਸੀ ਕਿ ਜੇ ਆਮ ਆਦਮੀ ਪਾਰਟੀ ਹੋਰ ਧਿਰਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਲੈਂਦੀ ਤਾਂ ਪੰਜਾਬ ਵਿਚ ਸਿਆਸੀ ਸਮੀਕਰਨ ਬਦਲ ਸਕਦੇ ਸਨ। ਗੱਠਜੋੜ ਕੋਲ ਬੇਸ਼ਕ ਚੰਗੇ ਅਕਸ ਵਾਲੇ ਲੀਡਰ ਹਨ ਪਰ ਵੋਟ ਬੈਂਕ ਖਿੰਡਿਆ ਹੋਣ ਕਰਕੇ ਵਿਰੋਧੀਆਂ ਨੂੰ ਟੱਕਰ ਦੇਣਾ ਸੰਭਵ ਨਹੀਂ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਵੱਖ ਹੋਇਆ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵੀ ਇਸ ਗੱਠਜੋੜ ਤੋਂ ਲਾਂਭੇ ਹੋ ਗਿਆ ਹੈ। ਬਰਗਾੜੀ ਮੋਰਚਾ ਦੇ ਲੀਡਰ ਵੀ ਆਪਣੇ ਤੌਰ 'ਤੇ ਚੋਣ ਲੜ ਰਹੇ ਹਨ। ਇਸ ਨਾਲ ਵੀ ਪੰਥਕ ਵੋਟ ਵੰਡੀ ਜਾਏਗੀ।



ਪਤਾ ਲੱਗਾ ਹੈ ਕਿ ਇਨ੍ਹਾਂ ਧਿਰਾਂ ਦੀਆਂ ਮੀਟਿੰਗਾਂ ਵਿਚ ਮੁੱਦਿਆਂ ਦੀ ਜਗ੍ਹਾ ਸੀਟਾਂ ਦੇ ਵੰਡ

*(ਬਾਕੀ ਸਫਾ 6 ਉਤੇ)*

# ਡੇਰਿਆਂ ਦੀ ਝਾਕ ਰੱਖਣ ਵਾਲੀਆਂ ਸਿਆਸੀ ਧਿਰਾਂ ਦੁਚਿਤੀ ਵਿਚ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਡੇਰਿਆਂ ਦੀਆਂ ਵੋਟਾਂ ਆਪਣੇ ਹੱਕ ਵਿਚ ਭੁਗਤਾਉਣ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਕਾਫੀ ਉਤਾਵਲੀਆਂ ਜਾਪ ਰਹੀ ਹਨ ਪਰ ਸਿੱਖ ਵੋਟਰਾਂ ਦੀ ਨਾਰਾਜ਼ਗੀ ਦੇ ਡਰੋਂ ਹਰ ਧਿਰ ਝਿਜਕ ਰਹੀ ਹੈ; ਖਾਸ ਕਰਕੇ ਡੇਰਾ ਸਿਰਸਾ ਦਾ ਵੱਡਾ ਵੋਟ ਬੈਂਕ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਨੂੰ ਖਿੱਚਾਂ ਪਾ ਰਿਹਾ ਹੈ।


ਪੰਜਾਬ ਕਾਂਗਰਸ ਨੇ ਹਾਲਾਂਕਿ ਖੁੱਲ੍ਹ ਕੇ ਐਲਾਨ ਕਰ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ ਡੇਰਾ ਸਿਰਸਾ ਤੋਂ ਵੋਟਾਂ ਦੀ ਮੰਗ ਨਹੀਂ ਕਰਨਗੇ, ਜਦੋਂਕਿ ਅਕਾਲੀ ਦਲ ਨੂੰ ਅਜੇ ਡੇਰੇ ਦੀਆਂ ਵੋਟਾਂ ਦੀ ਝਾਕ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਖ ਰਹੇ ਹਨ ਕਿ ਉਹ ਇਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨਗੇ। ਖਡੂਰ ਸਾਹਿਬ ਤੋਂ ਚੋਣ ਲੜ ਰਹੀ ਜਗੀਰ ਕੌਰ ਆਖ ਰਹੇ ਹਨ ਕਿ ਉਹ ਆਪਣੇ ਲਈ ਡੇਰਾ ਸਿਰਸਾ ਦੀਆਂ ਵੋਟਾਂ ਨਹੀਂ ਮੰਗੇਗੀ ਪਰ ਪਾਰਟੀ ਪੱਧਰ ਉਤੇ ਫੈਸਲਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੀ ਕਰਨਾ ਹੈ। ਜਗੀਰ ਕੌਰ ਦੇ ਇਸ ਬਿਆਨ ਦੀ ਕਾਫੀ ਨੁਕਤਾਚੀਨੀ ਹੋਈ ਹੈ। ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਅਕਾਲੀਆਂ ਨੂੰ ਘੇਰਾ ਪਾਉਂਦਿਆਂ ਦੋਸ਼ ਲਾਇਆ ਕਿ ਪੰਥਕ ਧਿਰ ਨੇ ਡੇਰਾ ਸਿਰਸਾ ਦੀ ਸਿਆਸੀ ਮਦਦ ਲੈਣ ਲਈ ਆਪਣੇ ਦਰਵਾਜ਼ੇ ਬੰਦ ਨਹੀਂ ਕੀਤੇ ਹਨ। ਬੀਬੀ ਜਗੀਰ ਕੌਰ ਨੇ ਭਾਵੇਂ ਸਹਿਜ ਵਿਚ ਇਹ ਛੋਟੀ ਜਿਹੀ ਗੱਲ ਆਖੀ ਹੈ ਪਰ ਇਸ ਦੇ ਅਰਥ ਬੜੇ ਡੂੰਘੇ ਹਨ।

ਦਰਅਸਲ, ਅਕਾਲੀ ਦਲ ਆਪਣੀ ਭਾਈਵਾਲ ਭਾਜਪਾ ਦੀ ਰਣਨੀਤੀ ਉਤੇ ਚੱਲਣ ਦੀ ਇੱਛਾ ਰੱਖ ਰਿਹਾ ਹਨ। ਮੋਦੀ ਸਰਕਾਰ ਦੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਅਜੇ ਪਿਛਲੇ ਹਫਤੇ ਡੇਰਾ ਬਿਆਸ ਦੇ ਮੁਖੀ ਨੂੰ ਮਿਲ ਚੁੱਕੇ ਹਨ। ਡੇਰਾ ਬਿਆਸ ਦਾ ਪੰਜਾਬ ਵਿਚ ਵੱਡਾ ਵੋਟ ਬੈਂਕ ਹੈ। ਸਿਆਸੀ ਆਗੂ ਵੋਟਾਂ ਵੇਲੇ ਇਸ ਡੇਰੇ ਦੀਆਂ ਚੌਕੀਆਂ ਭਰਦੇ ਆਏ ਹਨ। ਪਿਛਲੀਆਂ ਲੋਕ ਸਭਾ ਚੋਣ ਤੇ ਉਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪੰਜਾਬੀ ਦੀਆਂ ਸਾਰੀਆਂ ਧਿਰਾਂ ਡੇਰਾ ਸਿਰਸਾ ਤੇ ਬਿਆਸ ਉਤੇ ਵੋਟਾਂ ਮੰਗਣ ਪੁੱਜੇ ਸਨ ਜਿਸ ਕਾਰਨ ਕਈ ਸਿਆਸੀ ਆਗੂਆਂ ਨੂੰ ਅਕਾਲ ਤਖਤ ਤੋਂ ਧਾਰਮਿਕ ਸਜ਼ਾ ਵੀ ਮਿਲੀ ਸੀ। ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਡੇਰਾ ਸਿਰਸਾ ਮੁਖੀ ਰਾਮ ਰਹੀਮ ਬਲਾਤਕਾਰ ਦੇ ਦੋਸ਼ ਵਿਚ ਸਜ਼ਾ ਭੁਗਤ ਰਿਹਾ ਹੈ। ਇਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਵੀ ਡੇਰੇ ਦਾ ਨਾਂ ਬੋਲਦਾ ਹੈ। ਅਕਾਲ ਤਖਤ ਵੱਲੋਂ ਇਸ ਡੇਰੇ ਦੀ ਹਮਾਇਤ ਲੈਣ ਵਾਲਿਆਂ ਲਈ ਸਖਤ ਹੁਕਮ ਹਨ ਪਰ ਸਿਆਸੀ ਧਿਰਾਂ ਅੰਦਰ ਖਾਤੇ ਇਸ ਡੇਰੇ ਦੀ ਹਮਾਇਤ ਲਈ ਤਰਲੋਮੱਛੀ ਜਾਪ ਰਹੀਆਂ ਹਨ।

ਪਿਛਲੀਆਂ ਚੋਣਾਂ ਦੌਰਾਨ ਦੇਖਿਆ ਜਾਂਦਾ ਸੀ ਕਿ ਡੇਰੇ ਦਾ ਰਾਜਸੀ ਵਿੰਗ ਪੰਜਾਬ ਸਮੇਤ ਹਰਿਆਣਾ, ਦਿੱਲੀ, ਰਾਜਸਥਾਨ, ਯੂ.ਪੀ. ਆਦਿ ਵਿਚ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਾਮ ਘਰਾਂ 'ਚ ਚਰਚਾ ਦੇ ਬਹਾਨੇ ਇਕੱਠ ਜੁਟਾਉਣਾ ਸ਼ੁਰੂ ਕਰ ਦਿੰਦਾ ਸੀ, ਜਿਥੇ ਰਾਜਸੀ ਧਿਰਾਂ ਦੇ ਨੁਮਾਇੰਦੇ ਵੋਟਾਂ ਦੀ ਭੀਖ ਮੰਗਣ ਜਾਂਦੇ ਸਨ ਜਦਕਿ ਡੇਰਾ ਵਾਦੀ ਉਪਰੋਂ ਆਏ ਹੁਕਮਾਂ ਮੁਤਾਬਕ ਹੀ ਵੋਟਾਂ ਦਾ ਭੁਗਤਾਨ ਕਰਦੇ ਸਨ ਪਰ 2014 ਦੀਆਂ ਲੋਕ ਸਭਾ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਦੀ ਵੋਟ ਬੱਝਵੀਂ ਨਹੀਂ ਪਈ ਸੀ। ਡੇਰਾ ਮੁਖੀ ਦੇ ਕਾਰਨਾਮਿਆਂ ਅਤੇ ਉਸ ਨੂੰ ਹੋਈਆਂ ਸਜ਼ਾਵਾਂ

*(ਬਾਕੀ ਸਫਾ 6 ਉਤੇ)*


## Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna


85-03 Roosevelt Ave.,
Jackson Heights, NY 11373

Ph: 718-205-7832



BEST FARE GUARANTEE





WorldWide Travel
www.fly2world.com
866 66 INDIA
4 6 3 4 2

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares

## Ad Space Available Please Call

Ph: 847-359-0746

# ਗੁਰਦੁਆਰਾ ਸੰਤ ਸਾਗਰ ਵਿਖੇ ਨਾਨਕਸ਼ਾਹੀ ਸੰਮਤ ਅਨੁਸਾਰ ਨਵਾਂ ਸਾਲ ਮਨਾਇਆ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸੰਤ ਸਾਗਰ ਵਿਖੇ ਹਰ ਸਾਲ ਵਾਂਗ ਇਸ ਵਾਰ ਵੀ ਪਹਿਲੀ ਚੇਤ (14 ਮਾਰਚ) ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਨਾਲ ਨਾਨਕਸ਼ਾਹੀ ਸੰਮਤ ਅਨੁਸਾਰ 551ਵੇਂ ਨਵੇਂ ਸਾਲ ਨੂੰ ਸੰਗਤਾਂ ਨੇ ਜੀ ਆਇਆਂ ਕਿਹਾ।













ਇਸ ਸਬੰਧੀ ਪ੍ਰੋਗਰਾਮ ਦੀ ਸ਼ੁਰੂਆਤ 13 ਮਾਰਚ, ਬੁੱਧਵਾਰ ਸ਼ਾਮ 5:30 ਵਜੇ ਤੋਂ ਸੋਦਰ ਦੀ ਚੌਕੀ ਨਾਲ ਹੋਈ, ਜਿਸ ਦੀ ਹਾਜ਼ਰੀ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ) ਨੇ ਲਵਾਈ। ਉਪਰੰਤ ਗੁਰੂ ਕੇ ਵਜੀਰ ਭਾਈ ਸਿੰਗਾਰਾ ਸਿੰਘ ਨੇ ਰਹਿਰਾਸ ਦਾ ਪਾਠ ਤੇ ਭਾਈ ਸੱਜਣ ਸਿੰਘ ਵਲੋਂ ਆਰਤੀ ਕੀਰਤਨ ਉਪਰੰਤ ਦੀਵਾਨ ਅਰੰਭ ਹੋਇਆ ਜੋ ਰਾਤ 12:30 ਵਜੇ ਸਮਾਪਤ ਹੋਇਆ। ਦੀਵਾਨ ਵਿਚ ਪੰਥ ਪ੍ਰਸਿਧ ਰਾਗੀਆਂ ਭਾਈ ਸੱਜਣ ਸਿੰਘ ਤੋਂ ਇਲਾਵਾ ਭਾਈ ਕੁਲਦੀਪ ਸਿੰਘ, ਭਾਈ ਦਿਲਬਾਗ ਸਿੰਘ ਟੋਹਾਣੇਵਾਲੇ (ਹਜ਼ੂਰੀ ਰਾਗੀ ਬੰਗਲਾ ਸਾਹਿਬ, ਦਿੱਲੀ), ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਗੁਰਪ੍ਰੀਤ ਸਿੰਘ ਬਲ੍ਹੜਵਾਲ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਅਤੇ ਕਥਾਵਾਚਕ ਸੁਰਜੀਤ ਸਿੰਘ ਜ਼ਖਮੀ ਤੇ ਗਿਆਨੀ ਕੁਲਵਿੰਦਰ ਸਿੰਘ ਨੇ ਗੁਰਬਾਣੀ ਦੀ ਕਥਾ ਵਿਆਖਿਆ ਰਾਹੀਂ ਅਤੇ ਭਾਈ ਮੋਹਨ ਸਿੰਘ ਵਡਾਣਾ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਰਾਤ 12 ਵਜੇ ਆਰਤੀ ਕੀਰਤਨ ਭਾਈ ਸੱਜਣ ਸਿੰਘ ਤੇ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਉਪਰੰਤ ਅਰਦਾਸ ਗੁਰੂ ਕੇ ਵਜੀਰ ਭਾਈ ਸਿੰਗਾਰਾ ਸਿੰਘ ਨੇ ਕੀਤੀ ਅਤੇ ਭਾਈ ਸੰਤੋਖ ਸਿੰਘ ਨੇ ਹੁਕਮਨਾਮਾ ਲੈ ਕੇ ਚੇਤ ਦਾ ਵਾਕ ਸਰਵਣ ਕਰਾਇਆ। ਭਾਈ ਸੱਜਣ ਸਿੰਘ ਨੇ ਆਈਆਂ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਗੁਰੂ ਘਰ ਵਲੋਂ ਉਲੀਕੇ ਗਏ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪਾਏ ਯੋਗਦਾਨ ਵਾਸਤੇ ਧੰਨਵਾਦ ਕੀਤਾ।















## ਸੀ.ਬੀ.ਆਈ. ਵੱਲੋਂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਸੁਪਰੀਮ ਕੋਰਟ 'ਚ ਦੋਸ਼ ਲਾਇਆ ਕਿ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਨੇ ਆਪਣੇ ਸਿਆਸੀ ਰੁਤਬੇ ਦੀ ਵਰਤੋਂ ਕਰਦਿਆਂ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਨੂੰ ਲੀਹੋਂ ਲਾਉਣ ਅਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਸੀ.ਬੀ.ਆਈ. ਨੇ ਮੰਗ ਕੀਤੀ ਕਿ ਉਸ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਜਾਵੇ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਪਿਛਲੇ ਸਾਲ 17 ਦਸੰਬਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਸਜ਼ਾ ਰੱਦ ਕਰਾਉਣ ਅਤੇ ਜ਼ਮਾਨਤ ਲਈ ਉਸ ਵੱਲੋਂ ਸੁਪਰੀਮ ਕੋਰਟ 'ਚ ਅਰਜ਼ੀ ਦਾਖਲ ਕੀਤੀ ਗਈ ਹੈ। ਸੀ.ਬੀ.ਆਈ. ਨੇ ਕਿਹਾ ਕਿ ਉਹ ਗਵਾਹਾਂ ਨੂੰ ਪ੍ਰਭਾਵਿਤ ਕਰਨ ਅਤੇ ਉਨ੍ਹਾਂ ਨੂੰ ਡਰਾਉਣ ਦੀ ਸਮਰੱਥਾ ਰੱਖਦਾ ਹੈ ਅਤੇ ਜੇਕਰ ਉਸ ਨੂੰ ਜ਼ਮਾਨਤ ਦੇ ਦਿੱਤੀ ਜਾਂਦੀ ਹੈ ਤਾਂ ਉਸ ਖਿਲਾਫ ਬਕਾਇਆ ਪਏ ਕੇਸ ਵਿਚ ਨਿਰਪੱਖ ਢੰਗ ਨਾਲ ਮੁਕੱਦਮਾ ਚਲਾਉਣਾ ਮੁਸ਼ਕਲ ਹੋਵੇਗਾ। ਜਾਂਚ ਬਿਊਰੋ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਹੋਏ ਵਹਿਸ਼ੀਆਨਾ ਕਤਲ ਮਨੁੱਖਤਾ ਖਿਲਾਫ ਅਪਰਾਧਾਂ ਦੀ ਸ਼੍ਰੇਣੀ ਤਹਿਤ ਆਉਂਦੇ ਹਨ ਜਿਵੇਂ ਦੁਨੀਆਂ ਵਿਚ ਕੁਰਦਾਂ ਅਤੇ ਤੁਰਕਾਂ ਵੱਲੋਂ ਅਰਮੀਨੀਆ, ਨਾਜ਼ੀਆਂ ਵੱਲੋਂ ਯਹੂਦੀਆਂ, ਪਾਕਿਸਤਾਨੀ ਫੌਜ ਦੇ ਹਮਾਇਤੀਆਂ ਵੱਲੋਂ ਬੰਗਲਾਦੇਸ਼ੀ ਨਾਗਰਿਕਾਂ ਅਤੇ ਭਾਰਤ ਅੰਦਰ ਹੀ ਵੱਖ ਵੱਖ ਫਿਰਕੂ ਦੰਗਿਆਂ ਦੌਰਾਨ ਲੋਕਾਂ ਦੇ ਕਤਲੇਆਮ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਗਵਾਹਾਂ ਅਤੇ ਪੀੜਤਾਂ ਨੇ 34 ਬੇਸ਼ਕੀਮਤੀ ਸਾਲਾਂ ਤੱਕ ਬੜੇ ਹੌਸਲੇ ਨਾਲ ਕਾਨੂੰਨੀ ਲੜਾਈ ਲੜੀ ਜਿਸ ਕਰਕੇ ਦੋਸ਼ੀ ਨਾਲ ਕੋਈ ਨਰਮੀ ਨਹੀਂ ਵਰਤੀ ਜਾਣੀ ਚਾਹੀਦੀ ਹੈ।

## ਐਂਟੀ ਟੈਂਕ ਗਾਇਡਡ ਮਿਜ਼ਾਈਲ ਦਾ ਸਫਲ ਪ੍ਰੀਖਣ

**ਨਵੀਂ ਦਿੱਲੀ:** ਰੱਖਿਆ ਖੋਜ ਅਤੇ ਵਿਕਾਸ ਸੰਗਠਨ ਨੇ ਦੇਸ਼ 'ਚ ਹੀ ਵਿਕਸਤ ਮੋਢੇ ਉਤੇ ਰੱਖ ਕੇ ਚਲਾਉਣ ਵਾਲੀ ਹਲਕੀ ਐਂਟੀ ਟੈਂਕ ਗਾਇਡਡ ਮਿਜ਼ਾਈਲ ਦਾ ਲਗਾਤਾਰ ਦੂਸਰੀ ਵਾਰ ਸਫਲ ਪ੍ਰੀਖਣ ਕੀਤਾ ਹੈ। ਇਸ ਮਿਜ਼ਾਈਲ ਨੂੰ ਆਸਾਨੀ ਨਾਲ ਕਿਤੇ ਵੀ ਲਿਆਂਦਾ ਜਾ ਸਕਦਾ ਹੈ। ਇਹ ਮਿਜ਼ਾਈਲ ਅਤਿ-ਆਧੁਨਿਕ ਅਤੇ ਕਈ ਉੱਨਤ ਤਕਨੀਕਾਂ ਨਾਲ ਲੈਸ ਹੈ, ਜਿਸ ਨਾਲ ਸੈਨਾ ਦੀ ਮਾਰ ਕਰਨ ਦੀ ਸਮਰੱਥਾ ਵਧੇਗੀ। ਇਹ ਮੁਸ਼ਕਲ ਖੇਤਰਾਂ ਵਿਚ ਵੀ ਦੁਸ਼ਮਣ 'ਤੇ ਸਟੀਕ ਹਮਲਾ ਕਰ ਸਕੇਗੀ। ਮਿਜ਼ਾਈਲ ਦਾ ਰਾਜਸਥਾਨ ਦੇ ਰੇਗਿਸਤਾਨੀ ਖੇਤਰ ਵਿਚ ਸਫਲ ਪ੍ਰੀਖਣ ਕੀਤਾ ਗਿਆ।

## ਬਰਤਾਨਵੀ ਵੀਜ਼ਾ ਸ਼ਰਤਾਂ ਨਰਮ ਹੋਣ ਦਾ ਭਾਰਤੀਆਂ ਨੂੰ ਹੋਵੇਗਾ ਫਾਇਦਾ

**ਲੰਡਨ:** ਬਰਤਾਨੀਆ ਵੱਲੋਂ ਪੀ.ਐਚ.ਡੀ. ਪੱਧਰ ਦੇ ਵਰਕ ਵੀਜ਼ੇ ਦੇਣ ਬਾਰੇ ਮਿਥੀ ਹੱਦ ਖਤਮ ਕਰਨ ਦੇ ਫੈਸਲੇ ਨਾਲ ਜਿਨ੍ਹਾਂ ਪੇਸ਼ੇਵਰਾਂ ਨੂੰ ਮੌਕਾ ਮਿਲੇਗਾ, ਉਨ੍ਹਾਂ ਵਿਚ ਭਾਰਤੀ ਵੀ ਸ਼ਾਮਲ ਹਨ।


ਬਰਤਾਨੀਆ ਦੇ ਚਾਂਸਲਰ ਫਿਲਿਪ ਹੇਮੰਡ ਨੇ ਬਜਟ ਬਾਰੇ ਜਾਣਕਾਰੀ ਦਿੰਦਿਆਂ ਸੰਸਦ ਵਿਚ ਦੱਸਿਆ ਕਿ ਇਸ ਸਾਲ ਦੇ ਅਖੀਰ ਤੋਂ ਉਚ ਯੋਗਤਾ ਹਾਸਲ ਲੋਕਾਂ ਨੂੰ ਵੀਜ਼ਾ ਸ਼ਰਤਾਂ 'ਚ ਢਿੱਲ ਦਿੱਤੀ ਜਾਵੇਗੀ ਅਤੇ ਜਿੰਨੇ ਵੀ ਬਿਨੈਕਾਰ ਯੋਗ ਪਾਏ ਗਏ, ਉਹ ਬਰਤਾਨੀਆ ਵਿਚ ਆ ਸਕਣਗੇ।

ਉਨ੍ਹਾਂ ਕਿਹਾ ਕਿ ਤਕਨੀਕੀ ਕ੍ਰਾਂਤੀ ਵਿਚ ਬਰਤਾਨੀਆ ਨੂੰ ਮੋਹਰੀ ਬਣਾਉਣ ਦੇ ਲਈ ਉਲੀਕੀ ਯੋਜਨਾ ਦਾ ਇਹ ਨੀਤੀਗਤ ਹਿੱਸਾ ਹੈ। ਇਸ ਦੇ ਤਹਿਤ ਵਿਦੇਸ਼ਾਂ ਤੋਂ ਉੱਚ ਯੋਗਤਾ ਪ੍ਰਾਪਤ ਪੇਸ਼ੇਵਰਾਂ ਦੇ ਦੇਸ਼ ਵਿਚ ਆਉਣ ਉਤੇ ਕਿਸੇ ਪ੍ਰਕਾਰ ਦੀ ਕੋਈ ਰੋਕ ਨਹੀਂ ਹੋਵੇਗੀ। ਇਹ ਪ੍ਰਗਟਾਵਾ ਸ੍ਰੀ ਹੇਮਡ ਨੇ ਬਰਤਾਨੀਆ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਵਿਚ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉੱਚ ਯੋਗਤਾ ਪ੍ਰਾਪਤ ਪੇਸ਼ੇਵਰਾਂ ਨੂੰ ਟਾਇਰ-2(ਜਨਰਲ) ਹੱਦ ਤੋਂ ਛੋਟ ਮਿਲੇਗੀ। ਇਸ ਦੇ ਨਾਲ ਹੀ ਸਰਕਾਰ 180 ਦਿਨ ਦੇ ਗੈਰਹਾਜ਼ਰੀ ਵਾਲੇ ਨਿਯਮ ਵਿਚ ਵੀ ਸੋਧ ਕਰੇਗੀ। ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਅੰਕੜਿਆਂ ਦੇ ਅਨੁਸਾਰ ਇਸ ਯੋਜਨਾ ਦਾ ਲਾਭ ਸਭ ਤੋਂ ਵੱਧ ਭਾਰਤੀਆਂ ਨੂੰ ਪੁੱਜੇਗਾ।

# ਮਸੂਦ ਮਾਮਲਾ: ਯੂ. ਐਨ. ਮੈਂਬਰ ਮੁਲਕ ਚੀਨ ਦੀ ਰਣਨੀਤੀ ਤੋਂ ਔਖੇ

**ਵਾਸ਼ਿੰਗਟਨ/ਪੇਈਚਿੰਗ:** ਚੀਨ ਵੱਲੋਂ ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਬਾਨੀ ਤੇ ਮੁਖੀ ਮਸੂਦ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਐਲਾਨੇ ਜਾਣ ਸਬੰਧੀ ਤਜਵੀਜ਼ ਦੇ ਰਾਹ ਵਿਚ ਚੌਥੀ ਵਾਰ ਅੜਿੱਕਾ ਢਾਹੁਣ ਤੋਂ ਨਾਰਾਜ਼ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਜ਼ਿੰਮੇਵਾਰ ਮੈਂਬਰ ਮੁਲਕਾਂ ਨੇ ਪੇਈਚਿੰਗ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਇਸੇ ਨੀਤੀ 'ਤੇ ਤੁਰਦਾ ਰਿਹਾ ਤਾਂ ਉਨ੍ਹਾਂ ਨੂੰ 'ਕੋਈ ਹੋਰ ਕਾਰਵਾਈ' ਕਰਨ ਲਈ ਮਜਬੂਰ ਹੋਣਾ ਪਏਗਾ। ਉਧਰ ਚੀਨ ਨੇ ਕਿਹਾ ਕਿ ਜੈਸ਼ ਮੁਖੀ ਖਿਲਾਫ ਕਾਰਵਾਈ ਨੂੰ ਰੋਕਣ ਦਾ ਮੁੱਖ ਮਕਸਦ ਸਬੰਧਤ ਧਿਰਾਂ ਨੂੰ ਸੰਵਾਦ ਦੇ ਰਾਹ ਪਾ ਕੇ ਕੋਈ ਅਜਿਹਾ ਹੱਲ ਕੱਢਣਾ ਹੈ, ਜੋ ਸਾਰਿਆਂ ਨੂੰ ਸਵੀਕਾਰ ਹੋਵੇ। ਸੁਰੱਖਿਆ ਕੌਂਸਲ ਦੇ ਸੀਨੀਅਰ ਰਾਜਦੂਤਾਂ ਨੇ ਪਛਾਣ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਚੀਨ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਚੀਨ ਇਸੇ ਤਰ੍ਹਾਂ ਮਸੂਦ ਮਾਮਲੇ ਵਿਚ ਰਾਹ ਦਾ ਰੋੜਾ ਬਣਦਾ ਰਿਹਾ ਤਾਂ ਯੂ.ਐਨ. ਸੁਰੱਖਿਆ ਕੌਂਸਲ ਦੇ ਜ਼ਿੰਮੇਵਾਰ ਮੈਂਬਰ ਮੁਲਕ ਕੋਈ ਹੋਰ ਕਾਰਵਾਈ ਕਰਨ ਲਈ ਮਜਬੂਰ ਹੋਣਗੇ।

ਸੀਨੀਅਰ ਰਾਜਦੂਤਾਂ ਨੇ ਕਿਹਾ ਕਿ ਚੀਨ ਦੀ ਇਸ ਪੇਸ਼ਕਦਮੀ ਨਾਲ ਹੋਰ ਮੈਂਬਰ ਮੁਲਕ ਨਿਰਾਸ਼ ਹਨ। ਚੇਤੇ ਰਹੇ ਕਿ ਪਿਛਲੇ ਦਸ ਸਾਲ ਵਿਚ ਇਹ ਚੌਥਾ ਮੌਕਾ ਹੈ ਜਦੋਂ ਚੀਨ ਨੇ ਪਾਕਿਸਤਾਨ ਦੀ ਸੂਹੀਆ ਏਜੰਸੀ ਆਈ.ਐਸ.ਆਈ. ਦੀ ਅੱਖਾਂ ਦੇ ਤਾਰੇ ਕਹੇ ਜਾਂਦੇ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਐਲਾਨੇ ਜਾਣ ਦੇ ਰਾਹ ਵਿਚ ਅੜਿੱਕਾ ਢਾਹਿਆ ਹੈ। ਜੈਸ਼ ਮੁਖੀ ਸੱਜਰੇ ਪੁਲਵਾਮਾ ਹਮਲੇ ਸਮੇਤ ਪਠਾਨਕੋਟ ਏਅਰਬੇਸ 'ਤੇ ਦਹਿਸ਼ਤੀ ਹਮਲੇ, ਉੜੀ ਹਮਲੇ ਤੇ 2001 ਵਿਚ ਸੰਸਦ 'ਤੇ ਹਮਲੇ ਜਿਹੇ ਕਈ ਅਪਰਾਧਾਂ ਦਾ



ਮੁੱਖ ਸਾਜ਼ਿਸ਼ਘਾੜਾ ਹੈ। ਅਜ਼ਹਰ ਨੂੰ ਯੂ.ਐਨ. ਸੁਰੱਖਿਆ ਕੌਂਸਲ ਦੀ 1267 ਅਲਕਾਇਦਾ ਸੈਂਕਸ਼ਨਜ਼ ਕਮੇਟੀ ਤਹਿਤ ਆਲਮੀ ਦਹਿਸ਼ਤਗਰਦ ਐਲਾਨੇ ਜਾਣ ਸਬੰਧੀ ਮਤਾ ਫਰਾਂਸ, ਯੂ.ਕੇ. ਤੇ ਅਮਰੀਕਾ ਨੇ ਪੇਸ਼ ਕੀਤਾ ਸੀ। ਉਧਰ ਕਈ ਭਾਰਤੀ ਅਮਰੀਕੀ ਜਥੇਬੰਦੀਆਂ ਨੇ ਵੀ ਚੀਨ ਦੀ ਇਸ ਪੇਸ਼ਕਦਮੀ ਦਾ ਵਿਰੋਧ ਕੀਤਾ ਹੈ।

ਇਸ ਦੌਰਾਨ ਚੀਨ ਦੇ ਤਰਜਮਾਨ ਲੂ ਕਾਂਗ ਨੇ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਕਾਰਵਾਈ ਨਾਲ ਸਬੰਧਤ ਮੁਲਕਾਂ ਨੂੰ ਸੰਵਾਦ ਵਿਚ ਮਦਦ ਮਿਲੇਗੀ ਤੇ ਖਿੱਤੇ ਵਿਚ ਅਮਨ ਤੇ ਸਥਿਰਤਾ ਆਏਗੀ। ਲੂ ਨੇ ਕਿਹਾ ਕਿ ਹਾਲ ਦੀ ਘੜੀ ਮਸੂਦ ਮਾਮਲੇ ਵਿਚ ਯੂ.ਐਨ. ਵਿਚ ਤਕਨੀਕੀ ਅਧਾਰ 'ਤੇ ਰੋਕ ਲਾਈ ਗਈ ਹੈ ਤੇ ਇਸ ਕਾਰਵਾਈ ਨਾਲ ਸਬੰਧਤ ਧਿਰਾਂ ਨੂੰ ਇਸ ਮੁੱਦੇ ਦੇ ਅਧਿਐਨ ਲਈ ਵਾਧੂ ਸਮਾਂ ਮਿਲੇਗਾ।

## ਅਜ਼ਹਰ ਨੂੰ 'ਜੀ' ਕਹਿਣ 'ਤੇ ਰਾਹੁਲ ਗਾਂਧੀ ਖਿਲਾਫ ਕੇਸ

**ਮੋਰੀਗਾਓਂ (ਅਸਾਮ):** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਖਿਲਾਫ ਇੱਥੇ ਮੋਰੀਗਾਓਂ ਜ਼ਿਲ੍ਹੇ ਵਿਚ ਜੈਸ਼ ਏ ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ ਨਾਂ ਨਾਲ 'ਜੀ' ਸ਼ਬਦ ਲਗਾਉਣ ਦੇ ਦੋਸ਼ ਹੇਠ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਗਿਆ ਹੈ। ਆਰ.ਟੀ.ਆਈ. ਕਾਰਕੁਨ ਰਾਜੂ ਮਹਾਂਤਾ ਨੇ ਸ਼ਿਕਾਇਤ ਦਰਜ ਕਰਵਾਉਂਦਿਆਂ ਦੋਸ਼ ਲਾਇਆ ਕਿ ਕਾਂਗਰਸ ਮੁਖੀ ਨੇ ਇਕ ਅਤਿਵਾਦੀ ਨੂੰ 'ਜੀ' ਸ਼ਬਦ ਆਖ ਕੇ ਆਪਣੇ ਭਾਰਤ-ਵਿਰੋਧੀ ਹੋਣ ਦੀ ਮਿਸਾਲ ਦਿੱਤੀ ਹੈ। ਮੋਰੀਗਾਓਂ ਪੁਲਿਸ ਸਟੇਸ਼ਨ ਦੇ ਇੰਚਾਰਜ ਪ੍ਰਦੀਪ ਨਾਥ ਨੇ ਕਿਹਾ ਕਿ ਰਾਹੁਲ ਗਾਂਧੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਤੇ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

## 'ਪੰਜਾਬ ਟਾਈਮਜ਼ ਨਾਈਟ' 4 ਮਈ ਨੂੰ

**ਸ਼ਿਕਾਗੋ (ਬਿਊਰੋ):** ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ ਮੌਕੇ ਇਕ ਵਿਸ਼ੇਸ਼ ਸਮਾਗਮ 'ਪੰਜਾਬ ਟਾਈਮਜ਼ ਨਾਈਟ' ਆਉਂਦੀ 4 ਮਈ 2019, ਸਨਿਚਰਵਾਰ ਨੂੰ ਇਥੋਂ ਦੀ ਇਕ ਸਬਰਬ ਆਰਲਿੰਗਟਨ ਹਾਈਟਸ ਦੇ ਐਟਲਾਂਟਿਸ ਬੈਂਕੁਇਟ (1273 N. Rand Rd, Arlington Heights, IL 60004) ਵਿਚ ਸ਼ਾਮ 6:30 ਤੋਂ ਰਾਤ 11 ਵਜੇ ਤੱਕ ਹੋਵੇਗਾ। ਇਸ ਮੌਕੇ ਵਿਦਵਾਨਾਂ, ਕਾਲਮਨਵੀਸਾਂ ਅਤੇ ਸ਼ੁਭਚਿੰਤਕਾਂ ਦੀਆਂ ਤਕਰੀਰਾਂ ਤੋਂ ਇਲਾਵਾ ਗੀਤ-ਸੰਗੀਤ ਵੀ ਹੋਵੇਗਾ। ਹੋਰ ਜਾਣਕਾਰੀ ਲਈ ਫੋਨ: 847-359-0746 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਮੁਲਾਜ਼ਮਾਂ ਦੇ ਕਤਲ ਦੇ ਦੋਸ਼ ਹੇਠ 20 ਪਾਕਿਸਤਾਨੀ ਗੈਂਗਸਟਰਾਂ ਨੂੰ ਮੌਤ ਦੀ ਸਜ਼ਾ

**ਲਾਹੌਰ:** ਲਹਿੰਦੇ ਪੰਜਾਬ ਵਿਚ ਛੇ ਪੁਲਿਸ ਮੁਲਾਜ਼ਮਾਂ ਦੇ ਕਤਲ ਦੇ ਦੋਸ਼ ਹੇਠ 20 ਗੈਂਗਸਟਰਾਂ ਨੂੰ ਪਾਕਿਸਤਾਨ ਦੀ ਇਕ ਅਤਿਵਾਦ ਵਿਰੋਧੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਹਰ ਦੋਸ਼ੀਆਂ ਨੂੰ 62 ਲੱਖ ਪਾਕਿਸਤਾਨੀ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ।


## Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com 11-14

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com 10-13

Well settled Chicago based Sikh family seeking a beautiful educated match for their handsome Sikh boy 5'-9" 36 in Medical business. Please contact: jsokhey1@gmail.com 9-12

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com 7-10

### ਲੜਕੀ ਦੀ ਲੋੜ ਹੈ

Jatt Sikh Sangha parents seeking match for their US citizen son, 25 years, 6'-2", non drinker, working as Software Engineer in Boeing. Contact, Ph: 636-577-5615 or E-mail: sangha@charter.net 11-18

ਜੱਟ ਸਿੱਖ, 32 ਸਾਲਾ, ਕੱਦ 5'-1", ਕੰਪਨੀ ਵਿਚ ਕੰਮ ਕਰਦੀ ਅਮਰੀਕਨ ਸਿਟੀਜ਼ਨ ਲੜਕੀ ਲਈ ਲੜਕੇ ਦੀ ਲੋੜ ਹੈ, ਜੋ ਸਖਤ ਮਿਹਨਤੀ ਹੋਵੇ ਅਤੇ ਉਸ ਪਾਸ ਵਧੀਆ ਫਾਰਮ ਹੋਵੇ। ਛੋਟਾ ਪਰਿਵਾਰ ਹੋਵੇ। ਮਾਲਵੇ ਦੇ ਲੜਕੇ ਨੂੰ ਪਹਿਲ। ਸੰਪਰਕ ਕਰੋ, ਫੋਨ: 216-373-3639 9-12

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-


## ਪੁਲਵਾਮਾ 'ਚ ਦਹਿਸ਼ਤਗਰਦਾਂ ਵੱਲੋਂ ਨੌਜਵਾਨ ਦੀ ਹੱਤਿਆ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨੇ ਨੌਜਵਾਨ ਦੀ ਹੱਤਿਆ ਕਰ ਦਿੱਤੀ। ਪੁਲਿਸ ਅਨੁਸਾਰ ਦਹਿਸ਼ਤਗਰਦਾਂ ਨੇ ਮੋਹਸਿਨ ਵਾਨੀ (25) ਨੂੰ ਤਰਾਲ ਦੇ ਰੇਸ਼ੀਪੋਰਾ ਇਲਾਕੇ ਵਿਚ ਸਥਿਤ ਉਸ ਦੇ ਘਰ ਨੇੜੇ ਗੋਲੀਆਂ ਮਾਰੀਆਂ।


# ਹੈਲਪਰਾਂ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਪੰਜਾਬੀ ਰੈਸਟੋਰੈਂਟ ਲਈ ਦੋ ਹੈਲਪਰਾਂ ਦੀ ਲੋੜ ਹੈ

ਮੁਫਤ ਰਿਹਾਇਸ਼, ਚੰਗਾ ਮਾਹੌਲ
ਪਤੀ-ਪਤਨੀ ਨੂੰ ਪਹਿਲ

ਸੰਪਰਕ ਕਰੋ: ਗੁਰਦੇਵ ਸਿੰਘ
ਫੋਨ: 773-220-2268
10-13

# ਸ਼ੈਫ ਤੇ ਹੈਲਪਰ ਦੀ ਲੋੜ ਹੈ

ਲਾਰੈਂਸ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: 316-518-5382
12-15

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

# ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
4-

# ਕੈਪਟਨ ਸਰਕਾਰ ਨੇ ਦੋ ਵਰ੍ਹਿਆਂ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ

**ਚੰਡੀਗੜ੍ਹ:** ਕੈਪਟਨ ਸਰਕਾਰ ਦੇ ਮੰਤਰੀਆਂ ਨੇ ਇਕਸੁਰ ਆਵਾਜ਼ ਵਿਚ ਆਪਣੀ ਸਰਕਾਰ ਦੀ ਦੋ ਸਾਲ ਦੀ ਕਾਰਗੁਜ਼ਾਰੀ ਨੂੰ ਵਧੀਆ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਸਭ ਤੋਂ ਵੱਡੀ ਪ੍ਰਾਪਤੀ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਬਰਗਾੜੀ ਤੇ ਬਹਿਬਲ ਕਲਾਂ ਦੇ ਮਾਮਲੇ ਉਤੇ ਕੀਤੀ ਹੈ ਤੇ ਦੋਸ਼ੀਆਂ ਨੂੰ ਜੇਲ੍ਹਾਂ ਵਿਚ ਪਹੁੰਚਾਉਣ



ਦੀ ਪ੍ਰਕਿਰਿਆ ਜਾਰੀ ਹੈ, ਗੈਂਗਸਟਰਾਂ ਦਾ ਲਗਭਗ ਸਫਾਇਆ ਕਰਕੇ ਅਮਨ ਕਾਨੂੰਨ ਦਾ ਰਾਜ ਕਾਇਮ ਕੀਤਾ ਹੈ ਤੇ ਸਰਕਾਰ ਦੀ ਮਾੜੀ ਮਾਲੀ ਹਾਲਤ ਦੇ ਬਾਵਜੂਦ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਹੈ ਤੇ ਸੂਬੇ ਦੀ ਖਰਾਬ ਵਿੱਤੀ ਸਥਿਤੀ ਨੂੰ ਸਹੀ ਦਿਸ਼ਾ ਦਿੱਤੀ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕੈਪਟਨ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਗੈਂਗਸਟਰਾਂ ਨੂੰ ਖਤਮ ਕਰਦਿਆਂ ਕਾਨੂੰਨ ਦਾ ਰਾਜ ਸਥਾਪਤ ਕਰਨਾ ਹੈ। ਅੰਨ੍ਹੇ ਸਿਆਸੀ ਅਤੇ ਧਾਰਮਿਕ ਕਤਲਾਂ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿਚ ਡੱਕ ਕੇ ਲੋਕਾਂ ਦੇ ਮਨਾਂ ਵਿਚੋਂ ਸਹਿਮ ਤੇ ਡਰ ਦੀ ਭਾਵਨਾ ਖਤਮ ਕੀਤੀ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਉਤੇ ਕਾਬੂ ਪਾਇਆ ਹੈ ਅਤੇ ਬਾਦਲ ਸਰਕਾਰ ਦੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਬੰਦ ਕੀਤਾ ਹੈ। ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰ ਰਹੀਆਂ ਸੰਗਤਾਂ ਉੱਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਗੋਲੀਆਂ ਚਲਾਉਣ ਦੇ ਸੱਚ ਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾ ਕੇ ਲੋਕਾਂ ਵਿਚ ਪ੍ਰਗਟ ਕੀਤਾ ਅਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਸਪੈਸ਼ਲ ਜਾਂਚ ਟੀਮ ਬਣਾਈ।

ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਬਰਗਾੜੀ ਮੋਰਚੇ 'ਤੇ ਸਫਲਤਾ ਪ੍ਰਾਪਤ ਕਰਨਾ ਹੈ। ਨਸ਼ਿਆਂ ਦੇ ਮਾਮਲੇ 'ਚ ਕਾਫੀ ਹੱਦ ਤੱਕ ਸਫਲਤਾ ਹਾਸਲ ਕੀਤੀ ਹੈ। ਸਾਡੀ ਸਰਕਾਰ ਦੇ ਕਿਸੇ ਅਹਿਮ ਆਗੂ 'ਤੇ ਨਸ਼ਿਆਂ ਦਾ ਕੋਈ ਦੋਸ਼ ਨਹੀਂ ਲੱਗਾ ਜਦੋਂ ਕਿ ਪਿਛਲੀ ਅਕਾਲੀ ਸਰਕਾਰ ਦੇ ਇਕ ਮੰਤਰੀ 'ਤੇ ਸ਼ਰੇਆਮ ਨਸ਼ੇ ਵਿਕਾਉਣ ਦੇ ਦੋਸ਼ ਲੱਗਦੇ ਰਹੇ ਹਨ।

ਸ. ਰੰਧਾਵਾ ਨੇ ਕਿਹਾ ਕਿ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਕਿਸਾਨੀ ਨੂੰ ਰਾਹਤ ਦੇਣ ਲਈ ਕਰੀਬ ਪੰਜ ਲੱਖ ਛੋਟੇ ਤੇ ਦਰਮਿਆਨੇ ਕਿਸਾਨਾਂ ਦਾ ਕਰੀਬ 8500 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ। ਸਨਅਤਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਗੋਬਿੰਦਗੜ੍ਹ ਵਿਚ ਬੰਦ ਪਈਆਂ ਸਨਅਤਾਂ ਮੁੜ ਚਾਲੂ ਕਰਵਾਈਆਂ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸਭ ਤੋਂ ਵੱਡੀ ਗੱਲ ਸਾਡੀ ਸਰਕਾਰ ਨੇ ਸੂਬੇ ਦੀ ਲੀਹ ਤੋਂ ਲੱਥੀ ਆਰਥਿਕਤਾ ਨੂੰ ਮੁੜ ਲੀਹ ਉੱਤੇ ਪਾ ਦਿੱਤਾ ਹੈ। ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕਿਸਾਨੀ ਦੇ ਸਹਾਇਕ ਧੰਦੇ ਨੂੰ ਬਿਹਤਰ ਬਣਾਉਣ ਲਈ ਕਈ ਕਦਮ ਚੁੱਕੇ ਹਨ।

ਲੋਕ ਨਿਰਮਾਣ ਮੰਤਰੀ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਪਿਛਲੀ ਸਰਕਾਰ ਸੂਬੇ ਦੀਆਂ ਸੜਕਾਂ ਟੁੱਟੀਆਂ ਛੱਡ ਗਈ ਸੀ ਜਿਨ੍ਹਾਂ ਦੀ ਮੁਰੰਮਤ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਭਾਵੇਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਦੀ ਵਿੱਤੀ ਹਾਲਤ ਵਿਚ ਸੁਧਾਰ ਦਾ ਦਾਅਵਾ ਕੀਤਾ ਹੈ ਪਰ ਅਗਲੇ ਸਾਲ ਮਾਰਚ ਤੱਕ ਸੂਬੇ ਸਿਰ ਕਰਜ਼ੇ ਦਾ ਬੋਝ ਵੱਧ ਕੇ 2.29 ਲੱਖ ਕਰੋੜ ਰੁਪਏ ਹੋ ਜਾਵੇਗਾ। ਇਸ ਕਰਜ਼ੇ ਤੋਂ ਸੂਬੇ ਦਾ ਕਿਵੇਂ ਛੁਟਕਾਰਾ ਹੋਵੇਗਾ, ਇਹ ਬਹੁਤ ਹੀ ਅਹਿਮ ਸੁਆਲ ਹੈ ਜਿਸ ਨੂੰ ਹੱਲ ਕਰਨਾ ਪਵੇਗਾ। ਪੰਜਾਬ ਸਰਕਾਰ ਨੇ ਕਰਜ਼ਾ ਰਾਹਤ ਸਕੀਮ ਸ਼ੁਰੂ ਕੀਤੀ ਹੈ ਪਰ ਕਿਸਾਨਾਂ ਦੀ ਖੁਦਕੁਸ਼ੀਆਂ ਬਾਦਸਤੂਰ ਜਾਰੀ ਹਨ ਤੇ ਕਿਸਾਨੀ ਸੰਕਟ ਨੂੰ ਹੱਲ ਕਰਨ ਖਾਤਰ ਗੰਭੀਰ ਯਤਨ ਕਰਨੇ ਪੈਣਗੇ।

## ਖਹਿਰਾ ਨੇ ਕੈਪਟਨ ਸਰਕਾਰ ਵਿਰੁਧ ਜਾਰੀ ਕੀਤੀ ਚਾਰਜਸ਼ੀਟ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਅਤੇ ਬਠਿੰਡਾ ਹਲਕੇ ਤੋਂ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੀ ਕੈਪਟਨ ਸਰਕਾਰ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਵਿਰੁੱਧ ਚਾਰਜਸ਼ੀਟ ਜਾਰੀ ਕਰਦਿਆਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੀਡੀਆ ਸਾਹਮਣੇ ਕੀਤੇ ਵੱਡੇ ਦਾਅਵੇ ਝੂਠ ਦਾ ਪੁਲੰਦਾ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਨੇ ਆਪਣੇ ਦੋ ਸਾਲ ਦੇ ਕੁਸ਼ਾਸਨ ਨੂੰ ਲੋਕਾਂ ਸਾਹਮਣੇ ਜਾਇਜ਼ ਠਹਿਰਾਉਣ ਲਈ ਝੂਠ ਬੋਲਣ ਅਤੇ ਸ਼ਬਦਾਂ ਤੇ ਅੰਕੜਿਆਂ ਦਾ ਹੇਰ-ਫੇਰ ਕਰਨ ਦੀ ਕਲਾ ਆਪਣੇ ਦੋਸਤਾਨਾ ਭਾਈਵਾਲ ਬਾਦਲਾਂ ਕੋਲੋਂ ਸਿੱਖੀ ਜਾਪਦੀ ਹੈ। ਕੈਪਟਨ ਸਰਕਾਰ ਬਾਹਰੋਂ ਤਾਂ ਭਾਵੇਂ ਲੋਕਤੰਤਰਿਕ ਸਰਕਾਰ ਦਿਖਾਈ ਦਿੰਦੀ ਹੈ ਪਰ ਹਕੀਕਤ ਤੌਰ 'ਤੇ ਸਰਕਾਰ ਨੂੰ ਅਫਸਰਾਂ ਦੀ ਇਕ ਛੋਟੀ ਜਿਹੀ ਜੁੰਡਲੀ ਚਲਾ ਰਹੀ ਹੈ। ਆਪਣੇ ਤਾਨਾਸ਼ਾਹੀ ਵਤੀਰੇ ਕਾਰਨ ਕੈਪਟਨ ਆਪਣੇ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਅਫਸਰਾਂ ਉਪਰ ਨਿਰਭਰ ਰਹਿੰਦੇ ਹਨ। ਸਰਕਾਰ ਢਾਈ ਲੱਖ ਕਰੋੜ ਰੁਪਏ ਦੇ ਵੱਡੇ ਕਰਜ਼ੇ ਦੀ ਮਾਰ ਹੇਠ ਹੈ ਪਰ ਇਸ ਦੇ ਬਾਵਜੂਦ ਕੈਪਟਨ ਆਪਣੇ ਸੱਜਣਾਂ ਮਿੱਤਰਾਂ ਨੂੰ ਖੁਸ਼ ਕਰਨ ਲਈ ਸਲਾਹਕਾਰਾਂ ਅਤੇ ਓ.ਐਸ.ਡੀਜ਼. ਦੀ ਫੌਜ ਨਿਯੁਕਤ ਕਰਕੇ ਉਨ੍ਹਾਂ ਨੂੰ ਮੰਤਰੀਆਂ ਦੇ ਰੁਤਬੇ ਨਾਲ ਨਿਵਾਜ ਰਹੇ ਹਨ।

## ਅਕਾਲੀਆਂ ਨੇ ਕੈਪਟਨ ਸਰਕਾਰ ਖਿਲਾਫ ਵਿਸ਼ਵਾਸਘਾਤ ਦਿਵਸ ਮਨਾਇਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਦੋ ਸਾਲ ਮੁਕੰਮਲ ਹੋਣ ਦੇ ਦਿਨ ਨੂੰ ਵਿਸ਼ਵਾਸਘਾਤ ਦਿਵਸ ਵਜੋਂ ਮਨਾਉਂਦਿਆਂ ਪੰਜਾਬ ਭਰ 'ਚ ਮੁਜ਼ਾਹਰੇ ਕੀਤੇ ਅਤੇ ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੱਤਾ। ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕਾਂਗਰਸ ਨੇ ਸੱਤਾ ਹਥਿਆਉਣ ਲਈ ਪੰਜਾਬੀਆਂ ਨਾਲ ਬਹੁਤ ਵਾਅਦੇ ਕੀਤੇ ਸਨ ਪਰ ਨਿਭਾਇਆ ਇਕ ਵੀ ਨਹੀਂ। ਉਨ੍ਹਾਂ ਕਿਹਾ ਕਿ ਸਿੱਧੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਸਰਕਾਰ ਨੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਰਕਾਰ ਦੀ ਇਕੋ-ਇੱਕ ਪ੍ਰਾਪਤੀ ਮੰਨੀ ਜਾ ਸਕਦੀ ਹੈ, ਉਹ ਹੈ ਕੋਟਕਪੂਰਾ ਅਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਦਾ ਰਾਜਨੀਤੀਕਰਨ ਕਰਕੇ ਸਿਆਸੀ ਰੋਟੀਆਂ ਸੇਕਣਾ।

# ਖਹਿਰਾ ਵੱਲੋਂ ਬਠਿੰਡੇ ਤੋਂ ਹਰਸਿਮਰਤ ਬਾਦਲ ਖਿਲਾਫ ਨਿੱਤਰਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਾਰੀਆਂ ਕਿਆਸਅਰਾਈਆਂ ਨੂੰ ਖਤਮ ਕਰਦਿਆਂ ਬਠਿੰਡਾ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਬਾਦਲ ਪਰਿਵਾਰ ਦੀ ਨੂੰਹ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਪਣੇ ਰਵਾਇਤੀ ਹਲਕੇ ਬਠਿੰਡਾ ਤੋਂ ਚੋਣ ਨਹੀਂ ਲੜਦੀ ਹੈ ਤਾਂ ਵੀ ਉਹ ਬਠਿੰਡਾ ਤੋਂ ਹੀ ਚੋਣ ਲੜਨਗੇ। ਸ੍ਰੀ ਖਹਿਰਾ ਨੇ ਸੰਕੇਤ ਦਿੱਤਾ ਕਿ ਜੇਕਰ ਬੀਬੀ ਬਾਦਲ ਫਿਰੋਜ਼ਪੁਰ ਤੋਂ ਚੋਣ ਲੜੇਗੀ ਤਾਂ ਉਥੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਉਨ੍ਹਾਂ ਨੂੰ ਟੱਕਰ ਦੇ ਸਕਦੇ ਹਨ, ਜਿਸ ਬਾਰੇ ਅੰਤਿਮ ਫੈਸਲਾ ਮੌਕੇ 'ਤੇ ਲਿਆ ਜਾਵੇਗਾ।



ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਮੰਚ ਦੇ ਪ੍ਰਧਾਨ ਅਤੇ ਪਟਿਆਲਾ ਤੋਂ ਚੋਣ ਲੜ ਰਹੇ ਡਾਕਟਰ ਧਰਮਵੀਰ ਗਾਂਧੀ ਨੇ ਸ੍ਰੀ ਖਹਿਰਾ ਨੂੰ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਵੱਲੋਂ ਬਠਿੰਡਾ ਦਾ ਉਮੀਦਵਾਰ ਐਲਾਨਦਿਆਂ ਉਨ੍ਹਾਂ ਨੂੰ ਪੰਜਾਬ ਦੇ ਨਿਧੜਕ ਜਰਨੈਲ ਵਜੋਂ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਪੀ.ਡੀ.ਏ ਨੇ ਆਪਣੇ 12 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਸੰਗਰੂਰ ਲੋਕ ਸਭਾ ਹਲਕੇ ਦੇ ਉਮੀਦਵਾਰ ਦਾ ਐਲਾਨ ਵੀ ਜਲਦੀ ਕਰ ਦਿੱਤਾ ਜਾਵੇਗਾ। ਪੀਡੀਏ. ਨੇ ਸੰਗਰੂਰ ਤੋਂ ਚੋਣ ਲੜ ਰਹੇ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਦੀ ਘੇਰਾਬੰਦੀ ਕਰਨ ਦੀ ਰਣਨੀਤੀ ਬਣਾਈ ਹੈ ਅਤੇ ਇਸ ਲਈ ਕਿਸੇ ਮਜ਼ਬੂਤ ਉਮੀਦਵਾਰ ਦੀ ਭਾਲ ਕੀਤੀ ਜਾ ਰਹੀ ਹੈ। ਇਸ ਮੌਕੇ ਸਟੇਜ ਉਪਰ ਕੇਵਲ ਇਕ ਵਿਧਾਇਕ ਮਾਸਟਰ ਬਲਦੇਵ ਸਿੰਘ ਹੀ ਉਨ੍ਹਾਂ ਨਾਲ ਬੈਠੇ ਸਨ। ਭਾਵੇਂ ਪ੍ਰੈੱਸ ਕਾਨਫਰੰਸ ਵਿਚ 'ਆਪ' ਦੇ ਬਾਗ਼ੀ ਧੜੇ ਦੇ ਤਿੰਨ ਵਿਧਾਇਕ ਕੰਵਰ ਸੰਧੂ, ਨਾਜਰ ਸਿੰਘ ਮਾਨਸ਼ਾਹੀਆ ਅਤੇ ਪਿਰਮਲ ਸਿੰਘ ਖਾਲਸਾ ਵੀ ਪੁੱਜੇ ਹੋਏ ਸਨ ਪਰ ਇੰਜ ਜਾਪਦਾ ਸੀ ਕਿ ਉਹ ਰਸਮੀ ਹਾਜ਼ਰੀ ਲਵਾਉਣ ਆਏ ਸਨ। ਇਕ ਸਵਾਲ ਦੇ ਜਵਾਬ 'ਚ ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਉਨ੍ਹਾਂ ਬਾਰੇ ਗੁੰਮਰਾਹਕੁਨ ਪ੍ਰਚਾਰ ਕਰਕੇ ਆਖ ਰਿਹਾ ਹੈ ਕਿ ਉਹ (ਖਹਿਰਾ) ਬਠਿੰਡਾ ਤੋਂ ਬੀਬੀ ਬਾਦਲ ਨੂੰ ਜਿਤਾਉਣ ਲਈ ਚੋਣ ਲੜ ਰਹੇ ਹਨ।

ਉਨ੍ਹਾਂ ਸ੍ਰੀ ਮਾਨ ਨੂੰ ਸਵਾਲ ਕੀਤਾ ਕਿ ਕੀ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਜਲਾਲਾਬਾਦ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਜਿਤਾਉਣ ਲਈ ਉਨ੍ਹਾਂ ਖਿਲਾਫ ਚੋਣ ਲੜੇ ਸਨ। ਸ੍ਰੀ ਖਹਿਰਾ ਨੇ ਬੀਬੀ ਬਾਦਲ ਉਪਰ ਵਾਰ ਕਰਦਿਆਂ ਕਿਹਾ ਕਿ ਅਕਾਲੀ ਦਲ ਅੱਜ ਆਰ.ਐਸ.ਐਸ. ਦੀ ਕਠਪੁਤਲੀ ਬਣ ਚੁੱਕਾ ਹੈ ਅਤੇ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਖਜਾਨਾ ਮੰਤਰੀ ਮਨਪ੍ਰੀਤ ਬਾਦਲ ਵੱਲੋਂ ਤਿਆਰ ਕੀਤਾ ਚੋਣ ਮਨੋਰਥ ਪੱਤਰ ਲੋਕਾਂ ਨਾਲ ਧੋਖਾ ਸਾਬਤ ਹੋਇਆ ਹੈ। ਉਨ੍ਹਾਂ ਬੀਬੀ ਬਾਦਲ ਅਤੇ ਮਨਪ੍ਰੀਤ ਬਾਦਲ ਨੂੰ ਪੰਜਾਬ ਦੇ ਮੁੱਦਿਆਂ ਉਪਰ ਖੁੱਲ੍ਹੀ ਬਹਿਸ ਕਰਨ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਨੇ ਪਿੰਡ ਬਾਦਲ ਤੱਕ ਚਾਰ ਮਾਰਗੀ ਅਤੇ ਸੁਖਬੀਰ ਬਾਦਲ ਦੇ ਨਿਊ ਚੰਡੀਗੜ੍ਹ ਵਿਚਲੇ ਹੋਟਲ ਤੱਕ 6 ਮਾਰਗੀ ਸੜਕ ਹੀ ਬਣਾਈ ਜਦਕਿ ਹੋਰ ਕੋਈ ਵਿਕਾਸ ਨਹੀਂ ਹੋਇਆ।

# ਵਿੱਤੀ ਸੰਕਟ 'ਚ ਫਸੇ ਅਕਾਲੀ ਦਲ ਦੀ ਭੇਟਾ 'ਤੇ ਟੇਕ

**ਚੰਡੀਗੜ੍ਹ:** ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲੀ ਵਾਰ ਵਿੱਤੀ ਪੱਖ ਤੋਂ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਮੁਤਾਬਕ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਡਾ. ਦਲਜੀਤ ਸਿੰਘ ਚੀਮਾ ਨੇ ਵਹੀ ਖਾਤਾ ਪੇਸ਼ ਕਰਦਿਆਂ ਇੱਕ ਕਰੋੜ ਰੁਪਏ ਤੋਂ ਵੱਧ ਦਾ ਘਾਟਾ ਦੱਸਿਆ ਹੈ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਪ੍ਰਚਾਰ ਲਈ ਉਮੀਦਵਾਰਾਂ ਨੂੰ ਦਿੱਤੇ ਜਾਣ ਵਾਲੇ ਫੰਡ ਅਤੇ ਪਾਰਟੀ ਦੀਆਂ ਗਤੀਵਿਧੀਆਂ ਚਲਾਉਣ ਲਈ ਸੀਨੀਅਰ ਅਕਾਲੀ ਨੇਤਾਵਾਂ ਨੂੰ ਫੰਡ ਦੇਣ ਲਈ ਕਿਹਾ ਗਿਆ ਹੈ।

ਸੀਨੀਅਰ ਨੇਤਾ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਜ਼ਿਲ੍ਹਾ ਜਥੇਦਾਰਾਂ ਵੱਲੋਂ ਇੱਕ-ਇੱਕ ਲੱਖ ਰੁਪਏ ਦਾ ਚੰਦਾ ਪਾਰਟੀ ਨੂੰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਹਰੇਕ ਜਨਰਲ ਸਕੱਤਰ, ਮੀਤ ਪ੍ਰਧਾਨ ਅਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਵੱਲੋਂ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਵਰਕਿੰਗ ਕਮੇਟੀ ਮੈਂਬਰ 21 ਹਜ਼ਾਰ ਰੁਪਏ ਦਾ ਯੋਗਦਾਨ ਪਾਵੇਗਾ ਤੇ ਜਨਰਲ ਕੌਂਸਲ ਦੇ ਹਰ ਇੱਕ ਮੈਂਬਰ ਨੂੰ 5 ਹਜ਼ਾਰ ਰੁਪਏ ਦੇਣ ਲਈ ਕਿਹਾ ਗਿਆ ਹੈ। ਪਾਰਟੀ ਵੱਲੋਂ ਪਹਿਲੀ ਅਪਰੈਲ ਤੋਂ ਮੈਂਬਰਸ਼ਿਪ ਦੀ ਭਰਤੀ ਵੀ ਸ਼ੁਰੂ ਕੀਤੀ ਜਾਵੇਗੀ ਤੇ ਮੈਂਬਰਸ਼ਿਪ ਰਾਹੀਂ ਵੀ ਫੰਡ ਉਪਲਬਧ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਟਿਆਲਾ ਤੋਂ ਸੁਰਜੀਤ ਸਿੰਘ ਰੱਖੜਾ, ਸ੍ਰੀ ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਤੇ ਜਲੰਧਰ ਤੋਂ ਚਰਨਜੀਤ ਸਿੰਘ ਅਟਵਾਲ ਨੂੰ ਸੰਸਦੀ ਚੋਣਾਂ ਦੌਰਾਨ ਉਮੀਦਵਾਰ ਬਣਾਉਣ ਬਾਰੇ ਸਹਿਮਤੀ ਬਣ ਗਈ ਤੇ ਉਮੀਦਵਾਰਾਂ ਦੇ ਐਲਾਨ ਸਬੰਧੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਅਧਿਕਾਰ ਦੇ ਦਿੱਤੇ ਗਏ।

ਸੂਤਰਾਂ ਮੁਤਾਬਕ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਹਰਸਿਮਰਤ ਬਾਦਲ ਨੂੰ 'ਸੁਰੱਖਿਅਤ' ਸੰਸਦੀ ਹਲਕੇ ਤੋਂ ਚੋਣ ਲੜਾਉਣ ਸਬੰਧੀ ਵੀ ਸੀਨੀਅਰ ਆਗੂਆਂ ਵੱਲੋਂ ਪਾਰਟੀ ਪ੍ਰਧਾਨ ਨੂੰ ਸਲਾਹ ਦਿੱਤੀ ਗਈ। ਮੀਟਿੰਗ ਦੌਰਾਨ ਇਸ ਗੱਲ 'ਤੇ ਵੀ ਵਿਚਾਰ ਕੀਤਾ ਗਿਆ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦਾ ਸਿਆਸੀ ਸੇਕ ਪੰਜਾਬ ਦੇ ਸੀਮਤ ਖੇਤਰ ਤੱਕ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਆਗੂਆਂ ਨੇ ਕਿਹਾ ਕਿ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਜ਼ਮਾਨਤ ਦੇਣ ਸਮੇਂ ਅਦਾਲਤ ਵੱਲੋਂ ਕੀਤੀਆਂ ਟਿੱਪਣੀਆਂ ਨੇ ਪੰਜਾਬ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਇਸ ਲਈ ਚੋਣ ਪ੍ਰਕਿਰਿਆ ਲੰਮੀ ਹੋਣ ਕਾਰਨ ਪਾਰਟੀ ਨੂੰ ਸਫਾਈ ਦੇਣ ਅਤੇ ਹਾਲਾਤ ਦਾ ਟਾਕਰਾ ਕਰਨ ਦਾ ਮੌਕਾ ਮਿਲ ਗਿਆ ਹੈ। ਅਕਾਲੀ ਦਲ ਨੇ ਕਾਂਗਰਸ ਖਿਲਾਫ ਪ੍ਰਚਾਰ ਮਘਾਉਣ ਲਈ ਕੈਪਟਨ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੀ ਵਾਅਦਾ-ਖਿਲਾਫੀ ਵਿਰੁੱਧ ਰੋਸ ਵਜੋਂ 16 ਮਾਰਚ ਨੂੰ ਸਾਰੇ ਹਲਕਿਆਂ 'ਚ 'ਵਾਅਦਾਖਿਲਾਫੀ ਦਿਵਸ' ਮਨਾਉਣ ਦਾ ਫੈਸਲਾ ਕੀਤਾ ਹੈ।

ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੀ ਵਰਕਿੰਗ ਕਮੇਟੀ ਨੇ ਇੱਕ ਮਤੇ ਵਿਚ ਬਹਿਬਲ ਕਲਾਂ ਘਟਨਾਵਾਂ ਦੀ ਜਾਂਚ ਲਈ ਕਾਂਗਰਸ ਸਰਕਾਰ ਵੱਲੋਂ ਬਣਾਈ 'ਸਿਟ' ਦਾ ਸਿਆਸੀਕਰਨ ਕਰਨ ਦੀ ਸਖਤ ਨਿਖੇਧੀ ਕੀਤੀ ਗਈ। ਪਾਰਟੀ ਨੇ ਕਿਹਾ ਕਿ 'ਸਿਟ' ਮੈਂਬਰ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਪੇਸ਼ੇਵਰ ਤਰੀਕੇ ਨਾਲ ਜਾਂਚ ਦੀ ਥਾਂ ਸੱਤਾਧਾਰੀ ਧਿਰ ਦੀ ਮਰਜ਼ੀ ਅਨੁਸਾਰ ਜਾਂਚ ਦੇ ਤੱਥਾਂ ਨੂੰ ਤੋੜਿਆ-ਮਰੋੜਿਆ ਜਾ ਰਿਹਾ ਹੈ। ਮੋਦੀ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਏ ਵੱਡੇ ਫੈਸਲਿਆਂ ਦੀ ਵੀ ਸ਼ਲਾਘਾ ਕੀਤੀ ਗਈ।

## ਦੋ ਸੰਵਿਧਾਨ ਰੱਖਣ ਦੇ ਦੋਸ਼ ਅਕਾਲੀ ਦਲ ਦੀ ਮਾਨਤਾ ਖਤਮ ਕਰਵਾਉਣ ਲਈ ਮੁਹਿੰਮ

**ਚੰਡੀਗੜ੍ਹ:** ਸੋਸ਼ਲਿਸਟ ਪਾਰਟੀ (ਇੰਡੀਆ) ਦੇ ਸੀਨੀਅਰ ਆਗੂ ਬਲਵੰਤ ਸਿੰਘ ਖੇੜਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਖਾਸਕਰ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ ਅਤੇ ਡਾ. ਦਲਜੀਤ ਸਿੰਘ ਚੀਮਾ 'ਤੇ ਧੋਖਾਧੜੀ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਕਤ ਨੇਤਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਦੋ ਸੰਵਿਧਾਨ ਬਣਾ ਕੇ ਲੋਕਾਂ ਨਾਲ ਧੋਖਾਧੜੀ ਕੀਤੀ ਹੈ।

ਅਦਾਲਤ 'ਚ ਅਕਾਲੀ ਦਲ ਦੇ ਦੋ ਸੰਵਿਧਾਨ ਹੋਣ ਦੀ ਲੜਾਈ ਲੜ ਰਹੇ ਇਸ ਬਜ਼ੁਰਗ ਸਿਆਸਤਦਾਨ ਨੇ ਦੱਸਿਆ ਕਿ ਦਿੱਲੀ ਹਾਈ ਕੋਰਟ ਤੇ ਹੁਸ਼ਿਆਰਪੁਰ ਦੀ ਅਦਾਲਤ 'ਚ ਅਕਾਲੀ ਦਲ ਵਿਰੁੱਧ ਚਲਦੇ ਕੇਸਾਂ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਦਾਲਤ ਵਿਚ ਅਕਾਲੀ ਦਲ ਦੇ ਨੇਤਾਵਾਂ ਵੱਲੋਂ ਵੀ ਇਸ ਤਰ੍ਹਾਂ ਦਾ ਬਿਆਨ ਦਿੱਤਾ ਗਿਆ ਹੈ ਜਿਸ ਨਾਲ ਸੀਨੀਅਰ ਅਕਾਲੀ ਨੇਤਾਵਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਲਈ ਗੁਰਦੁਆਰਾ ਚੋਣ ਕਮਿਸ਼ਨ ਨੂੰ ਵੱਖਰਾ ਅਤੇ ਵਿਧਾਨ ਸਭਾ ਜਾਂ ਸੰਸਦੀ ਚੋਣਾਂ ਲੜਨ ਲਈ ਭਾਰਤੀ ਚੋਣ ਕਮਿਸ਼ਨ ਨੂੰ ਵੱਖੋ ਵੱਖਰੇ ਸੰਵਿਧਾਨ ਦਿੰਦਾ ਰਿਹਾ ਹੈ, ਜੋ ਕਿ ਗ਼ੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਨ ਵਾਲੇ ਅਕਾਲੀ ਨੇਤਾਵਾਂ ਖਿਲਾਫ ਪਰਚੇ ਦਰਜ ਹੋਣੇ ਚਾਹੀਦੇ ਹਨ ਤੇ ਪਾਰਟੀ ਦੀ ਮਾਨਤਾ ਰੱਦ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਪਾਰਟੀ ਵੱਲੋਂ ਸੰਗਰੂਰ ਤੇ ਬਠਿੰਡਾ ਸੰਸਦੀ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

# ਹੋਰ ਸੂਬਿਆਂ ਤੋਂ ਵੱਖਰਾ ਰਿਹਾ ਹੈ ਪੰਜਾਬ ਦਾ ਸਿਆਸੀ ਇਤਿਹਾਸ

## ਲੋਕ ਸਭਾ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਇਤਿਹਾਸ ਦੇਸ਼ ਦੇ ਬਾਕੀ ਸੂਬਿਆਂ ਤੋਂ ਵੱਖਰਾ ਰਿਹਾ ਹੈ। ਸਮੇਂ-ਸਮੇਂ ਉਤੇ ਰਵਾਇਤੀ ਧਿਰਾਂ ਦੇ ਨਾਲ-ਨਾਲ ਨਵੀਆਂ ਉਭਰੀਆਂ ਧਿਰਾਂ ਨੇ ਆਪਣੀ ਹੋਂਦ ਖੁੱਲ੍ਹ ਕੇ ਵਿਖਾਈ। ਪਿਛਲੀਆਂ ਚੋਣਾਂ ਵਿਚ ਨਵੀਂ ਉਭਰੀ ਆਮ ਆਦਮੀ ਪਾਰਟੀ ਨੂੰ ਭਾਵੇਂ ਪੂਰੇ ਦੇਸ਼ ਵਿਚ ਕੋਈ ਹੁੰਗਾਰਾ ਨਾ ਮਿਲਿਆ ਪਰ ਪੰਜਾਬ ਵਿਚ 4 ਸੀਟਾਂ ਫਤਿਹ ਕਰ ਲਈਆਂ। 2009 ਦੀ ਚੋਣ 'ਚ 8 ਸੀਟਾਂ ਹਾਸਲ ਕਰਕੇ ਕਾਂਗਰਸ ਨੇ ਦਿੱਖ ਮੁੜ ਸੰਵਾਰੀ। ਇਸ ਦੌਰਾਨ ਅਕਾਲੀ-ਭਾਜਪਾ ਗੱਠਜੋੜ ਦੇ ਤਰਤੀਬਵਾਰ 4 ਅਤੇ ਇਕ (ਕੁੱਲ 5) ਉਮੀਦਵਾਰ ਜਿੱਤੇ, ਜਦੋਂਕਿ 2014 ਦੀ ਚੋਣ ਦੌਰਾਨ ਪਹਿਲੀ ਵਾਰ ਮੈਦਾਨ ਵਿਚ ਨਿੱਤਰੀ 'ਆਪ' ਵੀ ਚਾਰ ਸੀਟਾਂ 'ਤੇ ਜਿੱਤ ਦਰਜ ਕਰਕੇ ਇਤਿਹਾਸ ਰਚ ਗਈ। ਅਕਾਲੀ-ਭਾਜਪਾ ਗੱਠਜੋੜ ਨੇ ਤਰਤੀਬਵਾਰ 4 ਅਤੇ 2 (ਕੁੱਲ ਛੇ) ਸੀਟਾਂ ਜਿੱਤੀਆਂ, ਪਰ ਕਾਂਗਰਸ ਨੂੰ ਤਿੰਨ ਸੀਟਾਂ ਹੀ ਨਸੀਬ ਹੋਈਆਂ। ਇਸ ਦੌਰਾਨ ਪ੍ਰਨੀਤ ਕੌਰ ਵੀ ਪਟਿਆਲਾ ਤੋਂ 'ਆਪ' ਦੇ ਡਾ. ਧਰਮਵੀਰ ਗਾਂਧੀ ਕੋਲੋਂ ਚੋਣ ਹਾਰ ਗਏ ਸਨ।

ਲੋਕ ਸਭਾ ਦੀਆਂ 1977 ਤੋਂ 2014 ਤੱਕ ਦੀਆਂ ਪਿਛਲੀਆਂ 11 ਚੋਣਾਂ ਦੌਰਾਨ ਪੰਜਾਬ ਵਿਚ ਸੱਤ ਵਾਰ ਕਾਂਗਰਸ ਅਤੇ ਚਾਰ ਵਾਰ ਰਵਾਇਤੀ ਅਕਾਲੀ ਹਾਰੇ। ਦੋ ਚੋਣਾਂ ਵਿਚ ਕਾਂਗਰਸ ਅਤੇ ਇਕ ਵਿਚ ਅਕਾਲੀਆਂ ਦਾ ਕੋਈ ਵੀ ਉਮੀਦਵਾਰ ਨਾ ਜਿੱਤ ਸਕਿਆ। ਅਜਿਹੀ ਮਾਰ ਵਿਰੋਧੀ ਲਹਿਰਾਂ ਦੌਰਾਨ ਪਈ। ਇਕ ਵਾਰ ਗਰਮ-ਖਿਆਲੀ ਧਿਰਾਂ ਨੇ ਵੀ ਬਾਜ਼ੀ ਮਾਰੀ। ਉਂਜ ਅਕਾਲੀਆਂ ਵੱਲੋਂ ਕੀਤੇ ਬਾਈਕਾਟ ਵਾਲੀ (1992 ਦੀ) ਚੋਣ ਸਣੇ ਕਾਂਗਰਸ ਨੇ ਦੋ ਵਾਰ 12-12 ਅਤੇ ਦੋ ਵਾਰ ਅੱਠ ਅੱਠ ਸੀਟਾਂ ਵੀ ਜਿੱਤੀਆਂ।

1975 ਵਿਚ ਲੱਗੀ ਐਮਰਜੈਂਸੀ ਕਾਰਨ 1977 ਵਿਚਲੀ ਚੋਣ ਦੌਰਾਨ ਦੇਸ਼ ਭਰ 'ਚ ਕਾਂਗਰਸ ਵਿਰੁੱਧ ਅਜਿਹੀ ਹਨੇਰੀ ਝੁੱਲੀ ਕਿ ਮਰਹੂਮ ਇੰਦਰਾ ਗਾਂਧੀ ਵੀ ਨਾ ਜਿੱਤ ਸਕੀ। ਉਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਜਨਤਾ ਪਾਰਟੀ ਦੇ ਚੋਣ ਗੱਠਜੋੜ ਨੇ ਤਰਤੀਬਵਾਰ 9 ਅਤੇ 3 (ਕੁੱਲ 12) ਸੀਟਾਂ ਜਿੱਤੀਆਂ। ਇਕ ਸੀਟ ਸੀ.ਪੀ.ਐਮ. ਦੇ ਹਿੱਸੇ ਵੀ ਆਈ। ਉਦੋਂ ਪਟਿਆਲਾ ਤੋਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਨੂੰ ਹਰਾ ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੇਤੂ ਰਹੇ ਸਨ। ਬਾਕੀ ਜੇਤੂਆਂ 'ਚ ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲਾ, ਧੰਨਾ ਸਿੰਘ ਗੁਲਸ਼ਨ, ਬਸੰਤ ਸਿੰਘ ਖਾਲਸਾ ਅਤੇ ਮੋਹਣ ਸਿੰਘ ਤੁੜ ਵਰਗੇ ਅਕਾਲੀ ਨੇਤਾ ਵੀ ਸ਼ਾਮਲ ਰਹੇ।

ਫਿਰ 1980 'ਚ ਕਾਂਗਰਸ ਨੇ 12 ਸੀਟਾਂ ਜਿੱਤੀਆਂ ਤੇ ਅਕਾਲੀ ਦਲ ਦੇ ਸਿਰਫ ਲਹਿਣਾ ਸਿੰਘ ਤੁੜ (ਤਰਨ ਤਾਰਨ) ਹੀ ਜਿੱਤ ਸਕੇ। ਉਦੋਂ ਪਟਿਆਲਾ ਤੋਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਪਹਿਲੀ ਚੋਣ ਜਿੱਤੇ ਸਨ, ਪਰ 1984 ਦੀਆਂ ਘਟਨਾਵਾਂ ਦੌਰਾਨ ਅਸਤੀਫਾ ਦੇ ਦਿੱਤਾ ਸੀ। ਫਿਰ ਸਾਕਾ ਨੀਲਾ ਤਾਰਾ ਦੀ ਘਟਨਾ ਮਗਰੋਂ 1985 ਵਿਚ ਆਈ ਚੋਣ ਦੌਰਾਨ ਅਕਾਲੀਆਂ ਨੇ ਸੱਤ ਸੀਟਾਂ 'ਤੇ ਜਿੱਤ ਦਰਜ ਕੀਤੀ ਤੇ ਕਾਂਗਰਸ ਨੂੰ ਛੇ ਸੀਟਾਂ ਮਿਲੀਆਂ। 1989 ਦੀ ਚੋਣ ਅਜਿਹੀ ਰਹੀ, ਜਦੋਂ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ




ਉਮੀਦਵਾਰ ਹਾਰ ਗਏ ਸਨ। ਉਦੋਂ ਗਰਮਖਿਆਲੀ ਵਿਚਾਰਧਾਰਾ ਦੇ ਹੱਕ ਵਿਚ ਲਹਿਰ ਚੱਲੀ। ਇਸ ਦੌਰਾਨ ਤਰਨ ਤਾਰਨ ਤੋਂ ਜਿੱਤੇ ਸਿਮਰਨਜੀਤ ਸਿੰਘ ਮਾਨ ਨੇ ਜੇਤੂ ਲੀਡ ਪੱਖੋਂ ਦੇਸ਼ ਭਰ ਵਿਚ ਨਵਾਂ ਰਿਕਾਰਡ ਸਥਾਪਤ ਕੀਤਾ ਸੀ। ਇਸ ਚੋਣ ਵਿਚ ਅਕਾਲੀ ਦਲ (ਮਾਨ) ਦੇ ਛੇ ਉਮੀਦਵਾਰਾਂ ਸਣੇ ਗਰਮਖਿਆਲੀ ਵਿਚਾਰਧਾਰਾ ਵਾਲੇ ਨੌਂ ਉਮੀਦਵਾਰ ਜੇਤੂ ਰਹੇ ਸਨ। ਉਂਜ ਰਵਾਇਤੀ ਅਕਾਲੀ ਦਲ ਦੇ ਸਹਿਯੋਗ ਨਾਲ ਜਨਤਾ ਦਲ ਦੇ ਉਮੀਦਵਾਰ ਵਜੋਂ ਜਲੰਧਰ ਤੋਂ ਆਈ.ਕੇ ਗੁਜਰਾਲ (ਸਾਬਕਾ ਪ੍ਰਧਾਨ ਮੰਤਰੀ) ਜੇਤੂ ਰਹੇ। ਇਕ (ਫਿਲੌਰ) ਸੀਟ ਬਸਪਾ ਦੇ ਹਰਭਜਨ ਲਾਖਾ ਨੇ ਜਿੱਤੀ ਜਦੋਂਕਿ ਕਾਂਗਰਸ ਨੂੰ ਦੋ ਸੀਟਾਂ ਹੀ ਮਿਲੀਆਂ। ਪਟਿਆਲਾ ਸੀਟ ਉਦੋਂ ਗਰਮਖਿਆਲੀ ਆਗੂ ਭਾਈ ਅਤਿੰਦਰਪਾਲ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਜਿੱਤੀ ਸੀ। ਉਧਰ, 1992 ਵਿਚ ਗਰਮਦਲੀਆਂ ਵੱਲੋਂ ਦਿੱਤੇ ਸੱਦੇ ਉਤੇ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਅਕਾਲੀ ਧੜਿਆਂ ਵੱਲੋਂ ਚੋਣਾਂ ਦਾ ਬਾਈਕਾਟ ਕੀਤਾ ਗਿਆ। ਇਸ ਦੌਰਾਨ ਕਾਂਗਰਸ ਨੇ ਬਾਰ੍ਹਾਂ ਸੀਟਾਂ ਜਿੱਤੀਆਂ। ਇਕ ਸੀਟ (ਫਿਰੋਜ਼ਪੁਰ) ਬਸਪਾ ਦੇ ਮੋਹਣ ਸਿੰਘ ਫਲੀਆਂਵਾਲਾ ਨੇ ਜਿੱਤੀ।

1996 ਵਿਚ ਕਾਂਗਰਸ ਨੂੰ ਗੁਰਦਾਸਪੁਰ ਤੇ ਅੰਮ੍ਰਿਤਸਰ (ਦੋ) ਸੀਟਾਂ ਹੀ ਮਿਲੀਆਂ। ਉਧਰ, ਸਾਂਝੇ ਗੱਠਜੋੜ ਦੌਰਾਨ ਅਕਾਲੀ ਦਲ ਨੇ 8 ਅਤੇ ਬਸਪਾ ਨੇ 3 (ਕੁੱਲ 11) ਸੀਟਾਂ ਜਿੱਤੀਆਂ। ਪਟਿਆਲਾ ਤੋਂ ਉਦੋਂ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਾਂਗਰਸ ਦੇ ਸੰਤ ਰਾਮ ਸਿੰਗਲਾ ਨੂੰ ਹਰਾਇਆ। ਪਰ ਜਲਦੀ ਹੀ 1998 'ਚ ਮੁੜ ਹੋਈ ਚੋਣ ਦੌਰਾਨ 19 ਸਾਲਾਂ ਬਾਅਦ ਦੂਜੀ ਵਾਰ ਕਾਂਗਰਸ ਦੇ ਹੱਥ ਖਾਲੀ ਰਹੇ। ਉਦੋਂ ਅਕਾਲੀ-ਭਾਜਪਾ ਗੱਠਜੋੜ ਨੂੰ ਤਰਤੀਬਵਾਰ 8 ਤੇ 3 (ਕੁੱਲ 11) ਸੀਟਾਂ ਮਿਲੀਆਂ। ਇਕ ਹੋਰ (ਜਲੰਧਰ) ਸੀਟ ਵੀ ਅਕਾਲੀ ਦਲ ਦੇ ਸਹਿਯੋਗੀ ਉਮੀਦਵਾਰ ਆਈ.ਕੇ ਗੁਜਰਾਲ (ਸਾਬਕਾ ਪ੍ਰਧਾਨ ਮੰਤਰੀ) ਨੇ ਜਿੱਤੀ। ਇਕ ਸੀਟ (ਫਿਲੌਰ) ਤੋਂ ਸਤਿਨਾਮ ਸਿੰਘ ਕੈਂਥ (ਆਜ਼ਾਦ ਉਮੀਦਵਾਰ ਵਜੋਂ) ਜੇਤੂ ਰਹੇ ਸਨ। ਉਦੋਂ ਪਟਿਆਲਾ ਤੋਂ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਕੋਲੋਂ ਜਿੱਤ ਹਾਸਲ ਕੀਤੀ।

1999 ਵਿਚ ਕਾਂਗਰਸ ਨੂੰ 8, ਅਕਾਲੀਆਂ ਨੂੰ 2 ਅਤੇ ਭਾਜਪਾ ਨੂੰ ਇਕ ਸੀਟ ਮਿਲੀ। ਇਕ-ਇਕ ਸੀਟ ਮਾਨ ਦਲ ਅਤੇ ਸੀ.ਪੀ.ਆਈ. ਦੇ ਹਿੱਸੇ ਆਈ। ਇਹ ਸਭ ਤੋਂ ਵੱਧ (ਪੰਜ) ਪਾਰਟੀਆਂ ਦੀ ਨੁਮਾਇੰਦਗੀ ਵਾਲੀ ਚੋਣ ਸੀ। ਪਰ 2004 ਵਿਚ ਕਾਂਗਰਸ ਫਿਰ ਦੋ ਸੀਟਾਂ 'ਤੇ ਆ ਖਲੋਤੀ। ਇਨ੍ਹਾਂ ਵਿਚੋਂ ਪਟਿਆਲਾ ਤੋਂ ਪ੍ਰਨੀਤ ਕੌਰ ਅਤੇ ਜਲੰਧਰ ਤੋਂ ਰਾਣਾ ਗੁਰਜੀਤ ਸਿੰਘ ਜਿੱਤੇ। ਅਕਾਲੀ-ਭਾਜਪਾ ਗੱਠਜੋੜ ਨੇ 8 ਤੇ 3 (ਕੁੱਲ 11) ਸੀਟਾਂ ਜਿੱਤੀਆਂ।

# ਮੋਦੀ ਸਰਕਾਰ ਨਹੀਂ ਬਦਲ ਸਕੀ ਕਿਸਾਨਾਂ ਤੇ ਮਜ਼ਦੂਰਾਂ ਦੀ ਹੋਣੀ

**ਬਠਿੰਡਾ:** ਪੰਜਾਬ ਦੇ ਲੋਕ ਪੰਜ ਵਰ੍ਹਿਆਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੁਮਲੇ ਸੁਣਦੇ ਆ ਰਹੇ ਹਨ। ਠੀਕ ਪੰਜ ਵਰ੍ਹੇ ਪਹਿਲਾਂ ਜਦੋਂ ਨਰਿੰਦਰ ਮੋਦੀ ਬਠਿੰਡਾ ਪੁੱਜੇ ਤਾਂ ਉਨ੍ਹਾਂ ਪੰਜਾਬ ਦੀ ਕਪਾਹ ਪੱਟੀ ਦੀ ਤਕਦੀਰ ਬਦਲਣ ਦਾ ਐਲਾਨ ਕੀਤਾ। ਉਸ ਦਾ ਸਿੱਧਾ ਇਸ਼ਾਰਾ ਪੰਜਾਬ ਵਿਚ ਕਪਾਹ ਅਧਾਰਿਤ ਸਨਅਤਾਂ ਲਾਉਣਾ ਸੀ। ਉਂਜ ਤਾਂ ਪੂਰੇ ਪੰਜਾਬ ਦੀ ਕਿਸਾਨੀ ਦੇ ਪਸੀਨੇ ਦਾ ਮੁੱਲ ਨਹੀਂ ਪਿਆ। ਕਿਸਾਨ ਧਿਰਾਂ ਵੀ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਾਉਣ ਲਈ ਸੰਘਰਸ਼ ਦੇ ਰਾਹ 'ਤੇ ਹਨ ਪਰ ਇਹ ਰਿਪੋਰਟ ਹਕੀਕਤ ਨਹੀਂ ਬਣ ਸਕੀ। ਪੰਜਾਬ ਵਿਚ ਖੁਦਕੁਸ਼ੀ ਦਾ ਦੌਰ ਰੁਕ ਨਹੀਂ ਸਕਿਆ ਹੈ।

ਜਦੋਂ ਪ੍ਰਧਾਨ ਮੰਤਰੀ ਥੋੜ੍ਹਾ ਅਰਸਾ ਪਹਿਲਾਂ ਮਲੋਟ ਆਏ ਤਾਂ ਉਨ੍ਹਾਂ ਇਕੋ ਐਲਾਨ ਕੀਤਾ ਕਿ ਨਰਮੇ ਨੂੰ ਨਰਮ ਨਹੀਂ ਪੈਣ ਦਿੱਤਾ ਜਾਵੇਗਾ। ਅੱਜ ਪੰਜਾਬ ਵਿਚ ਨਰਮੇ ਹੇਠਲਾ ਰਕਬਾ ਪੌਣੇ ਤਿੰਨ ਲੱਖ ਹੈਕਟੇਅਰ ਰਹਿ ਗਿਆ ਹੈ। ਕਿਸਾਨੀ ਦਾ ਨਰਮੇ ਤੋਂ ਮੋਹ ਭੰਗ ਹੋ ਚੁੱਕਾ ਹੈ। ਕਪਾਹ ਮਿੱਲਾਂ ਨੂੰ ਤਾਲੇ ਲੱਗ ਰਹੇ ਹਨ। ਕਪਾਹ ਮਿੱਲਾਂ ਦੀ ਥਾਂ ਹੁਣ ਚੌਲ ਮਿੱਲਾਂ ਨੇ ਲੈ ਲਈ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪੰਜ ਵਰ੍ਹਿਆਂ ਦੌਰਾਨ ਕਪਾਹ ਅਧਾਰਿਤ ਉਦਯੋਗ ਨਹੀਂ ਲਿਆ ਸਕੇ। ਬਠਿੰਡਾ ਵਿਚ ਟੈਕਸਟਾਈਲ ਸਿਟੀ ਬਣਾਏ ਜਾਣ ਦੀ ਮੰਗ ਪੁਰਾਣੀ ਹੈ। ਹਰਸਿਮਰਤ ਖੁਦ ਆਖਦੇ ਹਨ ਕਿ ਪੰਜਾਬ ਵਿਚ ਦੋ ਵਰ੍ਹਿਆਂ ਦੌਰਾਨ 925 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਪੰਜਾਬ ਸਮੇਤ ਕੇਂਦਰ ਸਰਕਾਰ ਵੀ ਇਸ ਲਈ ਜ਼ਿੰਮੇਵਾਰ ਹੈ। ਜਿਣਸਾਂ ਦੇ ਭਾਅ ਤੈਅ ਕਰਨਾ ਕੇਂਦਰ ਦਾ ਖੇਤਰ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਹੋਣੀ ਮੋਦੀ ਸਰਕਾਰ ਬਦਲ ਨਹੀਂ ਸਕੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਪਣੇ ਮੰਤਰਾਲੇ ਦੇ ਵੱਡੇ ਪ੍ਰਾਜੈਕਟ ਵੀ ਨਹੀਂ ਲਿਆ ਸਕੇ। ਭਾਜਪਾ ਦਾ ਚੋਣ ਮਨੋਰਥ ਪੱਤਰ ਪੰਜਾਬ ਵਿਚ ਕੋਈ ਰੰਗ ਨਹੀਂ ਦਿਖਾ ਸਕਿਆ ਹੈ। ਭਾਵੇਂ ਕੇਂਦਰ ਸਰਕਾਰ ਨੇ ਪੰਜਾਬ ਵਾਸਤੇ 16 ਨਵੇਂ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਕੇਂਦਰ ਪ੍ਰਵਾਨ ਕੀਤੇ ਅਤੇ ਸਮਾਰਟ ਸਿਟੀ ਤਹਿਤ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਦੀ ਚੋਣ ਕੀਤੀ ਸੀ ਪਰ



ਇਨ੍ਹਾਂ ਦਾ ਅਮਲ ਕਿਧਰੇ ਨਜ਼ਰ ਨਹੀਂ ਆਇਆ।

ਕੇਂਦਰ ਨੇ ਸਰਹਿੰਦ ਫੀਡਰ ਨਹਿਰ ਅਤੇ ਰਾਜਸਥਾਨ ਫੀਡਰ ਨਹਿਰ ਦੀ ਮੁਰੰਮਤ ਲਈ 825 ਕਰੋੜ ਰੁਪਏ ਮਨਜ਼ੂਰ ਕੀਤੇ ਹਨ ਪਰ ਇਸ ਦਾ ਕੰਮ ਵੀ ਹਾਲੇ ਤੱਕ ਸ਼ੁਰੂ ਨਹੀਂ ਹੋਇਆ ਹੈ। ਹੁਣ ਸੰਸਦੀ ਚੋਣਾਂ ਲਈ ਮਾਹੌਲ ਗਰਮ ਹੈ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਜਾਰੀ ਕਰਨ ਦੀ ਰੁੱਤ ਆ ਗਈ। ਕੁਝ ਦਿਨਾਂ ਤੱਕ ਚੋਣ ਮਨੋਰਥ ਪੱਤਰ ਲੋਕਾਂ ਦੇ ਸਾਹਮਣੇ ਆ ਜਾਣਗੇ। ਫਿਰ ਹਰ ਵਰਗ ਨੂੰ ਅੰਬਰੀ ਤਾਰੇ ਤੋੜ ਲਿਆਉਣ ਦੇ ਸੁਪਨੇ ਦਿਖਾਏ ਜਾਣਗੇ। ਜੇਕਰ ਠੀਕ 5 ਸਾਲ ਪਹਿਲਾਂ ਹੋਈਆਂ ਸੰਸਦੀ ਚੋਣਾਂ ਦੌਰਾਨ ਜਾਰੀ ਕੀਤੇ ਚੋਣ ਮਨੋਰਥ ਪੱਤਰਾਂ 'ਤੇ ਝਾਤ ਮਾਰੀ ਜਾਵੇ ਤਾਂ ਸਭ ਕੁਝ ਸਾਫ ਹੋ ਜਾਂਦਾ ਹੈ। ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ 5 ਸਾਲ ਪਹਿਲਾਂ ਵੱਖੋ-ਵੱਖਰੇ ਤੌਰ 'ਤੇ ਚੋਣ ਮਨੋਰਥ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਚੋਣ ਮਨੋਰਥ ਪੱਤਰਾਂ ਮੁਤਾਬਕ ਪੰਜਾਬ ਦੇ ਕਿਸਾਨਾਂ ਲਈ ਹੁਣ ਤੱਕ ਕੁਝ ਨਹੀਂ ਕੀਤਾ ਗਿਆ। ਭਾਜਪਾ ਨੇ ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਕਿਸਾਨਾਂ ਨੂੰ ਜਿਣਸਾਂ ਦੇ ਭਾਅ ਦੇਣ ਦਾ ਵਾਅਦਾ ਕੀਤਾ ਸੀ। ਅਕਾਲੀ ਦਲ ਨੇ ਵੀ ਆਪਣੇ ਭਾਈਵਾਲਾਂ ਦੀ ਪੈੜ 'ਚ ਪੈੜ ਧਰਦਿਆਂ ਸਮਰਥਨ ਮੁੱਲ ਵਧਾਉਣ ਦਾ ਵਾਅਦਾ ਕੀਤਾ ਸੀ। ਪਰ ਸੱਤਾ ਵਿਚ ਆਉਂਦਿਆਂ ਹੀ ਭਾਜਪਾ ਵਾਅਦਾ ਭੁੱਲ ਗਈ ਤੇ ਅਕਾਲੀਆਂ ਨੂੰ ਵੀ ਵਾਅਦਾ ਯਾਦ ਨਾ ਆਇਆ। ਇਹ ਕਿਸਾਨਾਂ ਲਈ ਜੁਮਲਾ ਹੀ ਸਾਬਤ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਂਗਰਸ ਨੂੰ ਸੂਬਾਈ ਚੋਣਾਂ ਦੌਰਾਨ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਦੀ ਯਾਦ ਵਾਰ ਵਾਰ ਕਰਾਈ ਜਾਂਦੀ ਹੈ ਪਰ ਅਕਾਲੀ 2014 ਦੌਰਾਨ ਜਾਰੀ ਕੀਤੇ ਆਪਣੇ ਮੈਨੀਫੈਸਟੋ ਨੂੰ ਭੁੱਲ ਗਏ ਹਨ। ਹਾਲਾਂਕਿ ਕੇਂਦਰ ਸਰਕਾਰ ਵਿਚ ਹਰਸਿਮਰਤ ਕੌਰ ਬਾਦਲ ਕੈਬਨਿਟ ਮੰਤਰੀ ਹਨ। ਜੇਕਰ ਅਕਾਲੀਆਂ ਦੇ ਮੈਨੀਫੈਸਟੋ ਦੀ ਗੱਲ ਕਰੀਏ ਤਾਂ ਫਸਲਾਂ ਦਾ ਸਮਰਥਨ ਮੁੱਲ 50 ਫੀਸਦੀ ਮੁਨਾਫੇ ਦੇ ਆਧਾਰ 'ਤੇ ਤੈਅ ਕਰਨ, ਕਿਸਾਨੀ ਕਰਜ਼ੇ ਸਸਤੀਆਂ ਵਿਆਜ ਦਰਾਂ 'ਤੇ ਮੁਹੱਈਆ ਕਰਾਉਣ, ਫਸਲੀ ਵਿਭਿੰਨਤਾ ਲਿਆਉਣ, ਬਦਲਵੀਆਂ ਫਸਲਾਂ ਦਾ ਢੁਕਵਾਂ ਮੰਡੀਕਰਨ, ਖੇਤੀ ਵਿਭਿੰਨਤਾ ਲਈ ਸਹਾਇਕ ਧੰਦਿਆਂ ਨੂੰ ਪ੍ਰਫੁੱਲਤ ਕਰਨ, ਸਹਾਇਕ ਧੰਦਿਆਂ ਲਈ ਸਸਤੇ ਕਰਜ਼ੇ ਅਤੇ ਇਨ੍ਹਾਂ ਨੂੰ ਆਮਦਨ ਕਰਨ ਤੋਂ ਮੁਕਤ ਕਰਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸੇ ਤਰ੍ਹਾਂ ਖੇਤੀ ਖੇਤਰ ਵਿਚ ਨਵੀਆਂ ਤਕਨੀਕਾਂ ਵਿਕਸਤ ਕਰਨ ਅਤੇ ਅਪਨਾਉਣ, ਕੌਮਾਂਤਰੀ ਮਾਰਕਿਟ ਚੇਨ ਪੰਜਾਬ 'ਚ ਬਣਾਉਣ, ਫੂਡ ਪ੍ਰਾਸੈਸਿੰਗ ਉਦਯੋਗ ਲਗਵਾਉਣ, ਫਸਲੀ ਬੀਮਾ ਸ਼ੁਰੂ ਕਰਨ ਅਤੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ ਦੇ ਵਾਅਦੇ ਵੀ ਕੀਤੇ ਗਏ ਸਨ।

ਇਸੇ ਤਰ੍ਹਾਂ ਭਾਜਪਾ ਨੇ ਸੀਮਾਂਤ, ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਭਲਾਈ ਦੀਆਂ ਯੋਜਨਾਵਾਂ ਸ਼ੁਰੂ ਕਰਨਾ, ਫਸਲ ਬੀਮਾ ਸ਼ੁਰੂ ਕਰਨਾ, ਖ਼ਪਤਕਾਰ ਤੇ ਕਿਸਾਨਾਂ ਦੇ ਹਿਤਾਂ ਦੀ ਮੰਡੀ ਮੁਹੱਈਆ ਕਰਾਉਣਾ, ਖੇਤਰੀ ਕਿਸਾਨ ਟੈਲੀਵਿਜ਼ਨ ਚੈਨਲ ਸ਼ੁਰੂ ਕਰਨੇ, ਕਿਸਾਨਾਂ ਦੀ ਆਮਦਨ ਵਧਾਉਣੀ, ਸਹਾਇਕ ਧੰਦਿਆਂ ਖਾਸ ਕਰ ਬਾਗਵਾਨੀ, ਫੁੱਲਾਂ ਦੀ ਖੇਤੀ, ਪੋਲਟਰੀ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਸੂਰ ਪਾਲਣਾ ਆਦਿ ਨੂੰ ਪ੍ਰਫੁੱਲਤ ਕਰਨਾ, ਵੱਧ ਆਮਦਨ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨਾ ਅਤੇ ਮਾਹੌਲ ਬਣਾਉਣਾ, ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਲਿਆਉਣਾ ਤੇ ਖੋਜ ਕਰਨੀ ਤੇ ਆਰਗੈਨਿਕ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕੀਤਾ ਸੀ।

## ਭਾਜਪਾ ਨੇ ਸਬਜ਼ਬਾਗ ਦਿਖਾ ਕੇ 'ਮਹਾਂਫਰਾਡ' ਕੀਤਾ: ਜਾਖੜ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਨੇ ਸਾਲ 2014 ਦੀਆਂ ਚੋਣਾਂ ਵਿਚ ਦੇਸ਼ ਦੇ ਲੋਕਾਂ ਨੂੰ ਲੁਭਾਉਣੇ ਸੁਪਨੇ ਦਿਖਾ ਕੇ ਉਹੋ ਜਿਹਾ 'ਮਹਾਂਫਰਾਡ' ਕੀਤਾ ਜਿਸ ਤਰ੍ਹਾਂ ਚਿੱਟ ਫੰਡ ਕੰਪਨੀਆਂ ਪੈਸੇ ਦੁੱਗਣੇ ਕਰਨ ਦੇ ਸੁਪਨੇ ਦਿਖਾ ਕੇ ਕਰਦੀਆਂ ਹਨ। ਲੋਕਾਂ ਦੇ ਖਾਤਿਆਂ ਵਿਚ ਨਾ 15 ਲੱਖ ਆਏ ਅਤੇ ਨਾ ਹੀ ਵਿਦੇਸ਼ੀ ਬੈਂਕਾਂ ਵਿਚਲਾ ਕਾਲਾ ਧਨ ਦੇਸ਼ 'ਚ ਵਾਪਸ ਆਇਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਅੱਛੇ ਦਿਨਾਂ ਵਾਲੇ ਨਾਅਰੇ ਲਾ ਕੇ ਲੋਕਾਂ ਨੂੰ ਠੱਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੰਗਾ ਦੀ ਸਫਾਈ ਨਾ ਕਰਕੇ ਲੋਕਾਂ ਦੀ ਧਾਰਮਿਕ ਆਸਥਾ ਨਾਲ ਖਿਲਵਾੜ ਕੀਤਾ ਹੈ। ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਨੋਟਬੰਦੀ ਨੇ ਪਹਿਲਾਂ ਮਿਲੇ ਰੁਜ਼ਗਾਰ ਵੀ ਖੋਹ ਲਏ।

# ਰੁਜ਼ਗਾਰ ਦਾ ਵਾਅਦਾ ਪੁਗਾਉਣ ਦੀ ਥਾਂ ਕੈਪਟਨ ਸਰਕਾਰ ਵੀ ਮੋਦੀ ਵਾਲੇ ਰਾਹ

**ਚੰਡੀਗੜ੍ਹ:** ਚੋਣਾਂ ਸਮੇਂ ਰੁਜ਼ਗਾਰ ਦੇਣ ਦਾ ਵਾਅਦਾ ਪੁਗਾਉਣ ਦੀ ਥਾਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੀ ਮੋਦੀ ਸਰਕਾਰ ਦੇ ਰਾਹ ਤੁਰ ਪਈ ਹੈ। ਕੈਪਟਨ ਸਰਕਾਰ ਦੇ ਦੋ ਸਾਲ ਪੂਰੇ ਹੋਣ ਦੇ ਬਾਵਜੂਦ ਸਰਕਾਰੀ ਵਿਭਾਗਾਂ ਵਿਚ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਭਰਤੀ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ। ਪਿਛਲੇ ਸਮੇਂ ਸਰਕਾਰ ਨੇ ਰਸਮੀ ਤੌਰ 'ਤੇ ਸਾਰੇ ਵਿਭਾਗਾਂ ਕੋਲੋਂ ਖਾਲੀ ਅਸਾਮੀਆਂ ਦੀ ਸੂਚਨਾ ਮੰਗੀ ਹੈ ਪਰ ਭਰਤੀ ਕਦੋਂ ਸ਼ੁਰੂ ਹੋਵੇਗੀ ਕੁਝ ਪਤਾ ਨਹੀਂ ਹੈ। ਇਕ ਅੰਦਾਜ਼ੇ ਅਨੁਸਾਰ ਸਰਕਾਰ ਰੈਗੂਲਰ ਮੁਲਾਜ਼ਮਾਂ ਨੂੰ 30 ਫ਼ੀਸਦੀ ਦੇ ਕਰੀਬ ਘੱਟ ਤਨਖ਼ਾਹਾਂ ਦੇ ਕੇ ਬੁੱਤਾ ਸਾਰ ਰਹੀ ਹੈ।

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸਾਲ 2014 ਦੀਆਂ ਚੋਣਾਂ ਦੌਰਾਨ ਦੇਸ਼ ਵਿਚ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਪੈਦਾ ਕਰਨ ਦਾ ਵਾਅਦਾ ਕਰ ਕੇ ਵੋਟਾਂ ਨੂੰ ਹੂੰਝਾ ਫੇਰਿਆ ਸੀ ਪਰ ਅੰਕੜਿਆਂ ਅਨੁਸਾਰ ਮੋਦੀ ਰਾਜ ਦੌਰਾਨ ਰੁਜ਼ਗਾਰ ਵਧਣ ਦੇ ਉਲਟ ਘਟਿਆ ਹੈ। ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਦੇ ਰਿਕਾਰਡ ਤੋੜ ਗਈ ਹੈ।

ਨੈਸ਼ਨਲ ਸੈਂਪਲ ਸਰਵੇ ਆਫਿਸ (ਐਨ. ਐਸ. ਐਸ. ਓਜ਼.) ਅਨੁਸਾਰ ਪਿਛਲੇ ਸਾਢੇ ਚਾਰ ਦਹਾਕਿਆਂ ਦੌਰਾਨ ਮੋਦੀ ਰਾਜ ਵੇਲੇ ਸਾਲ 2017-18 ਦੌਰਾਨ ਬੇਰੁਜ਼ਗਾਰੀ ਦਾ ਰਿਕਾਰਡ 6.1 ਫ਼ੀਸਦੀ ਉਤੇ ਪੁੱਜ ਗਿਆ ਹੈ। ਫਿਲਹਾਲ ਐਨ.ਐਸ.ਐਸ.ਓਜ਼. ਦੇ ਅੰਕੜੇ ਅਧਿਕਾਰਤ ਤੌਰ 'ਤੇ ਜਾਰੀ ਨਹੀਂ ਕੀਤੇ ਗਏ। ਰਿਪੋਰਟ ਅਨੁਸਾਰ ਦੇਸ਼ ਦੇ ਸ਼ਹਿਰੀ ਖੇਤਰ 'ਚ 7.8% ਅਤੇ ਦਿਹਾਤੀ ਖੇਤਰ ਵਿਚ 5.3 ਫੀਸਦ ਬੇਰੁਜ਼ਗਾਰੀ ਸਾਹਮਣੇ ਆਈ ਹੈ।

ਅੰਕੜਿਆਂ ਅਨੁਸਾਰ ਮੋਦੀ ਸਰਕਾਰ ਵੱਲੋਂ ਨਵੰਬਰ 2016 ਵਿਚ ਕੀਤੀ ਨੋਟਬੰਦੀ ਤੋਂ ਬਾਅਦ ਬੇਰੁਜ਼ਗਾਰੀ ਬੇਕਾਬੂ ਹੋ ਗਈ ਸੀ। ਸਾਲ 2004-5 ਤੋਂ ਲੈ ਕੇ 2011-12 ਤੱਕ ਦਿਹਾਤੀ ਖੇਤਰ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਵਿਚ ਬੇਰੁਜ਼ਗਾਰੀ 9.7 ਤੋਂ 15.2% ਸੀ, ਜੋ ਸਾਲ 2017-18 ਵਿਚ ਵਧ ਕੇ 17.3% ਹੋ ਗਈ ਹੈ। ਸਾਲ 2004-5 ਤੋਂ 2011-12 ਤੱਕ ਦਿਹਾਤੀ ਖੇਤਰ ਦੇ ਪੜ੍ਹੇ-ਲਿਖੇ ਪੁਰਸ਼ਾਂ ਵਿਚਕਾਰ 3.5 ਤੋਂ 4.4% ਬੇਰੁਜ਼ਗਾਰੀ ਸੀ, ਜੋ ਸਾਲ 2017-18 ਦੌਰਾਨ ਵਧ ਕੇ 10.5% 'ਤੇ ਜਾ ਪੁੱਜੀ।

ਇਸ ਸਥਿਤੀ ਸਬੰਧੀ ਅਰਥ-ਸ਼ਾਸਤਰੀ ਸੁੱਚਾ ਸਿੰਘ ਗਿੱਲ ਨੇ ਖੁਲਾਸਾ ਕੀਤਾ ਕਿ ਜਿਥੇ ਨਰਿੰਦਰ ਮੋਦੀ ਦੀ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਰਾਜ ਕਾਲ ਦੌਰਾਨ 10 ਕਰੋੜ (2 ਕਰੋੜ ਹਰੇਕ ਵਰ੍ਹੇ) ਨੌਕਰੀਆਂ ਪੈਦਾ ਕਰਨ ਦਾ ਵਾਅਦਾ ਕੀਤਾ ਸੀ, ਉਥੇ ਇਸ ਦੇ ਉਲਟ ਅੰਕੜੇ ਬੋਲਦੇ ਹਨ ਕਿ ਇਸ ਸਮੇਂ ਦੌਰਾਨ 1.1 ਕਰੋੜ ਨੌਕਰੀਆਂ ਘਟੀਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਪਿਛਲੇ 45 ਸਾਲਾਂ ਵਿਚ ਹੁਣ ਸਭ ਤੋਂ ਵੱਧ 6.1% ਬੇਰੁਜ਼ਗਾਰੀ ਆਂਕੀ ਗਈ ਹੈ, ਜੋ ਪਹਿਲਾਂ 4.5% ਸੀ। ਉਨ੍ਹਾਂ ਕਿਹਾ ਕਿ ਸਰਕਾਰ ਹੈਰਾਨੀਜਨਕ ਢੰਗ ਨਾਲ ਅਜਿਹੇ ਪ੍ਰਾਜੈਕਟਾਂ 'ਤੇ ਨਿਵੇਸ਼ ਕਰ ਰਹੀ ਹੈ ਜਿਥੇ ਰੁਜ਼ਗਾਰ ਪੈਦਾ ਹੀ ਨਹੀਂ ਹੁੰਦੇ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਖਹਿਰਾ ਦੀ ਵਿਧਾਇਕੀ ਖੁੱਸਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਅਸਤੀਫ਼ੇ ਸਬੰਧੀ ਨੋਟਿਸ ਜਾਰੀ ਕਰ ਕੇ 20 ਦਿਨਾਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਹੈ।

ਦੱਸਣਯੋਗ ਹੈ ਕਿ ਸ. ਖਹਿਰਾ ਨੇ 6 ਜਨਵਰੀ ਨੂੰ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਸਪੀਕਰ ਨੂੰ ਪੱਤਰ ਦੇ ਕੇ ਕਿਹਾ ਸੀ ਕਿ ਸ. ਖਹਿਰਾ 'ਆਪ' ਦੀ ਟਿਕਟ ਤੋਂ ਚੋਣ ਜਿੱਤ ਕੇ ਵਿਧਾਇਕ ਬਣੇ ਹਨ ਪਰ ਹੁਣ ਉਨ੍ਹਾਂ ਨੇ ਪਾਰਟੀ ਤੋਂ ਅਸਤੀਫਾ ਦੇ ਕੇ ਆਪਣੀ ਨਵੀਂ ਪਾਰਟੀ ਬਣਾ ਲਈ ਹੈ, ਜਿਸ ਕਾਰਨ ਹੁਣ ਉਨ੍ਹਾਂ ਨੂੰ ਨੈਤਿਕ ਤੌਰ 'ਤੇ ਵਿਧਾਇਕ ਦੇ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਮੰਗ ਕੀਤੀ ਸੀ ਕਿ ਸ. ਖਹਿਰਾ ਦੀ ਵਿਧਾਨ ਸਭਾ ਮੈਂਬਰੀ ਖਤਮ ਕੀਤੀ ਜਾਵੇ।

ਇਸ ਸਬੰਧ ਵਿਚ ਸਪੀਕਰ ਵੱਲੋਂ ਪਹਿਲਾਂ ਵੀ ਸ. ਖਹਿਰਾ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਪਰ ਉਨ੍ਹਾਂ ਨੇ ਲਏ ਨਹੀਂ ਸਨ, ਜਿਸ ਕਾਰਨ ਸਪੀਕਰ ਨੇ ਜਨਤਕ ਨੋਟਿਸ ਦੇਣ ਦਾ ਐਲਾਨ ਕੀਤਾ ਸੀ। ਬੀਤੇ ਦਿਨੀਂ ਸ. ਖਹਿਰਾ ਖੁਦ ਵਿਧਾਨ ਸਭਾ ਪਹੁੰਚੇ ਸਨ ਅਤੇ ਉਨ੍ਹਾਂ ਨੂੰ ਮੁੜ ਤੋਂ ਨੋਟਿਸ ਜਾਰੀ ਕੀਤਾ ਗਿਆ ਹੈ।

# ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ ਦਾ ਦੇਹਾਂਤ

**ਪਣਜੀ:** ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ (63) ਦਾ ਇਥੇ ਨਿੱਜੀ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਸਾਬਕਾ ਰੱਖਿਆ ਮੰਤਰੀ ਪਿਛਲੇ ਇਕ ਸਾਲ ਤੋਂ ਪਾਚਕ ਗ੍ਰੰਥੀਆਂ ਦੇ ਕੈਂਸਰ ਤੋਂ ਪੀੜਤ ਸਨ। ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਸਮੇਤ ਰਾਜਸੀ ਤੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖਸੀਅਤਾਂ ਨੇ ਟਵੀਟ ਕਰਕੇ ਪਰੀਕਰ ਦੇ ਅਕਾਲ ਚਲਾਣੇ 'ਤੇ ਦੁੱਖ ਜਤਾਇਆ ਹੈ।

ਇਸ ਦੌਰਾਨ ਸ੍ਰੀ ਪਰੀਕਰ ਦੇ ਅਕਾਲ ਚਲਾਣੇ ਨਾਲ ਗੋਆ ਵਿਚ ਸਿਆਸੀ ਸਮੀਕਰਨ ਤੇਜ਼ੀ ਨਾਲ ਬਦਲਣ ਦੇ ਆਸਾਰ ਹਨ। ਸਾਲ 2017 ਦੀਆਂ ਸੂਬਾਈ ਚੋਣਾਂ ਵਿਚ 40 ਮੈਂਬਰੀ ਵਿਧਾਨ ਸਭਾ ਵਿਚ ਸਧਾਰਨ ਬਹੁਮਤ ਤੋਂ ਕਿਤੇ ਘੱਟ ਸੀਟਾਂ ਮਿਲਣ ਦੇ ਬਾਵਜੂਦ ਭਾਜਪਾ, ਗੋਆ ਫਾਰਵਰਡ ਪਾਰਟੀ ਤੇ ਐਮਜੀਪੀ ਦੇ ਸਹਿਯੋਗ ਨਾਲ ਗੋਆ ਵਿਚ ਸਰਕਾਰ ਬਣਾਉਣ ਵਿਚ ਸਫਲ ਰਹੀ ਸੀ। ਗੱਠਜੋੜ ਭਾਈਵਾਲਾਂ ਨੂੰ ਨਾਲ ਤੋਰਨ ਲਈ ਸ੍ਰੀ ਪਰੀਕਰ ਨੂੰ ਮਾਰਚ 2017 ਵਿਚ ਕੇਂਦਰ 'ਚੋਂ ਰੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਵਾਪਸ ਗੋਆ ਪਰਤਣਾ ਪਿਆ ਸੀ।

ਭਾਜਪਾ ਆਗੂ ਦੀ ਸਿਹਤ ਇਕ ਸਾਲ ਤੋਂ ਨਾਸਾਜ਼ ਸੀ। ਚਾਰ ਵਾਰ ਗੋਆ ਦੇ ਮੁੱਖ ਮੰਤਰੀ ਬਣੇ ਪਰੀਕਰ ਨੂੰ ਫਰਵਰੀ 2018 ਵਿਚ ਪਾਚਕ ਗ੍ਰੰਥੀਆਂ ਦੇ ਕੈਂਸਰ ਤੋਂ ਪੀੜਤ ਹੋਣ ਬਾਰੇ ਪਤਾ ਲੱਗਾ ਸੀ। ਉਦੋਂ ਤੋਂ ਹੀ ਉਨ੍ਹਾਂ ਦੀ ਸਿਹਤ ਨਾਸਾਜ਼ ਚੱਲ ਰਹੀ ਸੀ।

## ਪ੍ਰਮੋਦ ਸਾਵੰਤ ਨੂੰ ਸੌਂਪੀ ਗੋਆ ਦੀ ਕਮਾਨ

**ਪਣਜੀ:** ਪ੍ਰਮੋਦ ਸਾਵੰਤ ਨੂੰ ਗੋਆ ਦਾ ਨਵਾਂ ਮੁੱਖ ਮੰਤਰੀ ਨਾਮਜ਼ਦ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਰਾਜਪਾਲ ਮ੍ਰਿਦੁਲਾ ਸਿਨਹਾ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਬਹੁਮਤ ਲਈ ਲੋੜੀਂਦੇ ਵਿਧਾਇਕਾਂ ਦੀ ਗਿਣਤੀ ਦੀ ਸੂਚੀ ਸੌਂਪੀ। ਉਨ੍ਹਾਂ ਦੇ ਨਾਲ ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ (ਐਮ.ਜੀ.ਪੀ.) ਦੇ ਸੁਦੀਨ ਧਵਲੀਕਰ ਅਤੇ ਗੋਆ ਫਾਰਵਰਡ ਪਾਰਟੀ (ਜੀ.ਐਫ.ਪੀ.) ਦੇ ਵਿਜੈ ਸਰਦੇਸਾਈ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦਿੱਤੇ ਗਏ ਹਨ। ਕਾਫੀ ਸਿਆਸੀ ਕਸ਼ਮਕਸ਼ ਤੋਂ ਬਾਅਦ ਐਮ.ਜੀ.ਪੀ. ਤੇ ਜੀ.ਐਫ.ਪੀ. ਨੇ ਸੂਬਾ ਸਰਕਾਰ ਵਿਚ ਸਿਖਰਲੇ ਅਹੁਦੇ ਲਈ ਸਾਵੰਤ ਦੇ ਨਾਂ ਨੂੰ ਸਹਿਮਤੀ ਦੇ ਦਿੱਤੀ ਹੈ। ਇਨ੍ਹਾਂ ਪਾਰਟੀਆਂ ਦੇ ਤਿੰਨ-ਤਿੰਨ ਵਿਧਾਇਕ ਹਨ।

## ਮੁਕੇਸ਼ ਅੰਬਾਨੀ ਨੇ ਚੁਕਾਇਆ ਭਰਾ ਦਾ 550 ਕਰੋੜ ਦਾ ਕਰਜ

**ਨਵੀਂ ਦਿੱਲੀ:** ਅਨਿਲ ਅੰਬਾਨੀ ਸਵੀਡਨ ਦੀ ਕੰਪਨੀ ਐਰਿਕਸਨ ਨੂੰ 550 ਕਰੋੜ ਰੁਪਏ ਦੀ ਅਦਾਇਗੀ ਕਰ ਕੇ ਜੇਲ੍ਹ ਜਾਣ ਤੋਂ ਬਚ ਗਏ ਹਨ। ਉਨ੍ਹਾਂ ਦੀ ਮਦਦ ਲਈ ਉਨ੍ਹਾਂ ਦੇ ਵੱਡਾ ਭਰਾ ਮੁਕੇਸ਼ ਅਤੇ ਭਰਜਾਈ ਨੀਤਾ ਅੰਬਾਨੀ ਅੱਗੇ ਆਏ ਹਨ, ਜਿਨ੍ਹਾਂ ਐਰਿਕਸਨ ਕੰਪਨੀ ਦੀ ਦੇਣਦਾਰੀ ਅਦਾ ਕੀਤੀ ਹੈ। ਅਨਿਲ ਨੇ ਇਸ ਮਦਦ ਲਈ ਆਪਣੇ ਭਰਾ ਅਤੇ ਭਰਜਾਈ ਦਾ ਧੰਨਵਾਦ ਕੀਤਾ ਹੈ। ਅਨਿਲ ਦੀ ਕਰਜ਼ ਵਿਚ ਡੁੱਬੀ ਰਿਲਾਇੰਸ ਕਮਿਊਨੀਕੇਸ਼ਨ ਨੇ ਐਰਿਕਸਨ ਨੂੰ ਵਿਆਜ ਸਮੇਤ 550 ਕਰੋੜ ਰੁਪਏ ਦੀ ਅਦਾਇਗੀ ਨਿਰਧਾਰਤ ਸਮੇਂ ਸੀਮਾ ਤੋਂ ਇਕ ਦਿਨ ਪਹਿਲਾਂ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਾਂ ਤਾਂ ਨਿਰਧਾਰਤ ਸਮੇਂ ਵਿਚ ਦੇਣਦਾਰੀ ਖਤਮ ਕਰੋ ਜਾਂ ਤਿੰਨ ਮਹੀਨੇ ਦੀ ਕੈਦ ਕੱਟੋ।

## ਪ੍ਰਧਾਨ ਮੰਤਰੀ ਮੋਦੀ 'ਤੇ ਪੀਐਚ.ਡੀ.

**ਸੂਰਤ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ ਨਾਲ ਜੁੜੀ ਕੋਈ ਵੀ ਕਹਾਣੀ ਸਾਧਾਰਨ ਨਜ਼ਰ ਨਹੀਂ ਆਉਂਦੀ। ਆਰ.ਐਸ.ਐਸ. ਪ੍ਰਚਾਰਕ ਤੋਂ ਲੈ ਕੇ ਗੁਜਰਾਤ ਦੇ ਮੁੱਖ ਮੰਤਰੀ ਬਣਨ ਅਤੇ ਮੁੱਖ ਮੰਤਰੀ ਤੋਂ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫਰ ਉਨ੍ਹਾਂ ਖੁਦ ਦੀ ਸਮਰੱਥਾ ਦੇ ਹਿਸਾਬ ਨਾਲ ਤੈਅ ਕੀਤਾ ਹੈ।

ਜ਼ਿਕਰਯੋਗ ਹੈ ਕਿ ਸਾਲ 2014 'ਚ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਅਜਿਹਾ ਹੋਇਆ ਸੀ ਕਿ ਕਾਂਗਰਸ ਪਾਰਟੀ ਤੋਂ ਇਲਾਵਾ ਕਿਸੇ ਹੋਰ ਪਾਰਟੀ ਨੂੰ ਬਹੁਮਤ ਮਿਲਿਆ ਹੋਵੇ। ਪ੍ਰਧਾਨ ਮੰਤਰੀ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਸੂਰਤ ਦੇ ਇਕ ਵਕੀਲ ਨੇ ਨਰਿੰਦਰ ਮੋਦੀ 'ਤੇ ਪੀ.ਐਚ.ਡੀ. ਕਰਨ ਦਾ ਫੈਸਲਾ ਕੀਤਾ ਸੀ। ਮੋਦੀ ਜਦ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਹੀ ਮੇਹੁਲ ਚੋਕਸੀ ਵੱਲੋਂ ਸ਼ੁਰੂ ਕੀਤੀ ਮਿਹਨਤ 9 ਸਾਲਾ ਬਾਅਦ ਰੰਗ ਲਿਆਈ ਹੈ, ਜਿਸ ਸਬੰਧੀ ਸੂਰਤ ਦੀ ਵੀਰ ਨਰਮਦ ਦੱਖਣੀ ਗੁਜਰਾਤ ਦੇ ਵਿਸ਼ਵ ਵਿਦਿਆਲੇ ਨੇ ਇਸ ਵਕੀਲ ਦੇ ਥੀਸਿਸ ਨੂੰ ਮਨਜ਼ੂਰ ਕਰਕੇ ਉਸ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

# ਪੰਜਾਬ ਵਿਚ ਤੀਜੇ ਬਦਲ ਦਾ ਜਲੌਅ ਮੱਠਾ ਪਿਆ

(ਸਫਾ ਇਕ ਦੀ ਬਾਕੀ)

ਉਤੇ ਹੀ ਜ਼ਿਆਦਾ ਜ਼ੋਰ ਰਿਹਾ ਹੈ। ਹੁਣ ਥੱਕ ਹਾਰ ਕੇ ਆਮ ਆਦਮੀ ਪਾਰਟੀ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਟਕਸਾਲੀਆਂ ਨਾਲ ਸਮਝੌਤਾ ਆਨੰਦਪੁਰ ਸਾਹਿਬ ਸੀਟ ਕਰ ਕੇ ਨਹੀਂ ਹੋ ਸਕਿਆ। ਟਕਸਾਲੀਆਂ ਨੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਆਨੰਦਪੁਰ ਸਾਹਿਬ ਤੋਂ ਪਹਿਲਾਂ ਹੀ ਉਮੀਦਵਾਰ ਐਲਾਨਿਆ ਹੋਇਆ ਹੈ। ਆਮ ਆਦਮੀ ਪਾਰਟੀ ਆਪਣੇ ਆਗੂ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਨਾਰਾਜ਼ ਕਰਨ ਦੀ ਸਥਿਤੀ ਵਿਚ ਨਹੀਂ। ਸਪਸ਼ਟ ਹੈ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਤੋਂ ਖਹਿੜਾ ਛੁਡਵਾਉਣ ਦਾ ਦਾਅਵਾ ਕਰਨ ਵਾਲੀਆਂ ਇਨ੍ਹਾਂ ਪਾਰਟੀਆਂ ਲਈ ਆਪਣੇ ਆਗੂ ਪੰਜਾਬ ਦੇ ਹਿੱਤਾਂ ਤੋਂ ਜ਼ਿਆਦਾ ਮਹੱਤਵਪੂਰਨ ਹਨ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ ਖਡੂਰ ਸਾਹਿਬ ਤੋਂ ਸਾਬਕਾ ਜਨਰਲ ਜੇਜੇ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ।

ਦੱਸਣਾ ਬਣਦਾ ਹੈ ਕਿ ਤਾਲਮੇਲ ਦੀ ਸ਼ੁਰੂਆਤ ਸਮੇਂ ਇਹ ਗੱਲ ਤੈਅ ਹੋਈ ਸੀ ਕਿ ਟਕਸਾਲੀ ਅਕਾਲੀ ਦਲ ਵਾਲੇ ਖਡੂਰ ਸਾਹਿਬ ਤੇ ਫਿਰੋਜ਼ਪੁਰ ਤੋਂ ਚੋਣ ਲੜਨਗੇ ਅਤੇ ਬਾਕੀ 11 ਹਲਕਿਆਂ ਤੋਂ 'ਆਪ' ਆਪਣੇ ਉਮੀਦਵਾਰ ਮੈਦਾਨ 'ਚ ਉਤਾਰੇਗੀ। 'ਆਪ' ਵਲੋਂ ਪਹਿਲਾਂ ਹੀ ਐਲਾਨੇ ਗਏ ਉਮੀਦਵਾਰਾਂ 'ਚ ਅਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ ਦਾ ਨਾਂ ਸ਼ਾਮਲ ਹੈ, ਉਹ ਪਾਰਟੀ ਵਲੋਂ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਮੁਹਾਲੀ ਤੋਂ ਚੋਣ ਲੜ ਚੁੱਕੇ ਹਨ। ਉਨ੍ਹਾਂ 38 ਹਜ਼ਾਰ 971 ਵੋਟਾਂ ਹਾਸਲ ਕੀਤੀਆਂ ਸਨ ਅਤੇ ਕਾਂਗਰਸ ਦੇ ਉਮੀਦਵਾਰ ਬਲਬੀਰ ਸਿੰਘ ਸਿੱਧੂ ਤੋਂ 27 ਹਜ਼ਾਰ ਤੋਂ ਵਧੇਰੇ ਵੋਟਾਂ ਦੇ ਫਰਕ ਨਾਲ ਪਛੜ ਗਏ।

## ਡੇਰਿਆਂ ਦੀ ਝਾਕ ਰੱਖਣ ਵਾਲੀਆਂ ਸਿਆਸੀ ਧਿਰਾਂ ਦੁਚਿੱਤੀ ਵਿਚ

(ਸਫਾ ਇਕ ਦੀ ਬਾਕੀ)

ਨੇ ਤਾਂ ਡੇਰੇ ਦੀਆਂ ਸਰਗਰਮੀਆਂ ਲਗਭਗ ਠੱਪ ਕਰ ਦਿੱਤੀਆਂ ਸਨ। ਇਸ ਵਾਰ ਹਾਲ ਦੀ ਘੜੀ ਨਾ ਰਾਜਸੀ ਵਿੰਗ ਦੀ ਕੋਈ ਮੀਟਿੰਗ ਹੋਈ ਹੈ ਤੇ ਨਾ ਹੀ ਅਗਲੇ ਦਿਨਾਂ 'ਚ ਹੋਣ ਦੀ ਸੰਭਾਵਨਾ ਹੈ।

ਦੱਸ ਦਈਏ ਕਿ ਭਾਰਤ ਵਿਚ ਵੱਡੀ ਗਿਣਤੀ ਵਿਚ ਡੇਰੇ ਹਨ, ਜਿਹੜੇ ਵੱਖ ਵੱਖ ਧਰਮਾਂ, ਫਿਰਕਿਆਂ ਤੇ ਜਾਤਾਂ ਨਾਲ ਸਬੰਧ ਰੱਖਦੇ ਹਨ। ਸਿਆਸੀ ਆਗੂ ਇਨ੍ਹਾਂ ਡੇਰਿਆਂ 'ਤੇ ਜਾ ਕੇ ਨਤਮਸਤਕ ਹੁੰਦੇ ਹਨ ਅਤੇ ਡੇਰਿਆਂ ਦੇ ਸੰਚਾਲਕਾਂ ਨੂੰ ਆਪਣੀ ਪਾਰਟੀ ਨੂੰ ਵੋਟਾਂ ਪਾਉਣ ਲਈ ਕਹਿੰਦੇ ਹਨ। ਕਈ ਡੇਰਿਆਂ ਦੇ ਸੰਚਾਲਕ ਖੁਦ ਇਹ ਇੱਛਾ ਰੱਖਦੇ ਹਨ ਕਿ ਉਹ ਸਿਆਸੀ ਭੂਮਿਕਾ ਨਿਭਾਉਣ ਅਤੇ ਉਹ ਸਿਆਸੀ ਆਗੂਆਂ ਦੀ ਆਮਦ ਨੂੰ ਉਤਸ਼ਾਹਿਤ ਕਰਦੇ ਹਨ। 2007 ਵਿਚ ਹੋਏ ਅਧਿਐਨ ਅਨੁਸਾਰ ਪੰਜਾਬ ਵਿਚ ਲਗਭਗ 9000 ਡੇਰੇ ਹਨ।

## ਧੀ ਨੂੰ ਬਚਾਉਂਦਾ ਪਿਉ ਨਹਿਰ 'ਚ ਡੁੱਬਿਆ

**ਲੁਧਿਆਣਾ:** ਫਿਰੋਜ਼ਪੁਰ ਰੋਡ ਸਥਿਤ ਵੇਰਕਾ ਮਿਲਕ ਪਲਾਂਟ ਨੇੜੇ ਸਿੱਧਵਾਂ ਨਹਿਰ 'ਚ ਹਵਨ ਸਮੱਗਰੀ ਜਲ ਪ੍ਰਵਾਹ ਕਰਨ ਗਈ ਲੜਕੀ ਦਾ ਪੈਰ ਫਿਸਲ ਗਿਆ, ਜਿਸ ਕਾਰਨ ਉਹ ਨਹਿਰ 'ਚ ਡਿੱਗ ਪਈ। ਲੜਕੀ ਨੂੰ ਨਹਿਰ 'ਚ ਡੁੱਬਦੀ ਦੇਖ ਉਸ ਦੇ ਪਿਤਾ ਨੇ ਛਾਲ ਮਾਰ ਦਿੱਤੀ। ਉਸ ਨੇ ਆਪਣੀ ਲੜਕੀ ਨੂੰ ਤਾਂ ਬਚਾ ਲਿਆ, ਪਰ ਉਹ ਖੁਦ ਡੁੱਬ ਗਿਆ ਤੇ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਮੋਗਾ ਦੇ ਰਹਿਣ ਵਾਲੇ ਵਿਕਾਸ ਸੂਦ (47) ਵਜੋਂ ਹੋਈ ਹੈ। ਮੋਗਾ ਦੇ ਨਿਊ ਟਾਊਨ ਇਲਾਕੇ 'ਚ ਰਹਿਣ ਵਾਲਾ ਵਿਕਾਸ ਸੂਦ ਪ੍ਰਾਪਰਟੀ ਦਾ ਕੰਮ ਕਰਦਾ ਹੈ। ਉਸ ਦੀ ਪਤਨੀ ਨੀਰੂ ਸੂਦ ਡਿਪਰੈਸ਼ਨ 'ਚ ਸੀ ਤੇ ਉਸ ਦਾ ਲੁਧਿਆਣਾ ਵਿਚ ਇਲਾਜ ਚੱਲ ਰਿਹਾ ਸੀ। ਉਹ ਆਪਣੀ ਪਤਨੀ ਨੀਰੂ ਤੇ ਧੀ ਲਵਲੀਨ (20) ਨਾਲ ਲੁਧਿਆਣਾ 'ਚ ਦਵਾਈ ਲੈਣ ਆਇਆ ਸੀ।

ਦਵਾਈ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਨਹਿਰ 'ਚ ਕੁਝ ਸਮੱਗਰੀ ਜਲ ਪ੍ਰਵਾਹ ਕਰਨੀ ਸੀ। ਲਵਲੀਨ ਸਮੱਗਰੀ ਦਾ ਸਾਮਾਨ ਲੈ ਕੇ ਕਾਰ 'ਚੋਂ ਉਤਰੀ ਤੇ ਜਿਵੇਂ ਹੀ ਉਹ ਸਾਮਾਨ ਨਹਿਰ ਵਿਚ ਸੁੱਟਣ ਲੱਗੀ, ਉਸ ਦਾ ਪੈਰ ਫਿਸਲ ਗਿਆ।

## ਭਾਰਤੀ ਊਬਰ ਚਾਲਕ ਨੇ ਮਹਿਲਾ ਮੁਸਾਫਰ ਅਗਵਾ ਦਾ ਜੁਰਮ ਕਬੂਲਿਆ

**ਨਿਊ ਯਾਰਕ:** ਐਪ ਆਧਾਰਤ ਟੈਕਸੀ ਸੇਵਾ ਊਬਰ ਦੇ ਭਾਰਤੀ ਮੂਲ ਦੇ ਚਾਲਕ ਨੇ ਵਾਹਨ 'ਚ ਸੌਂ ਰਹੀ ਇਕ ਮਹਿਲਾ ਮੁਸਾਫਰ ਨੂੰ ਅਗਵਾ ਕਰਨ ਤੇ ਕਿਰਾਇਆ ਵਧਾਉਣ ਲਈ ਉਸ ਨੂੰ ਉਸ ਦੀ ਮੰਜ਼ਿਲ ਤੋਂ 60 ਮੀਲ ਤੋਂ ਵੱਧ ਦੂਰ ਲਿਜਾਣ ਦਾ ਜੁਰਮ ਸਵੀਕਾਰ ਕਰ ਲਿਆ ਹੈ। ਨਿਊ ਯਾਰਕ ਦੇ 25 ਸਾਲਾ ਹਰਬੀਰ ਪਰਮਾਰ ਨੇ ਵ੍ਹਾਈਟ ਪਲੇਨਜ਼ ਸੰਘੀ ਅਦਾਲਤ 'ਚ ਆਪਣਾ ਜੁਰਮ ਸਵੀਕਾਰ ਕੀਤਾ ਹੈ। ਉਸ ਨੂੰ ਪਿਛਲੇ ਸਾਲ ਅਕਤੂਬਰ 'ਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਜੂਨ ਮਹੀਨੇ ਸਜ਼ਾ ਸੁਣਾਈ ਜਾਵੇਗੀ। ਅਮਰੀਕੀ ਅਟਾਰਨੀ ਜਿਓਫਰੀ ਬਰਮਨ ਨੇ ਕਿਹਾ ਕਿ ਪਰਮਾਰ ਨੇ ਮਹਿਲਾ ਮੁਸਾਫਰ ਨੂੰ ਅਗਵਾ ਕਰਕੇ ਅਤੇ ਉਸ ਨੂੰ ਡਰਾ ਕੇ ਉਸ ਦਾ ਫਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ।

# ਪੰਜ ਸਾਲਾ ਬੱਚੀ ਨਾਲ ਜਬਰ ਜਨਾਹ ਮਗਰੋਂ ਹੱਤਿਆ

**ਲੁਧਿਆਣਾ:** ਫੋਕਲ ਪੁਆਇੰਟ ਇਲਾਕੇ ਦੇ ਈਸ਼ਵਰ ਨਗਰ ਵਿਚ ਇਕੋ ਵਿਹੜੇ ਵਿਚ ਰਹਿੰਦੇ ਫੈਕਟਰੀ ਕਾਮੇ ਨੇ ਪੰਜ ਸਾਲਾ ਨਾਬਾਲਗ ਬੱਚੀ ਨਾਲ ਜਬਰ ਜਨਾਹ ਮਗਰੋਂ ਗਲਾ ਘੁੱਟ ਕੇ ਉਹਦੀ ਹੱਤਿਆ ਕਰ ਦਿੱਤੀ। ਪੁਲਿਸ ਨੇ ਅਰਵਿੰਦ ਨਾਂ ਦੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਪੀੜਤ ਬੱਚੀ ਦੇ ਗੁਆਂਢ ਵਿਚ ਹੀ ਰਹਿੰਦਾ ਸੀ। ਪੁਲਿਸ ਨੇ ਬੱਚੀ ਦੇ ਪਿਤਾ ਦੇ ਬਿਆਨਾਂ 'ਤੇ ਮੁਲਜ਼ਮ ਖਿਲਾਫ ਕੇਸ ਦਰਜ ਕਰਨ ਮਗਰੋਂ ਲਾਸ਼ ਪੋਸਟ ਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਭੇਜ ਦਿੱਤੀ ਹੈ।

ਜਾਣਕਾਰੀ ਅਨੁਸਾਰ ਮੁਲਜ਼ਮ ਅਰਵਿੰਦ ਫੋਕਲ ਪੁਆਇੰਟ ਵਿਚ ਵੀ ਕਿਸੇ ਫੈਕਟਰੀ ਵਿਚ ਕੰਮ ਕਰਦਾ ਹੈ। ਸ਼ਾਮ ਸੱਤ ਵਜੇ ਦੇ ਕਰੀਬ ਉਹ ਕੰਮ ਤੋਂ ਵਾਪਸ ਆਇਆ ਤਾਂ ਬੱਚੀ ਆਪਣੇ ਘਰ ਦੇ ਨੇੜੇ ਖੇਡ ਰਹੀ ਸੀ। ਮੁਲਜ਼ਮ ਬੱਚੀ ਨੂੰ ਕਿਸੇ ਬਹਾਨੇ ਪਹਿਲੀ ਮੰਜ਼ਿਲ ਸਥਿਤ ਆਪਣੇ ਕਮਰੇ ਵਿਚ ਲੈ ਗਿਆ। ਇਥੇ ਜਬਰ ਜਨਾਹ ਦੌਰਾਨ ਬੱਚੀ ਨੇ ਜਦੋਂ ਰੌਲਾ ਪਾਇਆ ਤਾਂ ਮੁਲਜ਼ਮ ਡਰ ਗਿਆ ਤੇ ਉਸ ਨੇ ਬੱਚੀ ਨੂੰ ਚੁੱਪ ਕਰਾਉਣ ਦੇ ਇਰਾਦੇ ਨਾਲ ਉਹਦਾ ਗਲਾ ਘੁੱਟ ਦਿੱਤਾ। ਕਤਲ ਮਗਰੋਂ ਮੁਲਜ਼ਮ ਨੇ ਫਰਾਰ ਹੋਣ ਦਾ ਯਤਨ ਕੀਤਾ, ਪਰ ਬੱਚੀ ਦਾ ਰੌਲਾ ਸੁਣ ਕੇ ਸਾਂਝੇ ਵਿਹੜੇ ਵਿਚ ਇਕੱਠੇ ਹੋਏ ਲੋਕਾਂ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ। ਨਾਬਾਲਗ ਬੱਚੀ ਘਰ ਵਿਚ ਇਕੱਲੀ ਸੀ ਤੇ ਉਹਦੇ ਮਾਪੇ ਕੰਮ 'ਤੇ ਗਏ ਹੋਏ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਨਮਾਜ਼ ਅਦਾ ਕਰ ਰਹੇ ਅਕੀਦਤਮੰਦਾਂ 'ਤੇ ਦਹਿਸ਼ਤੀ ਹਮਲਾ, 50 ਹਲਾਕ

**ਕ੍ਰਾਈਸਟਚਰਚ:** ਨਿਊਜ਼ੀਲੈਂਡ ਦੇ ਸ਼ਹਿਰ ਕ੍ਰਾਈਸਟਚਰਚ ਵਿਚ ਇਕ ਬੰਦੂਕਧਾਰੀ ਵੱਲੋਂ ਦੋ ਮਸਜਿਦਾਂ ਵਿਚ ਕੀਤੀ ਗੋਲੀਬਾਰੀ ਵਿਚ 50 ਵਿਅਕਤੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ। ਗੋਲੀਬਾਰੀ ਵਿਚ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ 20 ਦੇ ਕਰੀਬ ਦੱਸੀ ਜਾਂਦੀ ਹੈ, ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਇਸ ਹਮਲੇ ਵਿਚ 7 ਭਾਰਤੀ ਵੀ ਮਾਰੇ ਗਏ। ਪੁਲਿਸ ਨੇ ਇਕ ਮਹਿਲਾ ਸਮੇਤ ਚਾਰ ਜਣਿਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਬੰਦੂਕਧਾਰੀ ਦੀ ਪਛਾਣ ਆਸਟਰੇਲਿਆਈ ਨਾਗਰਿਕ ਬਰੈਂਟਨ ਟੈਰੰਟ (28) ਵਜੋਂ ਹੋਈ ਹੈ, ਜਿਸ ਨੇ ਇਸ ਪੂਰੀ ਘਟਨਾ ਨੂੰ ਆਪਣੇ ਫੇਸਬੁੱਕ ਖਾਤੇ 'ਤੇ ਲਾਈਵ ਵਿਖਾਇਆ। ਇਸ ਦੌਰਾਨ ਨਿਊਜ਼ੀਲੈਂਡ ਦੌਰੇ 'ਤੇ ਆਈ ਬੰਗਲਾਦੇਸ਼ ਕ੍ਰਿਕਟ ਟੀਮ ਦਾ ਵਾਲ ਵਾਲ ਬਚਾਅ ਹੋ ਗਿਆ। ਜਦੋਂ ਹਮਲਾ ਹੋਇਆ ਬੰਗਲਾਦੇਸ਼ੀ ਟੀਮ ਦੇ ਖਿਡਾਰੀ ਮਸਜਿਦ ਵਿਚ ਨਮਾਜ਼ ਅਦਾ ਕਰਨ ਜਾ ਰਹੇ ਸਨ। ਟੀਮ ਦੇ ਕੋਚ ਮੁਤਾਬਕ ਸਾਰੇ ਖਿਡਾਰੀ ਪੂਰੀ ਤਰ੍ਹਾਂ ਸੁਰੱਖਿਅਤ ਹਨ। ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਇਸ ਘਟਨਾ ਨੂੰ ਪੂਰੀ ਵਿਉਂਤਬੰਦੀ ਨਾਲ ਕੀਤਾ 'ਦਹਿਸ਼ਤੀ ਹਮਲਾ' ਕਰਾਰ ਦਿੰਦਿਆਂ ਇਸ ਦਿਨ ਨੂੰ ਮੁਲਕ ਦਾ ਕਾਲਾ ਦਿਨ ਦੱਸਿਆ ਹੈ।

ਜਾਣਕਾਰੀ ਅਨੁਸਾਰ ਬੰਦੂਕਧਾਰੀ ਹਮਲਾਵਰ ਪਹਿਲਾਂ ਇਕ ਮਸਜਿਦ ਵਿਚ ਦੋ ਮਿੰਟ ਰਿਹਾ ਤੇ ਉਥੇ ਮੌਜੂਦ ਅਕੀਦਤਮੰਦਾਂ 'ਤੇ ਗੋਲੀਆਂ ਵਰ੍ਹਾਈਆਂ। ਉਸ ਨੇ ਦਮ ਤੋੜ ਚੁੱਕੇ ਵਿਅਕਤੀਆਂ 'ਤੇ ਵੀ ਗੋਲੀਆਂ ਦਾਗੀਆਂ। ਮਗਰੋਂ ਉਹ ਸੜਕ 'ਤੇ ਆ ਗਿਆ ਤੇ ਰਾਹਗੀਰਾਂ ਨੂੰ ਵੀ ਨਿਸ਼ਾਨਾ ਬਣਾਇਆ। ਬਾਅਦ ਵਿਚ ਉਹ ਆਪਣੀ ਕਾਰ ਵਿਚ ਬੈਠ ਗਿਆ ਜਿਸ ਵਿਚ ਅੰਗਰੇਜ਼ੀ ਰੌਕ ਬੈਂਡ 'ਦਿ ਕਰੇਜ਼ੀ ਵਰਲਡ ਆਫ ਆਰਥਰ ਬਰਾਊਨ' ਦਾ 'ਫਾਇਰ' ਗੀਤ ਵੱਜ ਰਿਹਾ ਸੀ। ਗੀਤ ਦੇ ਬੋਲ ਸਨ "ਆਈ ਐਮ ਦਿ ਗੌਡ ਆਫ ਹੈੱਲਫਾਇਰ।" ਮਗਰੋਂ ਬੰਦੂਕਧਾਰੀ ਉਥੋਂ ਚਲਾ ਜਾਂਦਾ ਹੈ ਤੇ



ਵੀਡੀਓ ਬੰਦ ਹੋ ਜਾਂਦਾ ਹੈ। ਕ੍ਰਾਈਸਟਚਰਚ ਦੇ ਪੁਲਿਸ ਕਮਿਸ਼ਨਰ ਮਾਈਕ ਬੁਸ਼ ਨੇ ਦੱਸਿਆ ਕਿ ਦੋ ਮਸਜਿਦਾਂ (ਮਸਜਿਦ ਅਲ ਨੂਰ ਤੇ ਲਿਨਵੁੱਡ ਐਵ ਮਸਜਿਦ) ਵਿਚ ਕੀਤੀ ਗੋਲੀਬਾਰੀ ਨਾਲ 50 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਹੈ। ਦੋਵੇਂ ਮਸਜਿਦਾਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਹਨ। ਆਸਟਰੇਲੀਅਨ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਸਿਡਨੀ ਵਿਚ ਦਿੱਤੇ ਇਕ ਬਿਆਨ ਵਿਚ ਕਿਹਾ ਕਿ ਕ੍ਰਾਈਸਟਚਰਚ ਦੀ ਇਕ ਮਸਜਿਦ ਵਿਚ ਗੋਲੀਬਾਰੀ ਕਰਨ ਵਾਲੇ ਬੰਦੂਕਧਾਰੀ ਦੀ ਪਛਾਣ ਆਸਟਰੇਲੀਅਨ ਨਾਗਰਿਕ ਵਜੋਂ ਹੋਈ ਹੈ। ਮੌਰੀਸਨ ਨੇ ਬੰਦੂਕਧਾਰੀ ਨੂੰ ਇੰਤਹਾਪਸੰਦ, ਸੱਜੇ-ਪੱਖੀ ਤੇ ਦਹਿਸ਼ਤਗਰਦ ਕਰਾਰ ਦਿੱਤਾ ਹੈ। ਪੁਲਿਸ ਮੁਤਾਬਕ ਫੌਜ ਨੇ ਧਮਾਕਾਖੇਜ਼ ਸਮੱਗਰੀ (ਦੋ ਆਈਈਡੀ'ਜ਼) ਵੀ ਬਰਾਮਦ ਕੀਤੀ ਹੈ।

ਸੋਸ਼ਲ ਮੀਡੀਆ ਅਤੇ ਇੰਟਰਨੈੱਟ 'ਤੇ ਸਰਕੂਲੇਟ ਵੀਡੀਓਜ਼ ਤੇ ਹੋਰ ਦਸਤਾਵੇਜ਼ਾਂ ਮੁਤਾਬਕ ਹਮਲਾਵਰਾਂ 'ਚੋਂ ਇਕ ਬੰਦੂਕਧਾਰੀ ਨੇ ਇਸ ਪੂਰੇ ਕਾਰੇ ਦੀ ਆਪਣੇ ਫੇਸਬੁੱਕ ਖਾਤੇ ਰਾਹੀਂ ਲਾਈਵ ਸਟ੍ਰੀਮਿੰਗ ਕੀਤੀ। ਇਹ ਵੀਡੀਓ, ਜਿਸ ਨੂੰ ਮਗਰੋਂ ਫੇਸਬੁੱਕ ਤੇ ਹੋਰਨਾਂ ਸੋਸ਼ਲ ਸਾਈਟਾਂ ਤੋਂ ਹਟਾ ਲਿਆ ਗਿਆ। ਨਿਊਜ਼ੀਲੈਂਡ ਪੁਲਿਸ ਨੇ ਵੀਡੀਓ ਨੂੰ 'ਬੇਹੱਦ ਅਫਸੋਸਨਾਕ' ਦੱਸਦਿਆਂ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਨੂੰ ਅੱਗੇ ਸਾਂਝਾ ਨਾ ਕਰਨ। ਉਂਜ ਹਮਲਾਵਰ ਦੇ ਫੇਸਬੁੱਕ ਪੇਜ ਨਾਲ ਲਿੰਕ ਖਾਤਿਆਂ 'ਚ ਇਕ ਮੈਨੀਫੈਸਟੋ ਵੀ ਪੋਸਟ ਕੀਤਾ ਗਿਆ ਹੈ, ਜਿਸ ਵਿਚ ਇਸ ਹਮਲੇ ਨੂੰ ਨਸਲ ਤੋਂ ਪ੍ਰੇਰਿਤ ਦੱਸਿਆ ਗਿਆ ਹੈ। ਸੋਸ਼ਲ ਮੀਡੀਆ ਖਾਤੇ ਵਿਚ ਕਈ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸੈਮੀ-ਆਟੋਮੈਟਿਕ ਹਥਿਆਰ 'ਤੇ ਕਈ ਇਤਿਹਾਸਕ ਸ਼ਖਸੀਅਤਾਂ ਦੇ ਨਾਂ ਹਨ, ਜਿਨ੍ਹਾਂ ਵਿਚੋਂ ਕਈ ਮੁਸਲਮਾਨਾਂ ਦੀਆਂ ਹੱਤਿਆਵਾਂ ਵਿਚ ਸ਼ਾਮਲ ਸਨ।

ਮਸਜਿਦ ਵਿਚ ਮੌਕੇ 'ਤੇ ਮੌਜੂਦ ਅਲ ਨੂਰ ਨਾਂ ਦੇ ਸ਼ਖਸ ਨੇ ਦੱਸਿਆ ਕਿ ਬੰਦੂਕਧਾਰੀ ਹਮਲਾਵਰ ਗੋਰਾ ਸੀ। ਉਸ ਨੇ ਸਿਰ 'ਤੇ ਹੈਲਮਟ ਤੇ ਬੁਲੇਟ ਪਰੂਫ ਜੈਕਟ ਪਾਈ ਹੋਈ ਸੀ। ਜਦੋਂ ਉਸ ਨੇ ਗੋਲੀਆਂ ਚਲਾਈਆਂ ਮਸਜਿਦ ਵਿਚ ਮੌਜੂਦ ਲੋਕ ਨਮਾਜ਼ ਅਦਾ ਕਰ ਰਹੇ ਸਨ। ਨਿਊਜ਼ੀਲੈਂਡ ਪੁਲਿਸ ਨੇ ਮੁਲਕ ਵਿਚ ਰਹਿੰਦੇ ਮੁਸਲਮਾਨਾਂ ਨੂੰ ਕਿਸੇ ਵੀ ਮਸਜਿਦ ਵਿਚ ਨਾ ਜਾਣ ਦੀ ਚਿਤਾਵਨੀ ਦਿੱਤੀ ਹੈ।

## ਪਾਕਿਸਤਾਨੀ ਨਾਗਰਿਕ ਨੂੰ ਮਿਲੇਗਾ ਕੌਮੀ ਐਵਾਰਡ

**ਇਸਲਾਮਾਬਾਦ:** ਕ੍ਰਾਈਸਟਚਰਚ ਹਮਲੇ ਦੌਰਾਨ ਗੋਰੇ ਹਮਲਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਦੌਰਾਨ ਜ਼ਖਮੀ ਤੇ ਮਗਰੋਂ ਦਮ ਤੋੜ ਗਏ ਆਪਣੇ ਨਾਗਰਿਕ ਮੀਆਂ ਨਈਮ ਰਾਸ਼ਿਦ ਦਾ ਮਰਨ ਉਪਰੰਤ ਕੌਮੀ ਐਵਾਰਡ ਨਾਲ ਸਨਮਾਨ ਕਰੇਗਾ। ਰਾਸ਼ਿਦ, ਐਬਟਾਬਾਦ ਦੇ ਜਿੰਨ੍ਹਾਬਾਦ ਦਾ ਬਾਸ਼ਿੰਦਾ ਸੀ ਤੇ ਨਿਊਜ਼ੀਲੈਂਡ ਵਿਚ ਪ੍ਰੋਫੈਸਰ ਸੀ। ਹਮਲੇ ਮੌਕੇ ਉਹ ਮਸਜਿਦ ਵਿਚ ਮੌਜੂਦ ਸੀ। ਹਮਲਾਵਰ ਨਾਲ ਹੱਥੋਪਾਈ ਦੌਰਾਨ ਰਾਸ਼ਿਦ ਜ਼ਖਮੀ ਹੋ ਗਿਆ ਸੀ ਤੇ ਉਸ ਨੇ ਬਾਅਦ ਵਿਚ ਦਮ ਤੋੜ ਦਿੱਤਾ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਸਰਕਾਰ ਪਾਕਿਸਤਾਨੀ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰੇਗੀ। ਹਮਲੇ ਵਿਚ ਫੌਤ ਹੋਏ ਪਾਕਿਸਤਾਨੀ ਨਾਗਰਿਕਾਂ 'ਚ ਰਾਸ਼ਿਦ ਦਾ 22 ਸਾਲਾ ਪੁੱਤ ਵੀ ਸ਼ਾਮਲ ਹੈ। ਪਾਕਿ ਵਿਦੇਸ਼ ਦਫਤਰ ਨੇ ਮਸਜਿਦ ਹਮਲਿਆਂ ਵਿਚ ਆਪਣੇ ਨੌਂ ਨਾਗਰਿਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।

## ਮੋਦੀ ਵੱਲੋਂ ਦਹਿਸ਼ਤੀ ਹਮਲੇ ਦੀ ਨਿਖੇਧੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਊਜ਼ੀਲੈਂਡ ਵਿਚ ਹੋਏ ਦਹਿਸ਼ਤੀ ਹਮਲੇ ਦੀ ਨਿਖੇਧੀ ਕਰਦਿਆਂ ਘਟਨਾ 'ਤੇ ਦੁੱਖ ਜਤਾਇਆ ਹੈ। ਨਿਊਜ਼ੀਲੈਂਡ ਦੀ ਆਪਣੀ ਹਮਰੁਤਬਾ ਜੈਸਿੰਡਾ ਅਰਡਰਨ ਨੂੰ ਲਿਖੇ ਪੱਤਰ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਇਸ ਮੁਸ਼ਕਲ ਘੜੀ ਵਿਚ ਨਿਊਜ਼ੀਲੈਂਡ ਦੇ ਲੋਕਾਂ ਨਾਲ ਇਕਜੁੱਟਤਾ ਨਾਲ ਖੜ੍ਹਾ ਹੈ ਤੇ ਭਾਰਤ ਦਹਿਸ਼ਤਗਰਦੀ ਦੀ ਹਮਾਇਤ ਕਰਨ ਵਾਲਿਆਂ ਦੀ ਨਿਖੇਧੀ ਕਰਦਾ ਹੈ।

# ਭਾਰਤ ਨੇ ਵੀ ਬੋਇੰਗ ਜਹਾਜ਼ਾਂ ਦੇ ਖੰਭ ਕੁਤਰੇ

**ਨਵੀਂ ਦਿੱਲੀ:** ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਨੇ ਭਾਰਤੀ ਏਅਰਲਾਈਨਾਂ ਦੇ ਬੋਇੰਗ 737 ਮੈਕਸ 8 ਜਹਾਜ਼ਾਂ ਦੀ ਉਡਾਣ 'ਤੇ ਪਾਬੰਦੀ ਲਾ ਦਿੱਤੀ ਹੈ। ਡੀ.ਜੀ.ਸੀ.ਏ. ਦੇ ਮੁਖੀ ਬੀ. ਐਸ. ਭੁੱਲਰ ਨੇ ਕਿਹਾ ਕਿ ਬੋਇੰਗ ਜਹਾਜ਼ਾਂ ਦੀ ਉਡਾਣ 'ਤੇ ਪਾਬੰਦੀ ਦਾ ਫੈਸਲਾ ਵੱਖ-ਵੱਖ ਏਜੰਸੀਆਂ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਹੀ ਡਾਇਰੈਕਟੋਰੇਟ ਨੇ ਲਿਆ ਹੈ। ਸਪਾਈਸਜੈੱਟ ਦੀ ਫਲੀਟ 'ਚ ਬੋਇੰਗ 737 ਮੈਕਸ 8 ਕਿਸਮ ਦੇ 12 ਜਹਾਜ਼ ਹਨ ਜਦੋਂਕਿ ਜੈੱਟ ਏਅਰਵੇਜ਼ ਕੋਲ ਅਜਿਹੇ 5 ਜਹਾਜ਼ ਹਨ, ਜਿਨ੍ਹਾਂ ਨੂੰ ਪਹਿਲਾਂ ਹੀ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ ਹੈ।

ਸ੍ਰੀ ਖਰੋਲਾ ਨੇ ਕਿਹਾ ਕਿ ਸਪਾਈਸਜੈੱਟ ਵੱਲੋਂ ਆਪਣੇ ਬਹੁਤੇ ਮੁਸਾਫਰਾਂ ਨੂੰ ਆਪਣੀ ਹੋਰਨਾਂ ਉਡਾਣਾਂ 'ਚ ਹੀ ਐਡਜਸਟ ਕੀਤਾ ਜਾਵੇਗਾ। ਲੋੜ ਪੈਣ 'ਤੇ ਹੋਰਨਾਂ ਏਅਰਲਾਈਨਾਂ ਦੀ ਮਦਦ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਪਰੇਟਰਾਂ ਨੇ ਭਰੋਸਾ ਦਿੱਤਾ ਹੈ ਕਿ ਉਹ ਮੌਜੂਦਾ ਹਾਲਾਤ ਦੇ ਮੱਦੇਨਜ਼ਰ 'ਦੂਜਿਆਂ ਦੇ ਮੁਕਾਬਲੇ ਟਿਕਟਾਂ ਸਸਤੇ ਭਾਅ ਵੇਚਣ' ਜਿਹੀ ਭੇੜਚਾਲ ਵਿਚ ਨਹੀਂ ਪੈਣਗੇ।

ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਇਥੋਪੀਅਨ ਏਅਰਲਾਈਨ ਦਾ ਬੋਇੰਗ 737 ਮੈਕਸ 8 ਜਹਾਜ਼ ਰਾਜਧਾਨੀ ਐਡੀਸ ਅਬਾਬਾ ਨੇੜੇ ਉਡਾਣ ਭਰਨ ਦੇ ਕੁਝ ਮਿੰਟਾਂ ਅੰਦਰ ਹਾਦਸਾਗ੍ਰਸਤ ਹੋ ਗਿਆ ਸੀ। ਹਾਦਸੇ ਵਿਚ ਜਹਾਜ਼ ਦੇ ਅਮਲੇ ਸਮੇਤ 157 ਮੁਸਾਫਰਾਂ ਦੀ ਜਾਨ ਜਾਂਦੀ ਰਹੀ ਸੀ। ਇਨ੍ਹਾਂ ਮੁਸਾਫਰਾਂ ਵਿਚ ਚਾਰ ਭਾਰਤੀ ਵੀ ਸ਼ਾਮਲ ਸਨ। ਪਿਛਲੇ ਪੰਜ ਮਹੀਨਿਆਂ 'ਚ ਬੋਇੰਗ 737 ਮੈਕਸ 8 ਨਾਲ ਵਾਪਰਿਆ ਇਹ ਦੂਜਾ ਹਾਦਸਾ ਹੈ। ਇਸ ਦੌਰਾਨ ਨਿਊਜ਼ੀਲੈਂਡ, ਹਾਂਗਕਾਂਗ, ਲਿਬਨਾਨ, ਓਮਾਨ ਤੇ ਸਰਬੀਆ ਨੇ ਵੀ ਬੋਇੰਗ ਜਹਾਜ਼ਾਂ ਦੀ ਉਡਾਣ 'ਤੇ ਰੋਕ ਲਾ ਦਿੱਤੀ ਹੈ।

# ਗੈਂਗਸਟਰਾਂ ਦੇ ਰਾਹ ਰੋਕਣ ਲਈ ਤਿੰਨ ਸੂਬਿਆਂ ਦੀ ਪੁਲਿਸ ਨੇ ਸਿਰ ਜੋੜੇ

**ਬਠਿੰਡਾ:** ਲੋਕ ਸਭਾ ਚੋਣਾਂ ਦੌਰਾਨ ਤਸਕਰਾਂ ਤੇ ਗੈਂਗਸਟਰਾਂ ਦੇ ਰਾਹ ਰੋਕਣ ਲਈ ਅੰਤਰਰਾਜੀ ਮੀਟਿੰਗ ਵਿਚ ਪੁਲਿਸ ਅਫਸਰਾਂ ਨੇ ਸਾਂਝੀ ਰਣਨੀਤੀ ਘੜੀ। ਇਸ ਦੌਰਾਨ ਵੱਡੀ ਕਮੀ ਮਹਿਸੂਸ ਕੀਤੀ ਗਈ ਕਿ ਤਿੰਨ ਸੂਬਿਆਂ ਦੇ ਪੁਲਿਸ ਅਫਸਰਾਂ 'ਚ ਆਪਸੀ ਤਾਲਮੇਲ ਦੀ ਘਾਟ ਦਾ ਫਾਇਦਾ ਤਸਕਰ ਤੇ ਗੈਂਗਸਟਰ ਉਠਾ ਰਹੇ ਹਨ। ਮੱਧ ਪ੍ਰਦੇਸ਼ ਦੀ ਅਫੀਮ, ਪੰਜਾਬ ਦੀ ਸ਼ਰਾਬ ਅਤੇ ਰਾਜਸਥਾਨ ਵਿਚੋਂ ਹੈਰੋਇਨ ਦੇ ਰਾਹ ਰੋਕਣ ਲਈ ਸਾਂਝੀ ਪਹੁੰਚ ਉਤੇ ਜ਼ੋਰ ਦਿੱਤਾ ਗਿਆ। ਪੰਜਾਬ ਪੁਲਿਸ ਨੇ ਅੰਤਰਰਾਜੀ ਸੀਮਾ ਸੀਲ ਕਰਨ ਲਈ 52 ਪੁਲਿਸ ਨਾਕੇ ਸ਼ਨਾਖ਼ਤ ਕੀਤੇ ਹਨ ਜਿਨ੍ਹਾਂ 'ਤੇ ਨਾਕਾਬੰਦੀ ਤੋਂ ਇਲਾਵਾ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣਗੇ।

ਬਠਿੰਡਾ ਵਿਚ ਬਠਿੰਡਾ ਰੇਂਜ ਦੇ ਆਈ.ਜੀ ਐਮ.ਐਫ. ਫਾਰੂਕੀ, ਫਿਰੋਜ਼ਪੁਰ ਰੇਂਜ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ, ਬੀਕਾਨੇਰ ਰੇਂਜ ਦੇ ਆਈ.ਜੀ. ਬੀ.ਐਲ. ਮੀਨਾ ਅਤੇ ਹਿਸਾਰ ਦੇ ਆਈ.ਜੀ. ਅਮਿਤਾਬ ਢਿੱਲੋਂ ਤੋਂ ਇਲਾਵਾ ਤਿੰਨਾਂ ਸੂਬਿਆਂ ਦੇ ਸਰਹੱਦੀ ਜ਼ਿਲ੍ਹਿਆਂ ਦੇ ਐਸ. ਐਸ. ਪੀਜ਼. ਵੀ ਸ਼ਾਮਲ ਸਨ। ਆਈ.ਜੀ ਫਾਰੂਕੀ ਨੇ ਮੀਟਿੰਗ ਮਗਰੋਂ ਦੱਸਿਆ ਕਿ ਤਿੰਨਾਂ ਸੂਬਿਆਂ ਦੇ ਭਗੌੜਿਆਂ, ਤਸਕਰਾਂ ਅਤੇ ਗੈਂਗਸਟਰਾਂ ਦੀ ਸੂਚਨਾ ਦਾ ਆਪਸੀ ਅਦਾਨ-ਪ੍ਰਦਾਨ ਕੀਤਾ ਗਿਆ ਹੈ, ਇਸ ਨਾਲ ਚੋਣਾਂ ਮੌਕੇ ਇਨ੍ਹਾਂ ਲੋਕਾਂ ਨੂੰ ਠੱਲ੍ਹ ਪਾਉਣ ਵਿਚ ਸੌਖ ਰਹੇਗੀ। ਤਿੰਨਾਂ ਸੂਬਿਆਂ ਦੀ ਪੁਲਿਸ ਸਾਂਝੇ ਅਪਰੇਸ਼ਨ ਕਰਕੇ ਗਲਤ ਅਨਸਰਾਂ ਦੀ ਪੈੜ ਨੱਪ ਸਕਦੀ ਹੈ ਤੇ ਰਾਹ ਵੀ ਰੋਕ ਸਕਦੀ ਹੈ। ਅੰਤਰਰਾਜੀ ਮੀਟਿੰਗ ਵਿਚ ਫੈਸਲਾ ਹੋਇਆ ਹੈ ਕਿ ਤਿੰਨਾਂ ਸੂਬਿਆਂ ਦੇ ਸਰਹੱਦੀ ਜ਼ਿਲ੍ਹਿਆਂ ਦੇ ਥਾਣਿਆਂ ਦੇ ਐਸ.ਐਚ.ਓ. ਪੱਧਰ 'ਤੇ ਵੀ ਸੂਚਨਾਵਾਂ ਆਪੋ 'ਚ ਸਾਂਝੀਆਂ ਕਰਨਗੇ।

ਬੀਕਾਨੇਰ ਦੇ ਆਈਜੀ ਬੀ.ਐਲ. ਮੀਨਾ ਨੇ ਮੰਨਿਆ ਕਿ ਆਪਸੀ ਤਾਲਮੇਲ ਦੀ ਘਾਟ ਦਾ ਗਲਤ ਅਨਸਰ ਫਾਇਦਾ ਉਠਾਉਂਦੇ ਹਨ। ਉਨ੍ਹਾਂ ਦੱਸਿਆ ਕਿ ਰਾਜਸਥਾਨ ਦੇ ਹਿੰਦੂ ਮੱਲ ਕੋਟ ਜ਼ਰੀਏ ਪਾਕਿਸਤਾਨ ਵੱਲੋਂ ਤਸਕਰ ਹੈਰੋਇਨ ਸਪਲਾਈ ਕਰਦੇ ਹਨ। ਦਿੱਲੀ ਤੇ ਆਗਰਾ ਤੋਂ ਮੈਡੀਕਲ ਨਸ਼ੇ ਤਿੰਨਾਂ ਸੂਬਿਆਂ ਤੱਕ ਪੁੱਜਦੇ ਹਨ ਜਦੋਂਕਿ ਮੱਧ ਪ੍ਰਦੇਸ਼ ਵਿਚੋਂ ਅਫੀਮ ਦੀ ਸਪਲਾਈ ਹੁੰਦੀ ਹੈ। ਪੰਜਾਬ ਵਿਚੋਂ ਸ਼ਰਾਬ ਦੀ ਸਪਲਾਈ ਵਾਇਆ ਰਾਜਸਥਾਨ ਗੁਜਰਾਤ ਨੂੰ ਹੁੰਦੀ ਹੈ।


Convenience Store
For Sale
*In Cleveland, Ohio*
Corner Location. Great Opportunity.
Own a business since 1996
Convenience store (Beer, Wine, Grocery) + Check Cashing+ Lottery+ Bill Payments.
Sale Price $95K plus inventory.
Motivated seller planning to retire.
*Call Sunny for inquiries:*
Ph: 216-799-5015 or 440-232-8917
9-12



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਜਲ੍ਹਿਆਂਵਾਲਾ ਬਾਗ ਕਤਲੇਆਮ 'ਚ ਮੌਤਾਂ ਦੀ ਗਿਣਤੀ ਦਾ ਭੇਦ ਅਜੇ ਵੀ ਬਰਕਰਾਰ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਵਿਚ 13 ਅਪਰੈਲ 1919 ਨੂੰ ਹੋਏ ਕਤਲੇਆਮ 'ਚ ਕਿੰਨੇ ਲੋਕ ਮਾਰੇ ਗਏ ਅਤੇ ਕਿੰਨੇ ਜ਼ਖ਼ਮੀ ਹੋਏ, ਇਹ ਅਜੇ ਤੱਕ ਇਕ ਭੇਦ ਬਣਿਆ ਹੋਇਆ ਹੈ। ਇਸ ਬਾਰੇ ਅੰਗਰੇਜ਼ੀ ਸਰਕਾਰ ਦੇ ਬਾਅਦ ਆਜ਼ਾਦ ਭਾਰਤ ਦੀ ਕਿਸੇ ਵੀ ਸਰਕਾਰ ਦੁਆਰਾ ਕੋਈ ਨਿਰਪੱਖ ਜਾਂਚ ਨਹੀਂ ਕਰਵਾਈ ਗਈ।

ਜ਼ਿਕਰਯੋਗ ਹੈ ਕਿ ਉਕਤ ਕਤਲੇਆਮ ਦੇ ਤੁਰਤ ਬਾਅਦ ਲਾਹੌਰ ਵਿਖੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਭੇਜੀ ਆਪਣੀ ਰਿਪੋਰਟ 'ਚ ਜਨਰਲ ਰਿਨਾਲਡ ਐਡਵਰਡ ਹੈਰੀ ਡਾਇਰ ਨੇ 200 ਤੋਂ 300 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਸੀ, ਜਦਕਿ ਮਾਈਕਲ ਓਡਵਾਇਰ ਨੇ ਅਗਾਂਹ ਭੇਜੀ ਆਪਣੀ ਰਿਪੋਰਟ 'ਚ ਮਰਨ ਵਾਲਿਆਂ ਦੀ ਗਿਣਤੀ 200 ਹੀ ਦੱਸੀ। ਹੋਮ ਮਿਨਿਸਟਰ ਵਿਭਾਗ (1919), ਨੰ. 23, ਡੀ.ਆਰ. 2 'ਚ ਚੀਫ ਸੈਕਟਰੀ ਜੇ.ਬੀ. ਥਾਮਸ ਅਤੇ ਐਚ.ਡੀ. ਕਰੇਕ ਨੇ 290 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ, ਜਦਕਿ ਮਿਲਟਰੀ ਰਿਪੋਰਟ 'ਚ ਦੱਸਿਆ ਗਿਆ ਕਿ ਜਲ੍ਹਿਆਂਵਾਲਾ ਬਾਗ ਵਿਚ 200 ਤੋਂ ਵੀ ਘੱਟ ਲੋਕ ਮਾਰੇ ਗਏ ਸਨ। ਉਧਰ ਅਧਿਕਾਰਕ ਤੌਰ ਉਤੇ ਇਸ ਕਤਲੇਆਮ 'ਚ 381 ਲੋਕਾਂ ਦੇ ਮਾਰੇ ਜਾਣ ਅਤੇ 1208 ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਗਈ। ਅੰਮ੍ਰਿਤਸਰ ਸੇਵਾ ਸਮਿਤੀ ਨੇ ਬਾਗ 'ਚ ਮਰਨ ਵਾਲਿਆਂ ਦੀ ਗਿਣਤੀ 501 ਦੱਸੀ।

ਸਵਾਮੀ ਸ਼ਰਧਾ ਨੰਦ ਨੇ ਅੰਮ੍ਰਿਤਸਰ ਪਹੁੰਚ ਕੇ ਅੰਕੜਿਆਂ ਦਾ ਜਾਇਜ਼ਾ ਲਿਆ ਅਤੇ ਮਰਨ ਵਾਲਿਆਂ ਦੀ ਗਿਣਤੀ 1500 ਤੋਂ ਵਧੇਰੇ ਦੱਸੀ, ਜਦਕਿ ਪੰਡਿਤ ਮਦਨ ਮੋਹਨ ਮਾਲਵੀਆ ਦੇ ਅਨੁਮਾਨ ਅਨੁਸਾਰ ਜਲ੍ਹਿਆਂਵਾਲਾ ਬਾਗ 'ਚ ਲਗਭਗ 1300 ਲੋਕ ਮਾਰੇ ਗਏ। ਅੰਮ੍ਰਿਤਸਰ




ਦੇ ਤਤਕਾਲੀ ਸਿਵਲ ਸਰਜਨ ਡਾ. ਸਮਿਥ ਅਨੁਸਾਰ ਇਸ ਸਾਕੇ 'ਚ 1526 ਲੋਕ ਤ੍ਰਾਸਦੀ ਦਾ ਸ਼ਿਕਾਰ ਹੋਏ। ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਕੋਲ 388 ਨਾਂਵਾਂ ਦੀ ਸੂਚੀ ਹੈ, ਜਦਕਿ ਪੰਜਾਬ ਗੌਰਮਿੰਟ ਹੋਮ ਮਿਨਿਸਟਰੀ ਪਾਰਟ ਬੀ. 1921, ਫਾਈਲ ਨੰਬਰ 139 'ਚ ਮ੍ਰਿਤਕਾਂ ਦੇ 381 ਨਾਂ ਮੌਜੂਦ ਹਨ। ਇਹੋ ਨਾਂ ਬਾਗ ਦੇ ਬਾਹਰ ਉਸਾਰੀ ਗਈ ਯਾਦਗਾਰ 'ਤੇ ਕ੍ਰਮਵਾਰ ਲਿਖੇ ਗਏ ਹਨ। ਉਕਤ ਦੇ ਇਲਾਵਾ ਜਲ੍ਹਿਆਂਵਾਲਾ ਬਾਗ ਸਾਕੇ ਦੇ ਸ਼ਹੀਦਾਂ ਦੇ ਨਾਂਵਾਂ ਦੀ ਇਕ ਹੋਰ ਸੂਚੀ, ਜੋ ਸਰਕਾਰੀ ਪੱਧਰ 'ਤੇ 12 ਨਵੰਬਰ 1919 ਨੂੰ ਮੁਕੰਮਲ ਕੀਤੀ ਗਈ, ਵਿਚ ਮਰਨ ਵਾਲਿਆਂ ਦੇ 501 ਨਾਂ ਦਰਜ ਹਨ। ਇਨ੍ਹਾਂ ਵਿਚ ਉਨ੍ਹਾਂ 42 ਪੁਰਸ਼ਾਂ, ਇਕ ਔਰਤ ਅਤੇ ਇਕ ਬੱਚਾ, ਜਿਨ੍ਹਾਂ ਦਾ ਸਸਕਾਰ ਸੇਵਾ ਸਮਿਤੀ ਦੁਆਰਾ ਕੀਤਾ ਗਿਆ ਸੀ, ਦੀ ਪਛਾਣ ਨਾ ਹੋਣ ਕਰਕੇ ਉਨ੍ਹਾਂ ਦੇ ਨਾਂਵਾਂ ਦਾ ਕੋਈ ਵੇਰਵਾ ਦਰਜ ਨਹੀਂ ਹੈ।

ਇਸ ਦੇ ਇਲਾਵਾ ਉਕਤ ਸੂਚੀ 'ਚ ਇਕ ਵਿਅਕਤੀ ਦਾ ਨਾਂ ਭੁਲੇਖੇ ਨਾਲ ਦੋ ਵਾਰ ਲਿਖਿਆ ਗਿਆ ਹੈ ਅਤੇ ਹੋਰਨਾਂ 14 ਲੋਕਾਂ ਦੀ ਬਾਅਦ 'ਚ ਜਿਉਂਦੇ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਜਲ੍ਹਿਆਂਵਾਲਾ ਬਾਗ 'ਚ 13 ਅਪਰੈਲ 1919 ਨੂੰ ਸ਼ਹੀਦ ਹੋਣ ਵਾਲੇ ਲੋਕਾਂ ਦੇ ਨਾਂਵਾਂ ਦੀਆਂ ਉਕਤ ਸਾਰੀਆਂ ਸੂਚੀਆਂ 'ਚ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਇਨ੍ਹਾਂ 'ਚ ਦਰਜ ਨਾਂਵਾਂ ਦੀ ਗਿਣਤੀ ਕਤਲੇਆਮ ਦੇ ਚਾਰ ਮਹੀਨੇ ਬਾਅਦ ਭਾਵ 20 ਅਗਸਤ 1919 ਨੂੰ ਅਰੰਭੀ ਗਈ। ਉਸ ਵੇਲੇ ਤੱਕ ਉਕਤ ਸਾਕੇ ਦੇ ਸ਼ਿਕਾਰ ਲੋਕ ਕਤਲੇਆਮ ਦੇ ਬਾਅਦ ਪੈਦਾ ਹੋਏ ਖ਼ੌਫਨਾਕ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ ਹੋ ਚੁੱਕੇ ਸਨ ਅਤੇ ਬਹੁਤ ਸਾਰੇ ਲੋਕਾਂ ਨੇ ਕਿਸੇ ਮਾਮਲੇ 'ਚ ਫਸਣ ਦੇ ਡਰ ਤੋਂ ਸਾਕੇ 'ਚ ਸ਼ਹੀਦ ਜਾਂ ਜ਼ਖ਼ਮੀ ਹੋਏ ਆਪਣੇ ਪਰਿਵਾਰਕ ਮੈਂਬਰਾਂ ਦੀ ਸਰਕਾਰ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ।

# ਉਮਰਾਨੰਗਲ ਦੀ ਵਿੱਦਿਅਕ ਯੋਗਤਾ 'ਤੇ ਵੀ ਉਠੇ ਸਵਾਲ

**ਫਰੀਦਕੋਟ:** ਪੰਜਾਬ ਪੁਲਿਸ ਦੇ ਮੁਅੱਤਲ ਇੰਸਪੈਕਟਰ ਜਨਰਲ ਪਰਮਰਾਜ ਸਿੰਘ ਉਮਰਾਨੰਗਲ ਦੀਆਂ ਸਮੱਸਿਆਵਾਂ ਹੋਰ ਵਧ ਸਕਦੀਆਂ ਹਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਹੀ ਕੋਟਕਪੂਰਾ ਗੋਲੀਕਾਂਡ ਵਿਚ ਫਰੀਦਕੋਟ ਦੀ ਸੈਸ਼ਨ ਕੋਰਟ ਨੇ ਜ਼ਮਾਨਤ 'ਤੇ ਰਿਹਾਅ ਕੀਤਾ ਹੈ।

ਕੋਟਕਪੂਰਾ ਤੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਆਈ.ਜੀ. ਉਮਰਾਨੰਗਲ ਦੀ ਵਿੱਦਿਅਕ ਯੋਗਤਾ ਪਰਖਣ ਲਈ ਉਸ ਦੇ ਪੁਰਾਣੇ ਰਿਕਾਰਡ ਦੀ ਘੋਖ ਕਰਨੀ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਿਆ ਹੈ ਕਿ ਉਮਰਾਨੰਗਲ ਦੇ ਵਿੱਦਿਅਕ ਦਸਤਾਵੇਜ਼ਾਂ ਵਿਚ ਵੀ ਕਾਫੀ ਖਾਮੀਆਂ ਹਨ ਅਤੇ ਇਹ ਮਾਮਲਾ ਪੰਜਾਬ ਦੇ ਗ੍ਰਹਿ ਵਿਭਾਗ ਦੇ ਧਿਆਨ ਵਿਚ ਸੀ ਪ੍ਰੰਤੂ ਕਥਿਤ ਤੌਰ 'ਤੇ ਉਮਰਾਨੰਗਲ ਦੀ ਉੱਚੀ ਪਹੁੰਚ ਕਾਰਨ ਪਿਛਲੇ ਕਰੀਬ 15 ਸਾਲਾਂ ਤੋਂ ਇਨ੍ਹਾਂ ਖਾਮੀਆਂ 'ਤੇ ਪਰਦਾ ਪਾਇਆ ਹੋਇਆ ਸੀ। ਜਾਂਚ ਟੀਮ ਦੇ ਸੀਨੀਅਰ ਅਧਿਕਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਜਾ ਕੇ ਉਮਰਾਨੰਗਲ ਦੇ ਵਿੱਦਿਅਕ ਰਿਕਾਰਡ ਦੀ ਘੋਖ ਕੀਤੀ ਹੈ ਅਤੇ ਯੂਨੀਵਰਸਿਟੀ ਵਿਚੋਂ ਇਸ ਮੁਅੱਤਲ ਆਈ.ਜੀ. ਦੀ ਪੜ੍ਹਾਈ ਨਾਲ ਸਬੰਧਤ ਕੁਝ ਰਿਕਾਰਡ ਕਬਜ਼ੇ ਵਿਚ ਲਿਆ ਹੈ। ਆਈ.ਜੀ. ਉਮਰਾਨੰਗਲ ਦੀ ਵਿੱਦਿਅਕ ਯੋਗਤਾ ਵਿਵਾਦਾਂ ਵਿਚ ਘਿਰੀ ਰਹੀ ਹੈ ਅਤੇ ਇਹ ਮਾਮਲਾ 2004 ਵਿਚ ਵੀ ਸਾਹਮਣੇ ਆਇਆ ਸੀ ਜਦੋਂ ਉਨ੍ਹਾਂ ਨੂੰ ਪੀ.ਪੀ.ਐਸ. ਤੋਂ ਆਈ.ਪੀ.ਐਸ. ਵਜੋਂ ਤਰੱਕੀ ਦਿੱਤੀ ਗਈ ਸੀ।

ਸੂਤਰਾਂ ਅਨੁਸਾਰ ਉਮਰਾਨੰਗਲ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਰੈਜੂਏਸ਼ਨ ਕੀਤੀ ਸੀ ਅਤੇ ਉਨ੍ਹਾਂ ਨੇ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿਚ ਕਾਨੂੰਨ ਦੀ ਪੜ੍ਹਾਈ ਲਈ ਦਾਖਲਾ



ਵੀ ਲਿਆ ਸੀ ਪ੍ਰੰਤੂ ਡਿਗਰੀ ਪੂਰੀ ਕਰਨ ਤੋਂ ਪਹਿਲਾਂ ਹੀ ਉਹ ਪੜ੍ਹਾਈ ਛੱਡ ਗਏ ਸਨ ਅਤੇ ਬਾਅਦ ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਤਰਸ ਦੇ ਆਧਾਰ 'ਤੇ ਪੰਜਾਬ ਪੁਲਿਸ ਵਿਚ ਡੀ.ਐਸ.ਪੀ. ਵਜੋਂ ਨਿਯੁਕਤੀ ਦਿੱਤੀ ਸੀ। ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਮਨਜੀਤ ਸਿੰਘ ਨੇ ਜਾਂਚ ਟੀਮ ਵੱਲੋਂ ਯੂਨੀਵਰਸਿਟੀ ਦਾ ਦੌਰਾ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਕਿ ਜਾਂਚ ਟੀਮ ਨੇ ਯੂਨੀਵਰਸਿਟੀ ਤੋਂ ਜੋ ਜਾਣਕਾਰੀ ਮੰਗੀ ਸੀ, ਉਹ ਟੀਮ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ।

# ਪੰਜਾਬੀ 'ਵਰਸਿਟੀ ਦੇ ਤਿੰਨ ਪ੍ਰੋਫੈਸਰ ਵੀ ਚੋਣ ਮੈਦਾਨ ਵਿਚ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 3 ਪ੍ਰੋਫੈਸਰ ਵੀ ਲੋਕ ਸਭਾ ਚੋਣ ਦੰਗਲ 'ਚ ਉਤਰ ਰਹੇ ਹਨ। ਯੂਨੀਵਰਸਿਟੀ ਦੀ ਸਿੰਡੀਕੇਟ ਬੈਠਕ ਦੌਰਾਨ ਚੋਣਾਂ ਦੇ ਰੰਗ 'ਚ ਰੰਗੇ ਤਿੰਨੇ ਅਧਿਆਪਕਾਂ ਨੂੰ ਚੋਣ ਲੜਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਦੋਂਕਿ ਚੌਥੇ ਅਧਿਆਪਕ ਦੀ ਪ੍ਰਵਾਨਗੀ ਬਾਰੇ ਹਾਲੇ ਫੈਸਲਾ ਕਰਨਾ ਬਾਕੀ ਹੈ।

ਦੱਸਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਲਵੰਡੀ ਸਾਬੋ ਰਿਜਨਲ ਸੈਂਟਰ 'ਚ ਕਾਰਜਸ਼ੀਲ ਤਿੰਨ ਅਧਿਆਪਕਾਂ- ਪ੍ਰੋ. ਕੁਮਾਰ ਸੁਨੀਲ, ਪ੍ਰੋ. ਲਖਵੀਰ ਸਿੰਘ ਤੇ ਪ੍ਰੋ. ਸੁਸ਼ੀਲ ਬਾਗਲਾ ਜੋ ਅਸਿਸਟੈਂਟ ਪ੍ਰੋਫੈਸਰ ਵਜੋਂ ਕ੍ਰਮਵਾਰ ਇੰਗਲਿਸ਼, ਫਿਜ਼ਿਕਸ ਤੇ ਮਕੈਨੀਕਲ ਇੰਜੀਨੀਅਰਿੰਗ ਪੜ੍ਹਾ ਰਹੇ ਹਨ, ਵੱਲੋਂ ਪਿਛਲੇ ਦਿਨੀਂ ਯੂਨੀਵਰਸਿਟੀ ਦੇ ਰਜਿਸਟਰਾਰ ਦਫਤਰ ਕੋਲ ਆਗਾਮੀ ਲੋਕ ਸਭਾ ਦੀਆਂ ਚੋਣਾਂ ਲੜਨ ਸਬੰਧੀ ਪ੍ਰਵਾਨਗੀ ਮੰਗੀ ਗਈ ਸੀ। 'ਵਰਸਿਟੀ ਦੀ ਸਿੰਡੀਕੇਟ ਦੀ ਬੈਠਕ 'ਚ ਤਿੰਨੇ ਅਧਿਆਪਕਾਂ ਲਈ ਚੋਣ ਲੜਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ। ਯੂਜੀਸੀ ਤੇ ਪੰਜਾਬੀ ਯੂਨੀਵਰਸਿਟੀ ਦੇ ਕੈਲੰਡਰ ਮੁਤਾਬਕ 'ਵਰਸਿਟੀ ਦੇ ਅਧਿਆਪਕ ਚੋਣ ਪਿੜ 'ਚ ਉਤਰ ਸਕਦੇ ਹਨ। ਅਜਿਹੇ ਸ਼ੌਕ ਲਈ ਅਧਿਆਪਕਾਂ ਨੂੰ ਨੌਕਰੀ ਤੋਂ ਅਸਤੀਫਾ ਦੇਣ ਦੀ ਲੋੜ ਨਹੀਂ ਹੈ। ਚੋਣ ਜਿੱਤ ਕੇ ਅਧਿਆਪਕ ਮੁੜ ਨੌਕਰੀ ਵੀ ਜਾਰੀ ਰੱਖ ਸਕਦੇ ਹਨ।

ਪ੍ਰੋ. ਕੁਮਾਰ ਸੁਨੀਲ ਨੇ ਸਿੰਡੀਕੇਟ ਵੱਲੋਂ ਪ੍ਰਵਾਨਗੀ ਦੇਣ 'ਤੇ ਧੰਨਵਾਦ ਕੀਤਾ। ਖੱਬੇ ਪੱਖੀ ਪ੍ਰਭਾਵ ਨਾਲ ਜੁੜੇ ਇਸ ਅਧਿਆਪਕ ਨੇ ਦੱਸਿਆ ਕਿ ਸਿਆਸੀ ਲਿਹਾਜ਼ ਤੋਂ ਉਸ ਨੂੰ ਪਰਿਵਾਰ ਤੋਂ ਇਸ ਸਬੰਧੀ ਪ੍ਰੇਰਨਾ ਮਿਲੀ ਹੈ। ਤਿੰਨੇ ਅਧਿਆਪਕ ਬਠਿੰਡਾ ਤੇ ਸੰਗਰੂਰ ਜ਼ਿਲ੍ਹਿਆਂ ਦੇ ਪਿਛੋਕੜ ਨਾਲ ਸਬੰਧਤ ਦੱਸੇ ਜਾਂਦੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਲਾਅ ਵਿਭਾਗ ਦੇ ਇਕ ਅਧਿਆਪਕ ਪ੍ਰੋ. ਰਾਜਦੀਪ ਸਿੰਘ 'ਅਸਿਸਟੈਂਟ ਪ੍ਰੋਫੈਸਰ' ਨੇ ਵੀ ਲੋਕ ਸਭਾ ਚੋਣ ਲੜਨ ਦੀ ਪ੍ਰਵਾਨਗੀ ਮੰਗੀ ਹੈ, ਜਿਸ ਬਾਰੇ ਹਾਲੇ ਯੂਨੀਵਰਸਿਟੀ ਵੱਲੋਂ ਵਿਚਾਰ ਕਰਨਾ ਬਾਕੀ ਦੱਸਿਆ ਜਾ ਰਿਹਾ ਹੈ।

# ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਬਾਵਜੂਦ ਸਿਰਸਾ ਨੂੰ ਦਿੱਲੀ ਕਮੇਟੀ ਦਾ ਪ੍ਰਧਾਨ ਥਾਪਿਆ

**ਨਵੀਂ ਦਿੱਲੀ:** ਵਿਰੋਧੀਆਂ ਵੱਲੋਂ ਅਦਾਲਤਾਂ ਰਾਹੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਵਿਚ ਅੜਿੱਕੇ ਪਾਏ ਜਾਣ ਦੇ ਬਾਵਜੂਦ ਮਨਜਿੰਦਰ ਸਿੰਘ ਸਿਰਸਾ ਕਮੇਟੀ ਦੇ ਪਹਿਲੀ ਵਾਰ ਪ੍ਰਧਾਨ ਬਣ ਗਏ। ਉਹ ਪਿਛਲੇ 6 ਸਾਲਾਂ ਤੋਂ ਕਮੇਟੀ ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਸ੍ਰੀ ਸਿਰਸਾ ਦਾ ਨਾਂ ਅਵਤਾਰ ਸਿੰਘ ਹਿਤ ਨੇ ਪੇਸ਼ ਕੀਤਾ ਅਤੇ ਜਗਦੀਪ ਸਿੰਘ ਕਾਹਲੋਂ ਨੇ ਇਸ ਦੀ ਤਾਈਦ ਕੀਤੀ।

ਇਸ ਮਗਰੋਂ ਸਰਬਸੰਮਤੀ ਨਾਲ ਰਣਜੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ, ਕੁਲਵੰਤ ਸਿੰਘ ਬਾਠ ਨੂੰ ਜੂਨੀਅਰ ਮੀਤ ਪ੍ਰਧਾਨ, ਹਰਮੀਤ ਸਿੰਘ ਕਾਲਕਾ ਨੂੰ ਜਨਰਲ ਸਕੱਤਰ ਅਤੇ ਹਰਵਿੰਦਰ ਸਿੰਘ ਕੇਪੀ ਨੂੰ ਸੰਯੁਕਤ ਸਕੱਤਰ ਚੁਣਿਆ ਗਿਆ। ਕਮੇਟੀ ਦੀ ਕਾਰਜਕਾਰਨੀ 'ਚ ਹਰਿੰਦਰਪਾਲ ਸਿੰਘ, ਮਹਿੰਦਰਪਾਲ ਸਿੰਘ ਚੱਢਾ, ਪਰਮਜੀਤ ਸਿੰਘ ਚੰਡੋਕ, ਪਰਮਜੀਤ ਸਿੰਘ ਰਾਣਾ, ਕੁਲਦੀਪ ਸਿੰਘ ਸਾਹਨੀ, ਜਗਦੀਪ ਸਿੰਘ ਕਾਹਲੋਂ, ਭੁਪਿੰਦਰ ਸਿੰਘ ਭੁੱਲਰ, ਵਿਕਰਮ ਸਿੰਘ ਰੋਹਿਣੀ, ਮਲਕਿੰਦਰ ਸਿੰਘ ਅਤੇ ਜਤਿੰਦਰ ਸਿੰਘ ਸਾਹਨੀ ਨੂੰ ਸਰਬਸੰਮਤੀ ਨਾਲ ਮੈਂਬਰ ਬਣਾਇਆ ਗਿਆ ਹੈ।

ਦਿੱਲੀ ਗੁਰਦੁਆਰਾ ਐਕਟ ਮੁਤਾਬਕ 5 ਮੁੱਖ ਅਹੁਦੇਦਾਰਾਂ ਅਤੇ 10 ਮੈਂਬਰਾਂ ਸਮੇਤ ਨਵੀਂ ਚੁਣੀ ਗਈ 15 ਮੈਂਬਰੀ ਕਾਰਜਕਾਰਨੀ ਕਮੇਟੀ ਦਾ ਕਾਰਜਕਾਲ 2 ਸਾਲਾ ਦਾ ਹੋਵੇਗਾ। ਨਵੀਂ ਦੇ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਦਾ ਪ੍ਰਧਾਨ ਚੁਣੇ ਜਾਣ ਉਪਰੰਤ ਸਿਰਸਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਜਤਾਇਆ। ਉਨ੍ਹਾਂ ਕਿਹਾ ਕਿ ਕਾਰਜਕਾਰਨੀ ਚੋਣਾਂ ਮੁੜ ਤੋਂ ਲਮਕਾਉਣ ਦੀਆਂ ਵਿਰੋਧੀਆਂ ਦੀਆਂ ਸਾਜ਼ਿਸ਼ਾਂ



ਕਮੇਟੀ ਚੁਣੇ ਜਾਣ ਉਪਰੰਤ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣ ਸਬੰਧੀ ਧਾਰਮਿਕ ਖੇਤਰ ਨਾਲ ਸਬੰਧਤ ਦੇਸ਼-ਵਿਦੇਸ਼ ਦੀਆਂ 5 ਨਾਮਵਰ ਸ਼ਖ਼ਸੀਅਤਾਂ ਨੂੰ ਦਿੱਲੀ ਕਮੇਟੀ ਦਾ ਐਸੋਸੀਏਟ ਮੈਂਬਰ ਬਣਾਉਣ ਦਾ ਮਤਾ ਪੇਸ਼ ਕੀਤਾ।

ਇਸ ਤੋਂ ਇਲਾਵਾ ਬਾਲਾ ਸਾਹਿਬ ਹਸਪਤਾਲ ਨੂੰ ਸ਼ੁਰੂ ਕਰਨ ਲਈ ਬਾਬਾ ਬਚਨ ਸਿੰਘ (ਕਾਰ ਸੇਵਾ) ਦੀ ਅਗਵਾਈ 'ਚ 11 ਮੈਂਬਰੀ ਕਮੇਟੀ ਦਾ ਗਠਨ ਤੇ ਦਿੱਲੀ ਕਮੇਟੀ ਦੇ ਆਮਦਨ-ਖਰਚ ਦੀ ਜਾਣਕਾਰੀ ਦੇਣਾ ਯਕੀਨੀ ਬਣਾਏ ਜਾਣ ਦਾ ਮਤਾ ਵੀ ਪੇਸ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕਈ ਕਾਰਨਾਂ ਕਰਕੇ ਦਿੱਲੀ ਕਮੇਟੀ ਦੇ ਅਕਸ ਨੂੰ ਕਾਫੀ ਢਾਹ ਲਗੀ ਹੈ ਤੇ ਕਈ ਤਰ੍ਹਾਂ ਸਵਾਲ ਉਠਾਏ ਜਾ ਰਹੇ ਹਨ। ਜੇਕਰ ਇਸ ਗੰਭੀਰ ਮੁੱਦੇ ਪ੍ਰਤੀ ਤਵੱਜੋਂ ਨਾ ਦਿੱਤੀ ਗਈ ਤਾਂ ਭਵਿੱਖ 'ਚ ਪਾਰਟੀ ਨੂੰ ਇਸ ਦਾ ਭਾਰੀ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ ਕਿਉਂਕਿ 2 ਸਾਲਾ ਬਾਅਦ ਜਨਰਲ ਚੋਣਾਂ ਇਸ ਕਮੇਟੀ ਦੇ ਕੰਮਕਾਜ ਦੇ ਆਧਾਰ 'ਤੇ ਹੀ ਹੋਣਗੀਆਂ। ਦਿੱਲੀ ਪੂਰੀ ਤਰ੍ਹਾਂ ਨਾਕਾਮ ਹੋ ਗਈਆਂ ਹਨ। ਦੱਸਣਯੋਗ ਹੈ ਕਿ ਪਿਛਲੀਆਂ 3 ਵਾਰੀਆਂ ਤੋਂ ਸਿਰਸਾ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ ਤੇ ਮੰਨਿਆ ਜਾ ਰਿਹਾ ਹੈ ਕਿ ਬਾਦਲ ਪਰਿਵਾਰ ਦੀ ਨੇੜਤਾ ਤੇ ਆਪਣੀ ਕਾਬਲੀਅਤ ਕਾਰਨ ਉਹ ਪ੍ਰਧਾਨਗੀ ਦੇ ਅਹੁਦੇ 'ਤੇ ਪੁੱਜ ਗਏ ਹਨ।

ਕਾਬਿਲ-ਏ-ਗੌਰ ਹੈ ਕਿ ਸ. ਸਿਰਸਾ ਇਸ ਵੇਲੇ ਅਕਾਲੀ ਕੋਟੇ ਤੋਂ ਭਾਜਪਾ ਦੀ ਟਿਕਟ 'ਤੇ ਰਾਜੌਰੀ ਗਾਰਡਨ ਹਲਕੇ ਤੋਂ ਵਿਧਾਇਕ ਵੀ ਹਨ ਅਤੇ ਇਕ ਵਾਰ ਪੰਜਾਬੀ ਬਾਗ ਹਲਕੇ ਤੋਂ ਕੌਂਸਲਰ ਵੀ ਰਹਿ ਚੁੱਕੇ ਹਨ। ਦਿੱਲੀ ਕਮੇਟੀ ਦੇ 5 ਮੁੱਖ ਅਹੁਦਿਆਂ 'ਚ ਬੀਬੀ ਰਣਜੀਤ ਕੌਰ ਨੂੰ ਸ਼ਾਮਲ ਕਰਦੇ ਹੋਏ ਉਨ੍ਹਾਂ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ ਹੈ। ਅਜਿਹਾ 15 ਸਾਲ ਬਾਅਦ ਹੋਇਆ ਹੈ ਜਦੋਂ ਕਿਸੇ ਮਹਿਲਾ ਮੈਂਬਰ ਨੂੰ ਮੁੱਖ ਅਹੁਦੇਦਾਰਾਂ 'ਚ ਨੁਮਾਇੰਦਗੀ ਦਿੱਤੀ ਗਈ ਹੋਵੇ। ਇਸ ਤੋਂ ਪਹਿਲਾਂ ਸਾਲ 2004 ਦੌਰਾਨ ਬੀਬੀ ਦਲਜੀਤ ਕੌਰ ਜੁਆਇੰਟ ਸਕੱਤਰ ਦੇ ਅਹੁਦੇ ਲਈ ਚੁਣੇ ਗਏ ਸਨ ਅਤੇ ਉਨ੍ਹਾਂ 2005 ਤੱਕ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਨਿਭਾਈ ਸੀ।

# ਦਿਆਲ ਸਿੰਘ ਕੋਲਿਆਂਵਾਲੀ ਦੀਆਂ ਮੁਸ਼ਕਿਲਾਂ ਵਧੀਆਂ

**ਮੁਹਾਲੀ:** ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਾਦਲਾਂ ਦੇ ਖਾਸਮਖਾਸ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਦੀ ਜ਼ਮਾਨਤ ਅਰਜ਼ੀ ਇਥੋਂ ਦੀ ਅਦਾਲਤ ਨੇ ਰੱਦ ਕਰ ਦਿੱਤੀ ਹੈ।

ਦੱਸਣਯੋਗ ਹੈ ਕਿ ਬੀਤੀ 16 ਫਰਵਰੀ ਨੂੰ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਨੇ ਅਕਾਲੀ ਆਗੂ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ ਸੀ। ਵਿਜੀਲੈਂਸ ਨੇ ਹੁਣ ਨਵੇਂ ਸਿਰਿਉਂ ਦਿਆਲ ਸਿੰਘ ਕੋਲਿਆਂਵਾਲੀ ਖ਼ਿਲਾਫ਼ ਦਰਜ ਕੇਸ ਵਿਚ ਆਈ.ਪੀ.ਸੀ. ਦੀ ਧਾਰਾ 120ਬੀ, 465,467, 468 ਅਤੇ 471 ਦੇ ਜੁਰਮ ਦਾ ਵਾਧਾ ਕਰਕੇ 'ਜਥੇਦਾਰ' ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਵਿਜੀਲੈਂਸ ਕਾਰਵਾਈ ਦੀ ਭਿਣਕ ਪੈਂਦਿਆਂ ਹੀ ਕੋਲਿਆਂਵਾਲੀ ਨੇ ਚੁੱਪ ਚੁਪੀਤੇ ਆਪਣੇ ਵਕੀਲਾਂ ਰਾਹੀਂ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀਮਤੀ ਮੋਨਿਕਾ ਗੋਇਲ ਦੀ ਅਦਾਲਤ ਵਿਚ ਨਵੇਂ ਸਿਰਿਉਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਅਰਜ਼ੀ 'ਤੇ ਸੁਣਵਾਈ ਦੌਰਾਨ ਜੱਜ ਨੇ ਵੱਖ ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ।

ਉਧਰ, ਇਸ ਸਬੰਧੀ ਵਿਜੀਲੈਂਸ ਦੇ



ਐਸ.ਐਸ.ਪੀ. ਅਸ਼ੋਕ ਬਾਠ ਨੇ ਦੱਸਿਆ ਕਿ ਕੋਲਿਆਂਵਾਲੀ ਖ਼ਿਲਾਫ਼ ਜੁਰਮ ਵਿਚ ਹੋਰ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੋਲਿਆਂਵਾਲੀ ਨੇ ਜ਼ਮੀਨ ਦੇ ਤਬਾਦਲੇ ਸਬੰਧੀ ਦੂਜੀ ਧਿਰ ਨਾਲ ਧੋਖਾਧੜੀ ਕੀਤੀ ਹੈ। ਅਕਾਲੀ ਆਗੂ ਨੇ ਜ਼ਮੀਨ ਤਬਾਦਲੇ ਸਬੰਧੀ ਦੂਜੀ ਧਿਰ ਤੋਂ ਤਾਂ ਲੋੜੀਂਦੀ ਜ਼ਮੀਨ ਆਪਣੇ ਨਾਂ ਕਰਵਾ ਲਈ ਪਰ ਬਦਲੇ ਵਿਚ ਜਿਹੜੀ ਜ਼ਮੀਨ ਦੂਜੀ ਧਿਰ ਨੂੰ ਦਿੱਤੀ ਗਈ, ਉਹ ਉਸ ਦੀ ਮਲਕੀਅਤ ਨਹੀਂ ਸੀ। ਜ਼ਮੀਨ ਦੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਕੋਲਿਆਂਵਾਲੀ ਦੀ ਗ੍ਰਿਫ਼ਤਾਰੀ ਲਈ ਟੀਮ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਕੋਲਿਆਂਵਾਲੀ ਅਤੇ ਹੋਰ ਟਿਕਾਣਿਆਂ 'ਤੇ ਛਾਪੇ ਮਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਜੱਦੀ ਪਿੰਡ ਕੋਲਿਆਂਵਾਲੀ ਵਿਚ ਸਥਿਤ ਮਹਿਲਨੁਮਾ ਆਲੀਸ਼ਾਨ ਕੋਠੀ ਦੀ ਪੈਮਾਇਸ਼ ਬਾਰੇ ਜਾਂਚ ਰਿਪੋਰਟ ਮਿਲ ਗਈ ਹੈ ਅਤੇ ਵਿਜੀਲੈਂਸ ਵੱਲੋਂ ਜਾਂਚ ਵਿਚ ਲਾਏ ਦੋਸ਼ ਸਹੀ ਸਾਬਤ ਹੋਏ ਹਨ।

# ਸਰਹੱਦੀ ਤਣਾਅ ਨਹੀਂ ਬਣੇਗਾ ਕਰਤਾਰਪੁਰ ਲਾਂਘੇ ਵਿਚ ਅੜਿੱਕਾ

**ਅਟਾਰੀ:** ਪੁਲਵਾਮਾ ਦਹਿਸ਼ਤੀ ਹਮਲੇ ਮਗਰੋਂ ਦੋਵਾਂ ਮੁਲਕਾਂ ਵਿਚਾਲੇ ਜਾਰੀ ਕਸ਼ੀਦਗੀ ਦਰਮਿਆਨ ਭਾਰਤ ਤੇ ਪਾਕਿਸਤਾਨ ਵਿਚ ਕਰਤਾਰਪੁਰ ਲਾਂਘੇ ਨੂੰ ਲੈ ਕੇ ਮੀਟਿੰਗ ਦਾ ਦੌਰ ਸ਼ੁਰੂ ਹੋ ਗਿਆ ਹੈ। ਭਾਰਤ ਨੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਲਈ ਵੀਜ਼ਾ ਮੁਕਤ ਰਸਾਈ ਦੀ ਮੰਗ ਕੀਤੀ। ਇਹ ਲਾਂਘਾ ਪਾਕਿਸਤਾਨ ਦੇ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਕਸਬੇ ਡੇਰਾ ਬਾਬਾ ਨਾਨਕ ਨਾਲ ਜੋੜੇਗਾ।

ਮੀਟਿੰਗ ਉਪਰੰਤ ਦੋਵਾਂ ਧਿਰਾਂ ਨੇ ਕਿਹਾ ਕਿ ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘੇ ਨੂੰ ਤੇਜੀ ਨਾਲ ਪੂਰਾ ਕਰਨ ਲਈ ਸਹਿਮਤੀ ਦਿੰਦਿਆਂ ਵੱਖ-ਵੱਖ ਪਹਿਲੂਆਂ 'ਤੇ ਤਫਸੀਲੀ ਤੇ ਉਸਾਰੂ ਵਿਚਾਰ ਚਰਚਾ ਕੀਤੀ। ਦੋਵਾਂ ਦਾਅਵਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਬਣਾਉਣ ਲਈ ਭਾਰਤ ਸਰਕਾਰ ਨੇ ਵੱਖ-ਵੱਖ ਗਤੀਵਿਧੀਆਂ ਵਿਉਂਤੀਆਂ ਹਨ। ਇਨ੍ਹਾਂ ਵਿਚੋਂ ਇਕ ਯੋਜਨਾ ਕਰਤਾਰਪੁਰ ਸਾਹਿਬ ਲਾਂਘੇ ਲਈ ਡੇਰਾ ਬਾਬਾ ਨਾਨਕ ਵਿਚ ਯਾਤਰੀ ਟਰਮੀਨਲ ਬਿਲਡਿੰਗ ਕੰਪਲੈਕਸ ਦਾ ਨਿਰਮਾਣ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਇਮਾਰਤ ਨੂੰ ਬਣਾਉਣ ਦੀ ਜ਼ਿੰਮੇਵਾਰੀ ਭਾਰਤੀ ਲੈਂਡ ਪੋਰਟ ਅਥਾਰਟੀ ਨੂੰ ਦਿੱਤੀ ਗਈ ਹੈ, ਜੋ ਦੇਸ਼ ਦੀਆਂ ਜ਼ਮੀਨੀ ਸਰਹੱਦਾਂ 'ਤੇ ਇੰਟੈਗਰੇਟਿਡ ਚੈੱਕ ਪੋਸਟਾਂ ਨੂੰ ਵਿਕਸਤ ਕਰਨ ਅਤੇ ਚਲਾਉਣ ਦਾ ਕੰਮ ਕਰਦੀ ਹੈ। ਭਾਰਤ ਸਰਕਾਰ ਨੇ ਕਰਤਾਰਪੁਰ ਸਾਹਿਬ ਲਾਂਘੇ ਲਈ 50 ਏਕੜ ਜ਼ਮੀਨ ਦੀ ਸ਼ਨਾਖਤ ਕਰ ਲਈ ਹੈ, ਜਿਸ ਨੂੰ ਦੋ ਪੜਾਵਾਂ ਵਿਚ ਵਿਕਸਤ ਕੀਤਾ ਜਾਵੇਗਾ। ਪਹਿਲੀ ਪੜਾਅ ਵਿਚ 15 ਏਕੜ ਤੋਂ ਵੱਧ ਜ਼ਮੀਨ 'ਤੇ ਕੰਮ ਕੀਤਾ ਜਾਵੇਗਾ।

ਇਸ ਜ਼ਮੀਨ ਉੱਤੇ ਯਾਤਰੀ ਟਰਮੀਨਲ ਬਿਲਡਿੰਗ ਕੰਪਲੈਕਸ ਦੀ ਸ਼ਾਨਦਾਰ ਇਮਾਰਤ ਅਤੇ ਖੂਬਸੂਰਤ ਲੈਂਡ ਸਕੇਪਿੰਗ ਦੇ ਨਾਲ ਅਮੀਰ ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਅਧਾਰ 'ਤੇ ਬੁੱਤ ਅਤੇ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਇਸ ਕੰਪਲੈਕਸ ਦਾ ਡਿਜ਼ਾਈਨ 'ਖੰਡੇ' ਤੋਂ ਪ੍ਰੇਰਿਤ ਹੈ, ਜੋ ਏਕਤਾ ਅਤੇ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਨੂੰ ਦਰਸਾਉਂਦਾ ਹੈ। ਇਹ ਇਮਾਰਤ ਅਪਾਹਜ ਅਤੇ ਬਿਰਧ ਵਿਅਕਤੀਆਂ ਦੇ ਆਉਣ-ਜਾਣ ਨੂੰ ਧਿਆਨ ਵਿਚ ਰੱਖ ਕੇ ਬਣਾਈ ਜਾਵੇਗੀ। ਇਹ ਇਮਾਰਤ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਪ੍ਰਤੀ ਦਿਨ ਜਾਣ ਵਾਲੇ ਲਗਭਗ 5000 ਸ਼ਰਧਾਲੂਆਂ ਦੀਆਂ ਲੋੜਾਂ ਨੂੰ ਪੂਰਾ ਕਰੇਗੀ। ਇਸ ਵਿਚ ਇਮੀਗ੍ਰੇਸ਼ਨ ਅਤੇ ਕਸਟਮਜ਼ ਕਲੀਅਰੈਂਸ ਦੀਆਂ ਲੋੜੀਂਦੀਆਂ ਸਹੂਲਤਾਂ ਅਤੇ ਹੋਰ ਸੁਵਿਧਾਵਾਂ ਸ਼ਾਮਲ ਹੋਣਗੀਆਂ। ਇਸ ਨੂੰ ਸੀ.ਸੀ.ਟੀ.ਵੀ. ਕੈਮਰਿਆਂ ਸਮੇਤ ਹੋਰ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਨਾਲ ਲੈਸ ਕੀਤਾ ਜਾਵੇਗਾ।

## ਪੰਜ ਹਜ਼ਾਰ ਸ਼ਰਧਾਲੂਆਂ ਨੂੰ ਰੋਜ਼ਾਨਾ ਦਰਸ਼ਨਾਂ ਲਈ ਇਜਾਜ਼ਤ ਦੀ ਮੰਗ

**ਅਟਾਰੀ:** ਭਾਰਤ ਨੇ ਅਟਾਰੀ ਵਿਚ ਹੋਈ ਮੀਟਿੰਗ ਦੌਰਾਨ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਲਈ ਵੀਜ਼ਾ ਮੁਕਤ ਰਸਾਈ ਦੀ ਮੰਗ ਕੀਤੀ ਹੈ। ਭਾਰਤ ਨੇ ਜ਼ੋਰ ਦੇ ਕੇ ਕਿਹਾ ਕਿ ਲਾਂਘੇ ਨੂੰ ਪੂਰੀ ਤਰ੍ਹਾਂ ਵੀਜ਼ਾ ਮੁਕਤ ਰੱਖਦਿਆਂ




ਦਸਤਾਵੇਜ਼ ਜਾਂ ਹੋਰ ਕਿਸੇ ਪ੍ਰਕਿਰਿਆ ਦੇ ਨਾਂ 'ਤੇ ਸ਼ਰਧਾਲੂਆਂ 'ਤੇ ਕੋਈ ਵਾਧੂ ਬੋਝ ਨਾ ਪਾਇਆ ਜਾਵੇ। ਜੁਆਇੰਟ ਸਕੱਤਰ ਐਸ.ਸੀ.ਐਲ. ਦਾਸ ਨੇ ਕਿਹਾ ਕਿ ਅਸੀਂ ਪਾਕਿਸਤਾਨੀ ਵਫ਼ਦ ਨੂੰ ਕਿਹਾ ਹੈ ਕਿ ਸ਼ੁਰੂਆਤੀ ਪੜਾਅ ਵਿਚ ਰੋਜ਼ਾਨਾ ਘੱਟੋ-ਘੱਟ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਇਤਿਹਾਸਕ ਗੁਰਦੁਆਰੇ ਦੇ ਦਰਸ਼ਨਾਂ ਲਈ ਫੇਰੀ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ। ਦਾਸ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਸ਼ਰਧਾਲੂਆਂ ਨੂੰ ਹਫਤੇ 'ਚ ਸੱਤ ਦਿਨ ਬਿਨਾਂ ਕਿਸੇ ਅੜਿੱਕੇ ਦੇ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਭਾਰਤ ਨੇ ਇਹ ਮੰਗ ਵੀ ਰੱਖੀ ਕਿ ਜਿਹੜੇ ਸ਼ਰਧਾਲੂਆਂ ਨੂੰ ਪੈਦਲ ਜਾਣ ਦੀ ਵੀ ਇਜਾਜ਼ਤ ਦਿੱਤੀ ਜਾਵੇ।

## ਲਾਂਘੇ ਦੇ ਕੰਮ 'ਚ ਨਹੀਂ ਆਵੇਗੀ ਰੁਕਾਵਟ: ਇਮਰਾਨ ਖਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਇਸਲਾਮਾਬਾਦ ਵਿਚ ਅਚਨਚੇਤ ਬੁਲਾਈ ਬੈਠਕ 'ਚ ਘੱਟ ਗਿਣਤੀ ਭਾਈਚਾਰੇ ਦੇ ਮਾਮਲਿਆਂ ਸਬੰਧੀ ਕਈ ਮਹੱਤਵਪੂਰਨ ਐਲਾਨ ਕੀਤੇ ਗਏ ਹਨ। ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਜੰਗੀ ਪੱਧਰ 'ਤੇ ਕਰਵਾਈ ਜਾ ਰਹੀ ਉਸਾਰੀ ਬਾਰੇ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਦੋਵਾਂ ਮੁਲਕਾਂ ਵਿਚਾਲੇ ਬਣੀਆਂ ਸਿਆਸੀ ਤੇ ਸਰਹੱਦੀ ਕੁੜੱਤਣਾਂ ਦੇ ਬਾਵਜੂਦ ਕੰਮ ਦੀ ਰਫਤਾਰ 'ਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਲਾਂਘੇ ਦੀ ਉਸਾਰੀ ਨਿਰਧਾਰਤ ਕੀਤੇ ਸਮੇਂ ਤੋਂ ਪਹਿਲਾਂ ਮੁਕੰਮਲ ਕਰਵਾਉਣ ਦੇ ਯਤਨ ਕੀਤੇ ਜਾਣਗੇ।

## ਭਾਰਤ-ਪਾਕਿਸਤਾਨ ਤਣਾਅ ਨੇ ਠੱਪ ਕੀਤਾ ਸਰਹੱਦੀ ਵਪਾਰ

**ਅਟਾਰੀ:** ਪੁਲਵਾਮਾ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਸਰਕਾਰ ਖਿਲਾਫ ਅਖਤਿਆਰ ਕੀਤੇ ਸਖਤ ਰੁਖ ਦੀ ਗਾਜ਼ ਭਾਰਤ ਪਾਕਿਸਤਾਨ ਸਰਹੱਦ ਸਥਿਤ 131 ਏਕੜ ਵਿਚ ਬਣੀ ਦੇਸ਼ ਦੀ ਪਹਿਲੀ ਸੰਗਠਿਤ ਜਾਂਚ ਚੌਕੀ ਅਟਾਰੀ ਰਾਹੀਂ ਹੁੰਦੇ ਭਾਰਤ-ਪਾਕਿਸਤਾਨ ਵਪਾਰ 'ਤੇ ਹੀ ਡਿੱਗੀ ਹੈ, ਜਦਕਿ ਜੰਮੂ-ਕਸ਼ਮੀਰ ਰਾਹੀਂ ਹੁੰਦਾ ਡਿਊਟੀ ਮੁਕਤ ਵਪਾਰ ਸਰਕਾਰੀ ਛਤਰ ਛਾਇਆ ਹੇਠ ਪੂਰੀ ਰਫਤਾਰ ਨਾਲ ਚੱਲ ਰਿਹਾ ਹੈ। ਉਥੇ ਹੀ ਸਮਝੌਤਾ ਰੇਲ-ਗੱਡੀ, ਕੌਮਾਂਤਰੀ ਬੱਸ ਸਰਵਿਸ, ਰੀਟਰੀਟ ਸੈਰੇਮਨੀ ਅਤੇ ਬਾਕੀ ਸਰਕਾਰ ਹਿਤੈਸ਼ੀਆਂ ਦੇ ਸਾਂਝੇ ਸਮਝੌਤੇ ਵਾਲੇ ਪ੍ਰੋਜੈਕਟ ਪਹਿਲਾਂ ਵਾਂਗ ਚੱਲ ਰਹੇ ਹਨ।

ਸਰਕਾਰ ਦੇ ਕਾਹਲੀ ਵਿਚ ਲਏ ਫੈਸਲੇ ਦਾ ਸੇਕ ਜਿਥੇ ਸੈਂਕੜੇ ਛੋਟੇ ਟਰਾਂਸਪੋਰਟਰਾਂ ਤੇ ਹਜ਼ਾਰਾਂ ਕੁਲੀਆਂ ਸਣੇ ਸਿੱਧੇ ਅਸਿੱਧੇ ਰੂਪ ਵਿਚ 10 ਹਜ਼ਾਰ ਦੇ ਕਰੀਬ ਨਿਰਭਰ ਪਰਿਵਾਰਾਂ ਤੱਕ ਪਹੁੰਚ ਰਿਹਾ ਹੈ, ਉਥੇ ਹੀ ਸਰਕਾਰੀ ਮਾਲੀਆ ਵੀ ਕਰੋੜਾਂ ਤੋਂ ਮਨਫ਼ੀ 'ਤੇ ਪਹੁੰਚਿਆ ਹੈ। ਮਜਬੂਰ ਹੋਏ ਟਰਾਂਸਪੋਰਟਰ ਆਪਣੇ ਟਰੱਕ ਘਾਟੇ ਖਾ ਕੇ ਵੇਚ ਰਹੇ ਹਨ। ਜ਼ਿਕਰਯੋਗ ਹੈ ਕਿ 2014-2015 ਵਿਚ ਦੋਵਾਂ ਮੁਲਕਾਂ ਵਿਚਾਲੇ 4485 ਕਰੋੜ ਰੁਪਏ ਵਪਾਰ ਸਿਖਰ 'ਤੇ ਸੀ ਪਰ ਦੋਵਾਂ ਦੇਸ਼ਾਂ ਵਿਚਾਲੇ ਵਧਦੀ ਕੁੜੱਤਣ ਕਾਰਨ ਇਹ 2018-2019 ਵਿਚ ਘੱਟ ਕੇ ਸਿਰਫ 913 ਕਰੋੜ ਰੁਪਏ ਰਹਿ ਗਿਆ। ਟਰਾਂਸਪੋਰਟਰਾਂ ਨੇ ਦੱਸਿਆ ਕਿ ਸਥਾਨਕ ਟਰਾਂਸਪੋਟਰਾਂ ਦੇ 480 ਟਰੱਕ ਅਟਾਰੀ ਸਰਹੱਦ ਤੋਂ ਮਾਲ ਢੋਂਹਦੇ ਸਨ, 100 ਦੇ ਕਰੀਬ ਪਹਿਲਾਂ ਸਰਕਾਰੀ ਨੀਤੀ ਕਾਰਨ ਵਿਕ ਗਏ ਤੇ ਹੁਣ ਟਰੱਕਾਂ ਦੀਆਂ ਕਿਸ਼ਤਾਂ ਨਾ ਭਰਨ ਕਾਰਨ ਬੈਂਕਾਂ ਵਾਲਿਆਂ ਨੇ 100 ਟਰੱਕ ਆਪਣੇ ਕਬਜ਼ੇ ਹੇਠ ਕਰ ਲਏ। ਬਾਕੀ ਖਰਚੇ ਤੋਂ ਬਗੈਰ 85,000 ਰੁਪਏ ਸਾਲਾਨਾ ਟੈਕਸ ਬਣਦੇ ਹਨ, ਜਿਨ੍ਹਾਂ ਤੋਂ ਬਿਨਾਂ ਸਰਕਾਰ ਗੱਡੀ ਸੜਕ 'ਤੇ ਨਹੀਂ ਚੜ੍ਹਨ ਦਿੰਦੀ।

## ਪਾਕਿਸਤਾਨੀ ਵਿਆਹੁੰਦੜ ਨੂੰ 16 ਸਾਲ ਪਿਛੋਂ ਮਿਲਿਆ ਵੋਟ ਦਾ ਹੱਕ

**ਬਟਾਲਾ:** ਪਾਕਿਸਤਾਨ ਤੋਂ 16 ਸਾਲ ਪਹਿਲਾਂ ਵਿਆਹ ਕੇ ਇਤਿਹਾਸਕ ਕਸਬਾ ਕਾਦੀਆਂ ਆਈ ਤਾਹਿਰਾ ਮਕਬੂਲ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਪਹਿਲੀ ਵਾਰ ਆਪਣੀ ਵੋਟ ਪਾਵੇਗੀ। ਉਸ ਲੋਕ ਸਭਾ ਚੋਣਾਂ ਲਈ ਆਪਣੀ ਵੋਟ ਪਾਵੇਗੀ। ਫੈਸਲਾਬਾਦ ਦੀ ਤਾਹਿਰਾ ਜ਼ਹੂਰ (ਹੁਣ ਤਾਹਿਰਾ ਮਕਬੂਲ) ਦਾ ਵਿਆਹ ਕਾਦੀਆਂ ਦੇ ਪੱਤਰਕਾਰ ਮਕਬੂਲ ਅਹਿਮਦ ਨਾਲ 7 ਦਸੰਬਰ 2003 'ਚ ਹੋਇਆ ਸੀ। ਉਸ ਨੂੰ ਭਾਰਤੀ ਵੀਜ਼ਾ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ। ਉਸ ਨੂੰ ਇਹ ਵੀਜ਼ਾ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ, ਮਸ਼ਹੂਰ ਪੱਤਰਕਾਰ ਕੁਲਦੀਪ ਨਈਅਰ, ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਤੇ ਲੇਖਕ ਸਤਨਾਮ ਸਿੰਘ ਮਾਣਕ ਦੇ ਯਤਨਾਂ ਸਦਕਾ ਮਿਲਿਆ।



ਤਾਹਿਰਾ ਮਕਬੂਲ ਨੇ ਦੱਸਿਆ ਕਿ ਉਸ ਨੇ ਕੁਝ ਰਾਜਸੀ ਮੁਸ਼ਕਲਾਂ ਕਾਰਨ ਕਦੇ ਵੀ ਪਾਕਿਸਤਾਨ 'ਚ ਵੋਟ ਨਹੀਂ ਪਾਈ ਸੀ। ਉਸ ਨੂੰ 2016 ਵਿਚ ਜਦੋਂ ਭਾਰਤੀ ਨਾਗਰਿਕਤਾ ਮਿਲੀ ਤਾਂ ਉਸ ਨੂੰ ਭਾਰਤ 'ਚ ਵੋਟ ਪਾਉਣ ਦਾ ਹੱਕ ਹਾਸਿਲ ਹੋ ਗਿਆ ਸੀ। ਉਸ ਨੇ ਦੱਸਿਆ ਕਿ ਲੰਘੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਉਹ ਵੋਟ ਪਾ ਚੁੱਕੀ ਹੈ, ਪਰ ਉਸ ਦਾ ਖਵਾਬ ਸੀ ਕਿ ਉਹ ਲੋਕ ਸਭਾ ਚੋਣਾਂ ਲਈ ਵੋਟ ਪਾਵੇ। ਉਸ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਹੱਕ ਨੂੰ ਜ਼ਰੂਰ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਭਾਰਤ ਦੀ ਜਮਹੂਰੀਅਤ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਹਨ ਅਤੇ ਉਹ ਇਸ ਗੱਲ ਤੋਂ ਕਾਫੀ ਪ੍ਰਭਾਵਿਤ ਹੈ।

ਸਮੇਤ ਹੋਰ ਵੀ ਕਈ ਪਾਕਿਸਤਾਨ ਦੀਆਂ ਵਿਆਂਦੜਾਂ ਹਨ, ਜਿਨ੍ਹਾਂ ਨੂੰ ਭਾਰਤੀ ਨਾਗਰਿਕਤਾ ਲੈਣ ਲਈ ਸਾਲਾਂਬੱਧੀ ਜੱਦੋਜਹਿਦ ਕਰਨੀ ਪਈ ਹੈ। ਬਾਵਜੂਦ ਇਸ ਦੇ ਤਾਹਿਰਾ ਸਮੇਤ ਹੋਰਨਾਂ ਵਿਆਂਦੜਾਂ ਭਾਰਤੀ ਨਾਗਰਿਕਤਾ ਮਿਲਣ 'ਤੇ ਜਿਥੇ ਖੁਸ਼ ਹਨ ਉਥੇ ਕਾਦੀਆਂ 'ਚ ਅੱਧੀ ਦਰਜਨ ਅਤੇ ਪੰਜਾਬ ਭਰ ਤੋਂ ਦਰਜਨ ਦੇ ਕਰੀਬ ਵਿਆਂਦੜਾਂ ਨੂੰ ਭਾਰਤੀ ਨਾਗਰਿਕਤਾ ਲੈਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਤਾਹਿਰਾ ਮਕਬੂਲ ਪਹਿਲੀ ਪਾਕਿਸਤਾਨੀ ਵਿਆਂਦੜ ਹੈ ਜਿਸ ਨੂੰ ਅਪਰੈਲ 2016 'ਚ ਭਾਰਤੀ ਨਾਗਰਿਕਤਾ ਪ੍ਰਾਪਤ ਹੋਈ ਤੇ 27 ਫਰਵਰੀ 2017 ਨੂੰ ਭਾਰਤੀ ਪਾਸਪੋਰਟ ਮਿਲਿਆ। ਉਹ ਹੁਣ ਪਹਿਲੀ ਵਾਰੀ

## ਸਾਊਦੀ ਅਰਬ ਵੱਲੋਂ ਖਸ਼ੋਗੀ ਹੱਤਿਆ ਕਾਂਡ ਦੀ ਕੌਮਾਂਤਰੀ ਜਾਂਚ ਤੋਂ ਇਨਕਾਰ

**ਜਨੇਵਾ:** ਸਾਊਦੀ ਅਰਬ ਨੇ ਪੱਤਰਕਾਰ ਜਮਾਲ ਖਸ਼ੋਗੀ ਦੀ ਹੱਤਿਆ ਸਬੰਧੀ ਨਿਰਪੱਖ ਅਤੇ ਕੌਮਾਂਤਰੀ ਜਾਂਚ ਕਰਾਉਣ ਦੇ ਸੱਦੇ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਊਦੀ ਅਰਬ ਖਸ਼ੋਗੀ ਦੇ ਕਾਤਲਾਂ ਨੂੰ ਕਟਹਿਰੇ ਤੱਕ ਲਿਆਉਣ ਦੇ ਕਾਬਲ ਹੈ। ਜਨੇਵਾ 'ਚ ਸੰਯੁਕਤ ਰਾਸ਼ਟਰ ਮਨੁੱਖੀ ਹੱਕਾਂ ਬਾਰੇ ਪ੍ਰੀਸ਼ਦ ਮੂਹਰੇ ਸਾਊਦੀ ਵਫਦ ਦੇ ਮੁਖੀ ਬੰਦਾਰ ਅਲ-ਐਬਾਨ ਨੇ ਕਿਹਾ ਕਿ ਇਸ ਘਿਨਾਉਣੇ ਕਾਰੇ ਨੂੰ ਹੱਲ ਕਰਨ ਲਈ ਮੁਲਕ ਵੱਲੋਂ ਲੋੜੀਂਦੇ ਕਦਮ ਉਠਾਏ ਜਾ ਰਹੇ ਹਨ। ਸਾਊਦੀ ਅਰਬ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨ ਦੇ ਮੁਖੀ ਐਬਾਨ ਨੇ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਜਾਂਚ ਦੀ ਮੰਗ ਕਰਨ ਨੂੰ ਮੁਲਕ ਦੇ ਅੰਦਰੂਨੀ ਕੇਸਾਂ 'ਚ ਦਖਲ ਮੰਨਿਆ ਜਾਵੇਗਾ।

## ਸਰਹੱਦੀ ਤਣਾਅ ਦੇ ਬਾਵਜੂਦ ਸ਼ਰਧਾਲੂਆਂ ਦੇ ਜਥੇ ਪਾਕਿ ਭੇਜਣ ਦੀਆਂ ਤਿਆਰੀਆਂ

**ਅੰਮ੍ਰਿਤਸਰ:** ਸਰਹੱਦ 'ਤੇ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਭੇਜਣ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ ਵਿਚ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਜਾਣ ਦੇ ਇੱਛੁਕ ਸ਼ਰਧਾਲੂਆਂ ਨੂੰ ਪਾਸਪੋਰਟ ਜਮ੍ਹਾਂ ਕਰਾਉਣ ਕਿਹਾ ਹੈ।



ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸ਼ਰਧਾਲੂਆਂ ਕੋਲੋਂ ਪਾਸਪੋਰਟ ਲਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦੇ ਜਥੇ ਗੁਰਪੁਰਬ ਮੌਕੇ ਪਾਕਿਸਤਾਨ ਭੇਜਣ ਲਈ ਤਿਆਰੀ ਸ਼ੁਰੂ ਕੀਤੀ ਗਈ ਹੈ ਪਰ ਇਸ ਸਬੰਧੀ ਅੰਤਿਮ ਫੈਸਲਾ ਦੋਵਾਂ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ 'ਤੇ ਨਿਰਭਰ ਕਰਦਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਕਿਹਾ ਕਿ ਪੰਜਵੇਂ ਗੁਰੂ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਕੋਲੋਂ ਪਾਸਪੋਰਟ ਮੰਗੇ ਗਏ ਹਨ। ਸ਼ਰਧਾਲੂਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਾਸਪੋਰਟ ਸ਼੍ਰੋਮਣੀ ਕਮੇਟੀ ਦਫਤਰ ਭੇਜਣ। ਸ਼ਰਧਾਲੂਆਂ ਨੂੰ ਪਾਸਪੋਰਟ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੀ ਸਿਫਾਰਸ਼ ਸਮੇਤ ਆਪਣਾ ਪਛਾਣ ਪੱਤਰ ਵੀ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ।

## ਅਮਰੀਕੀ ਸਿੱਖਾਂ ਵੱਲੋਂ ਭਾਰਤੀ ਰਾਜਦੂਤ ਨੂੰ ਯਾਦ-ਪੱਤਰ

**ਕਰਤਾਰਪੁਰ**

**ਵਾਸ਼ਿੰਗਟਨ:** ਅਮਰੀਕਾ ਰਹਿੰਦੇ ਸਿੱਖਾਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਏ ਕਿ ਪੁਲਵਾਮਾ ਦਹਿਸ਼ਤੀ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਆਈ ਤਲਖੀ ਨਾਲ ਕਰਤਾਰਪੁਰ ਲਾਂਘੇ ਦਾ ਕੰਮ ਅਸਰਅੰਦਾਜ਼ ਨਾ ਹੋਵੇ। ਮੁਲਕ ਦੇ ਵੱਖ ਵੱਖ ਹਿੱਸਿਆਂ ਤੋਂ ਇਕੱਤਰ ਹੋਏ ਉੱਘੇ ਸਿੱਖ-ਅਮਰੀਕੀਆਂ ਦੇ ਇਕ ਵਫਦ ਨੇ ਵਾਸ਼ਿੰਗਟਨ ਡੀ. ਸੀ. ਵਿਚ ਭਾਰਤੀ ਅੰਬੈਸੀ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਯਾਦ-ਪੱਤਰ ਦਿੱਤਾ।

ਕੈਲੀਫੋਰਨੀਆ ਆਧਾਰਿਤ ਯੂਨਾਈਟਿਡ ਸਿੱਖ ਮਿਸ਼ਨ ਦੇ ਬੈਨਰ ਹੇਠ ਇਕੱਤਰ ਸਿੱਖਾਂ ਦੇ ਇਸ ਵਫਦ ਨੇ ਦੋ ਸੈਨੇਟਰਾਂ ਤੇ ਕਾਂਗਰਸਮੈਨ ਗਰੈਗ ਪੈਂਸ (ਜੋ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਦੇ ਵੱਡੇ ਭਰਾ ਹਨ) ਸਮੇਤ ਦਰਜਨ ਦੇ ਕਰੀਬ ਕਾਨੂੰਨਘਾੜਿਆਂ ਨਾਲ ਵੀ ਮੁਲਾਕਾਤ ਕੀਤੀ। ਵਫਦ ਨੇ ਕਾਨੂੰਨਘਾੜਿਆਂ ਨੂੰ ਅਪੀਲ ਕੀਤੀ ਕਿ ਖਿੱਤੇ ਵਿਚ ਅਮਨ ਯਕੀਨੀ ਬਣਾਉਣ ਲਈ ਅਮਰੀਕਾ ਅਹਿਮ ਭੂਮਿਕਾ ਨਿਭਾਏ।

ਭਾਰਤੀ ਅੰਬੈਸੀ ਨੂੰ ਯਾਦ-ਪੱਤਰ ਦੇਣ ਵਾਲੇ ਸਿੱਖ ਵਫਦ ਵਿਚ ਜਿਨ੍ਹਾਂ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ, ਉਨ੍ਹਾਂ ਵਿਚ ਇੰਡਿਆਨਾ ਤੋਂ ਸਿੱਖਸ ਪੈਕ, ਓਰੇਗਾਨ ਦੀ ਗਦਰ ਮੈਮੋਰੀਅਲ ਫਾਉਂਡੇਸ਼ਨ, ਵਰਜੀਨੀਆ ਦੀ ਸਿੱਖ ਸੇਵਾ, ਇਲੀਨਾਏ ਦੀ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਨਿਊ ਜਰਸੀ ਦੀ 'ਲੈਟ ਅਸ ਸ਼ੇਅਰ ਏ ਮੀਲ' ਅਤੇ ਵੱਖ ਵੱਖ ਗੁਰਦੁਆਰਾ ਕਮੇਟੀਆਂ ਦੇ ਮੈਂਬਰ ਸ਼ਾਮਲ ਸਨ।

ਯੂਨਾਈਟਿਡ ਸਿੱਖ ਮਿਸ਼ਨ ਦੇ ਬਾਨੀ ਰਸ਼ਪਾਲ ਸਿੰਘ ਢੀਂਡਸਾ ਨੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਹਰਸ਼ ਵਰਧਨ ਸ਼੍ਰਿੰਗਲਾ ਨੂੰ ਯਾਦ-ਪੱਤਰ ਦਿੰਦਿਆਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ ਜਾਰੀ ਕਸ਼ੀਦਗੀ ਕਰਕੇ ਕਰਤਾਰਪੁਰ ਲਾਂਘੇ ਦੇ ਕੰਮ ਦੀ ਰਫਤਾਰ ਮੱਧਮ ਨਾ ਪਏ। ਯਾਦ-ਪੱਤਰ ਵਿਚ ਲਾਂਘਾ ਖੋਲ੍ਹਣ ਦੀ ਦਿੱਤੀ ਪ੍ਰਵਾਨਗੀ ਨੂੰ ਸਹੀ ਦਿਸ਼ਾ ਵਿਚ ਚੁੱਕਿਆ ਸਿਰੇ ਦਾ ਕਦਮ ਦੱਸਦਿਆਂ ਕਿਹਾ ਗਿਆ ਹੈ ਕਿ ਹੁਣ ਸਮਾਂ ਹੈ ਜਦੋਂ ਲਗਾਤਾਰ ਯਤਨ ਕਰਕੇ ਮੌਜੂਦਾ ਹਾਲਾਤ ਦਾ ਕੋਈ ਸ਼ਾਂਤੀ ਪੂਰਵਕ ਹੱਲ ਕੱਢਿਆ ਜਾਵੇ।

# ਪੰਜਾਬ ਸੈਕੂਲਰ ਅਲਾਇੰਸ ਵੱਲੋਂ 13 ਸੀਟਾਂ 'ਤੇ ਚੋਣ ਲੜਨ ਦਾ ਐਲਾਨ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦਾ ਐਲਾਨ ਕਰਦਿਆਂ ਹੀ ਪੰਜਾਬ ਵਿਚ ਨਵੀਆਂ ਪਾਰਟੀਆਂ ਤੇ ਗੱਠਜੋੜ ਬਣਨ ਦੀ ਬਹਾਰ ਆ ਗਈ ਹੈ, ਇਸੇ ਲੜੀ ਤਹਿਤ ਇਕ ਹੋਰ ਗੱਠਜੋੜ ਸਾਹਮਣੇ ਆਇਆ ਹੈ। ਸੂਬੇ ਦੀਆਂ 4 ਛੋਟੀਆਂ ਪਾਰਟੀਆਂ ਨੇ 'ਪੰਜਾਬ ਸੈਕੂਲਰ ਅਲਾਇੰਸ' ਬਣਾ ਕੇ ਪੰਜਾਬ ਦੇ ਸਮੂਹ 13 ਲੋਕ ਸਭਾ ਹਲਕਿਆਂ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਅਲਾਇੰਸ ਨੇ 'ਨਹੀਂ ਚਾਹੀਦਾ ਹੁਣ ਐਕਟਰ, ਨਾ ਕੋਈ ਬੈਡ ਕਰੈਕਟਰ' ਦਾ ਨਾਅਰਾ ਦਿੰਦਿਆਂ ਸਾਧਾਰਨ ਅਤੇ ਉੱਚੀ ਸੋਚ ਵਾਲੀਆਂ ਸ਼ਖ਼ਸੀਅਤਾਂ ਨੂੰ ਚੋਣ ਲੜਾਉਣ ਦਾ ਐਲਾਨ ਕੀਤਾ ਹੈ।

ਇਹ ਅਲਾਇੰਸ ਚਾਰ ਪਾਰਟੀਆਂ ਸੰਵਿਧਾਨ ਬਚਾਓ ਦੇਸ਼ ਬਚਾਓ, ਰਾਸ਼ਟਰੀ ਜਨ ਸ਼ਕਤੀ ਪਾਰਟੀ (ਸੈਕੂਲਰ), ਲੋਕ ਮੰਚ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਅਧਾਰਤ ਬਣਾਇਆ ਹੈ। ਇਸ ਅਲਾਇੰਸ ਦੇ ਕਨਵੀਨਰ ਮਰਹੂਮ ਕਾਂਸ਼ੀ ਰਾਮ ਦੇ ਭਤੀਜੇ ਚਰਨਜੀਤ ਸਿੰਘ ਆਜ਼ਾਦ ਨੂੰ ਨਿਯੁਕਤ ਕੀਤਾ ਹੈ। ਸ੍ਰੀ ਆਜ਼ਾਦ ਸਣੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਡਾ. ਰਾਜ ਰਤਨ (ਡਾ. ਬੀਆਰ ਅੰਬੇਡਕਰ ਦੇ ਪੜਪੋਤੇ), ਟਰੇਡ ਯੂਨੀਅਨ ਆਗੂ ਨਾਜਰ ਸਿੰਘ, ਬਲਵਿੰਦਰ ਸਿੰਘ ਬਾਜਵਾ ਅਤੇ ਸਵਾਮੀ ਇੰਦਰ ਨੇ ਚਾਰ ਉਮੀਦਵਾਰਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਬਾਕੀ ਨੌਂ ਉਮੀਦਵਾਰਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ। ਅਲਾਇੰਸ ਵੱਲੋਂ ਨਾਜਰ ਸਿੰਘ ਦੀ ਪਤਨੀ, ਟੀਚਰ ਯੂਨੀਅਨ ਤੇ ਇਸਤਰੀ ਵਿੰਗ ਦੀ ਪ੍ਰਮੁੱਖ ਆਗੂ ਰਹੀ ਸੁਰਿੰਦਰ ਕੌਰ ਨੂੰ ਆਨੰਦਪੁਰ ਸਾਹਿਬ ਹਲਕੇ ਲਈ ਉਮੀਦਵਾਰ ਐਲਾਨਿਆ ਹੈ। ਦੱਸਣਯੋਗ ਹੈ ਕਿ ਨਾਜਰ ਸਿੰਘ ਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਪਹਿਲਾਂ ਸੀ.ਪੀ.ਆਈ. (ਐਮ) ਨੂੰ ਛੱਡ ਕੇ 'ਆਪ' ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਇਲਾਵਾ ਪ੍ਰੇਮ ਸਫਰੀ ਨੂੰ ਫਰੀਦਕੋਟ, ਨੀਤੂ ਸਿੰਘ ਨੂੰ ਲੁਧਿਆਣਾ ਅਤੇ ਪਹਿਲਾਂ ਬਸਪਾ ਦੀ ਟਿਕਟ ਤੋਂ ਚੋਣ ਲੜ ਚੁੱਕੇ ਜਗਦੀਪ ਸਿੰਘ ਨੂੰ ਫਤਹਿਗੜ੍ਹ ਲੋਕ ਸਭਾ ਹਲਕਿਆਂ ਲਈ ਉਮੀਦਵਾਰ ਐਲਾਨਿਆ ਹੈ।

ਆਗੂਆਂ ਨੇ ਕਿਹਾ ਕਿ ਅਜੋਕੇ ਯੁਗ ਵਿਚ ਗਰੀਬ ਅਤੇ ਲੋਕ ਸੇਵਾ ਕਰਨ ਦੇ ਸਮਰੱਥ ਸ਼ਖ਼ਸੀਅਤਾਂ ਨੂੰ ਰਵਾਇਤੀ ਪਾਰਟੀਆਂ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਆਦਿ ਵਿਚ ਟਿਕਟ ਮਿਲਣ ਜਾਂ ਯੋਗ ਅਹੁਦਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਸਿਆਸਤ ਜਾਤਾਂ-ਪਾਤਾਂ ਅਤੇ ਧਰਮਾਂ ਤੱਕ ਹੀ ਸੀਮਤ ਕੀਤੀ ਗਈ ਹੈ ਅਤੇ ਲੋਕ ਮੁੱਦੇ ਗੁੰਮ




ਹੁੰਦੇ ਜਾ ਰਹੇ ਹਨ। ਬੇਰੁਜ਼ਗਾਰੀ ਵਧਦੀ ਜਾ ਰਹੀ ਹੈ ਅਤੇ ਨਵੀਂ ਪੀੜ੍ਹੀ ਆਪਣੇ ਰੁਜ਼ਗਾਰ ਲਈ ਵਿਦੇਸ਼ਾਂ ਵਿਚ ਜਾਣ ਵਾਸਤੇ ਮਜਬੂਰ ਹੈ। ਲੋਕ ਮੰਚ ਪੰਜਾਬ ਦੇ ਜਨਰਲ ਸਕੱਤਰ ਨਾਜਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਲੋਕ ਮੁੱਦੇ ਉਠਾਉਣ ਲਈ ਚੋਣ ਮੈਦਾਨ ਵਿਚ ਉਤਰੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਸਿਆਸੀ ਪਿੜ ਵਿਚ ਲੋਕਾਂ ਦੀ ਤਰਸਯੋਗ ਹਾਲਤ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਉਠਾਉਣ ਵਾਲੀ ਕੋਈ ਯੋਗ ਆਵਾਜ਼ ਹੀ ਨਜ਼ਰ ਨਹੀਂ ਪੈ ਰਹੀ। ਉਹ ਆਪਣੇ ਚੋਣ ਪ੍ਰਚਾਰ ਰਾਹੀਂ ਲੋਕਾਂ ਕੋਲ ਜਾ ਕੇ ਮੌਜੂਦਾ ਸਿਆਸੀ ਸਿਸਟਮ ਬਾਰੇ ਤੇ ਲੋਕਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਕਰਨ ਦਾ ਯਤਨ ਕਰਨਗੇ।

# ਐਤਕੀਂ ਉਮੀਦਵਾਰਾਂ ਦਾ ਵਿਦੇਸ਼ੀ ਧਨ ਹੋਵੇਗਾ ਜੱਗ ਜਾਹਰ

**ਬਠਿੰਡਾ:** ਲੋਕ ਸਭਾ ਚੋਣਾਂ ਵਿਚ ਐਤਕੀਂ ਉਮੀਦਵਾਰਾਂ ਨੂੰ ਵਿਦੇਸ਼ਾਂ ਵਿਚਲੀ ਜਾਇਦਾਦ ਅਤੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਪੂੰਜੀ ਦਾ ਵੇਰਵਾ ਵੀ ਦੇਣਾ ਪਵੇਗਾ। ਚੋਣ ਕਮਿਸ਼ਨ ਨੇ ਉਮੀਦਵਾਰਾਂ ਵੱਲੋਂ ਜਾਇਦਾਦ ਦੇ ਵੇਰਵੇ ਜਨਤਕ ਕਰਨ ਵਾਲੇ ਫਾਰਮ 26-ਏ ਵਿਚ ਹੋਈ ਨਵੀਂ ਸੋਧ ਤੋਂ ਜਾਣੂ ਕਰਾਇਆ ਹੈ। ਪਹਿਲਾਂ ਉਮੀਦਵਾਰਾਂ ਵੱਲੋਂ ਸਿਰਫ ਦੇਸ਼ ਵਿਚਲੀ ਚੱਲ ਅਚੱਲ ਸੰਪਤੀ ਨੂੰ ਜਨਤਕ ਤੌਰ 'ਤੇ ਨਸ਼ਰ ਕੀਤਾ ਜਾਂਦਾ ਸੀ। ਕਾਨੂੰਨ ਮੰਤਰਾਲੇ ਵੱਲੋਂ ਕੀਤੀ ਸੋਧ ਮਗਰੋਂ ਚੋਣ ਕਮਿਸ਼ਨ ਨੇ ਨਵੇਂ ਫਾਰਮ 26-ਏ ਦਾ ਨਮੂਨਾ ਜਾਰੀ ਕਰ ਦਿੱਤਾ ਹੈ। ਜਿਨ੍ਹਾਂ ਉਮੀਦਵਾਰਾਂ ਦੇ ਖੁਦ ਜਾਂ ਆਸ਼ਰਿਤ ਮੈਂਬਰਾਂ ਦੇ ਨਾਮ 'ਤੇ ਵਿਦੇਸ਼ ਵਿਚ ਕੋਈ ਜਾਇਦਾਦ ਹੋਵੇਗੀ, ਉਸ ਨੂੰ ਜੱਗ ਜ਼ਾਹਿਰ ਕਰਨਾ ਪਵੇਗਾ।

ਚੋਣ ਕਮਿਸ਼ਨ ਵੱਲੋਂ ਜਾਰੀ ਪੱਤਰ ਅਨੁਸਾਰ ਉਮੀਦਵਾਰਾਂ ਨੂੰ ਵਿਦੇਸ਼ ਵਿਚਲੀ ਕਿਸੇ ਵੀ ਬੈਂਕ ਜਾਂ ਵਿੱਤੀ ਸੰਸਥਾ ਵਿਚਲੇ ਖਾਤੇ ਦੀ ਜਾਣਕਾਰੀ ਵੀ ਦੇਣੀ ਪਵੇਗੀ। ਵਿਦੇਸ਼ੀ ਚੱਲ ਅਚੱਲ ਸੰਪਤੀ ਦਾ ਵਿਸਥਾਰ ਦੇਣਾ ਪਵੇਗਾ। ਸੀਨੀਅਰ ਐਡਵੋਕੇਟ ਐਨ.ਕੇ.ਜੀਤ ਦਾ ਕਹਿਣਾ ਸੀ ਕਿ ਬਹੁਤੇ ਸਿਆਸੀ ਲੀਡਰ ਵਿਦੇਸ਼ਾਂ ਵਿਚ ਬੇਨਾਮੀ ਜਾਇਦਾਦ ਰੱਖਦੇ ਹਨ, ਜਿਸ ਕਰਕੇ ਨਵੀਂ ਸੋਧ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕਰ ਸਕੇਗੀ। ਚੋਣ ਕਮਿਸ਼ਨ ਅਨੁਸਾਰ ਹਰ ਉਮੀਦਵਾਰ ਨੂੰ ਪੰਜ ਵਰ੍ਹਿਆਂ ਦੀਆਂ ਆਮਦਨ ਕਰ ਦੀਆਂ ਰਿਟਰਨਾਂ ਦਾ ਖੁਲਾਸਾ ਵੀ ਕਰਨਾ ਪਵੇਗਾ। ਜੋ ਜਾਇਦਾਦ ਨਸ਼ਰ ਕਰਨ ਵਾਲਾ ਹਲਫੀਆ ਬਿਆਨ ਉਮੀਦਵਾਰ ਦੇਣਗੇ, ਉਸ ਵਿਚ ਹੁਣ ਉਮੀਦਵਾਰਾਂ ਨੂੰ ਸਰਕਾਰੀ ਅਦਾਰਿਆਂ ਦੇ ਬਕਾਇਆ ਬਾਰੇ ਵੀ ਜਾਣਕਾਰੀ ਦੇਣੀ ਪਵੇਗੀ। ਪਹਿਲਾਂ ਇਹ ਬਕਾਏ ਫਾਰਮ 26-ਏ ਵਿਚ ਸ਼ਾਮਲ ਨਹੀਂ ਕੀਤੇ ਜਾਂਦੇ ਸਨ। ਹੁਣ ਇਨ੍ਹਾਂ ਦਾ ਹਲਫੀਆ ਬਿਆਨ ਵਿਚ ਹੀ ਵੱਖਰਾ ਕਾਲਮ ਬਣਾਇਆ ਗਿਆ ਹੈ। ਵੇਰਵਿਆਂ ਅਨੁਸਾਰ ਸਥਾਨਿਕ ਨਗਰ ਕੌਂਸਲ/ਨਗਰ ਪੰਚਾਇਤ/ਨਗਰ ਨਿਗਮ ਤੋਂ ਇਲਾਵਾ ਟੈਲੀਫੋਨ ਵਿਭਾਗ, ਬਿਜਲੀ ਪਾਣੀ ਮਹਿਕਮੇ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਬਕਾਇਆ ਬਾਰੇ ਵੀ ਹਰ ਉਮੀਦਵਾਰਾਂ ਨੂੰ ਦੱਸਣਾ ਪੈਣਾ ਹੈ। ਹੈਲੀਕਾਪਟਰ ਆਦਿ ਦੇ ਬਕਾਇਆ ਦੀ ਵੱਖਰੀ ਜਾਣਕਾਰੀ ਦੇਣੀ ਪਵੇਗੀ।

ਨਵੀਂ ਸੋਧ ਮਗਰੋਂ ਫਾਰਮ 26-ਏ ਦਾ ਮੁਹਾਂਦਰਾ ਹੁਣ ਕਾਫੀ ਬਦਲ ਦਿੱਤਾ ਗਿਆ ਹੈ। ਅਜਿਹੇ ਉਮੀਦਵਾਰਾਂ ਨੂੰ ਤਾੜਨਾ ਵੀ ਕੀਤੀ ਗਈ ਹੈ ਕਿ ਜੋ ਸੰਪਤੀ ਦੇ ਵੇਰਵੇ ਸਾਫ ਤੇ ਸਪੱਸ਼ਟ ਨਹੀਂ ਲਿਖਦੇ ਹਨ। ਚੋਣ ਕਮਿਸ਼ਨ ਵੱਲੋਂ ਇਹ ਸੋਧ ਇਸ ਨਜ਼ਰ ਤੋਂ ਕੀਤੀ ਗਈ ਹੈ ਕਿ ਕਈ ਉਮੀਦਵਾਰਾਂ ਦੇ ਵਿਦੇਸ਼ਾਂ ਵਿਚ ਬੈਂਕ ਖਾਤੇ ਅਤੇ ਸੰਪਤੀ ਹੁੰਦੀ ਹੈ, ਜਿਸ ਤੋਂ ਵੋਟਰ ਅਣਜਾਣ ਰਹਿ ਜਾਂਦੇ ਹਨ। ਨਵੀਂ ਸੋਧ ਮਗਰੋਂ ਬਹੁਤੇ ਉਮੀਦਵਾਰਾਂ ਦੀ ਵਿਦੇਸ਼ੀ ਪੂੰਜੀ ਦੀ ਪੋਲ ਵੀ ਹੁਣ ਖੁੱਲ੍ਹ ਜਾਵੇਗੀ।

ਵਿਦੇਸ਼ੀ ਸੰਪਤੀ ਦੇ ਵੇਰਵੇ ਦੇਣ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ ਇਸੇ ਤਰ੍ਹਾਂ ਹੀ ਸੰਸਦੀ ਫੰਡਾਂ ਅਤੇ ਵਿਧਾਇਕਾਂ ਦੇ ਅਖਤਿਆਰੀ ਫੰਡ ਰਲੀਜ਼ ਕਰਨ 'ਤੇ ਵੀ ਰੋਕ ਲਾ ਦਿੱਤੀ ਹੈ। ਜਿਨ੍ਹਾਂ ਸੰਸਦੀ ਮੈਂਬਰਾਂ ਅਤੇ ਵਿਧਾਇਕਾਂ ਨੇ ਫੰਡ ਆਪਣੀ ਤਰਫੋਂ ਦੇ ਦਿੱਤੇ ਹਨ ਪਰ ਖ਼ਜ਼ਾਨੇ 'ਚੋਂ ਜਾਰੀ ਨਹੀਂ ਹੋਏ ਹਨ, ਫੰਡ ਹੁਣ ਚੋਣਾਂ ਮਗਰੋਂ ਹੀ ਜਾਰੀ ਹੋ ਸਕਣਗੇ।

# ਬੱਬੀ ਬਾਦਲ ਵੱਲੋਂ ਸੁਖਬੀਰ ਨੂੰ ਝਟਕਾ

**ਚੰਡੀਗੜ੍ਹ:** ਬਾਦਲ ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਪਿਛਲੇ 25 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਵਿਚ ਕਈ ਜ਼ਿੰਮੇਵਾਰੀਆਂ ਨਿਭਾ ਚੁੱਕੇ ਹਰਸੁਖਇੰਦਰ ਸਿੰਘ ਉਰਫ ਬੱਬੀ ਬਾਦਲ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਹੋ



ਗਏ ਹਨ। ਇਸ ਸਿਆਸੀ ਘਟਨਾਕ੍ਰਮ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭਾਰੀ ਝਟਕਾ ਲੱਗਾ ਹੈ।

ਟਕਸਾਲੀ ਦਲ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਬੱਬੀ ਬਾਦਲ ਦੇ ਪਾਰਟੀ ਵਿਚ ਸ਼ਾਮਲ ਹੁੰਦਿਆਂ ਹੀ ਉਸ ਨੂੰ ਪਾਰਟੀ ਦੇ ਯੂਥ ਵਿੰਗ ਦਾ ਪ੍ਰਧਾਨ ਬਣਾ ਕੇ ਬਾਦਲ ਪਰਿਵਾਰ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਤੋਂ ਸੰਕੇਤ ਮਿਲੇ ਹਨ ਕਿ ਜਿਵੇਂ ਕਾਂਗਰਸ 'ਘਰ ਦੇ ਭੇਤੀ' ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਸਮੇਂ-ਸਮੇਂ ਬਾਦਲਾਂ ਉਪਰ ਨਿੱਜੀ ਹਮਲੇ ਕਰਨ ਲਈ ਵਰਤਦੀ ਆ ਰਹੀ ਹੈ, ਉਸੇ ਤਰ੍ਹਾਂ ਟਕਸਾਲੀ ਵੀ ਹੁਣ ਬੱਬੀ ਬਾਦਲ ਦੀ ਬਾਦਲਾਂ ਖਿਲਾਫ ਵਰਤੋਂ ਕਰਨਗੇ। ਇਸ ਮੌਕੇ ਬੱਬੀ ਬਾਦਲ ਨੇ ਕਿਹਾ ਕਿ ਬਾਦਲ ਦਲ ਵਿਚ ਉਸ ਨੇ 25 ਸਾਲ ਤਕ ਕਈ ਅਹਿਮ ਅਹੁਦਿਆਂ ਉਪਰ ਜ਼ਿੰਮੇਵਾਰੀਆਂ ਨਿਭਾਈਆਂ ਹਨ ਪਰ ਪਿਛਲੇ ਲੰਮੇ ਸਮੇਂ ਤੋਂ ਉਨ੍ਹਾਂ ਦਾ ਉਥੇ ਦਮ ਘੁਟ ਰਿਹਾ ਸੀ।

ਉਨ੍ਹਾਂ ਕਿਹਾ ਕਿ ਰਿਸ਼ਤੇਦਾਰੀ ਦੀਆਂ ਤੰਦਾਂ ਨੂੰ ਤੋੜਨਾ ਸੌਖਾ ਨਹੀਂ ਹੈ, ਜਿਸ ਕਾਰਨ ਉਨ੍ਹਾਂ ਨੂੰ ਇਹ ਫੈਸਲਾ ਲੈਣ ਵਿਚ ਲੰਮਾ ਸਮਾਂ ਲੱਗ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਬਿਕਰਮ ਸਿੰਘ ਮਜੀਠੀਆ ਅਕਾਲੀ ਦਲ ਉਪਰ ਭਾਰੂ ਹੋਇਆ ਹੈ, ਬਾਦਲ ਦਲ ਵਿਚ ਕਦਰਾਂ-ਕੀਮਤਾਂ ਤੇ ਰਵਾਇਤਾਂ ਦਾ ਘਾਣ ਹੋ ਰਿਹਾ ਹੈ। ਸ. ਮਜੀਠੀਆ ਨੂੰ ਸਾਰੇ ਅਹੁਦੇ ਤਿਆਗ ਕੇ ਪਹਿਲਾਂ ਡਰੱਗ ਦੇ ਮਾਮਲੇ ਵਿਚ ਕਲੀਨ ਚਿੱਟ ਲਿਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੁਣ ਬਾਦਲਾਂ ਨੇ ਬੇਅਦਬੀਆਂ ਦੇ ਮਾਮਲੇ ਦੀ ਪੜਤਾਲ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਬਾਈਕਾਟ ਕਰਨ ਦਾ ਫੈਸਲਾ ਲੈ ਕੇ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਸਮਝਣ ਦੀ ਭੁੱਲ ਕੀਤੀ ਹੈ।

# ਪਟਿਆਲਾ ਸੀਟ ਬਣੀ ਵੱਕਾਰ ਦਾ ਸਵਾਲ

**ਪਟਿਆਲਾ:** ਪਟਿਆਲਾ ਲੋਕ ਸਭਾ ਸੀਟ ਉਤੇ ਚਾਰ ਰਾਜਸੀ ਧਿਰਾਂ ਦਰਮਿਆਨ ਸਿਆਸੀ ਘੋਲ ਹੋ ਸਕਦਾ ਹੈ। ਪੰਜਾਬ ਡੈਮੋਕਰੇਟਿਕ ਅਲਾਇੰਸ ਨੇ ਭਾਵੇਂ 'ਆਪ' ਦੇ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦਾ ਨਾਂ ਹੀ ਐਲਾਨਿਆ ਹੋਇਆ ਹੈ ਪਰ ਤੀਜੀ ਧਿਰ ਵਜੋਂ ਕਾਂਗਰਸ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਦਾ ਨਾਂ ਹੀ ਸਾਹਮਣੇ ਆਉਣ ਦੀ ਸੰਭਾਵਨਾ ਹੈ। ਇਸ ਸੀਟ ਸਬੰਧੀ ਮੁੱਢਲੇ ਤੌਰ 'ਤੇ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੋਤੀ ਮਹਿਲ ਸਮੇਤ ਸਾਰੀਆਂ ਅਹਿਮ ਰਾਜਸੀ ਧਿਰਾਂ ਸਿਆਸੀ ਖੌਫ ਵਿਚ ਹਨ।

ਸਾਲ 2014 'ਚ ਆਏ ਹੈਰਾਨੀਜਨਕ ਨਤੀਜਿਆਂ 'ਚੋਂ ਡਾ. ਧਰਮਵੀਰ ਗਾਂਧੀ 3.65 ਲੱਖ ਵੋਟਾਂ ਲੈ ਕੇ ਜੇਤੂ ਬਣੇ ਸਨ, ਜਦੋਂ ਕਿ ਤਿੰਨ ਵਾਰ ਦੀ ਜੇਤੂ ਬੀਬੀ ਪਰਨੀਤ ਕੌਰ ਨੂੰ 3.44 ਲੱਖ ਵੋਟਾਂ ਹੀ ਮਿਲੀਆਂ ਸਨ। ਅਕਾਲੀ ਦਲ ਦੇ ਦੀਪਿੰਦਰ ਸਿੰਘ 3.40 ਲੱਖ ਵੋਟਾਂ ਨਾਲ ਤੀਜੇ ਨੰਬਰ ਉਤੇ ਰਹਿ ਗਏ ਸਨ। ਪਿਛਲੀ ਵਾਰ ਆਪ ਦੀ ਹਵਾ ਨੇ ਕਾਂਗਰਸ ਦਾ ਕਾਫੀ ਨੁਕਸਾਨ ਕੀਤਾ ਸੀ। ਅਜਿਹੇ 'ਚ ਐਤਕੀਂ ਮੋਤੀ ਮਹਿਲ ਇਸ ਚੋਣ ਪਿੜ ਨੂੰ ਲੈ ਕੇ ਵੱਡੇ ਖੌਫ 'ਚ ਦੱਸਿਆ ਜਾ ਰਿਹਾ ਹੈ। ਆਪ ਦੇ ਐਮ.ਪੀ ਡਾ.ਧਰਮਵੀਰ ਗਾਂਧੀ ਨੇ 32.62 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਇਸ ਨਾਲ ਕਾਂਗਰਸ ਨੂੰ ਸਿੱਧੇ ਤੌਰ ਉਤੇ ਰਵਾਇਤੀ ਵੋਟ ਬੈਂਕ 'ਚ 19.91 ਫੀਸਦੀ ਦਾ ਨੁਕਸਾਨ ਹੋਇਆ ਸੀ। ਸੂਤਰ ਦੱਸਦੇ ਹਨ ਕਿ ਕਾਂਗਰਸ ਵੱਡੀ ਚਿੰਤਾ 'ਚ ਹੈ ਕਿ ਐਤਕੀਂ 19.91 ਫੀਸਦੀ ਦੀ ਭਰਪਾਈ ਲਈ ਵੱਡੇ ਯਤਨ ਜੁਟਾਉਣੇ ਪੈਣਗੇ।

ਅਕਾਲੀ ਦਲ ਇਸ ਗੱਲੋਂ ਫਿਕਰਮੰਦੀ 'ਚ ਹੈ ਕਿ ਪਿਛਲੀ ਵਾਰ ਤੀਜੀ ਥਾਂ ਹੀ ਮੱਲੀ ਜਾ ਸਕੀ ਸੀ। ਇਸ ਸੀਟ ਉਤੇ ਭਾਵੇਂ ਕਦੀ ਅਕਾਲੀ ਦਲ ਦਾ ਦਬਦਬਾ ਵੀ ਰਿਹਾ ਸੀ ਤੇ ਪੰਥ ਰਤਨ ਸਵ. ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਇਥੋਂ ਜਿੱਤ ਕੇ ਪਾਰਲੀਮੈਂਟ ਗਏ ਸਨ ਤੇ ਲਗਾਤਾਰ ਦੋ ਵਾਰ 1996 ਤੇ 1998 ਵਿਚ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਜਿੱਤਣ 'ਚ ਕਾਮਯਾਬ ਰਹੇ ਸਨ। ਇਕ ਵਾਰ ਤਾਂ ਪ੍ਰੋ.ਚੰਦੂਮਾਜਰਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਚਿੱਤ ਕਰ ਦਿੱਤਾ ਸੀ ਪਰ ਪਿਛਲੀ ਵਾਰ 9.92 ਫੀਸਦੀ ਦੀ ਵੋਟ ਬੈਂਕ 'ਚ ਆਈ ਗਿਰਾਵਟ ਤੋਂ ਇਹ ਪਾਰਟੀ ਹਾਲੇ ਵੀ ਭੈਅ ਖਾ ਰਹੀ ਹੈ। ਪਿਛਲੀ ਵਾਰ ਅਕਾਲੀ ਦਲ ਨੂੰ 30.34 ਫੀਸਦੀ ਵੋਟਾਂ ਪਈਆਂ ਸਨ ਜਿਹੜੀਆਂ ਕਿ ਕਾਂਗਰਸ ਤੋਂ ਮਹਿਜ਼ .28 ਫੀਸਦੀ ਹੀ ਘੱਟ ਸਨ। ਇਸ ਵਾਰ 'ਆਪ' ਖੁਦ ਵੀ ਅਜਿਹੀ ਫਿਕਰਮੰਦੀ 'ਚ ਹੈ ਕਿ ਕੀ ਉਹ ਪਿਛਲੀ ਵਾਰ ਵਾਲੀ ਕਾਰਗੁਜ਼ਾਰੀ ਦੁਹਰਾ ਸਕੇਗੀ।

# ਡੈਮੋਕਰੈਟਿਕ ਅਲਾਇੰਸ ਨੇ ਪਰਮਜੀਤ ਕੌਰ ਖਾਲੜਾ ਨੂੰ ਮੈਦਾਨ 'ਚ ਉਤਾਰਿਆ

**ਤਰਨ ਤਾਰਨ:** ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲੇ ਪੰਜਾਬ ਡੈਮੋਕਰੈਟਿਕ ਅਲਾਇੰਸ ਵੱਲੋਂ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਮਨੁੱਖੀ ਹੱਕਾਂ ਲਈ ਕੁਰਬਾਨੀ ਦੇਣ ਵਾਲੇ



ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੂੰ ਚੋਣ ਮੈਦਾਨ ਵਿਚ ਉਤਾਰਨ ਨਾਲ ਇਸ ਹਲਕੇ ਤੋਂ ਮੁਕਾਬਲਾ ਦਿਲਚਸਪ ਬਣ ਜਾਣ ਦੀ ਉਮੀਦ ਹੈ। ਇਸ ਨਾਲ ਸੂਬੇ ਅੰਦਰ ਲੰਬਾ ਸਮਾਂ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਭਖਦਾ ਮੁੱਦਾ ਇਕ ਵਾਰ ਫਿਰ ਤੋਂ ਚਰਚਾ ਵਿਚ ਆ ਜਾਵੇਗਾ।

ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਨੂੰ ਸਤੰਬਰ 1995 ਨੂੰ ਤਰਨ ਤਾਰਨ ਦੀ ਪੁਲਿਸ ਨੇ ਅੰਮ੍ਰਿਤਸਰ ਸਥਿਤ ਉਸ ਦੀ ਕਬੀਰ ਪਾਰਕ ਰਿਹਾਇਸ਼ ਤੋਂ ਚੁੱਕ ਲਿਆ ਸੀ ਜਿਸ ਪਿੱਛੋਂ ਉਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਸੀ ਲੱਗਿਆ। ਇਸ ਘਟਨਾ ਤੋਂ ਕੁਝ ਮਹੀਨੇ ਪਹਿਲਾਂ ਹੀ ਸ੍ਰੀ ਖਾਲੜਾ ਕੈਨੇਡਾ ਦੀ ਪਾਰਲੀਮੈਂਟ ਸਣੇ ਹੋਰਨਾਂ ਦੇਸ਼ਾਂ ਅੰਦਰ ਜਾ ਕੇ ਸਭਾਵਾਂ ਨੂੰ ਸੰਬੋਧਨ ਕਰਕੇ ਵਾਪਸ ਆਏ ਸਨ। ਉਨ੍ਹਾਂ ਨੇ ਸੂਬੇ ਅੰਦਰ ਅਤਿਵਾਦ ਨਾਲ ਨਿਪਟਣ ਦੀ ਓਟ ਹੇਠ ਲੰਬੇ ਸਮੇਂ ਤੋਂ ਮਨੁੱਖੀ ਹੱਕਾਂ ਦੀ ਉਲੰਘਣਾ ਹੋਣ ਅਤੇ ਸੁਰੱਖਿਆ ਬਲਾਂ ਵੱਲੋਂ ਨੌਜਵਾਨਾਂ ਨੂੰ ਮੁਕਾਬਲਿਆਂ ਵਿਚ ਮਾਰ ਮੁਕਾਉਣ ਉਪਰੰਤ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਆਖ ਕੇ ਉਨ੍ਹਾਂ ਦਾ ਸਸਕਾਰ ਕਰ ਦੇਣ ਦੀਆਂ ਘਟਨਾਵਾਂ ਦਾ ਉਚੇਚਾ ਜ਼ਿਕਰ ਕੀਤਾ ਸੀ। ਦੇਸ਼ ਵਾਪਸ ਆਉਣ 'ਤੇ ਸ੍ਰੀ ਖਾਲੜਾ ਵੱਲੋਂ ਕੌਮਾਂਤਰੀ ਪੱਧਰ 'ਤੇ ਉਠਾਏ ਇਸ ਮੁੱਦੇ ਉਤੇ ਪੰਜਾਬ ਦੇ ਉਸ ਵੇਲੇ ਦੇ ਡੀ.ਜੀ.ਪੀ. ਕੇ.ਪੀ. ਐਸ ਗਿੱਲ ਨੇ ਕਿੰਤੂ ਕੀਤਾ ਸੀ ਜਿਸ ਦੇ ਜਵਾਬ ਵਿਚ ਉਨ੍ਹਾਂ ਸ੍ਰੀ ਗਿੱਲ ਨੂੰ ਆਹਮੋ-ਸਾਹਮਣੇ ਬਹਿਸ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ ਸੀ। ਮਰਹੂਮ ਖਾਲੜਾ ਦਾਅਵਾ ਕਰਦੇ ਸਨ ਕਿ ਸੂਬੇ ਅੰਦਰ ਅਤਿਵਾਦ ਨਾਲ ਨਿਪਟਣ ਲਈ 25,000 ਨੌਜਵਾਨਾਂ ਨੂੰ ਕਥਿਤ ਝੂਠੇ ਮੁਕਾਬਲਿਆਂ ਵਿਚ ਮਾਰ ਮੁਕਾਇਆ ਗਿਆ ਹੈ।

# ਕੇਜਰੀਵਾਲ ਵੱਲੋਂ ਕਾਂਗਰਸ ਨੂੰ 'ਆਪ' ਤੇ ਜੇ. ਜੇ. ਪੀ. ਦੇ ਗੱਠਜੋੜ 'ਚ ਸ਼ਾਮਲ ਹੋਣ ਦੀ ਅਪੀਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਨੂੰ 'ਆਪ' ਅਤੇ ਜੇ.ਜੇ.ਪੀ. ਦੇ ਪ੍ਰਸਤਾਵਿਤ ਗੱਠਜੋੜ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਪਰ ਉਨ੍ਹਾਂ ਦੇ ਇਸ ਪ੍ਰਸਤਾਵ ਨੂੰ ਉਨ੍ਹਾਂ ਦੀ ਹਰਿਆਣਾ ਦੀ ਭਾਈਵਾਲ ਪਾਰਟੀ ਨੇ ਇਹ ਆਖਦਿਆਂ ਨੁਕਰਾ ਦਿੱਤਾ ਕਿ ਇਸ ਦਾ ਕਾਂਗਰਸ ਨਾਲ ਕੋਈ ਗੱਠਜੋੜ ਨਹੀਂ ਹੋ ਸਕਦਾ। ਸ੍ਰੀ ਕੇਜਰੀਵਾਲ ਨੇ ਇਸ ਤੋਂ ਪਹਿਲਾਂ ਮੀਡੀਆ ਨੂੰ ਕਿਹਾ ਸੀ ਕਿ 'ਆਪ', ਕਾਂਗਰਸ ਤੇ ਜਨਨਾਇਕ ਜਨਤਾ ਪਾਰਟੀ ਦਾ ਜੋੜ ਸੂਬੇ ਵਿਚ ਭਾਜਪਾ ਨੂੰ ਮਾਤ ਦੇਵੇਗਾ। ਉਨ੍ਹਾਂ ਕਿਹਾ ਸੀ,'ਆਓ, ਹਰਿਆਣਾ ਵਿਚ ਭਾਜਪਾ ਨੂੰ ਹਰਾਉਣ ਲਈ ਇਕੱਠੇ ਹੋਈਏ।' ਹਾਲਾਂਕਿ ਉਨ੍ਹਾਂ ਦੀਆਂ ਇਨ੍ਹਾਂ ਟਿੱਪਣੀਆਂ ਦੇ ਕੁਝ ਮਿੰਟਾਂ ਵਿਚ ਹੀ, ਜੇ.ਜੇ.ਪੀ. ਨੇ ਸਖਤ ਲਹਿਜੇ ਵਿਚ ਕਿਹਾ ਕਿ ਇਸ ਦਾ ਕਾਂਗਰਸ ਨਾਲ ਕੋਈ ਜੋੜ ਨਹੀਂ ਹੋ ਸਕਦਾ।

ਜੇ.ਜੇ.ਪੀ. ਦੇ ਕੌਮੀ ਜਨਰਲ ਸਕੱਤਰ ਕੇ ਸੀ ਬਾਂਗਰ ਨੇ ਕਿਹਾ ਕਿ ਜੇ.ਜੇ.ਪੀ. ਦੀ ਸਥਾਪਨਾ ਸਵਰਗੀ ਚੌਧਰੀ ਦੇਵੀ ਲਾਲ ਦੀ ਵਿਚਾਰਧਾਰਾ ਦੇ ਆਧਾਰ ਉਤੇ ਕੀਤੀ ਗਈ ਹੈ, ਜੋ ਹਮੇਸ਼ਾਂ ਕਾਂਗਰਸ ਖਿਲਾਫ ਲੜਦੇ ਰਹੇ ਹਨ, ਇਸ ਲਈ ਜੇ.ਜੇ.ਪੀ. ਕਾਂਗਰਸ ਨਾਲ ਕਿਸੇ ਵੀ ਗੱਠਜੋੜ ਵਿਚ ਸ਼ਾਮਲ ਨਹੀਂ ਹੋਵੇਗੀ ਤੇ ਅਜਿਹੇ ਕਿਸੇ ਵੀ ਗੱਠਜੋੜ ਦਾ ਹਿੱਸਾ ਨਹੀਂ ਬਣੇਗੀ, ਜਿਸ ਵਿਚ ਕਾਂਗਰਸ ਸ਼ਾਮਲ ਹੋਵੇ। ਉਨ੍ਹਾਂ ਕਿਹਾ ਕਿ ਜੇ.ਜੇ.ਪੀ. ਉਨ੍ਹਾਂ ਪਾਰਟੀਆਂ ਨਾਲ ਹੀ ਗੱਠਜੋੜ ਬਣਾ ਸਕਦੀ ਹੈ ਜਿਨ੍ਹਾਂ ਦੀ ਵਿਚਾਰਧਾਰਾ ਉਸ ਨਾਲ ਮਿਲਦੀ ਜੁਲਦੀ ਹੋਵੇ ਜਦਕਿ ਕਾਂਗਰਸ, ਉਸ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸਭ 10 ਲੋਕ ਸਭਾ ਤੇ 90 ਵਿਧਾਨ ਸਭਾ ਸੀਟਾਂ 'ਤੇ ਖੁਦ ਨੂੰ ਮਜ਼ਬੂਤ ਕਰ ਰਹੀ ਹੈ। ਦੱਸਣਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਹਾਲ ਹੀ 'ਚ ਹਰਿਆਣਾ ਦੇ ਜੀਂਦ ਵਿਚ ਹੋਈ ਉਪ ਚੋਣ ਵਿਚ ਜੇ.ਜੇ.ਪੀ. ਨੂੰ ਸਮਰਥਨ ਦਿੱਤਾ ਸੀ।

# ਪੰਜਾਬ ਸਰਕਾਰ ਨੇ ਮੰਗੀਆਂ ਸੁਰੱਖਿਆ ਬਲਾਂ ਦੀਆਂ 250 ਕੰਪਨੀਆਂ


**ਬਠਿੰਡਾ:** ਡਾਇਰੈਕਟਰ ਜਨਰਲ ਆਫ ਪੁਲਿਸ ਦਿਨਕਰ ਗੁਪਤਾ ਨੇ ਆਖਿਆ ਕਿ ਕੇਂਦਰ ਸਰਕਾਰ ਤੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਕੇਂਦਰੀ ਸੁਰੱਖਿਆ ਬਲਾਂ ਦੀਆਂ 350 ਕੰਪਨੀਆਂ ਦੀ ਮੰਗ ਕੀਤੀ ਗਈ ਹੈ। ਲੋਕ ਸਭਾ ਚੋਣਾਂ ਨੂੰ ਅਮਨ ਅਮਾਨ ਨਾਲ ਕਰਾਉਣਾ ਹੁਣ ਤਰਜੀਹੀ ਏਜੰਡਾ ਹੈ, ਜਿਸ ਤਹਿਤ ਕੇਂਦਰੀ ਸੁਰੱਖਿਆ ਬਲ ਪੰਜਾਬ ਪੁੱਜਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਇਥੇ ਬਠਿੰਡਾ ਰੇਂਜ ਦੇ ਪੁਲਿਸ ਅਫਸਰਾਂ ਦੀ ਮੀਟਿੰਗ ਵਿਚ ਆਖਿਆ ਕਿ ਨਸ਼ਾ ਤਸਕਰ ਤੇ ਗੈਂਗਸਟਰ ਬਰਦਾਸ਼ਤ ਨਹੀਂ ਕੀਤੇ ਜਾਣਗੇ।

ਬਠਿੰਡਾ ਵਿਚ ਆਪਣੀ ਪਹਿਲੀ ਫੇਰੀ ਮੌਕੇ ਉਨ੍ਹਾਂ ਪੁਲਿਸ ਅਫਸਰਾਂ ਨੂੰ ਲੋਕ ਸਭਾ ਚੋਣਾਂ ਦੇ ਸੁਰੱਖਿਆ ਪ੍ਰਬੰਧਾਂ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਦੀ ਸੁਰੱਖਿਆ ਲਈ ਸੀ.ਆਰ.ਪੀ.ਐਫ. ਤਾਇਨਾਤ ਕੀਤੀ ਜਾਵੇਗੀ ਅਤੇ ਚੋਣਾਂ ਮਗਰੋਂ ਇਸ ਬਾਰੇ ਕਦਮ ਚੁੱਕੇ ਜਾਣਗੇ। ਜੇਲ੍ਹਾਂ ਦੀ ਸੁਰੱਖਿਆ ਬਾਰੇ ਪਹਿਲਾਂ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੀ ਤਾਇਨਾਤੀ ਦੀ ਵਿਉਂਤ ਬਣੀ ਸੀ, ਜੋ ਸਿਰੇ ਨਹੀਂ ਚੜ੍ਹ ਸਕੀ। ਡੀ.ਜੀ.ਪੀ. ਨੇ ਦੱਸਿਆ ਕਿ ਗੈਂਗਸਟਰਾਂ ਨੂੰ ਆਤਮ ਸਮਰਪਣ ਲਈ ਆਖਿਆ ਗਿਆ ਹੈ ਜਿਸ ਵਾਸਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਰਾਬਤਾ ਕੀਤਾ ਗਿਆ ਹੈ। ਪੰਜਾਬ ਵਿਚ ਜੈਪਾਲ ਭੁੱਲਰ ਅਤੇ ਹੈਰੀ ਚੱਠਾ ਸਮੇਤ ਕਰੀਬ 12 ਖਤਰਨਾਕ ਗੈਂਗਸਟਰ ਕਾਫੀ ਸਰਗਰਮ ਹਨ।

ਉਨ੍ਹਾਂ ਦੱਸਿਆ ਕਿ ਇਵੇਂ ਹੀ ਨਸ਼ਾ ਤਸਕਰੀ ਨੂੰ ਠੱਲ੍ਹ ਪਾਈ ਗਈ ਹੈ। ਪੰਜਾਬ ਵਿਚ ਸਵਾ ਸੌ ਦੇ ਕਰੀਬ ਥਾਣਿਆਂ ਦੀ ਸ਼ਨਾਖਤ ਕੀਤੀ ਗਈ ਹੈ ਜੋ ਨਸ਼ਾ ਤਸਕਰੀ ਵਜੋਂ ਅਤਿ ਸੰਵੇਦਨਸ਼ੀਲ ਹਨ। ਇਨ੍ਹਾਂ ਥਾਣਿਆਂ ਵਿਚ ਨਸ਼ਿਆਂ ਦੀ ਰਿਕਵਰੀ ਜ਼ਿਆਦਾ ਹੈ ਤੇ ਪੁਲਿਸ ਕੇਸ ਵੀ ਵਧੇਰੇ ਦਰਜ ਹੋਏ ਹਨ।

# ਅਤਿਵਾਦ ਵਿਰੁਧ ਦੁਨੀਆਂ ਦੇ ਅਮਨ ਪਸੰਦਾਂ ਨੂੰ ਸਿਰ ਜੋੜਨੇ ਪੈਣਗੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਮਾਂ ਸ਼ੁੱਕਰਵਾਰ ਦੇ ਵੱਡੇ ਤੜਕੇ ਦਾ ਸੀ, ਜਦੋਂ ਇਹ ਖਬਰ ਉਠਦੇ ਸਾਰ ਮਿਲੀ ਕਿ ਮੁੰਬਈ ਵਿਚਲੇ ਇੱਕ ਰੇਲ ਸਟੇਸ਼ਨ ਦਾ ਫੁੱਟ ਓਵਰ ਬ੍ਰਿਜ ਡਿੱਗ ਪਿਆ ਤੇ ਅੱਧੀ ਦਰਜਨ ਤੋਂ ਵੱਧ ਲੋਕ ਮਾਰੇ ਗਏ ਹਨ। ਨਾਲ ਹੀ ਇਹ ਜ਼ਿਕਰ ਵੀ ਉਚੇਚ ਨਾਲ ਕੀਤਾ ਜਾ ਰਿਹਾ ਸੀ ਕਿ ਇਸ ਸਟੇਸ਼ਨ ਨੂੰ ਇਸ ਦੇ ਅਸਲੀ ਨਾਂ ਦੀ ਥਾਂ 'ਕਸਾਬ ਸਟੇਸ਼ਨ' ਕਹਿ ਕੇ ਇਸ ਲਈ ਗੱਲ ਕੀਤੀ ਜਾਂਦੀ ਹੈ ਕਿ ਜਦੋਂ ਸਾਢੇ ਦਸ ਸਾਲ ਪਹਿਲਾਂ ਮੁੰਬਈ ਵਿਚ ਵੱਡਾ ਦਹਿਸ਼ਤਗਰਦ ਹਮਲਾ ਹੋਇਆ ਸੀ ਤਾਂ ਉਦੋਂ ਅਜਮਲ ਆਮਿਰ ਕਸਾਬ ਨੇ ਇਥੋਂ ਹੀ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕੀਤਾ ਸੀ।

ਦਿਨ ਚੜ੍ਹੇ ਜਦੋਂ ਇੱਕ ਮਿੱਤਰ ਨਾਲ ਇਸ ਘਟਨਾ ਦੀ ਚਰਚਾ ਕਰ ਰਹੇ ਸਾਂ ਤਾਂ ਉਸ ਨੇ ਨਾਰਾਜ਼ਗੀ ਨਾਲ ਕਿਹਾ ਕਿ ਗਲਤੀ ਰੇਲਵੇ ਅਫਸਰਾਂ ਦੀ ਹੈ, ਤਾਂ ਇਸ ਘਟਨਾ ਨਾਲ ਕਸਾਬ ਦਾ ਜ਼ਿਕਰ ਕਰ ਕੇ ਪੁਰਾਣੀ ਕਹਾਣੀ ਪਾਈ ਜਾਣੀ ਠੀਕ ਨਹੀਂ ਲੱਗਦੀ। ਅਸੀਂ ਅੱਗੋਂ ਆਖਿਆ ਸੀ ਕਿ ਸਾਨੂੰ ਵੀ ਠੀਕ ਨਹੀਂ ਲੱਗਦੀ, ਪਰ ਜਿਨ੍ਹਾਂ ਦੇ ਘਰਾਂ ਦੇ ਜੀਅ ਮਾਰੇ ਜਾਂਦੇ ਹਨ, ਉਹ ਵਿਆਹ ਮੌਕੇ ਵੀ ਮਰਿਆਂ ਨੂੰ ਯਾਦ ਕਰਨ ਤੋਂ ਨਹੀਂ ਰਹਿ ਸਕਦੇ, ਇਥੇ ਤਾਂ ਫਿਰ ਕੁਝ ਲੋਕ ਮਾਰੇ ਗਏ ਅਤੇ ਮੌਕਾ ਸੋਗ ਦਾ ਹੈ। ਉਦੋਂ ਤੱਕ ਸੋਚਿਆ ਵੀ ਨਹੀਂ ਸੀ ਕਿ ਅੱਜ ਦਾ ਦਿਨ ਹੋਰ ਵੀ ਸੋਗੀ ਖਬਰ ਨਿਊਜ਼ੀਲੈਂਡ ਤੋਂ ਲੈ ਕੇ ਆਉਣ ਵਾਲਾ ਹੈ।

ਨਿਊਜ਼ੀਲੈਂਡ ਦੁਨੀਆਂ ਦੇ ਬਹੁਤ ਅਮਨ ਪਸੰਦ ਮਾਹੌਲ ਵਾਲੇ ਦੇਸ਼ਾਂ ਵਿਚੋਂ ਇੱਕ ਹੈ। ਇਥੇ ਪਹਿਲਾਂ ਏਦਾਂ ਦੀ ਕੋਈ ਮੰਦੀ ਘਟਨਾ ਵਾਪਰੀ ਹੋਵੇ, ਸਾਡੇ ਚੇਤੇ ਵਿਚ ਨਹੀਂ ਆਈ। ਦੇਸ਼ ਦੇ ਪ੍ਰਮੁੱਖ ਸ਼ਹਿਰ ਕ੍ਰਾਈਸਟ ਚਰਚ ਵਿਚ ਇੱਕ ਸਿਰਫਿਰੇ ਕਿਸਮ ਦਾ ਆਦਮੀ ਪਾਰਕਿੰਗ ਵਿਚੋਂ ਨਿਕਲਿਆ ਤਾਂ ਆਪਣੀ ਆਟੋਮੈਟਿਕ ਰਾਈਫਲ ਦੇ ਨਾਲ ਮੌਤ ਦਾ ਛਾਣਾ ਦਿੰਦਾ ਤੁਰਿਆ ਗਿਆ। ਪਿੱਛੋਂ ਖਬਰ ਆਈ ਕਿ ਮੌਤਾਂ ਪੰਜਾਹ ਨੂੰ ਪਹੁੰਚ ਗਈਆਂ ਹਨ। ਇੱਕੋ ਥਾਂ ਏਨੇ ਮਨੁੱਖਾਂ ਦਾ ਮਰਨਾ ਅਤੇ ਉਹ ਵੀ ਇੱਕ ਜਨੂੰਨੀ ਵੱਲੋਂ ਅਚਾਨਕ ਹਮਲਾ ਕਰ ਕੇ ਮਾਰ ਦੇਣਾ, ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸੁੰਨ ਕਰ ਦੇਣ ਵਾਲਾ ਤੇ ਮਨੁੱਖਤਾ ਦੇ ਖਤਰਿਆਂ ਨੂੰ ਉਭਾਰ ਕੇ ਪੇਸ਼ ਕਰਨ ਵਾਲਾ ਹੈ। ਇਸ ਬਾਰੇ ਸੰਸਾਰ ਨੂੰ ਮਿਲ ਕੇ ਸੋਚਣਾ ਹੋਵੇਗਾ।

ਅਸੀਂ ਭਾਰਤੀ ਲੋਕਾਂ ਨੇ ਕਈ ਰੰਗਾਂ ਦੀ ਦਹਿਸ਼ਤਗਰਦੀ ਨੂੰ ਵੱਖ-ਵੱਖ ਮੌਕਿਆਂ 'ਤੇ ਭੁਗਤਿਆ ਹੋਇਆ ਹੈ ਤੇ ਇਸ ਦੀ ਗੰਭੀਰਤਾ ਨੂੰ ਜਾਣਦੇ ਹਾਂ। ਜਿਨ੍ਹਾਂ ਪੱਛਮੀ ਦੇਸ਼ਾਂ ਨੇ ਪਹਿਲਾਂ ਇਸ

> *ਨਿਊਜ਼ੀਲੈਂਡ ਦੁਨੀਆਂ ਦੇ ਬਹੁਤ ਅਮਨ ਪਸੰਦ ਮਾਹੌਲ ਵਾਲੇ ਦੇਸ਼ਾਂ ਵਿਚੋਂ ਇੱਕ ਹੈ। ਇਥੇ ਪਹਿਲਾਂ ਏਦਾਂ ਦੀ ਕੋਈ ਮੰਦੀ ਘਟਨਾ ਵਾਪਰੀ ਹੋਵੇ, ਸਾਡੇ ਚੇਤੇ ਵਿਚ ਨਹੀਂ ਆਈ। ਦੇਸ਼ ਦੇ ਪ੍ਰਮੁੱਖ ਸ਼ਹਿਰ ਕ੍ਰਾਈਸਟ ਚਰਚ ਵਿਚ ਇੱਕ ਸਿਰਫਿਰੇ ਕਿਸਮ ਦਾ ਆਦਮੀ ਪਾਰਕਿੰਗ ਵਿਚੋਂ ਨਿਕਲਿਆ ਤਾਂ ਆਪਣੀ ਆਟੋਮੈਟਿਕ ਰਾਈਫਲ ਦੇ ਨਾਲ ਮੌਤ ਦਾ ਛਾਣਾ ਦਿੰਦਾ ਤੁਰਿਆ ਗਿਆ। ਪਿੱਛੋਂ ਖਬਰ ਆਈ ਕਿ ਮੌਤਾਂ ਪੰਜਾਹ ਨੂੰ ਪਹੁੰਚ ਗਈਆਂ ਹਨ। ਇੱਕੋ ਥਾਂ ਏਨੇ ਮਨੁੱਖਾਂ ਦਾ ਮਰਨਾ ਅਤੇ ਉਹ ਵੀ ਇੱਕ ਜਨੂੰਨੀ ਵੱਲੋਂ ਅਚਾਨਕ ਹਮਲਾ ਕਰ ਕੇ ਮਾਰ ਦੇਣਾ, ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸੁੰਨ ਕਰ ਦੇਣ ਵਾਲਾ ਤੇ ਮਨੁੱਖਤਾ ਦੇ ਖਤਰਿਆਂ ਨੂੰ ਉਭਾਰ ਕੇ ਪੇਸ਼ ਕਰਨ ਵਾਲਾ ਹੈ।*



ਨਿਊਜ਼ੀਲੈਂਡ 'ਚ ਦਹਿਸ਼ਤਪਸੰਦਾਂ ਦੇ ਹਮਲੇ ਪਿੱਛੋਂ ਸੁਰੱਖਿਆ ਅਮਲਾ ਅਤੇ ਐਂਬੂਲਸ ਅਮਲਾ ਜ਼ਖਮੀਆਂ ਨੂੰ ਸੰਭਾਲਦੇ ਹੋਏ

ਨੂੰ 'ਬਸੰਤਰ' ਸਮਝਿਆ ਸੀ, ਸਮੇਂ ਨੇ ਉਨ੍ਹਾਂ ਨੂੰ ਵੀ ਇਸ ਦੀ ਗੰਭੀਰਤਾ ਸਮਝਾ ਦਿੱਤੀ ਹੈ। ਅੱਜ ਉਹ ਇਸ ਬਾਰੇ ਵੱਖਰੀ ਬੋਲੀ ਬੋਲ ਰਹੇ ਹਨ। ਕੋਈ ਏਦਾਂ ਦਾ ਵਕਤ ਵੀ ਸੀ, ਜਦੋਂ ਭਾਰਤ ਵਿਚ ਲੋਕ ਮਰਿਆ ਕਰਦੇ ਸਨ, ਉਨ੍ਹਾਂ ਨੂੰ ਅਣਿਆਈ ਮੌਤੇ ਮਾਰਿਆ ਜਾਂਦਾ ਸੀ ਅਤੇ ਕਈ ਦੇਸ਼ਾਂ ਵਿਚ ਇਸ ਤਰ੍ਹਾਂ ਕਰਨ ਵਾਲਿਆਂ ਨੂੰ ਪੱਕੀ ਪਨਾਹ ਦਿੱਤੀ ਜਾਂਦੀ ਸੀ। ਫਿਰ ਸਮਾਂ ਬਦਲਣ ਲੱਗ ਪਿਆ। ਇੱਕ ਸਮੇਂ ਰੂਸ ਵਿਚ ਕਤਲਾਂ ਦੀ ਝੜੀ ਲਾਉਣ ਵਾਲਿਆਂ ਨੂੰ ਅਮਰੀਕਾ ਦੀ ਸਰਕਾਰ ਇਸ ਲਈ ਪਨਾਹ ਦੇ ਰਹੀ ਸੀ ਕਿ ਉਹ ਉਸ ਦੇ ਪੁਰਾਣੇ ਦੁਸ਼ਮਣ ਦਾ ਜੀਣਾ ਹਰਾਮ ਕਰਦੇ ਤੇ ਇੱਕ ਤਰ੍ਹਾਂ ਉਹ ਕੰਮ ਕਰਦੇ ਹਨ, ਜੋ ਇਨ੍ਹਾਂ ਦੇ ਫਾਇਦੇ ਵਿਚ ਜਾਂਦਾ ਸੀ। ਸਥਿਤੀ ਵਿਚ ਮੋੜਾ ਉਦੋਂ ਪਿਆ, ਜਦੋਂ ਇੱਕ ਵਾਰ ਇੱਕ ਮੈਰਾਥਨ ਦੌੜ ਦੇ ਅੰਤ 'ਤੇ ਕੁਝ ਬੰਬ ਚੱਲ ਗਏ ਤੇ ਕੁਝ ਲੋਕਾਂ ਦੇ ਮਾਰੇ ਜਾਣ ਦੀ ਖਬਰ ਆ ਗਈ। ਕਤਲਾਂ ਦੀ ਪੈੜ ਕੋਸੋਵੋ ਤੋਂ ਆਏ ਰੂਸ ਵਿਰੋਧੀ ਸ਼ਰਨਾਰਥੀਆਂ ਤੱਕ ਪਹੁੰਚ ਗਈ ਤਾਂ ਉਦੋਂ ਰੂਸ ਦੀ ਸਰਕਾਰ ਨੇ ਕਿਹਾ ਕਿ ਸੱਪ ਪਾਲਣ ਦਾ ਇਹੋ ਨੁਕਸਾਨ ਹੁੰਦਾ ਹੈ।

ਇੱਕ ਸਮੇਂ ਓਸਾਮਾ ਬਿਨ ਲਾਦੇਨ ਨੂੰ ਵੀ ਅਮਰੀਕਾ ਨਾਲ ਮਿਲ ਕੇ ਚੱਲਣ ਵਾਲੇ ਪਾਕਿਸਤਾਨ ਦੀ ਸਰਕਾਰ ਨੇ ਪਾਲਿਆ ਸੀ, ਪਰ ਸਮਾਂ ਪਾ ਕੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ 'ਤੇ ਜਹਾਜ਼ਾਂ ਦੀਆਂ ਟੱਕਰਾਂ ਮਰਵਾਉਣ ਦਾ ਕੰਮ ਵੀ ਉਸੇ ਨੇ ਕੀਤਾ ਸੀ। ਤਾਲਿਬਾਨ ਨੂੰ ਤਿਆਰ ਕਰਨ ਵਾਲਾ ਕੰਮ ਪਾਕਿਸਤਾਨ ਦੀਆਂ ਸਰਕਾਰਾਂ ਦੇ ਲਗਭਗ ਸਾਰੇ ਮੁਖੀਆਂ ਅਤੇ ਫੌਜ ਦੇ ਸਾਰੇ ਜਰਨੈਲਾਂ ਨੇ ਕੀਤਾ ਸੀ, ਪਰ ਭੁੱਲ ਕਰ ਜਾਣ ਦਾ ਅਹਿਸਾਸ ਉਦੋਂ ਹੋਇਆ ਸੀ, ਜਦੋਂ ਉਨ੍ਹਾਂ ਹੀ ਤਾਲਿਬਾਨ ਦੇ ਇੱਕ ਗਰੁਪ ਨੇ ਪੇਸ਼ਾਵਰ ਦੇ ਮਿਲਟਰੀ ਸਕੂਲ 'ਤੇ ਹਮਲਾ ਕਰ ਕੇ ਡੇਢ ਸੌ ਦੇ ਕਰੀਬ ਬੱਚੇ ਮਾਰ ਦਿੱਤੇ ਸਨ। ਉਸ ਦੇ ਅਗਲੇ ਦਿਨ ਪਹਿਲੀ ਵਾਰ ਪਾਕਿਸਤਾਨ ਸਰਕਾਰ ਦੇ ਮੁਖੀ ਨਵਾਜ਼ ਸ਼ਰੀਫ ਨੇ ਇਹ ਕਿਹਾ ਸੀ ਕਿ ਅੱਜ ਤੋਂ ਸਾਡੇ ਲਈ ਕੋਈ ਚੰਗੇ ਅਤਿਵਾਦੀ ਨਹੀਂ ਤੇ ਕੋਈ ਮਾੜੇ ਅਤਿਵਾਦੀ ਨਹੀਂ, ਸਾਰੇ ਇੱਕੋ ਜਿਹੇ ਮੰਨੇ ਜਾਣਗੇ। ਸਾਫ ਹੈ ਕਿ ਉਸ ਤੋਂ ਪਹਿਲਾਂ ਉਹ ਭਾਰਤ 'ਤੇ ਹਮਲੇ ਕਰਨ ਵਾਲੇ ਅਤਿਵਾਦੀਆਂ ਨੂੰ ਚੰਗੇ ਸਮਝਦੇ ਰਹੇ ਸਨ ਤੇ ਉਦੋਂ ਪਹਿਲੀ ਵਾਰੀ ਗਲਤੀ ਦਾ ਅਹਿਸਾਸ ਹੋਇਆ ਸੀ। ਫਿਰ ਵੀ ਅਹਿਸਾਸ ਹੀ ਹੋਇਆ ਸੀ, ਗਲਤੀ ਸੁਧਾਰਨ ਦਾ ਕੰਮ ਨਹੀਂ ਸੀ ਕੀਤਾ ਗਿਆ। ਉਹ ਏਦਾਂ ਦਾ ਕੰਮ ਫਿਰ ਵੀ ਕਰਦੇ ਰਹੇ ਸਨ।

ਦਹਿਸ਼ਤਗਰਦ ਪਹਿਲਾਂ ਭਾਰਤ ਵਿਚ ਸੱਥਰ ਵਿਛਾਇਆ ਕਰਦੇ ਸਨ, ਫਿਰ ਅਮਰੀਕਾ ਤੇ ਉਸ ਪਿੱਛੋਂ ਫਰਾਂਸ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਵੀ ਇਹੋ ਕੁਝ ਕਰਨ ਲੱਗ ਪਏ। ਬ੍ਰਿਟੇਨ ਦੇ ਮਾਨਚੈਸਟਰ ਵਿਚ ਇੱਕ ਸੰਗੀਤ ਪ੍ਰੋਗਰਾਮ ਮੌਕੇ ਜੋ ਕਹਿਰ ਉਨ੍ਹਾਂ ਮਚਾਇਆ ਸੀ, ਉਹ ਉਥੋਂ ਦੇ ਲੋਕ ਭੁੱਲਣ ਨਹੀਂ ਲੱਗੇ। ਜਿਵੇਂ ਸਾਨੂੰ ਰੇਲਵੇ ਸਟੇਸ਼ਨ ਦੇਖਣ ਦੇ ਨਾਲ ਅਜਮਲ ਆਮਿਰ ਕਸਾਬ ਚੇਤੇ ਆਉਂਦਾ ਹੈ, ਬ੍ਰਿਟਿਸ਼ ਲੋਕਾਂ ਨੂੰ ਉਵੇਂ ਹੀ ਮਾਨਚੈਸਟਰ ਜਾਂ ਉਸ ਦਿਨ ਉਥੇ ਲੋਕਾਂ ਦਾ ਮਨੋਰੰਜਨ ਕਰਨ ਵਾਲੇ ਕਲਾਕਾਰ ਦਾ ਨਾਂ ਸੁਣਦੇ ਸਾਰ ਉਸ ਦਿਨ ਵਾਲਾ ਕਹਿਰ ਚੇਤੇ ਆਵੇਗਾ। ਇਹ ਸੁਭਾਵਕ ਸਥਿਤੀ ਹੈ ਕਿ ਏਦਾਂ ਦੇ ਕਹਿਰ ਦੀ ਨਾ ਪੀੜ ਭੁਲਾਈ ਜਾ ਸਕਦੀ ਹੈ, ਨਾ ਉਸ ਦੇ ਦਾਗ ਮਿਟ ਸਕਦੇ ਹਨ।

ਅੱਜ ਹਮਲਾ ਨਿਊਜ਼ੀਲੈਂਡ ਵਿਚ ਹੋਇਆ ਹੈ, ਜਿਸ ਨੇ ਅਜਿਹੇ ਜ਼ਖਮ ਦਿੱਤੇ ਹਨ, ਜੋ ਉਸ ਦੇਸ਼ ਦੇ ਲੋਕਾਂ ਤੋਂ ਭੁਲਾਏ ਨਹੀਂ ਜਾ ਸਕਣੇ ਤੇ ਇਨ੍ਹਾਂ ਦੀ ਪੀੜ ਚਿਰਾਂ ਤੱਕ ਰੜਕਦੀ ਰਹੇਗੀ। ਬਦਕਿਸਮਤੀ ਨਾਲ ਅੱਜ ਵੀ ਕੁਝ ਦੇਸ਼ਾਂ ਦੇ ਹਾਕਮ ਸਮਝ ਰਹੇ ਹਨ ਕਿ ਇਹ ਬੇਗਾਨੇ ਘਰਾਂ ਵਿਚ ਮੱਚਦੀ ਬਸੰਤਰ ਹੈ, ਅੱਗ ਨਹੀਂ ਜਾਪ ਰਹੀ। ਉਨ੍ਹਾਂ ਵਿਚੋਂ ਇੱਕ ਚੀਨ ਹੈ। ਦੁੱਖ ਦੀ ਗੱਲ ਹੈ ਕਿ ਸੰਸਾਰ ਦੀ ਇੱਕ ਪ੍ਰਮੁੱਖ ਆਰਥਕ ਮਹਾਂਸ਼ਕਤੀ ਬਣ ਚੁਕਾ ਇਹ ਦੇਸ਼ ਆਪਣੇ ਪੈਰਾਂ ਹੇਠ ਮਘ ਰਹੀ ਅੱਗ ਦਾ ਸੇਕ ਵੀ ਮਹਿਸੂਸ ਨਹੀਂ ਕਰਦਾ ਪਿਆ। ਉਹ ਪਾਕਿਸਤਾਨੀ ਸਰਕਾਰ ਦਾ ਹਮਦਰਦ ਬਣ ਕੇ ਚੱਲਦਾ ਹੈ ਤੇ ਸਮੁੱਚੇ ਸੰਸਾਰ ਦੇ ਨਾਲ ਖੜੋ ਕੇ ਦਹਿਸ਼ਤਗਰਦੀ ਦੀ ਨਿੰਦਾ ਕਰਨ ਨੂੰ ਤਿਆਰ ਨਹੀਂ। ਉਸ ਦੇ ਆਪਣੇ ਸੂਬੇ ਸਿਨਕਿਆਂਗ ਦੀ ਹਾਲਤ ਮੁੜ-ਮੁੜ ਕਹਿ ਰਹੀ ਹੈ ਕਿ ਇਸਲਾਮੀ ਦਹਿਸ਼ਤਗਰਦੀ ਦਾ ਇੱਕ ਰੂਪ ਉਸ ਦੇਸ਼ ਵਿਚ ਉਈਗਰ ਵਾਲੇ ਰੂਪ ਵਿਚ ਸਿਰ ਚੁੱਕ ਰਿਹਾ ਹੈ, ਉਸ ਨੂੰ ਕੰਟਰੋਲ ਕਰਨ ਦੀ ਲੋੜ ਹੈ। ਦਹਿਸ਼ਤਗਰਦੀ ਕਦੀ ਵੱਖੋ-ਵੱਖ ਥਾਂਈਂ ਮੋਰਚੇ ਬਣਾ ਕੇ ਨਹੀਂ ਠੱਲ੍ਹੀ ਜਾ ਸਕਦੀ। ਜੇ ਇਸ ਤੋਂ ਬਚਣਾ ਹੈ ਤਾਂ ਸਾਰੀ ਦੁਨੀਆਂ ਦੇ ਅਮਨ ਪਸੰਦਾਂ ਨੂੰ ਸਿਰ ਜੋੜਨੇ ਪੈਣਗੇ।

# ਪੰਜਾਬ ਦੇ ਭੈੜੇ ਵੇਲਿਆਂ ਦੀ ਇਕ ਖੌਫਨਾਕ ਯਾਦ

> *ਪੰਜਾਬ ਦਾ ਕਾਲਾ ਦੌਰ ਲੰਘ ਗਿਆ ਹੈ, ਪਰ ਜਿਨ੍ਹਾਂ ਦੇਖਿਆ, ਉਨ੍ਹਾਂ ਦੇ ਲੂੰ ਅੱਜ ਵੀ ਖੜ੍ਹੇ ਹੋ ਜਾਂਦੇ ਹਨ। ਨੌਜਵਾਨਾਂ ਦੀ ਫੜੋ-ਫੜੀ ਦੇ ਨਾਲ ਤਾਂ ਪੁਲਿਸ ਉਸ ਵਕਤ ਮਾਲਾਮਾਲ ਹੋ ਰਹੀ ਸੀ। ਇਸ ਲੇਖ ਵਿਚ ਨੌਜਵਾਨਾਂ ਦੇ ਉਸੇ ਡਰ ਦੀ ਇਕ ਝਲਕ ਹੈ, ਜੋ ਇਕ ਆਮ ਨੌਜਵਾਨ ਵੀ ਉਸ ਵਕਤ ਮਹਿਸੂਸ ਕਰਦਾ ਸੀ। ਇਹ ਡਰ ਭਾਵੇਂ ਉਸ ਵਕਤ ਦੇ ਖਾੜਕੂਆਂ ਦਾ ਸੀ ਜਾਂ ਬੇਅੰਤ ਸਿੰਘ ਸਰਕਾਰ ਦੀ ਪੁਲਿਸ ਦਾ। ਡਰ ਤਾਂ ਡਰ ਹੀ ਸੀ। -ਸੰਪਾਦਕ*

1994 ਵਿਚ ਮੈਂ 29 ਸਾਲ ਦਾ ਭਰ ਜੁਆਨ ਸੀ। ਟ੍ਰਿਬਿਊਨ ਦਾ ਮੁਲਾਜ਼ਮ ਵੀ ਸੀ ਪਰ ਆਪਣੇ ਆਪ ਵਿਚ ਮੈਂ ਮੁਲਾਜ਼ਮਤ ਵਾਲੀ ਗੱਲ ਤੋਂ ਕੋਹਾਂ ਦੂਰ ਸੀ, ਬੱਸ ਉਹੀ ਪਿੰਡ ਵਾਲਾ ਗਰੂਰ ਸੀ। ਬੇਅੰਤ ਸਿੰਘ ਦੀ ਸਰਕਾਰ ਦੌਰਾਨ ਪੰਜਾਬ ਦੇ ਹਾਲਾਤ ਅਤਿਵਾਦ ਦੇ ਕਾਲੇ ਨਾਜ਼ੁਕ ਦੌਰ ਵਿਚੋਂ ਪੂਰੀ ਤਰ੍ਹਾਂ ਸੁਰਖਰੂ ਨਹੀਂ ਸਨ ਹੋਏ। ਬੇਅੰਤ ਸਿੰਘ ਸਰਕਾਰ ਦੇ ਦੋ ਸਾਲ ਵਿਚ ਹਾਲਾਤ ਨੂੰ ਕਾਬੂ ਕਰਨ ਦੇ ਯਤਨ ਜਾਰੀ ਸਨ ਤੇ ਪੰਜਾਬ ਪੁਲਿਸ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨਾਲ ਤਾਲਮੇਲ ਬਿਠਾ ਰਹੀ ਸੀ। ਜ਼ੀਰਕਪੁਰ ਦਾ ਉਨ੍ਹਾਂ ਵੇਲਿਆਂ ਵਿਚ ਕੋਈ ਵਿਕਾਸ ਨਹੀਂ ਸੀ, ਪਰ

ਬਲਵਿੰਦਰ ਜੰਮੂ ਜ਼ੀਰਕਪੁਰ
ਫੋਨ: 91-97799-21999

ਜ਼ੀਰਕਪੁਰ ਪੁਲਿਸ ਇਕ ਸਰਗਰਮ ਪੁਲਿਸ ਵਿਚ ਸ਼ਾਮਲ ਸੀ। ਜ਼ੀਰਕਪੁਰ, ਡੇਰਾਬਸੀ ਤੇ ਲਾਲੜੂ ਪੁਲਿਸ ਉਸ ਵਕਤ ਰਾਜਪੁਰਾ ਡੀ. ਐਸ. ਪੀ. ਤਹਿਤ ਸੀ।

ਅਕਤੂਬਰ ਦੇ ਕੋਸੇ ਕੋਸੇ ਦਿਨ ਸਨ। ਮੈਂ ਟ੍ਰਿਬਿਊਨ ਦੀ ਡਿਊਟੀ ਕਰਕੇ ਆਪਣੇ ਟਰੈਕਟਰ ਉਤੇ ਪਿੰਡ ਲੋਹਗੜ੍ਹ ਵਿਖੇ ਸਬਜ਼ੀ ਬੀਜਣ ਲਈ ਜ਼ਮੀਨ ਤਿਆਰ ਕਰ ਰਿਹਾ ਸਾਂ। ਸ਼ਾਮ ਦੇ ਕਰੀਬ ਸਾਢੇ ਛੇ ਵਜੇ ਹੋਣਗੇ ਕਿ ਮਸ਼ੀਨ ਗੰਨ ਨਾਲ ਲੈਸ ਇਕ ਪੁਲਿਸ ਜਿਪਸੀ ਆ ਰੁਕੀ ਤੇ ਮੈਨੂੰ ਹਾਕ ਮਾਰੀ। ਆਇਸ਼ਰ ਟਰੈਕਟਰ ਦੀ ਫਟਫਟ ਵਿਚ ਮੈਨੂੰ ਸਿਰਫ ਉਨ੍ਹਾਂ ਦੇ ਹੱਥ ਦਾ ਇਸ਼ਾਰਾ ਹੀ ਦਿਸਿਆ। ਪੁਲਿਸ ਦੀ ਜਿਪਸੀ ਵੇਖ ਮੈਂ ਥਰਥਰਾ ਗਿਆ ਤੇ ਪੰਜਾਬ ਦੇ ਹਾਲਾਤ ਦੇ ਮੱਦੇਨਜ਼ਰ ਕਈ ਤਰ੍ਹਾਂ ਦੇ ਡਰਾਉਣੇ ਖਿਆਲ ਪਾਰ ਕਰਦਿਆਂ ਟਰੈਕਟਰ ਰੋਕ ਪੁਲਿਸ ਕੋਲ ਆ ਗਿਆ।

'ਸਰ, ਤੁਹਾਨੂੰ ਡੀ. ਐਸ. ਪੀ. ਸਾਹਿਬ ਨੇ ਬੁਲਾਇਆ', ਐਸ. ਐਲ. ਆਰ. ਨਾਲ ਲੈਸ ਇਕ ਪੁਲਿਸ ਮੁਲਾਜ਼ਮ ਦੇ ਮੂੰਹੋਂ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ, ਪਰ ਪੁਲਿਸ ਦੇ ਚੰਗੇ ਵਿਹਾਰ ਤੋਂ ਕੁਝ ਚੰਗਾ ਵੀ ਲੱਗਾ। ਮਨ ਵਿਚ ਕਈ ਤਰ੍ਹਾਂ ਦੀਆਂ ਸੋਚਾਂ ਪਾਰ ਹੋਣ ਲੱਗ ਪਈਆਂ। ਮੈਂ ਪੁੱਛਿਆ, "ਕਦੋਂ ਬੁਲਾਇਆ ਹੈ?" ਕਹਿੰਦੇ, "ਹੁਣੇ।"

'ਹੁਣੇ' ਸੁਣ ਕੇ ਲੱਗਾ ਮਾਰੇ ਗਏ ਅੱਜ, ਜਿਵੇਂ ਮੈਂ ਕੋਈ ਅਤਿਵਾਦੀ ਹਾਂ ਤੇ ਪੁਲਿਸ ਨੂੰ ਮੇਰੀ ਹੁਣੇ ਲੋੜ ਹੈ। ਮੇਰਾ ਸੰਘ ਖੁਸ਼ਕ ਹੋ ਰਿਹਾ ਸੀ। ਮੈਂ ਕਿਹਾ, "ਹੁਣੇ ਨਹੀਂ, ਘੰਟਾ ਲੱਗ ਜੂ।"

ਉਹ ਕਹਿੰਦੇ, "ਠੀਕ ਐ, ਕੋਈ ਗੱਲ ਨਹੀਂ, ਤੁਸੀਂ ਘੰਟੇ ਤਕ ਆ ਜਾਣਾ।" ਪੁਲਿਸ ਦੀ ਜਿਪਸੀ ਚਲੀ ਗਈ ਤੇ ਮੇਰੀਆਂ ਲੱਤਾਂ ਵਿਚ ਪੁਲਿਸ ਦੇ ਖੌਫ ਦੀਆਂ ਕੰਬਣੀਆਂ ਰੁਕ ਨਹੀਂ ਸਨ ਰਹੀਆਂ।

ਹਾਲੇ ਕੁਝ ਦਿਨ ਪਹਿਲਾਂ ਹੀ ਤਾਂ ਰਾਤ ਨੂੰ ਆਪਣੇ ਸਕੂਟਰ 'ਤੇ ਪਟਿਆਲਾ ਤੋਂ ਚੰਡੀਗੜ੍ਹ ਆਉਂਦਿਆਂ ਰਾਜਪੁਰਾ ਦੇ ਨਾਕੇ 'ਤੇ ਸੰਗੀਨਾਂ ਨਾਲ ਲੈਸ ਸੀ. ਆਰ. ਪੀ. ਨੇ ਰੋਕ ਕੇ ਮੇਰੇ ਹੱਥ ਖੜ੍ਹੇ ਕਰਵਾ ਕੇ ਤਲਾਸ਼ੀ ਲਈ ਸੀ ਤੇ ਦੀਵਾਲੀ ਵਾਲੀ ਰਾਤ ਤਲਾਸ਼ੀ ਲੈਂਦਿਆਂ ਇਕ ਜਵਾਨ ਨੇ ਦੂਜੇ ਨੂੰ ਪੁੱਛਿਆ ਸੀ, "ਸਰ ਕਿਆ ਦੀਵਾਲੀ ਮਨਾ ਲੇਂ?" ਇਹ ਬਹੁਤ ਭਿਆਨਕ ਤੇ ਖੌਫਨਾਕ ਯਾਦ ਅੱਜ ਫਿਰ ਤਾਜ਼ਾ ਹੋ ਰਹੀ ਸੀ।

ਬੇਮਨੇ ਨਾਲ ਮੂੰਹ ਹੱਥ ਧੋ ਕੇ ਮੈਂ ਜ਼ੀਰਕਪੁਰ ਪੁਲਿਸ ਚੌਕੀ ਪੁੱਜ ਗਿਆ। ਅਸਲੇ ਨਾਲ ਲੈਸ ਕਾਫੀ ਪੁਲਿਸ ਜ਼ੀਰਕਪੁਰ ਥਾਣੇ ਅੱਗੇ ਗਸ਼ਤ ਕਰ ਰਹੀ ਸੀ। ਪਤਾ ਨਹੀਂ ਕੀ ਹੋਣਾ ਤੇ ਕੀ ਨਹੀਂ? ਮਨ ਵਿਚ ਇਕ ਅਜੀਬ ਤੇ ਭਿਆਨਕ ਕਸ਼ਮਕਸ਼ ਸੀ। ਪੁਲਿਸ ਨੇ ਮੈਨੂੰ ਅੰਦਰ ਆ ਜਾਣ ਲਈ ਕਿਹਾ, ਜਿਵੇਂ ਉਹ ਮੈਨੂੰ ਪਹਿਲਾਂ ਹੀ ਉਡੀਕ ਰਹੇ ਸਨ। ਮੈਨੂੰ ਕੁਰਸੀ ਦਿੱਤੀ ਤੇ ਕੋਕਾ ਕੋਲਾ ਪੇਸ਼ ਕੀਤਾ। ਕੰਬਦੇ ਹੱਥ ਵਿਚ ਕਾਲੇ ਕੋਕੇ ਦਾ ਗਿਲਾਸ ਵੀ ਕੰਬ ਰਿਹਾ ਸੀ। ਸਾਹਮਣੇ ਬੈਠਾ ਅਫਸਰ ਮੇਰੇ ਕੰਬਦੇ ਹੱਥ ਵੇਖ ਸਭ ਜਾਣ ਸਮਝ ਗਿਆ। ਕਿੰਨੀ



ਦੇਰ ਤਕ ਖਾਮੋਸ਼ੀ ਬਣੀ ਰਹੀ ਤੇ ਫੇਰ ਪੁਲਿਸ ਵਾਲੇ ਆਪਸ ਵਿਚ ਕੋਈ ਗੱਲਬਾਤ ਵਿਚ ਲੱਗੇ ਰਹੇ, ਜੋ ਮੇਰੇ ਤਾਂ ਪੱਲੇ ਨਾ ਪਈ।

ਸਾਹਮਣੇ ਬੈਠਾ ਭਰ ਜੁਆਨ ਅਫਸਰ ਮੈਨੂੰ ਬਹੁਤ ਸ਼ਾਹੀ ਠਾਠ ਵਾਲਾ ਲੱਗਾ। ਬਿਨਾ ਲਾਲ ਫੀਤੀ ਮੋਢੇ ਉਤੇ ਲੱਗੇ ਤਿੰਨ ਸਟਾਰ ਵੇਖ ਮੈਂ ਸਮਝ ਗਿਆ ਇਹੀ ਡੀ. ਐਸ. ਪੀ. ਹੈ। ਜਦੋਂ ਸਭ ਕੁਝ ਨਾਰਮਲ ਹੋ ਗਿਆ ਤਾਂ ਉਸ ਅਫਸਰ ਨੇ ਮੈਨੂੰ ਕਿਹਾ, "ਇਕ ਕੰਮ ਕਰੋਗੇ?"

ਪੁਲਿਸ ਦੀ ਇੰਨੀ ਹਲੀਮੀ ਤੇ ਸਤਿਕਾਰ ਮੇਰੀ ਸਮਝ ਤੋਂ ਪਾਰ ਦਾ ਸੀ। ਮੈਂ ਕੀ ਕੰਮ ਕਰ ਸਕਦਾਂ, ਤੇ ਉਹ ਵੀ ਪੁਲਿਸ ਲਈ? ਅਜੀਬ ਗੱਲ ਸੀ। ਪਤਾ ਨਹੀਂ ਕੀ ਹਿਊਮਨ ਬੰਬ ਬਣਾਉਣਾ, ਜੋ ਇੰਨੇ ਪਿਆਰ ਨਾਲ ਬੋਲ ਰਹੇ ਨੇ, ਮੈਂ ਹੋਰ ਵੀ ਭੈਭੀਤ ਹੋ ਗਿਆ ਕਿ ਅੱਜ ਪੁਲਿਸ ਕੁਝ ਜ਼ਰੂਰ ਕਰੂ ਮੇਰਾ। ਹਾਲਾਤ ਇਹ ਸੀ ਕਿ ਜਵਾਨ ਤੇ ਗੱਭਰੂ ਮੁੰਡੇ ਪੁਲਿਸ ਲਈ ਗੋਸ਼ਤ ਸਮਝੇ ਜਾਂਦੇ ਸਨ। ਮੈਂ ਚੁੱਪ ਸੀ। ਅਫਸਰ ਨੇ ਫੇਰ ਕਿਹਾ, "ਦਸੋ, ਕੰਮ ਕਰੋਗੇ?" ਮੇਰੇ ਤਾਂ ਇਹ ਸੋਚ ਸੋਚ ਬੁੱਲ ਸੁੱਕ ਗਏ, ਕੀ ਕੰਮ ਕਰਨਾ ਮੈਂ?

ਕੁਝ ਦੇਰ ਫਿਰ ਸੰਨਾਟਾ ਛਾਇਆ ਰਿਹਾ, ਉਹੀ ਸੰਨਾਟਾ ਜੋ ਪੰਜਾਬ ਵਿਚ ਪੈਰ ਪੈਰ 'ਤੇ ਪਸਰਿਆ ਪਿਆ ਸੀ ਤੇ ਸੰਨਾਟੇ ਵਿਚ ਚਿੜੀਆਂ ਨਹੀਂ ਸੀ ਕੂਕਦੀਆਂ ਸਿਰਫ ਤੇ ਸਿਰਫ ਸੰਗੀਨਾਂ ਦੀ ਆਵਾਜ਼ ਵਿਚ ਫਿਜ਼ਾ ਹਰ ਪਾਸੇ ਲਹੂ ਲੁਹਾਨ ਹੁੰਦੀ ਸੀ। ਹਨੇਰਾ ਹੋ ਰਿਹਾ ਸੀ। ਸਾਹਮਣੇ ਬੈਠੇ ਉਸ ਅਫਸਰ ਨੇ ਫਿਰ ਚਿਤਾਰਿਆ, "ਕੰਮ ਕਰੋਗੇ?"

ਇਕ ਪਾਸੇ ਪੁਲਿਸ ਅਫਸਰ ਦੀ ਹਲੀਮੀ ਤੇ ਦੂਜੇ ਪਾਸੇ ਸੂਬੇ ਦਾ ਮਾਹੌਲ-ਮੈਂ ਵਿਚ ਵਿਚਾਲੇ ਕੁਝ ਵੀ ਸਮਝ ਨਹੀਂ ਰਿਹਾ ਸੀ। ਅਫਸਰ ਦੇ ਫੇਰ ਪੁੱਛਣ 'ਤੇ ਮੇਰੇ ਮੂੰਹੋਂ ਨਿਕਲਿਆ, "ਕਰਨ ਵਾਲਾ ਹੋਇਆ ਤਾਂ ਜ਼ਰੂਰ ਕਰਾਂਗਾ।" ਪਰ ਅਫਸਰ ਮੇਰੇ ਤੋਂ ਵਾਅਦਾ ਲੈਣਾ ਚਾਹੁੰਦਾ ਸੀ ਤੇ ਅਖੀਰ ਉਸ ਮੇਰੇ ਤੋਂ ਕਹਾ ਲਿਆ, 'ਕਰਾਂਗਾ'।

"ਚਲੋ ਜਿਪਸੀ ਵਿਚ ਬੈਠੋ।" ਅਫਸਰ ਨੇ ਜਿਪਸੀ ਵੱਲ ਇਸ਼ਾਰਾ ਕੀਤਾ।

ਹੁਣ ਤਾਂ ਮੈਨੂੰ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ ਲੱਗ ਰਹੀ ਕਿ ਪੁਲਿਸ ਮੇਰਾ ਤਮਗਾ ਵੱਟਣਾ ਚਾਹੁੰਦੀ ਹੈ। ਜਿਪਸੀ ਵਿਚ ਬੈਠਣ ਤੋਂ ਪਹਿਲਾਂ ਮੈਂ ਹੌਸਲਾ ਕਰ ਕੇ ਪੁੱਛ ਹੀ ਲਿਆ, "ਸਰ, ਕੰਮ ਤਾਂ ਦਸ ਦਿਓ।"

ਅਫਸਰ ਨੇ ਮੇਰੇ ਅੱਗੇ ਇਕ ਪ੍ਰੈਸ ਨੋਟ ਰੱਖਦਿਆਂ ਕਿਹਾ, "ਇਹ ਖਬਰ ਟ੍ਰਿਬਿਊਨ ਵਿਚ ਲਵਾਉਣੀ ਹੈ।" ਇਸ ਕੰਮ ਲਈ ਉਨ੍ਹਾਂ ਮੈਨੂੰ ਕਿਉਂ ਅਪਰੋਚ ਕੀਤਾ, ਇਹ ਨਹੀਂ ਪਤਾ, ਪਰ ਮੇਰੇ ਲਈ ਇਹ ਵਕਤ ਅਜੀਬ ਸੀ। ਮੈਂ ਪ੍ਰੈਸ ਨੋਟ ਚੁੱਪ ਕਰ ਕੇ ਫੜ ਲਿਆ। ਮੇਰੀ ਜਿਵੇਂ ਜਾਨ 'ਚ ਜਾਨ ਆਈ ਹੋਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਮਾਰਚ 2019*

## ਪੰਜਾਬ ਦਾ ਚੁਣਾਵੀ ਪਿੜ

ਪੰਜਾਬ ਦਾ ਸਿਆਸੀ ਪਾਰਾ ਅਜੇ ਚੜ੍ਹਿਆ ਨਹੀਂ ਹੈ। ਅਸਲ ਵਿਚ ਸੂਬੇ ਵਿਚ ਲੋਕ ਸਭਾ ਚੋਣਾਂ ਲਈ ਵੋਟਾਂ ਆਖਰੀ ਅਤੇ ਸੱਤਵੇਂ ਪੜਾਅ ਤਹਿਤ 19 ਮਈ ਨੂੰ ਪੈਣੀਆਂ ਹਨ। ਇਉਂ ਪੰਜਾਬ ਵਿਚ ਚੋਣਾਂ ਲਈ ਅਜੇ ਦੋ ਮਹੀਨੇ ਪਏ ਹਨ। ਸਭ ਧਿਰਾਂ ਵਲੋਂ ਆਪਸੀ ਤਾਲਮੇਲ ਭਾਵੇਂ ਕੀਤਾ ਜਾ ਰਿਹਾ ਹੈ ਅਤੇ ਕੁਝ ਥਾਂਵਾਂ 'ਤੇ ਤਾਂ ਉਮੀਦਵਾਰਾਂ ਦਾ ਐਲਾਨ ਵੀ ਹੋ ਚੁਕਾ ਹੈ, ਪਰ ਫਿਲਹਾਲ ਚੋਣ ਪਿੜ ਦਾ ਮੂੰਹ-ਮੱਥਾ ਬਣ ਨਹੀਂ ਰਿਹਾ ਹੈ। ਰਵਾਇਤੀ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਅੰਦਰ ਟਿਕਟਾਂ ਲਈ ਘੜਮੱਸ ਚੱਲ ਰਿਹਾ ਹੈ। ਉਂਜ, ਇਸ ਵਾਰ ਵਧੇਰੇ ਧਿਆਨ ਅਤੇ ਚਰਚਾ ਤੀਜੇ ਮੋਰਚੇ ਦੀ ਚੱਲ ਰਹੀ ਹੈ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਟੁੱਟ-ਭੱਜ ਤੋਂ ਬਾਅਦ ਹਾਲਾਤ ਹੋਰ ਵੀ ਦਿਲਚਸਪ ਬਣ ਗਏ ਸਨ। ਯਾਦ ਰਹੇ, ਪਿਛਲੀ ਵਾਰ ਆਮ ਆਦਮੀ ਪਾਰਟੀ ਨੇ ਸੂਬੇ ਦੀਆਂ ਕੁੱਲ 13 ਸੀਟਾਂ ਵਿਚੋਂ ਚਾਰ ਸੀਟਾਂ ਜਿੱਤ ਕੇ ਅਤੇ ਬਾਕੀ ਸੀਟਾਂ ਉਤੇ ਤਕੜੀ ਹਾਜ਼ਰੀ ਲਵਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਇਹੀ ਨਹੀਂ ਇਸ ਨੂੰ ਸੂਬੇ ਵਿਚ ਤੀਜੇ, ਤਕੜੇ ਮੋਰਚੇ ਵਜੋਂ ਦੇਖਿਆ ਜਾਣ ਲੱਗਾ ਸੀ ਪਰ ਸਾਲ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਨੇ ਇਸ ਦੇ ਤਕੜੇ ਤੇ ਤੀਜੇ ਮੋਰਚੇ ਦੇ ਦਾਈਏ ਉਤੇ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਚਾਰ-ਚਾਰ, ਕਾਂਗਰਸ ਨੂੰ ਤਿੰਨ ਅਤੇ ਭਾਰਤੀ ਜਨਤਾ ਪਾਰਟੀ ਨੂੰ ਦੋ ਸੀਟਾਂ ਉਤੇ ਜਿੱਤ ਹਾਸਲ ਹੋਈ ਸੀ। ਆਮ ਆਦਮੀ ਪਾਰਟੀ ਨੇ ਉਦੋਂ ਸਮੁੱਚੇ ਮੁਲਕ ਵਿਚ 432 ਸੀਟਾਂ ਉਤੇ ਚੋਣ ਲੜੀ ਸੀ, ਪਰ ਸਫਲਤਾ ਸਿਰਫ ਪੰਜਾਬ ਵਿਚ ਹੀ ਹਾਸਲ ਹੋਈ ਸੀ। ਇਉਂ ਇਸ ਪਾਰਟੀ ਨੇ ਦਿੱਲੀ ਤੋਂ ਬਾਅਦ ਪੰਜਾਬ 'ਚ ਵੱਡੀ ਹਾਜ਼ਰੀ ਲਵਾਈ ਸੀ। ਬਾਅਦ ਵਿਚ ਪਾਰਟੀ ਦੇ ਅੰਦਰੂਨੀ ਕਲੇਸ਼ ਅਤੇ ਲਗਾਤਾਰ ਜਥੇਬੰਦਕ ਨਾਕਾਮੀਆਂ ਕਾਰਨ ਇਹ ਪਾਰਟੀ ਸਿਆਸੀ ਠੁੱਕ ਬਣਾਉਣ ਤੋਂ ਖੁੰਝ ਗਈ ਅਤੇ ਹੁਣ ਲੋਕ ਸਭਾ ਚੋਣਾਂ ਤਕ ਪੁੱਜਦਿਆਂ-ਪੁੱਜਦਿਆਂ ਪੰਜਾਬ ਵਿਚ ਪਾਰਟੀ ਬੁਰੀ ਤਰ੍ਹਾਂ ਬਿਖਰੀ ਪਈ ਹੈ।

ਆਮ ਆਦਮੀ ਪਾਰਟੀ ਤੋਂ ਬਾਅਦ ਸਭ ਤੋਂ ਵੱਡਾ ਸੰਕਟ ਸ਼੍ਰੋਮਣੀ ਅਕਾਲੀ ਦਲ ਨੂੰ ਪਿਆ। ਬੇਅਦਬੀ ਦੀਆਂ ਘਟਨਾਵਾਂ, ਡੇਰੇਦਾਰ ਨੂੰ ਮੁਆਫੀ, ਬਰਗਾੜੀ ਕਾਂਡ ਵਰਗੇ ਮਸਲਿਆਂ ਨੂੰ ਸਹੀ ਢੰਗ ਨਾਲ ਨਾ ਨਜਿੱਠਣ ਕਰਕੇ ਇਹ ਪਾਰਟੀ ਲੀਹੋਂ ਲਹਿ ਗਈ ਅਤੇ ਅੱਜ ਟਕਸਾਲੀ ਅਕਾਲੀ ਦਲ ਦੇ ਰੂਪ ਵਿਚ ਪਾਰਟੀ ਦਾ ਇਕ ਹਿੱਸਾ ਵੱਖ ਵੀ ਹੋ ਚੁਕਾ ਹੈ। ਆਮ ਆਦਮੀ ਪਾਰਟੀ ਅਤੇ ਟਕਸਾਲੀਆਂ ਵਿਚਕਾਰ ਗੱਠਜੋੜ ਅਜੇ ਸਿਰੇ ਨਹੀਂ ਚੜ੍ਹ ਸਕਿਆ ਹੈ। ਇਸ ਤੋਂ ਇਲਾਵਾ ਪੰਜਾਬ ਡੈਮੋਕਰੈਟਿਕ ਅਲਾਇੰਸ ਵੀ ਪਿੜ ਵਿਚ ਆ ਗਿਆ ਹੈ। ਇਸ ਵਿਚ ਛੇ ਪਾਰਟੀਆਂ ਸ਼ਾਮਿਲ ਹਨ, ਜਿਨ੍ਹਾਂ ਵਿਚ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ. ਪੀ. ਆਈ. ਅਤੇ ਆਰ. ਸੀ. ਪੀ. ਆਈ. ਸ਼ਾਮਿਲ ਹਨ। ਦਿਲਚਸਪ ਨੁਕਤਾ ਇਹ ਹੈ ਕਿ ਇਨ੍ਹਾਂ ਵਿਚੋਂ ਕਿਸੇ ਵੀ ਪਾਰਟੀ ਦਾ ਪੂਰੇ ਪੰਜਾਬ ਵਿਚ ਆਧਾਰ ਨਹੀਂ ਹੈ। ਇਨ੍ਹਾਂ ਦਾ ਵੱਖ-ਵੱਖ ਥਾਂਵਾਂ 'ਤੇ ਕੁਝ ਕੁ ਇਲਾਕਿਆਂ ਵਿਚ ਹੀ ਮਾੜਾ-ਮੋਟਾ ਪ੍ਰਭਾਵ ਹੈ। ਕੁਝ ਸਿਆਸੀ ਮਾਹਿਰ ਤਾਂ ਇਹ ਕਿਆਸਆਰਾਈਆਂ ਵੀ ਲਾ ਰਹੇ ਹਨ ਕਿ ਇਨ੍ਹਾਂ ਪਾਰਟੀਆਂ ਜਾਂ ਇਨ੍ਹਾਂ ਪਾਰਟੀਆਂ ਦੇ ਆਗੂਆਂ ਦਾ ਧਿਆਨ ਲੋਕ ਸਭਾ ਚੋਣਾਂ ਵੱਲ ਇੰਨਾ ਨਹੀਂ ਹੈ ਜਿੰਨਾ ਤਿੰਨ ਸਾਲ ਬਾਅਦ, ਭਾਵ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਹੈ। ਇਹ ਪਾਰਟੀਆਂ ਲੋਕ ਸਭਾ ਚੋਣਾਂ ਨੂੰ ਸੂਬੇ ਵਿਚ ਆਪਣਾ ਆਧਾਰ ਕਾਇਮ ਕਰਨ ਲਈ ਵਰਤਣਾ ਚਾਹੁੰਦੀਆਂ ਹਨ। ਉਂਜ ਵੀ ਇਨ੍ਹਾਂ ਵਿਚੋਂ ਕੋਈ ਵੀ ਪਾਰਟੀ ਜੇਤੂ ਪੁਜ਼ੀਸ਼ਨ ਵਿਚ ਨਹੀਂ ਹੈ। ਇਨ੍ਹਾਂ ਪਾਰਟੀਆਂ ਦੇ ਬਹੁਤੇ ਆਗੂ ਭਾਵੇਂ ਪਹਿਲਾਂ ਖੁਦ ਨੂੰ ਪੰਜਾਬ ਦੇ ਹਿਤੈਸ਼ੀਆਂ ਵਜੋਂ ਉਭਾਰਨ ਦਾ ਯਤਨ ਕਰਦੇ ਰਹੇ ਹਨ, ਪਰ ਚੋਣਾਂ ਦੇ ਐਲਾਨ ਦੇ ਨਾਲ ਹੀ ਇਹ ਮੁੱਦਾ ਰਾਤੋ-ਰਾਤ ਕਿਤੇ ਗਾਇਬ ਹੋ ਗਿਆ ਜਾਪਦਾ ਹੈ।

ਇਸੇ ਦੌਰਾਨ ਕੌਮੀ ਪੱਧਰ ਉਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਤਾਲਮੇਲ ਦੀਆਂ ਕਨਸੋਆਂ ਹਨ। ਇਸ ਮਾਮਲੇ ਵਿਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਵਿਚੋਲਗੀ ਕਰ ਰਹੇ ਹਨ। ਜੇ ਇਹ ਤਾਲਮੇਲ ਸਿਰੇ ਚੜ੍ਹ ਜਾਂਦਾ ਹੈ ਤਾਂ ਇਸ ਦਾ ਪੰਜਾਬ ਦੀ ਸਿਆਸਤ ਉਤੇ ਅਸਰ ਪੈਣਾ ਲਾਜ਼ਮੀ ਹੈ। ਇਸ ਵਕਤ ਕਾਂਗਰਸ ਪੰਜਾਬ ਵਿਚ ਆਮ ਆਦਮੀ ਪਾਰਟੀ ਲਈ ਸਿਰਫ ਇਕ ਸੀਟ (ਸੰਗਰੂਰ, ਜਿਥੋਂ ਪਿਛਲੀ ਵਾਰ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਜਿੱਤੇ ਸਨ) ਛੱਡਣ ਲਈ ਤਿਆਰ ਹੈ, ਜਦਕਿ ਆਮ ਆਦਮੀ ਪਾਰਟੀ ਤਿੰਨ ਸੀਟਾਂ ਦੀ ਮੰਗ ਕਰ ਰਹੀ ਹੈ। ਜਾਹਰ ਹੈ ਕਿ ਸੂਬੇ ਵਿਚ ਤੀਜੇ ਮੋਰਚੇ ਦਾ ਕੋਈ ਮੂੰਹ-ਮੱਥਾ ਨਾ ਬਣਨ ਕਾਰਨ ਫਿਲਹਾਲ ਮੁੱਖ ਮੁਕਾਬਲਾ ਸੱਤਾਧਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਹੋਣ ਦੇ ਆਸਾਰ ਹਨ। ਪਿਛਲੇ ਕੁਝ ਸਮੇਂ ਤੋਂ ਸਿਆਸੀ ਪਿੜ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪੈਰ ਉਖੜੇ ਹੋਏ ਹਨ। ਇਸ ਹਿਸਾਬ ਨਾਲ ਇਹ ਲੋਕ ਸਭਾ ਚੋਣਾਂ ਇਸ ਦੀ ਵਾਪਸੀ ਦਾ ਸਬੱਬ ਬਣ ਸਕਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਦੋ ਸਾਲ ਪਹਿਲਾਂ ਬਣੀ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਭਾਵੇਂ ਬਹੁਤ ਮਾੜੀ ਰਹੀ ਹੈ, ਫਿਰ ਵੀ ਕੋਈ ਕਾਰਗਰ ਵਿਰੋਧੀ ਧਿਰ ਨਾ ਹੋਣ ਜਾਂ ਵਿਰੋਧੀ ਧਿਰ ਦੀ ਟੁੱਟ-ਭੱਜ ਦਾ ਚੋਣਾਵੀ ਫਾਇਦਾ ਇਸ ਨੂੰ ਮਿਲ ਸਕਦਾ ਹੈ। ਇਸ ਸਮੁੱਚੀ ਕਵਾਇਦ ਤੋਂ ਸਪਸ਼ਟ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਬਰਾਬਰ ਕੋਈ ਤੀਜਾ ਮੋਰਚਾ ਅਜੇ ਤਕ ਭਵਿਖ ਦੇ ਗਰਭ ਵਿਚ ਹੀ ਪਿਆ ਹੈ। ਤੀਜੇ ਮੋਰਚੇ ਦਾ ਠੁੱਕ ਬੰਨ੍ਹਣ ਲਈ ਕੋਈ ਕੱਦਾਵਰ ਲੀਡਰ ਵੀ ਅਜੇ ਤਕ ਉਭਰ ਨਹੀਂ ਸਕਿਆ ਹੈ। ਸਾਰੇ ਲੀਡਰ ਆਪੋ-ਆਪਣੀ ਸਿਆਸਤ ਦਾ ਪਿੜ ਸਜਾਉਣ ਵਿਚ ਹੀ ਦਿਲਚਸਪੀ ਦਿਖਾ ਰਹੇ ਹਨ। ਪੰਜਾਬ ਦੀ ਚੁਣਾਵੀ ਸਿਆਸਤ ਲਈ ਆਉਣ ਵਾਲੇ ਦਿਨ ਕਾਫੀ ਅਹਿਮ ਮੰਨੇ ਜਾ ਰਹੇ ਹਨ। ਇਹ ਅਸਲ ਵਿਚ ਪੰਜਾਬ ਦੇ ਲੀਡਰਾਂ ਦੀ ਅਜ਼ਮਾਇਸ਼ ਦਾ ਸਮਾਂ ਵੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤੇਈ ਤੱਕ ਘੜਮੱਸ !*

'ਸੇਵਕ' ਬਣਦਿਆਂ ਜੋੜ ਕੇ ਹੱਥ ਦੋਵੇਂ, ਘਰ ਘਰ ਫਿਰਨਗੇ ਝੋਲੀਆਂ ਅੱਡ ਕੇ ਜੀ।
ਭਾਸ਼ਣ ਕਰਨਗੇ ਬਾਹਾਂ ਉਲਾਰ ਕੇ ਤੇ ਸੰਗ ਸ਼ਰਮ ਨੂੰ ਮੂਲੋਂ ਹੀ ਛੱਡ ਕੇ ਜੀ।
ਸੱਤਾਧਾਰੀਆਂ 'ਕਾਗਜ਼ੀ ਕੰਮ' ਗਿਣਨੇ, ਸੋਹਲੇ ਗਾਉਣਗੇ ਆਪਣੇ ਗੱਡ ਕੇ ਜੀ।
ਮੁੱਦੇ ਛੱਡ ਕੇ 'ਰਾਗ' ਕੋਈ ਹੋਰ ਗਾਉਣੇ, ਲੋਕ ਸੁਣਨਗੇ ਅੱਖਾਂ ਨੂੰ ਟੱਡ ਕੇ ਜੀ।
ਤੇਈ ਮਈ ਤੱਕ ਪੈਣਾ ਘੜਮੱਸ ਪੂਰਾ, ਥਾਂ ਥਾਂ ਹੋਣੀਆਂ ਮੀਟਿੰਗਾਂ ਰੈਲੀਆਂ ਨੇ।
ਜਿਨ੍ਹਾਂ ਬੋਤਲ ਵੱਟੇ ਹੀ ਵੋਟ ਪਾਉਣੀ, ਬੇੜਾ ਡੋਬਣਾ ਐਹੋ ਜਿਹੇ ਵੈਲੀਆਂ ਨੇ !

# ਗਰੀਬ ਮੁਲਕ, ਮਹਿੰਗੀਆਂ ਚੋਣਾਂ

## ਸੱਤ ਅਰਬ ਡਾਲਰ ਦਾ ਖਰਚਾ ਹੋਣ ਦਾ ਅਨੁਮਾਨ

***ਭਾਰਤ ਵਿਚ ਅਗਲੀਆਂ ਲੋਕ ਸਭਾ ਚੋਣਾਂ ਦਾ ਮੈਦਾਨ ਭਖ ਪਿਆ ਹੈ। ਸੱਭੇ ਸਿਆਸੀ ਪਾਰਟੀਆਂ ਆਪੋ-ਆਪਣੇ ਵਿਤ ਮੁਤਾਬਕ ਜੂਝ ਰਹੀਆਂ ਹਨ, ਪਰ ਲੋਕਤੰਤਰ ਦੇ ਇਸ ਮੇਲੇ ਵਿਚ ਆਮ ਆਦਮੀ ਦੀ ਕੀ ਵੁਕਅਤ ਹੈ, ਅਜਿਹੇ ਕੁਝ ਮਸਲਿਆਂ ਬਾਰੇ ਚਰਚਾ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਵੱਖ-ਵੱਖ ਸੰਸਥਾਵਾਂ ਦੇ ਵੱਕਾਰ ਨੂੰ ਲੱਗੇ ਖੋਰੇ ਵਾਲਾ ਅਹਿਮ ਮਸਲਾ ਵੀ ਵਿਚਾਰਿਆ ਹੈ ਅਤੇ ਸਵਾਲ ਛੱਡਿਆ ਹੈ ਕਿ ਅਜਿਹੇ ਨੁਕਤਿਆਂ ਦੀ ਅਣਹੋਂਦ ਵਿਚ ਲੋਕਤੰਤਰ ਕਿੰਨਾ ਕੁ ਲੋਕਤੰਤਰ ਰਹਿ ਜਾਂਦਾ ਹੈ। -ਸੰਪਾਦਕ***

ਹਮੀਰ ਸਿੰਘ

ਆਬਾਦੀ ਦੇ ਲਿਹਾਜ਼ ਨਾਲ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ, ਭਾਰਤ ਦੀਆਂ 17ਵੀਆਂ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਦੇਸ਼ ਦੇ 90 ਕਰੋੜ ਤੋਂ ਵੱਧ ਲੋਕ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰ ਸਕਣਗੇ। ਜਮਹੂਰੀ ਪ੍ਰਬੰਧ ਵਿਚ ਵੋਟਾਂ ਲੋਕਾਂ ਦੀ ਰਾਇ ਜਾਨਣ ਦਾ ਵਧੀਆ ਤਰੀਕਾ ਮੰਨਿਆ ਜਾਂਦਾ ਹੈ। ਚੋਣਾਂ ਕਰਵਾਉਣ ਲਈ ਰੈਫਰੀ ਵਜੋਂ ਚੋਣ ਕਮਿਸ਼ਨ ਨੂੰ ਤਾਕਤਵਰ ਸੰਵਿਧਾਨਕ ਸੰਸਥਾ ਵਜੋਂ ਕਾਇਮ ਕੀਤਾ ਗਿਆ ਹੈ। ਚੋਣ ਕਮਿਸ਼ਨ ਦੇ ਲਾਗੂ ਕੀਤੇ ਜ਼ਾਬਤੇ ਵਿਚ ਇਹ ਦਰਸਾਉਣ ਦੀ ਕੋਸ਼ਿਸ ਹੁੰਦੀ ਹੈ ਕਿ ਵੋਟ ਇਕ ਰਾਇ ਹੈ ਜਿਸ ਨੂੰ ਕੋਈ ਵੀ ਸ਼ਖਸ ਚੋਣ ਪ੍ਰਚਾਰ ਦੌਰਾਨ ਸਭ ਦੀ ਗੱਲ ਸੁਣ ਕੇ ਆਪਣੇ ਆਜ਼ਾਦ ਖਿਆਲ ਨਾਲ ਕਿਸੇ ਉਮੀਦਵਾਰ ਦੇ ਹੱਕ ਵਿਚ ਦਿੰਦਾ ਹੈ। ਉਸ ਦੀ ਰਾਇ ਨੂੰ ਜਾਤ, ਧਰਮ, ਨਸ਼ੇ, ਧਨ, ਬਾਹੂਬਲ ਸਮੇਤ ਕਿਸੇ ਵੀ ਗੈਰ ਕਾਨੂੰਨੀ ਤਰੀਕੇ ਨਾਲ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ।

ਕੀ ਭਾਰਤ ਵਿਚ ਚੋਣਾਂ ਦੌਰਾਨ ਅਜਿਹਾ ਮਾਹੌਲ ਦੇਣਾ ਸੰਭਵ ਹੈ? ਇਸ ਦਾ ਲੇਖਾ ਜੋਖਾ ਕਰਨ ਬਹੁਤ ਜ਼ਰੂਰੀ ਹੈ। ਅਮਰੀਕਾ ਆਧਾਰਿਤ ਇਕ ਚੋਣ ਮਾਹਿਰ ਨੇ ਹਾਲ ਹੀ ਵਿਚ ਅਨੁਮਾਨ ਲਗਾਇਆ ਹੈ ਕਿ ਭਾਰਤ ਦੀਆਂ 2019 ਵਿਚ ਹੋਣ ਵਾਲੀਆਂ ਚੋਣਾਂ ਦੁਨੀਆਂ ਭਰ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਹੋਣਗੀਆਂ। 2016 ਦੀਆਂ ਅਮਰੀਕਾ ਦੀਆਂ ਚੋਣਾਂ ਉਤੇ ਅੰਦਾਜ਼ਨ 6.5 ਅਰਬ ਡਾਲਰ ਅਤੇ ਭਾਰਤ ਦੀਆਂ 2014 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ 5 ਅਰਬ ਡਾਲਰ ਖਰਚ ਹੋਏ ਸਨ। ਭਾਰਤ ਦਾ ਇਹ ਖਰਚਾ ਹੁਣ 7 ਅਰਬ ਡਾਲਰ ਤੋਂ ਟੱਪ ਜਾਣ ਦਾ ਅਨੁਮਾਨ ਹੈ। ਭਾਰਤ ਦੀ ਇਕ ਖਾਸੀਅਤ ਹੋਰ ਹੈ ਕਿ ਇਥੇ ਪਾਰਟੀਆਂ ਨੂੰ ਮਿਲਣ ਵਾਲਾ 73 ਫੀਸਦ ਪੈਸਾ ਕਿਥੋਂ ਆਇਆ ਅਤੇ ਕਿਸ ਨੇ ਦਿੱਤਾ, ਇਸ ਬਾਰੇ ਕੋਈ ਜਾਣਕਾਰੀ ਨਹੀਂ; ਭਾਵ ਇਸ ਮਾਮਲੇ ਵਿਚ ਪਾਰਦਰਸ਼ਤਾ ਸਿਫਰ ਹੈ। ਮੰਨਿਆ ਇਹ ਜਾ ਰਿਹਾ ਹੈ ਕਿ ਅਜਿਹਾ ਪੈਸਾ ਵੱਡੇ ਕਾਰਪੋਰੇਟ ਘਰਾਣਿਆਂ ਰਾਹੀਂ ਆਉਂਦਾ ਹੈ ਅਤੇ ਚੋਣਾਂ ਵਿਚ ਪਾਣੀ ਵਾਂਗ ਵਹਾਏ ਇਸ ਪੈਸੇ ਨਾਲ ਜਿੱਤ ਦੀ ਮੰਜ਼ਿਲ ਸਰ ਕੀਤੀ ਜਾਂਦੀ ਹੈ। ਅਜਿਹੇ ਮਾਹੌਲ ਵਿਚ ਸਾਧਾਰਨ ਅਤੇ ਇਮਾਨਦਾਰਾਨਾ ਤਰੀਕੇ ਨਾਲ ਚੋਣ ਲੜਨ ਵਾਲੀਆਂ ਧਿਰਾਂ ਜਾਂ ਉਮੀਦਵਾਰ ਪੈਸੇ ਦੀ ਵਰਤੋਂ ਨਾਲ ਚਲਾਈ ਪ੍ਰਚਾਰ ਦੀ ਹਨੇਰੀ ਵਿਚ ਉਡ ਜਾਂਦੇ ਹਨ। ਉਦਾਹਰਣ ਦੇ ਤੌਰ ਉਤੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਕਰਜ਼ੇ ਦੇ ਬੋਝ ਹੇਠ ਹੋ ਰਹੀਆਂ ਖੁਦਕੁਸ਼ੀਆਂ, ਰੁਜ਼ਗਾਰ ਦੇ ਘਟ ਰਹੇ ਮੌਕੇ, ਸਿਹਤ ਅਤੇ ਸਿੱਖਿਆ ਵਰਗੇ ਮੁੱਦਿਆਂ ਨੂੰ ਅਣਗੌਲਿਆਂ ਕਰਕੇ ਕਾਰਪੋਰੇਟ ਮੀਡੀਆ ਵੱਲੋਂ ਭਾਜਪਾ ਦੀ ਜੰਗੀ ਜਨੂੰਨ ਪੈਦਾ ਕਰਨ ਦੀ ਕੋਸ਼ਿਸ਼ ਚੋਣ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਦਾ ਜ਼ਰੀਆ ਬਣ ਸਕਦੀ ਹੈ। ਇਹ ਪੂਰਾ ਮਾਮਲਾ ਧਿਆਨ ਦੀ ਮੰਗ ਕਰਦਾ ਹੈ।




ਚੋਣ ਕਮਿਸ਼ਨ ਦੀ ਚੋਣ ਖਰਚਿਆਂ ਬਾਰੇ ਲੇਖਾ ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਚੋਣ ਕਮਿਸ਼ਨ ਵੱਲੋਂ ਪਾਰਲੀਮੈਂਟ ਚੋਣਾਂ ਦੌਰਾਨ ਇਕ ਉਮੀਦਵਾਰ ਲਈ ਨਿਰਧਾਰਤ ਖਰਚ ਦੀ ਹੱਦ ਤੋਂ 50 ਫੀਸਦ ਤੱਕ ਹੀ ਖਰਚਾ ਦਿਖਾਇਆ ਜਾਂਦਾ ਹੈ। ਕੋਈ ਵੀ ਨਿਸਚਤ ਹੱਦ ਦੇ ਨੇੜੇ ਨਹੀਂ ਪਹੁੰਚਦਾ। ਆਮ ਤੌਰ ਉਤੇ ਇਕ ਜਾਂ ਦੂਜੀ ਚੋਣ ਤੋਂ ਬਾਅਦ ਕਮਿਸ਼ਨ ਇਹ ਹੱਦ ਵਧਾ ਦਿੰਦਾ ਹੈ। 2014 ਦੀਆਂ ਲੋਕ ਸਭਾ ਚੋਣਾਂ ਸਮੇਂ ਸੰਸਦੀ ਚੋਣ ਦੇ ਉਮੀਦਵਾਰ ਲਈ 70 ਲੱਖ ਰੁਪਏ ਖਰਚ ਕਰ ਸਕਣ ਦੀ ਇਜਾਜ਼ਤ ਦਿੱਤੀ ਗਈ। ਜੇ ਕਮਿਸ਼ਨ ਨੂੰ ਪਤਾ ਹੈ ਕਿ ਖਰਚ ਘੱਟ ਦਿਖਾਇਆ ਗਿਆ ਹੈ ਤਾਂ ਖਰਚ ਦੀ ਰਾਸ਼ੀ ਵਧਾਉਣ ਪਿੱਛੇ ਕੀ ਦਲੀਲ ਹੈ? ਸਿਆਸੀ ਪਾਰਟੀ ਉਤੇ ਖਰਚ ਦੀ ਕੋਈ ਹੱਦ ਹੀ ਨਹੀਂ ਹੈ। ਇਸ ਤੋਂ ਸਾਫ ਹੈ ਕਿ ਚੋਣ ਕਮਿਸ਼ਨ, ਪਾਰਟੀਆਂ, ਉਮੀਦਵਾਰ ਅਤੇ ਸਾਧਾਰਨ ਲੋਕਾਂ ਨੂੰ ਪਤਾ ਹੈ ਕਿ ਇਹ ਲੱਖਾਂ ਦੀ ਨਹੀਂ, ਹੁਣ ਕਰੋੜਾਂ ਅਤੇ ਅਰਬਾਂ ਦੀ ਖੇਡ ਹੈ। ਇਸ ਲਈ ਧਨ ਅਤੇ ਬਾਹੂਬਲ ਦੇਸ਼ ਦੀ ਚੋਣ ਪ੍ਰਣਾਲੀ ਲਈ ਸਭ ਤੋਂ ਵੱਡਾ ਖਤਰਾ ਹੈ।

ਜੇ ਕਾਨੂੰਨ ਦੀ ਬਰਾਬਰੀ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਹਰ ਇਕ ਨੂੰ ਵੋਟ ਦੇਣ ਅਤੇ ਚੋਣ ਲੜਨ ਦਾ ਹੱਕ ਹੈ। 77 ਫੀਸਦ ਲੋਕ ਰੋਜ਼ਾਨਾ 20 ਰੁਪਏ ਤੋਂ ਵੀ ਘੱਟ ਪੈਸਿਆਂ ਨਾਲ ਗੁਜ਼ਾਰਾ ਕਰਦੇ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਾਈਟਸ ਦੇ ਅਧਿਐਨ ਅਨੁਸਾਰ, 2014 ਦੀ ਚੋਣ ਵਿਚ ਇਕ ਫੀਸਦ ਤੋਂ ਵੀ ਘੱਟ ਉਮੀਦਵਾਰਾਂ ਨੇ ਆਪਣੀ ਜਾਇਦਾਦ 10 ਲੱਖ ਤੋਂ ਘੱਟ ਦਿਖਾਈ ਸੀ; ਭਾਵ ਵਾਧੂ ਖਰਚ ਨੇ ਵੱਡਾ ਹਿੱਸਾ ਪਹਿਲਾਂ ਹੀ ਇਸ ਖੇਡ ਵਿਚੋਂ ਬਾਹਰ ਕਰ ਦਿੱਤਾ ਹੈ। ਵੈਸੇ ਵੀ ਜਮਹੂਰੀ ਸੰਸਥਾਵਾਂ ਨੂੰ ਲੱਗਣ ਵਾਲੀ ਢਾਹ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਪਿਛਲੇ ਸਾਲਾਂ ਦੌਰਾਨ ਹੋਏ ਹਮਲਿਆਂ ਕਾਰਨ ਭਾਵੇਂ ਅਸਲੀ ਜਮਹੂਰੀਅਤ ਵਿਚ ਭਾਰਤ ਦਾ ਦਰਜਾ ਘਟ ਕੇ 40ਵੇਂ ਸਥਾਨ ਉਤੇ ਆ ਗਿਆ ਹੈ।

ਦੇਸ਼ ਵਿਚ ਚੋਣ ਸੁਧਾਰਾਂ ਦੇ ਮੁੱਦੇ ਉਤੇ ਉਚ ਪੱਧਰੀ ਗੱਲਬਾਤ ਚੱਲਦੀ ਰਹੀ ਹੈ ਪਰ ਇਹ ਵਿਆਪਕ ਤੌਰ ਉਤੇ ਸਿਆਸੀ ਏਜੰਡੇ ਦਾ ਰੂਪ ਨਹੀਂ ਲੈ ਸਕਿਆ। ਚੋਣ ਸੁਧਾਰਾਂ ਉਤੇ ਗੋਸਵਾਮੀ ਕਮੇਟੀ 1990, ਵੋਹਰਾ ਕਮੇਟੀ ਰਿਪੋਰਟ 1993, ਚੋਣਾਂ ਸਰਕਾਰੀ ਖਰਚ ਉਤੇ ਕਰਵਾਉਣ ਸਬੰਧੀ ਗੁਪਤਾ ਕਮੇਟੀ 1998, ਕਾਨੂੰਨ ਕਮਿਸ਼ਨ ਦੀ ਰਿਪੋਰਟ 1999, ਸੰਵਿਧਾਨ ਦੇ ਕੰਮਕਾਜ ਦੀ ਪੜਤਾਲ ਬਾਰੇ ਕਮਿਸ਼ਨ 2001, ਚੋਣ ਕਮਿਸ਼ਨ ਵੱਲੋਂ ਸੁਧਾਰਾਂ ਦੀ ਤਜਵੀਜ਼ 2004 ਅਤੇ ਦੂਜਾ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ 2008 ਨੇ ਇਨ੍ਹਾਂ ਮੁੱਦਿਆਂ ਬਾਰੇ ਵਿਚਾਰ ਕੀਤੀ ਹੈ। ਜੇ ਸਾਰੇ ਲੋਕਾਂ ਨੂੰ ਬਰਾਬਰੀ ਦੇ ਅਧਿਕਾਰ ਦੀ ਗੱਲ ਕਰਨੀ ਹੈ ਤਾਂ ਚੋਣਾਂ ਸਰਕਾਰੀ ਖਰਚ ਉਤੇ ਕਰਵਾਉਣ ਦੀ ਤਜਵੀਜ਼ ਵਾਜਬ ਦਿਖਾਈ ਦਿੰਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵੋਟ ਦੇ ਲਿਹਾਜ਼ ਨਾਲ ਪਾਰਟੀਆਂ ਨੂੰ ਖਰਚਾ ਦਿੱਤਾ ਜਾਵੇ ਬਲਕਿ ਚੋਣ ਕਮਿਸ਼ਨ ਕੋਲ ਫੰਡ ਸਥਾਪਿਤ ਕਰਕੇ, ਪਾਰਟੀਆਂ ਦੇ ਚੋਣ ਮਨੋਰਥ ਪੱਤਰ ਛਪਵਾ ਦਿੱਤੇ ਜਾਣ। ਇਲੈਕਟ੍ਰਾਨਿਕ ਮੀਡੀਆ ਉਤੇ ਬਹਿਸਾਂ ਅਤੇ ਹਰ ਹਲਕੇ ਅੰਦਰ ਪ੍ਰੋਗਰਾਮ ਤੈਅ ਕਰਕੇ ਸਾਰੇ ਉਮੀਦਵਾਰਾਂ ਨੂੰ ਇਕੋ ਮੰਚ ਉਤੇ ਬੋਲਣ ਦਾ ਪ੍ਰਬੰਧ ਕਰਵਾਇਆ ਜਾ ਸਕਦਾ ਹੈ।

ਅਮਾਨਤ ਵਿਚ ਖਿਆਨਤ ਕਰਦੀਆਂ ਆ ਰਹੀਆਂ ਪਾਰਟੀਆਂ ਅਤੇ ਆਗੂਆਂ ਨੂੰ ਜਵਾਬਦੇਹ ਬਣਾਉਣ ਲਈ ਜ਼ਰੂਰੀ ਹੈ ਕਿ ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਐਲਾਨੇ ਜਾਣ। ਜੇ ਕੋਈ ਪਾਰਟੀ ਇਸ ਨੂੰ ਪੂਰਾ ਨਹੀਂ ਕਰਦੀ ਤਾਂ ਉਸ ਦੀ ਮਾਨਤਾ ਰੱਦ ਹੋਵੇ ਅਤੇ ਅਗਾਂਹ ਤੋਂ ਉਮੀਦਵਾਰਾਂ ਉਤੇ ਚੋਣ ਲੜਨ ਉਤੇ ਰੋਕ ਲੱਗੇ। ਸਭ ਪੈਨਸ਼ਨਾਂ ਅਤੇ ਭੱਤੇ ਬੰਦ ਕਰ ਦਿੱਤੇ ਜਾਣ। ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਲੈਣ ਤੋਂ ਬਾਅਦ ਖਜ਼ਾਨਾ ਖਾਲੀ, ਕਦੇ ਕੋਈ ਹੋਰ ਸਮੱਸਿਆ ਗਿਣਾਉਣੀ ਆਮ ਗੱਲ ਹੈ।

ਪਾਰਟੀਆਂ ਹੁਣ ਪ੍ਰਾਈਵੇਟ ਲਿਮਟਡ ਕੰਪਨੀਆਂ ਵਾਂਗ ਚੱਲ ਰਹੀਆਂ ਹਨ। ਅੰਦਰੂਨੀ ਜਮਹੂਰੀਅਤ ਪੂਰੀ ਤਰ੍ਹਾਂ ਖਤਮ ਹੋ ਗਈ ਹੈ। ਖਾਸ ਤੌਰ ਉਤੇ ਦਲ ਬਦਲੀ ਵਿਰੋਧੀ ਕਾਨੂੰਨ ਤੋਂ ਬਾਅਦ ਸਾਰੇ ਆਗੂ ਅਤੇ ਕਾਰਕੁਨ ਪਾਰਟੀ ਪ੍ਰਧਾਨਾਂ, ਪਾਰਟੀਆਂ ਉਤੇ ਕਾਬਜ਼ ਕੁੱਝ ਪਰਿਵਾਰਾਂ ਅਤੇ ਕਾਰਪੋਰੇਟ ਦੇ ਚਹੇਤੇ ਕਿਸੇ ਆਗੂ ਦੇ ਕਰਿੰਦੇ ਵਾਂਗ ਬਣ ਕੇ ਰਹਿ ਗਏ ਹਨ। ਫੈਸਲਿਆਂ ਵਿਚ ਉਨ੍ਹਾਂ ਦੀ ਕੋਈ ਵੁਕਅਤ ਨਹੀਂ ਹੈ। ਜੇ ਲੱਖਾਂ ਲੋਕਾਂ ਦਾ ਨੁਮਾਇੰਦਾ ਆਪਣੀ ਆਜ਼ਾਦ ਰਾਇ ਅਤੇ ਪੱਖ ਰੱਖ ਕੇ ਵੋਟ ਨਹੀਂ ਦੇ ਸਕਦਾ ਤਾਂ ਇਹ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਸਭ ਤੋਂ ਵੱਡੀ ਸੱਟ ਕਿਉਂ ਨਹੀਂ ਹੈ? ਵਿੱਪ ਪ੍ਰਣਾਲੀ ਵੀ ਚੁਣੇ ਨੁਮਾਇੰਦਿਆਂ ਦੇ ਅਧਿਕਾਰਾਂ ਨੂੰ ਘਟਾਉਣ ਦਾ ਹੀ ਤਰੀਕਾ ਹੈ। ਅਸਲ ਵਿਚ ਚੁਣੇ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਪਾਰਟੀ ਪ੍ਰਧਾਨਾਂ ਦੇ ਬਜਾਇ ਲੋਕਾਂ ਪ੍ਰਤੀ ਜਵਾਬਦੇਹ ਹੋਣ। ਉਮੀਦਵਾਰ ਚੁਣਨ ਸਮੇਂ ਵੀ ਲੋਕ ਚੰਡੀਗੜ੍ਹ ਜਾਂ ਦਿੱਲੀ ਹਾਈਕਮਾਨ ਦਾ ਮੂੰਹ ਤੱਕਦੇ ਹਨ; ਜਦਕਿ ਉਮੀਦਵਾਰਾਂ ਦੀ ਚੋਣ, ਸਬੰਧਤ ਪਾਰਟੀ ਦੇ ਮੈਂਬਰਾਂ ਦੀਆਂ ਵੋਟਾਂ ਨਾਲ ਕਰਨ ਵਾਲਾ ਤਰੀਕਾ ਅਪਣਾ ਕੇ ਪਾਰਟੀ ਕਾਰਕੁਨਾਂ ਦੀ ਵੁਕਅਤ ਵਧੇਗੀ ਅਤੇ ਜਮਹੂਰੀਅਤ ਮਜ਼ਬੂਤ ਹੋਵੇਗੀ।

ਇਸ ਤੋਂ ਇਲਾਵਾ ਦੋ ਟਰਮਾਂ ਤੋਂ ਵੱਧ ਇਕੋ ਅਹੁਦੇ ਲਈ ਚੁਣੇ ਜਾਣ ਉਤੇ ਰੋਕ ਲਗਾਈ ਜਾਣੀ ਚਾਹੀਦੀ ਹੈ। ਜਮਹੂਰੀ ਪ੍ਰਬੰਧ ਵਿਚ ਵੱਡਾ ਨੁਕਸ ਇਹ ਵੀ ਹੈ ਕਿ ਇਥੇ ਬਹੁਸੰਮਤੀ ਦੀ ਸਰਕਾਰ ਬਹੁਤ ਘੱਟ ਬਣਦੀ ਹੈ। ਭਾਜਪਾ 31 ਫੀਸਦ ਵੋਟਾਂ ਨਾਲ 282 ਸੀਟਾਂ ਲੈ ਗਈ। ਇਸ ਲਈ ਅਨੁਪਾਤਿਕ ਪ੍ਰਤੀਨਿਧਤਾ ਦਾ ਅਸੂਲ ਅਤੇ ਸਿੱਧੇ ਤੌਰ ਉਤੇ ਚੁਣੇ ਉਮੀਦਵਾਰਾਂ ਦਾ ਜਰਮਨ ਵਾਂਗ ਕੋਈ ਸਾਂਝਾ ਤਰੀਕਾ ਅਮਲ ਵਿਚ ਲਿਆਂਦਾ ਜਾ ਸਕਦਾ ਹੈ।

ਇਹ ਵੀ ਸਚਾਈ ਹੈ ਕਿ ਆਰਥਿਕ ਬਰਾਬਰੀ ਵੱਲ ਤੁਰੇ ਬਿਨਾਂ ਸਿਆਸੀ ਬਰਾਬਰੀ ਦਾ ਸੰਕਲਪ ਅਧੂਰਾ ਹੈ। ਦੇਸ਼ ਦੀਆਂ ਮੁੱਖ ਪਾਰਟੀਆਂ ਕਾਰਪੋਰੇਟ ਵਿਕਾਸ ਮਾਡਲ ਨੂੰ ਸਮਰਪਿਤ ਦਿਖਾਈ ਦੇ ਰਹੀਆਂ ਹਨ। ਮਹਿੰਗੀਆਂ ਚੋਣਾਂ ਨਾਲ ਕਾਰਪੋਰੇਟ ਦਾ ਦਖਲ ਹੋਰ ਵਧ ਰਿਹਾ ਹੈ। ਸਿਆਸਤ ਅਸਲ ਵਿਚ ਕਾਨੂੰਨ ਦੇ ਰਾਜ ਰਾਹੀਂ ਸੰਤੁਲਨ ਬਣਾਉਣ ਦਾ ਕੰਮ ਕਰਦੀ ਹੈ ਪਰ ਸਿਆਸਤ ਦੀ ਤਾਕਤ ਲਗਾਤਾਰ ਮੰਡੀ ਦੀ ਤਾਕਤ ਸਾਹਮਣੇ ਬੌਣੀ ਹੋ ਰਹੀ ਹੈ। ਇਸੇ ਕਰਕੇ ਸਿਆਸਤ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਨ ਵਾਲੇ ਤੇ ਸਮਾਜੀ ਗੈਰ ਬਰਾਬਰੀ ਦੀ ਵਕਾਲਤ ਕਰਨ ਵਾਲੇ ਇਕੋ ਪਾਸੇ ਖੜ੍ਹੇ ਦਿਖਾਈ ਦਿੰਦੇ ਹਨ। ਇਸੇ ਕਰਕੇ ਹੀ ਕੁਦਰਤ ਅਤੇ ਮਨੁੱਖ ਵਿਰੋਧੀ ਵਿਕਾਸ ਦੇ ਮਾਡਲ ਦੇ ਖਿਲਾਫ, ਕੁਦਰਤ ਤੇ ਮਨੁੱਖ ਪੱਖੀ ਵਿਕਾਸ ਮਾਡਲ ਦੇ ਬਦਲ ਲਈ ਸੰਵਾਦ ਰਚਾਉਣ ਦੀ ਲੋੜ ਹੈ। ਚੋਣ ਸੁਧਾਰਾਂ ਨੂੰ ਲੋਕ ਪੱਖੀ ਬਣਾਉਣ ਦੀ ਜੱਦੋਜਹਿਦ ਵੀ ਇਸ ਪ੍ਰਬੰਧ ਦੀ ਬੇਜੋੜ ਖੇਡ ਉਤੇ ਉਂਗਲ ਉਠਾ ਕੇ ਬਦਲ ਦੀ ਲੋੜ ਮਹਿਸੂਸ ਕਰਵਾਏਗੀ।

# ਨਿਊਜ਼ੀਲੈਂਡ ਵਿਚ ਨਸਲੀ ਦਹਿਸ਼ਤਵਾਦ ਨਾਲ ਜੁੜੇ ਸਵਾਲ

ਹਾਲ ਹੀ ਵਿਚ ਜੁੰਮੇ ਦੀ ਨਮਾਜ਼ ਮੌਕੇ ਨਿਊਜ਼ੀਲੈਂਡ ਦੇ ਸ਼ਹਿਰ ਕਰਾਈਸਟ ਚਰਚ ਦੀਆਂ ਦੋ ਮਸਜਿਦਾਂ ਵਿਚ ਵਾਪਰੇ ਕਤਲੇਆਮ ਦੀ ਨਿੰਦਾ ਕਰਨਾ ਹੀ ਕਾਫੀ ਨਹੀਂ ਹੈ ਜਿਥੇ ਇਕ ਆਸਟਰੇਲੀਆਈ ਨਸਲਵਾਦੀ ਬਰੈਂਟਨ ਟੇਰੈਂਟ ਨੇ 49 ਮੁਸਲਮਾਨਾਂ ਨੂੰ ਗੋਲੀਆਂ ਨਾਲ ਮਾਰ-ਮੁਕਾਇਆ। ਇਸ ਵਰਤਾਰੇ ਦੀਆਂ ਵਿਚਾਰਧਾਰਕ ਜੜ੍ਹਾਂ ਅਤੇ ਇਸ ਦੀ ਪਾਲਣਾ-ਪੋਸ਼ਣਾ ਤੇ ਪੁਸ਼ਤਪਨਾਹੀ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਨਿਊਜ਼ੀਲੈਂਡ ਦੇ ਲੋਕਾਂ ਨੇ ਨਸਲਵਾਦ ਨੂੰ ਵਿਆਪਕ ਤੌਰ 'ਤੇ ਰੱਦ ਕਰਦੇ ਹੋਏ ਮੁਸਲਿਮ ਭਾਈਚਾਰੇ ਨਾਲ ਇਕਮੁੱਠਤਾ ਪ੍ਰਗਟਾਈ ਹੈ। ਸਰਕਾਰ ਤੁਰੰਤ ਪੀੜਤਾਂ ਦੇ ਹੱਕ ਵਿਚ ਹਰਕਤ ਵਿਚ ਆਈ ਅਤੇ ਪ੍ਰਧਾਨ ਮੰਤਰੀ ਜਸਿੰਡਾ

**ਬੂਟਾ ਸਿੰਘ**
ਫੋਨ: +91-94643-74342

ਆਰਡਰਨ ਨੇ ਲੋਕਾਂ ਨੂੰ ਮੁਸਲਿਮ ਭਾਈਚਾਰੇ ਪ੍ਰਤੀ ਸਹਿਣਸ਼ੀਲਤਾ ਦਿਖਾਉਣ ਦੀ ਅਪੀਲ ਕੀਤੀ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਵੀ ਹਮਲਾਵਰ ਨੂੰ 'ਘੋਰ ਸੱਜੇਪੱਖੀ ਦਹਿਸ਼ਤਗਰਦ' ਕਿਹਾ ਹੈ।

ਇਹ ਚੇਤੇ ਰੱਖਣਾ ਹੋਵੇਗਾ ਕਿ ਪਿਛਲੇ ਦਹਾਕਿਆਂ ਵਿਚ ਅਗਾਂਹਵਧੂ ਤਾਕਤਾਂ ਨੂੰ ਕੁਲ ਦੁਨੀਆ ਵਿਚ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਨਤੀਜੇ ਵਜੋਂ ਘੋਰ ਸੱਜੇਪੱਖੀ ਤਾਕਤਾਂ ਪਹਿਲਾਂ ਦੇ ਮੁਕਾਬਲੇ ਨਾ ਕੇਵਲ ਮਜ਼ਬੂਤ ਹੋਈਆਂ ਹਨ ਸਗੋਂ ਬਹੁਤ ਸਾਰੇ ਮੁਲਕਾਂ ਦੀ ਰਾਜਕੀ ਨੀਤੀ ਤੇ ਰਾਜ ਢਾਂਚੇ ਵਿਚ ਇਨ੍ਹਾਂ ਦੀ ਪੁੱਗਤ, ਰਸੂਖ ਅਤੇ ਦਖਲ ਵੀ ਤੇਜ਼ੀ ਨਾਲ ਵਧਿਆ ਹੈ। ਲਿਹਾਜ਼ਾ, ਕਤਲੇਆਮ ਦੀ ਸੋਸ਼ਲ ਮੀਡੀਆ ਉਪਰ 'ਲਾਈਵ ਸਟਰੀਮਿੰਗ' ਕਰਨਾ 'ਸਿਰਫਿਰੇ' ਸ਼ਖਸ ਦਾ ਆਪਮੁਹਾਰਾ ਕਾਰਾ ਨਹੀਂ, ਜਿਵੇਂ ਹੁਣ ਡੋਨਾਲਡ ਟਰੰਪ ਦੇ ਬੁਲਾਰੇ ਤੇ ਹੋਰ ਮੁਲਕਾਂ ਦੇ ਸੱਜੇਪੱਖੀ ਦੁਨੀਆ ਨੂੰ ਜਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਕਾਂਡ ਪੂਰੀ ਤਰ੍ਹਾਂ ਸੋਚ-ਸਮਝਕੇ ਵਿਉਂਤਿਆ ਗਿਆ, ਕਿਉਂਕਿ ਨਿਊਜ਼ੀਲੈਂਡ ਵਿਚ ਮੁਸਲਮਾਨ ਮੁਕਾਬਲਤਨ ਨਿੱਕਾ ਜਿਹਾ ਅਤੇ ਨਵਾਂ ਭਾਈਚਾਰਾ ਹੀ ਹਨ। ਅੰਕੜਿਆਂ ਅਨੁਸਾਰ 2017 ਵਿਚ ਇਥੇ 47 ਲੱਖ ਦੀ ਕੁਲ ਆਬਾਦੀ ਵਿਚੋਂ ਮੁਸਲਿਮ ਆਬਾਦੀ ਸਿਰਫ 50817 (1 %) ਹੀ ਸੀ। ਗ਼ੌਰਤਲਬ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਨਿਊਜ਼ੀਲੈਂਡ ਦੀ ਕੁਲ ਆਬਾਦੀ ਵਿਚ 7.8% ਵਾਧਾ ਹੋਇਆ ਜਦਕਿ ਇਥੇ ਏਸ਼ੀਆਈ ਆਬਾਦੀ ਵਿਚ ਲਗਭਗ 50% ਵਾਧਾ ਸਾਹਮਣੇ ਆਇਆ। ਇਹ ਫਰਕ ਨਸਲਵਾਦੀਆਂ ਲਈ ਗੋਰੇ ਲੋਕਾਂ ਦੇ ਮਨਾਂ ਵਿਚ ਗ਼ੈਰ ਗੋਰਿਆਂ ਪ੍ਰਤੀ ਨਫਰਤ ਭੜਕਾਉਣ ਅਤੇ ਦੂਜੇ ਮੁਲਕਾਂ ਤੋਂ ਇਥੇ ਆ ਰਹੇ ਲੋਕਾਂ ਪ੍ਰਤੀ ਨੀਤੀ ਨੂੰ ਸਖਤ ਬਣਾਉਣ ਲਈ ਦਬਾਓ ਪਾਉਣ ਦਾ ਕਾਰਗਰ ਤਰੀਕਾ ਹੈ। ਕਤਲੇਆਮ ਮੌਕੇ ਜਾਰੀ ਕੀਤਾ ਗਿਆ 74 ਪੰਨਿਆਂ ਦਾ ਮੈਨੀਫੈਸਟੋ 'ਦਿ ਗਰੇਟ ਰੀਪਲੇਸਮੈਂਟ' ਇਕ ਯੋਜਨਾਬੱਧ ਸੰਦੇਸ਼ ਸੀ ਅਤੇ ਇਹ ਪਰਵਾਸ ਦੀ ਨੀਤੀ ਨੂੰ ਬਦਲਣ ਲਈ ਦਬਾਓ ਪਾਉਣ ਦਾ ਸਿਲਸਿਲੇਵਾਰ ਯਤਨ ਹੈ। ਮੈਨੀਫੈਸਟੋ ਦਾ ਮੂਲ ਸਰੋਤ ਫਰਾਂਸੀਸੀ ਆਵਾਸ ਵਿਰੋਧੀ ਲੇਖਕ ਜਾਂ ਔਲਨੋ ਗੈਬਰੀਅਲ ਕੈਮੂ ਦੀ ਲਿਖਤ 'ਦਿ ਗਰੇਟ ਰੀਪਲੇਸਮੈਂਟ' ਹੈ ਜੋ ਪੂਰੇ ਯੂਰਪ ਦੇ ਨਸਲਵਾਦੀਆਂ ਦੀਆਂ ਆਵਾਸ ਵਿਰੋਧੀ ਗਰੁੱਪਾਂ ਦੀ ਬਹਿਸਾਂ ਦਾ ਮੁੱਖ ਵਾਕ-ਅੰਸ਼ ਬਣ ਚੁੱਕਾ ਹੈ। ਇਸ ਦਾ ਤੱਤ ਇਹ ਹੈ ਕਿ ਪਰਵਾਸ ਦੇ ਬਹਾਨੇ ਗ਼ੈਰ ਯੂਰਪੀ ਵਸੋਂ ਯੂਰਪ ਦੀ ਮੂਲ ਵਸੋਂ ਤੋਂ ਉਨ੍ਹਾਂ ਦੀ ਧਰਤੀ ਖੋਹ ਕੇ ਕਾਬਜ਼ ਹੋ ਰਹੀ ਹੈ। ਮੈਨੀਫੈਸਟੋ ਵਿਚ ਨਸਲੀ ਦਹਿਸ਼ਤਗਰਦ ਇਸੇ ਨਜ਼ਰੀਏ ਨੂੰ ਠਿੱਕ ਠੋਕ ਕੇ ਐਲਾਨ ਕਰਦਾ ਹੈ, "ਹਮਲਾਵਰਾਂ ਨੂੰ ਦੱਸਣਾ ਹੈ ਕਿ ਸਾਡੀ ਧਰਤੀ ਕਦੇ ਵੀ ਉਨ੍ਹਾਂ ਦੀ ਧਰਤੀ ਨਹੀਂ ਹੋਵੇਗੀ। ਸਾਡੇ ਆਪਣੇ ਘਰ ਹਨ ਅਤੇ ਜਦ ਤਕ ਇਕ ਵੀ ਗੋਰਾ ਵਿਅਕਤੀ ਰਹੇਗਾ, ਉਦੋਂ ਤਕ ਉਹ ਕਦੇ ਵੀ ਜਿੱਤ ਨਹੀਂ ਸਕਣਗੇ। ਇਹ ਧਰਤੀ ਸਾਡੀ ਹੈ ਤੇ ਉਹ ਕਦੇ ਵੀ ਸਾਡੇ ਲੋਕਾਂ ਦੀ ਥਾਂ ਨਹੀਂ ਲੈ ਸਕਣਗੇ।"

ਯੂਰਪ ਵਿਚ 'ਜੈਨਰੇਸ਼ਨ ਆਈਡੈਂਟਿਟੀ' ਵਰਗੇ ਨਸਲਵਾਦੀ ਗੁੱਟ ਹਥਿਆਰਬੰਦੀ, ਸਿਖਲਾਈ ਅਤੇ ਹਿੰਸਕ ਹਮਲਿਆਂ ਲਈ ਮਸ਼ਹੂਰ ਹਨ। ਪੱਛਮ, ਖਾਸ ਕਰਕੇ ਕੁਝ ਯੂਰਪੀ ਮੁਲਕਾਂ ਅਤੇ ਅਮਰੀਕਾ ਅੰਦਰ ਨਸਲਵਾਦ ਦੀ ਜ਼ਾਹਰਾ ਨੁਮਾਇੰਦਗੀ ਸੱਤਾ ਅਤੇ ਪਾਰਲੀਮੈਂਟਰੀ ਸੰਸਥਾਵਾਂ ਦੇ ਅੰਦਰ ਵਧੀ ਹੈ। ਨਿਊਜ਼ੀਲੈਂਡ ਇਸ ਪੱਖੋਂ ਮੁਕਾਬਲਤਨ ਸ਼ਾਂਤ ਮੁਲਕ ਮੰਨਿਆ ਜਾਂਦਾ ਹੈ। ਇਥੇ ਨਸਲਵਾਦੀਆਂ ਦੀ ਸੱਤਾ ਵਿਚ ਐਸੀ ਸਿੱਧੀ ਮੌਜੂਦਗੀ ਭਾਵੇਂ ਨਹੀਂ, ਲੇਕਿਨ ਫਾਸ਼ੀਵਾਦ ਅਤੇ ਨਾਜ਼ੀਵਾਦ ਤੋਂ ਪ੍ਰੇਰਤ ਨਸਲਵਾਦੀ ਸੰਸਥਾਵਾਂ ਪਿਛਲੀ ਸਦੀ ਦੇ ਤੀਜੇ ਦਹਾਕੇ ਤੋਂ ਲੈ ਕੇ ਕਿਸੇ ਨਾ ਕਿਸੇ ਰੂਪ ਵਿਚ ਇਥੇ ਵੀ ਮੌਜੂਦ ਰਹੀਆਂ ਹਨ। ਵਿਚਾਰਧਾਰਕ ਸਾਂਝ ਦੇ ਨਾਲ-ਨਾਲ ਹੋਰ ਮੁਲਕਾਂ ਦੇ ਨਸਲਵਾਦੀਆਂ ਦਾ ਇਸ ਖਿੱਤੇ ਦੇ ਨਸਲਵਾਦੀਆਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਵਿਹਾਰਕ ਅਦਾਨ-ਪ੍ਰਦਾਨ ਵੀ ਹੁੰਦਾ ਆ ਰਿਹਾ ਹੈ। ਯੂਰਪ ਅਤੇ ਉਤਰੀ ਅਮਰੀਕਾ ਦੇ ਨਸਲਵਾਦੀ ਨਿਊਜ਼ੀਲੈਂਡ ਵਿਚ ਜਾ ਕੇ ਭਾਸ਼ਨ ਦਿੰਦੇ ਰਹਿੰਦੇ ਹਨ। ਪਿੱਛੇ ਜਿਹੇ ਇਨ੍ਹਾਂ ਤਾਕਤਾਂ ਨੇ ਇਹ ਦਲੀਲ ਦਿੰਦਿਆਂ 'ਯੂ.ਐਨ. ਗਲੋਬਲ ਮਾਈਗ੍ਰੇਸ਼ਨ ਕੰਪੈਕਟ' ਦਾ ਵਿਰੋਧ ਕੀਤਾ ਗਿਆ ਕਿ ਇਹ ਛੇ ਕਰੋੜ 'ਭੂਰੇ' ਲੋਕਾਂ ਨੂੰ ਯੂਰਪ ਵਿਚ ਵਸਾਉਣ ਦੀ ਯੋਜਨਾ ਹੈ। ਦੋ ਸਾਲ ਪਹਿਲਾਂ ਹੀ ਆਕਲੈਂਡ ਯੂਨੀਵਰਸਿਟੀ ਵਿਚ 'ਯੂਰਪੀਅਨ ਸਟੂਡੈਂਟਸ ਯੂਨੀਅਨ' ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਪਿਛਲੇ ਮਹੀਨੇ ਹੀ ਇਥੇ 'ਐਨ.ਜ਼ੈਡ. ਸੌਵਰੈਨਿਟੀ' ਦੇ ਨਾਂ ਥੱਲੇ 'ਯੂ.ਐਨ. ਗਲੋਬਲ ਮਾਈਗ੍ਰੇਸ਼ਨ ਕੰਪੈਕਟ' ਦੇ ਵਿਰੋਧ ਵਿਚ ਰੈਲੀਆਂ ਕੀਤੀਆਂ ਗਈਆਂ ਸਨ। 'ਪ੍ਰਭੂਸੱਤਾ' ਨੂੰ ਮੁੱਦਾ ਬਣਾ ਕੇ ਇਹ ਲੋਕ ਹੋਰ ਮੁਲਕਾਂ ਤੋਂ ਆ ਰਹੇ ਲੋਕਾਂ, ਖਾਸ ਕਰਕੇ ਸ਼ਰਨਾਰਥੀਆਂ 'ਤੇ ਰੋਕ ਲਾਏ ਜਾਣ ਦੀ ਜ਼ੋਰਦਾਰ ਮੰਗ ਕਰਦੇ ਆ ਰਹੇ ਹਨ।

ਨਿਸ਼ਚੇ ਹੀ, ਇਹ ਆਵਾਸੀਆਂ ਪ੍ਰਤੀ ਉਸ ਨਸਲਵਾਦੀ ਨਫਰਤ ਦਾ ਨਤੀਜਾ ਹੈ ਜੋ ਪਿਛਲੇ



ਦਹਾਕਿਆਂ ਤੋਂ ਸਿਲਸਿਲੇਵਾਰ ਤਰੀਕੇ ਨਾਲ ਸਮੁੱਚੀ ਧਰਤੀ ਉਪਰ ਫੈਲਾਈ ਜਾ ਰਹੀ ਹੈ। ਨਾਲ ਹੀ ਇਹ ਅਮਰੀਕੀ ਹੁਕਮਰਾਨਾਂ ਦੀ ਅਗਵਾਈ ਹੇਠ ਪੱਛਮ ਦੇ ਫੈਲਾਏ 'ਇਸਲਾਮੀ ਹਊਏ' ਦੀ ਦੇਣ ਹੈ ਜਿਸ ਦੀ ਹਮਾਇਤ ਦੁਨੀਆ ਭਰ ਦੀਆਂ ਤਮਾਮ ਸੱਜੇਪੱਖੀ ਹੁਕਮਰਾਨ ਜਮਾਤਾਂ ਕਰ ਰਹੀਆਂ ਹਨ। ਪਿਛਲੇ ਸਾਲਾਂ ਵਿਚ ਅਮਰੀਕਾ, ਜਰਮਨੀ, ਫਰਾਂਸ ਤੇ ਹੋਰ ਯੂਰਪੀ ਮੁਲਕਾਂ ਵਿਚ ਵੀ ਮੁਸਲਿਮ ਭਾਈਚਾਰੇ ਦੇ ਧਾਰਮਿਕ ਸਥਾਨਾਂ ਉਪਰ ਹਮਲੇ ਹੋਏ। ਇਸ ਪਿੱਛੇ ਖਾਸ ਵਜ੍ਹਾ ਉਨ੍ਹਾਂ ਵਿਰੁਧ ਫੈਲਾਈ ਨਫਰਤ ਹੈ। 'ਇਸਲਾਮੀ ਹਊਆ' ਖੜ੍ਹਾ ਕਰਨ ਵਾਲੇ ਚਾਹੇ ਯੂਰਪ ਜਾਂ ਅਮਰੀਕਾ ਦੇ ਹੁਕਮਰਾਨ ਹੋਣ ਜਾਂ ਭਾਰਤ ਦੇ, ਇਹ ਵਾਰ-ਵਾਰ ਦੁਹਰਾਉਂਦੇ ਦੇਖੇ ਜਾ ਸਕਦੇ ਹਨ ਕਿ ਮਸਜਿਦਾਂ ਅਤੇ ਮਦਰਸੇ ਦਹਿਸ਼ਤਗਰਦਾਂ ਦੀ ਸਿਖਲਾਈ ਦੇ ਅੱਡੇ ਹਨ। ਜਦਕਿ ਤੱਥ ਇਹ ਹੈ ਕਿ ਅਫਗਾਨਿਸਤਾਨ ਅੰਦਰ ਸੋਵੀਅਤ ਯੂਨੀਅਨ ਵਿਰੋਧੀ ਯੁੱਧ ਦੌਰਾਨ ਪਾਕਿਸਤਾਨ ਤੇ ਅਫਗਾਨਿਸਤਾਨ ਵਿਚ ਮਸਜਿਦਾਂ, ਮਦਰੱਸਿਆਂ ਨੂੰ ਕੱਟੜ ਜਹਾਦੀਆਂ ਦੇ ਸਿਖਲਾਈ ਕੇਂਦਰ ਬਣਾਉਣ ਪਿੱਛੇ ਸਭ ਤੋਂ ਵੱਡਾ ਹੱਥ ਖੁਦ ਅਮਰੀਕਨ ਸਟੇਟ ਦਾ ਰਿਹਾ ਹੈ। ਬੇਸ਼ੱਕ, ਪਾਕਿਸਤਾਨ ਸਮੇਤ ਇਸਲਾਮੀ ਮੁਲਕਾਂ ਵਿਚ ਇਨ੍ਹਾਂ ਥਾਵਾਂ ਨੂੰ ਦਹਿਸ਼ਤਗਰਦੀ ਲਈ ਇਸਤੇਮਾਲ ਕੀਤੇ ਜਾਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ, ਲੇਕਿਨ ਖਾਸ ਮੁਲਕਾਂ ਦੇ ਹੁਕਮਰਾਨਾਂ ਵੱਲੋਂ ਇਸਲਾਮੀ ਧਾਰਮਿਕ ਪਛਾਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਸਥਾਨਾਂ ਨੂੰ ਦਹਿਸ਼ਤਗਰਦੀ ਦੇ ਸਮਾਨਅਰਥੀ ਬਣਾ ਕੇ ਪੇਸ਼ ਕਰਨ ਪਿੱਛੇ ਹਮੇਸ਼ਾ ਇਨ੍ਹਾਂ ਦੇ ਸੌੜੇ ਹਿਤ ਅਤੇ ਸੋਚੇ-ਸਮਝੇ ਏਜੰਡੇ ਕੰਮ ਕਰਦੇ ਹਨ। 'ਕਮਿਊਨਿਸਟ ਹਊਆ' ਘਸ-ਪਿਟ ਗਿਆ ਤਾਂ ਇਨ੍ਹਾਂ ਨੇ 'ਇਸਲਾਮੀ ਹਊਆ' ਈਜਾਦ ਕਰ ਲਿਆ।

ਹਮਲਾਵਰ ਦਹਿਸ਼ਤਗਰਦ ਨੇ ਆਪਣੇ 'ਮੈਨੀਫੈਸਟੋ' ਵਿਚ ਉਸ ਨਾਰਵੀਜੀਅਨ ਦਹਿਸ਼ਤਗਰਦ ਐਂਡਰਸ ਬੇਹਰਿੰਗ ਬਰੀਵਿਕ ਦੀ ਖੂਬ ਤਾਰੀਫ ਕੀਤੀ ਹੈ ਜਿਸ ਨੇ 2011 ਵਿਚ ਨਾਰਵੇ ਦੀ ਰਾਜਧਾਨੀ ਓਸਲੋ ਵਿਚ 77 ਲੋਕਾਂ ਦੀ ਹੱਤਿਆ ਕੀਤੀ ਸੀ। ਉਹ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 'ਮੁੜ-ਸੁਰਜੀਤ ਹੋਈ ਗੋਰੀ ਪਛਾਣ ਅਤੇ ਸਾਂਝੇ ਮਨੋਰਥ ਦਾ ਚਿੰਨ੍ਹ' ਕਹਿੰਦਾ ਹੈ। ਉਸ ਦਾ ਇਨ੍ਹਾਂ ਸ਼ਖਸਾਂ ਤੋਂ ਐਨਾ ਮੁਤਾਸਿਰ ਹੋਣਾ ਹੈਰਤਅੰਗੇਜ਼ ਨਹੀਂ। ਟਰੰਪ ਵਰਗੇ ਰਾਜ ਨੇਤਾ ਨਸਲਵਾਦੀ ਤਾਕਤਾਂ ਲਈ ਸੱਚਮੁੱਚ ਰੋਲ ਮਾਡਲ ਹਨ। ਇਹ ਤੱਥ ਜੱਗ ਜ਼ਾਹਿਰ ਹੈ ਕਿ ਟਰੰਪ ਦਾ ਏਜੰਡਾ ਨਸਲਵਾਦੀ ਹੈ ਅਤੇ ਉਸ ਦਾ ਟਿਕਾਊ ਰਾਜਸੀ ਅਧਾਰ ਸੱਜੇਪੱਖੀ ਰਾਸ਼ਟਰਵਾਦੀ ਤਾਕਤਾਂ ਹਨ। ਟਰੰਪ ਹੋਰ ਮੁਲਕਾਂ ਦੇ ਲੋਕਾਂ, ਖਾਸ ਕਰਕੇ ਮੁਸਲਮਾਨਾਂ ਪ੍ਰਤੀ ਆਪਣੇ ਨਫਰਤ ਭੜਕਾਊ ਅਤੇ ਨਸਲਵਾਦੀ ਬਿਆਨਾਂ ਲਈ ਅਕਸਰ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ। ਉਸ ਦੀ ਲੰਮੀ ਚੋਣ ਮੁਹਿੰਮ ਗ਼ੈਰ ਕਾਨੂੰਨੀ ਆਵਾਸੀਆਂ ਦੇ 'ਹਮਲੇ' ਦੇ ਖਤਰੇ ਅਤੇ ਇਸ ਨੂੰ ਰੋਕਣ ਲਈ ਅਮਰੀਕਨ-ਮੈਕਸੀਕਨ ਸਰਹੱਦ ਉਪਰ ਹੋਰ ਦੀਵਾਰਾਂ ਉਸਾਰਨ ਦੇ ਇਕਰਾਰ ਉਪਰ ਕੇਂਦਰਤ ਸੀ। ਇੰਨਾ ਹੀ ਨਹੀਂ, ਉਸ ਵੱਲੋਂ 2017 'ਚ ਵਰਜੀਨੀਆ ਵਿਚ ਨਵ-ਨਾਜ਼ੀਆਂ ਦੇ ਮਸ਼ਾਲ ਜਲੂਸ ਦੀ ਨਿੰਦਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ ਗਈ ਜਿਸ ਦਾ ਮੁੱਖ ਨਾਅਰਾ ਨਾਜ਼ੀ ਦੌਰ ਦਾ 'ਲਹੂ ਅਤੇ ਮਿੱਟੀ' ਦਾ ਖੂਨੀ ਹੋਕਾ ਸੀ। ਹਾਲੀਆ ਕਾਂਡ ਤੋਂ ਬਾਦ ਟਰੰਪ ਨੇ ਬਿਆਨ ਦਿੱਤਾ ਹੈ ਕਿ ਦੁਨੀਆ ਨੂੰ 'ਗੋਰੀ ਸਰਵਸ੍ਰੇਸ਼ਟਤਾ' ਤੋਂ ਕੋਈ ਖਤਰਾ ਨਹੀਂ ਹੈ। ਟਰੰਪ ਨਿਜ਼ਾਮ ਤੋਂ ਐਸੀ ਕੂਟਨੀਤਕ ਬਿਆਨਬਾਜ਼ੀ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ ਜੋ ਦੁਨੀਆ ਨੂੰ ਇਸ ਗੰਭੀਰ ਖਤਰੇ ਪ੍ਰਤੀ ਅਵੇਸਲਾ ਕਰਕੇ ਇਹਨਾਂ ਤਾਕਤਾਂ ਦੇ ਚੁੱਪ-ਚੁਪੀਤੇ ਵਧਦੇ-ਫੁੱਲਦੇ ਰਹਿਣ ਲਈ ਸਾਜ਼ਗਰ ਰਾਜਸੀ ਮਾਹੌਲ ਸਿਰਜਦੀ ਹੈ।

ਯੂਰਪ ਅਤੇ ਅਮਰੀਕਾ ਅੰਦਰ ਮੁਸਲਮਾਨਾਂ ਜਾਂ ਉਨ੍ਹਾਂ ਨਾਲ ਮਿਲਦੇ-ਜੁਲਦੇ ਪਹਿਰਾਵੇ ਵਾਲੇ ਲੋਕਾਂ ਉਪਰ ਨਸਲੀ ਹਮਲੇ ਸਾਫ ਸਬੂਤ ਹਨ ਕਿ ਗ਼ੈਰ ਮੁਸਲਿਮ ਲੋਕਾਂ ਅੰਦਰ ਮੁਸਲਿਮ ਭਾਈਚਾਰੇ ਪ੍ਰਤੀ ਕਿੰਨੀ ਡੂੰਘੀ ਨਫਰਤ ਬੀਜ ਦਿੱਤੀ ਗਈ ਹੈ। ਪੱਛਮ ਦੀਆਂ ਕਈ ਮੋਹਰੀ ਪ੍ਰਕਾਸ਼ਨਾਵਾਂ ਨੇ ਰਾਸ਼ਟਰਪਤੀ ਦੀ ਚੋਣ ਲਈ 2016 ਦੀ ਚੋਣ ਮੁਹਿੰਮ 'ਚ ਟਰੰਪ ਦੀ ਬੋਲਬਾਣੀ ਦੇ ਸਕੂਲਾਂ ਉਪਰ ਅਸਰ ਦੇ ਅਧਿਐਨ ਕੀਤੇ ਹਨ। ਟੀਚਰਜ਼ ਟਾਲਰੈਂਸ ਪ੍ਰੋਜੈਕਟ ਦੀ ਅਪਰੈਲ 2016 ਰਿਪੋਰਟ ਉਚੇਚੇ ਤੌਰ 'ਤੇ ਦੱਸਦੀ ਹੈ ਕਿ ਵਿਦਿਆਰਥੀ ਰਾਜਸੀ ਆਗੂਆਂ ਦੀ ਕਿਸ ਕਦਰ ਨਕਲ ਕਰਦੇ ਹਨ। ਅਮਰੀਕਨ ਸਕੂਲਾਂ 'ਚ ਉਨ੍ਹਾਂ ਵਿਦਿਆਰਥੀਆਂ ਨੂੰ ਤੰਗ-ਪ੍ਰੇਸ਼ਾਨ ਕਰਨ, ਵਿਅੰਗ ਕੱਸਣ ਅਤੇ ਜ਼ਲੀਲ ਕਰਨ ਦਾ ਰੁਝਾਨ ਵਧਿਆ ਹੈ ਜਿਨ੍ਹਾਂ ਦੀ ਨਸਲ, ਧਰਮ ਜਾਂ ਕੌਮੀਅਤ ਨੂੰ ਚੋਣ ਮੁਹਿੰਮ ਚਲਾਉਣ ਵਾਲਿਆਂ ਵੱਲੋਂ ਆਪਣੇ ਪ੍ਰਚਾਰ ਵਿਚ ਨਿਸ਼ਾਨਾ ਬਣਾਇਆ ਗਿਆ ਸੀ। ਭਾਰਤ ਵਿਚ ਲੇਖਿਕਾ ਨਾਜ਼ੀਆ ਇਰੁਮ ਨੇ ਮੁਲਕ ਦੇ ਚੋਟੀ ਦੇ ਸਕੂਲਾਂ ਦੇ ਫੀਲਡ ਅਧਿਐਨ 'ਤੇ ਆਧਾਰਿਤ ਆਪਣੀ ਹਾਲ ਹੀ ਛਪੀ ਕਿਤਾਬ 'ਮਦਰਿੰਗ ਏ ਮੁਸਲਿਮ' ਅੰਦਰ ਮੁਸਲਿਮ ਬੱਚਿਆਂ ਪ੍ਰਤੀ ਹੋਰ ਬੱਚਿਆਂ ਦੇ ਮਨਾਂ ਵਿਚ ਫੈਲੀ ਨਫਰਤ ਦੀ ਬਹੁਤ ਹੀ ਖੌਫਨਾਕ ਤਸਵੀਰ ਪੇਸ਼ ਕੀਤੀ ਹੈ।

ਇਕ ਮੁਲਕ, ਖਾਸ ਕਰਕੇ ਪਿਛੜੇ ਅਤੇ ਘੋਰ ਸੰਕਟਗ੍ਰਸਤ ਅਤੇ ਰਾਜਸੀ ਅਸਥਿਰਤਾ ਵਾਲੇ ਮੁਲਕ ਤੋਂ ਦੂਜੇ ਬਿਹਤਰ ਹਾਲਾਤ ਵਾਲੇ ਮੁਲਕਾਂ ਵੱਲ ਪਰਵਾਸ, ਦਰਅਸਲ ਵੱਡਾ ਆਲਮੀ ਮਸਲਾ ਹੈ ਜਿਸ ਵਿਚ ਸਾਮਰਾਜਵਾਦੀ ਸਾਜ਼ਿਸ਼ਾਂ ਅਤੇ ਹੁਕਮਰਾਨਾਂ ਦੀਆਂ ਕਾਰਪੋਰੇਟ ਸਰਮਾਏਪੱਖੀ ਧਾੜਵੀ ਨੀਤੀਆਂ ਦੀ ਮੁੱਖ ਭੂਮਿਕਾ ਹੈ। 2015 ਵਿਚ ਦੁਨੀਆ ਵਿਚ ਪਰਵਾਸ ਕਰਨ ਵਾਲਿਆਂ ਦਾ ਅੰਕੜਾ 25 ਕਰੋੜ ਨੂੰ ਜਾ ਪਹੁੰਚਿਆ ਸੀ ਜਿਨ੍ਹਾਂ ਵਿਚ ਸਾਢੇ ਛੇ ਕਰੋੜ ਸੀਰੀਆ, ਲਿਬੀਆ ਵਰਗੇ ਮੁਲਕਾਂ ਵਿਚ ਖਾਨਾਜੰਗੀ ਦੇ ਸਤਾਏ ਬੇਵੱਸ ਲੋਕ ਸਨ। ਲੇਕਿਨ 'ਗੋਰੀ ਨਸਲ ਹੀ ਸਰਵਸ੍ਰੇਸ਼ਟ' ਦੇ ਨਸਲਵਾਦੀ ਨਜ਼ਰੀਏ ਵਾਲੇ ਲੋਕ ਇਸ ਨੂੰ ਆਪਣੀ ਪ੍ਰਭੂਸੱਤਾ ਲਈ ਖਤਰਾ ਮੰਨ ਕੇ ਰੋਕਣ ਲਈ ਬਜ਼ਿੱਦ ਹਨ।

ਇਸ ਨਵ-ਨਾਜ਼ੀਵਾਦੀ ਰੁਝਾਨ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਇਸ ਵਕਤ ਚਾਹੇ ਇਹ ਕਮਜ਼ੋਰ ਨਜ਼ਰ ਆਉਂਦਾ ਹੈ, ਸਰਮਾਏਦਾਰੀ ਪ੍ਰਬੰਧ ਦੇ ਸੰਕਟ ਦੇ ਵਧਣ ਨਾਲ ਆਵਾਸੀਆਂ ਅਤੇ ਪਰਵਾਸੀਆਂ ਨੂੰ ਬੇਰੁਜ਼ਗਾਰੀ ਲਈ ਜ਼ਿੰਮੇਵਾਰ ਸਮਝਣ ਦੀ ਸੋਚ ਤੇਜ਼ੀ ਨਾਲ ਫੈਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਨਸਲਵਾਦੀ ਏਜੰਡੇ ਵਾਲੀਆਂ ਤਾਕਤਾਂ ਲਈ ਸਥਾਨਕ ਲੋਕਾਂ ਨੂੰ 'ਬੇਗਾਨਿਆਂ' ਵਿਰੁਧ ਭੜਕਾਉਣ ਲਈ ਪੂਰੀ ਤਰ੍ਹਾਂ ਸਾਜ਼ਗਾਰ ਮਾਹੌਲ ਮੁਹੱਈਆ ਕਰਦੀ ਹੈ।

# ਚੋਣਾਂ ਵਿਚ ਭਾਜਪਾ ਦਾ ਪਲੜਾ ਕਿੰਨਾ ਕੁ ਭਾਰੀ?

ਭਾਜਪਾ ਦੇ ਸਮਰਥਕਾਂ ਅਤੇ ਮੀਡੀਆ ਮੰਚਾਂ 'ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 100 ਫੀਸਦੀ ਯਕੀਨ ਹੋ ਚੁੱਕਾ ਹੈ ਕਿ ਪੁਲਵਾਮਾ ਅਤੇ ਬਾਲਾਕੋਟ ਤੋਂ ਬਾਅਦ ਬਣਿਆ ਉਗਰ-ਰਾਸ਼ਟਰਵਾਦੀ ਮਾਹੌਲ ਨਰਿੰਦਰ ਮੋਦੀ ਨੂੰ ਪੂਰਨ ਬਹੁਮਤ ਦਿਵਾ ਸਕਦਾ ਹੈ। ਉਹ ਖੁਸ਼ ਅਤੇ ਉਤਸ਼ਾਹਿਤ ਹਨ। ਉਨ੍ਹਾਂ ਨਾਲ ਗੱਲ ਕਰੋ ਤਾਂ ਉਹ ਕਦੇ ਜ਼ੋਰ ਨਾਲ, ਕਦੇ ਮੱਧਮ ਸੁਰ ਵਿਚ ਕਹਿਣਗੇ ਕਿ ਜ਼ਰਾ ਪਿੰਡਾਂ ਵਿਚ ਜਾਓ, ਉਥੇ ਤੁਹਾਨੂੰ ਦਿਖੇਗਾ ਕਿ ਦਲਿਤ ਅਤੇ ਹੋਰ ਪਛੜੀਆਂ ਜਾਤੀਆਂ ਬੱਸ ਇਕੋ ਹੀ ਗੱਲ ਕਹਿ

**ਅਭੈ ਕੁਮਾਰ ਦੂਬੇ**

ਰਹੀਆਂ ਹਨ ਕਿ ਮੋਦੀ ਨੇ ਪਾਕਿਸਤਾਨ ਦੇ ਅੰਦਰ ਦਾਖਲ ਹੋ ਕੇ ਮਾਰਿਆ ਹੈ।

ਕਮਜ਼ੋਰ ਜਾਤੀਆਂ ਅਤੇ ਵਰਗਾਂ ਦੀ ਰਾਜਨੀਤਕ ਵਫਾਦਾਰੀ ਸਬੰਧੀ ਇਹ ਦਾਅਵੇਦਾਰੀ ਦੱਸਦੀ ਹੈ ਕਿ ਭਾਜਪਾ ਨੂੰ ਜ਼ਿਆਦਾ ਫਿਕਰ ਇਨ੍ਹਾਂ ਦਾ ਹੀ ਹੈ। ਉਚੀਆਂ ਜਾਤੀਆਂ ਬਾਰੇ ਤਾਂ ਉਹ ਪਹਿਲਾਂ ਤੋਂ ਬੇਫਿਕਰ ਸਨ ਕਿ ਉਨ੍ਹਾਂ ਦੇ ਵੋਟ ਆਖਰ ਕਮਲ ਨੂੰ ਹੀ ਪੈਣਗੇ। ਇਸ ਭਰੋਸੇ ਵਿਚ ਜਿਹੜੀ ਕੁਝ ਕਮੀ ਸੀ, ਉਸ ਦੀ ਪੂਰਤੀ ਇਨ੍ਹਾਂ ਸਮਰਥਕਾਂ ਦੇ ਅਨੁਸਾਰ ਆਮ ਸ਼੍ਰੇਣੀ ਵਿਚ ਆਉਣ ਵਾਲਿਆਂ ਨੂੰ ਦਿੱਤੇ ਗਏ 10 ਫੀਸਦੀ ਰਾਖਵੇਂਕਰਨ ਨੇ ਕਰ ਦਿੱਤੀ ਸੀ। ਦਰਅਸਲ ਵੇਖਿਆ ਜਾਵੇ ਤਾਂ ਪੁਲਵਾਮਾ ਤੋਂ ਪਹਿਲਾਂ ਭਾਜਪਾ ਦੀ ਸਾਰੀ ਚੋਣ ਰਣਨੀਤੀ ਇਹ ਪੱਕਾ ਕਰਨ ਦੀ ਰਹੀ ਹੈ ਕਿ 2014 ਦੀਆਂ ਚੋਣਾਂ ਵਿਚ ਮਿਲੇ ਵੋਟਾਂ ਨੂੰ ਟੁੱਟਣ ਤੋਂ ਕਿਵੇਂ ਰੋਕਿਆ ਜਾਵੇ। 10 ਫੀਸਦੀ ਰਾਖਵਾਂਕਰਨ, ਕਿਸਾਨਾਂ ਨੂੰ 6000 ਰੁਪਏ ਸਾਲਾਨਾ ਦੇਣ ਅਤੇ 5 ਲੱਖ ਦੀ ਆਮਦਨੀ ਤੱਕ ਆਮਦਨ ਕਰ ਮੁਆਫ ਕਰਨ ਦੇ ਕਦਮ ਇਸੇ 'ਹੋਲਡਿੰਗ ਆਪ੍ਰੇਸ਼ਨ' ਦੇ ਸਬੂਤ ਸਮਝੇ ਜਾਣੇ ਚਾਹੀਦੇ ਹਨ। ਹੁਣ ਭਾਜਪਾ ਦੀ ਖੁਸ਼ਕਿਸਮਤੀ ਨਾਲ ਕਸ਼ਮੀਰ ਦੀਆਂ ਘਟਨਾਵਾਂ ਨੇ ਉਸ ਨੂੰ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੇ ਘੋੜੇ 'ਤੇ ਚੜ੍ਹਨ ਦਾ ਹੋਰ ਮੌਕਾ ਦੇ ਦਿੱਤਾ ਹੈ।

ਇਹ ਸਾਰੀਆਂ ਗੱਲਾਂ ਤਰਕ ਸੰਗਤ ਲੱਗ ਰਹੀਆਂ ਹਨ। ਆਪਣੇ ਵੱਡੇ ਸਾਧਨਾਂ ਅਤੇ ਚੋਣ ਜਿੱਤਣ ਦੀ ਪ੍ਰਬਲ ਇੱਛਾ ਸ਼ਕਤੀ ਦੇ ਕਾਰਨ ਇਕ ਵਾਰ ਤਾਂ ਇਹ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਭਾਜਪਾ ਆਖਰ ਅਗਲੇ 5 ਸਾਲ ਲਈ ਸੱਤਾ 'ਤੇ ਆਪਣਾ ਕਬਜ਼ਾ ਯਕੀਨੀ ਬਣਾ ਲਵੇਗੀ। ਹੋਰ ਤਾਂ ਹੋਰ ਦੇਸ਼ ਦੀ ਸਭ ਤੋਂ ਪ੍ਰਬਲ ਪਾਰਟੀ ਨੇ ਜਿਸ ਤਰ੍ਹਾਂ ਆਪਣੀ ਮੁੱਛ ਹੇਠਾਂ ਕਰ ਕੇ ਅਤੇ ਲਚੀਲੇਪਨ ਦਾ ਸਬੂਤ ਦਿੰਦੇ ਹੋਏ ਬੇਹੱਦ ਨਾਰਾਜ਼ ਸਹਿਯੋਗੀ ਦਲਾਂ ਨੂੰ ਸੰਤੁਸ਼ਟ ਕਰਦੇ ਹੋਏ ਮਹਾਰਾਸ਼ਟਰ, ਬਿਹਾਰ ਅਤੇ ਆਸਾਮ ਵਿਚ ਚੋਣ ਗੱਠਜੋੜ ਕੀਤੇ ਹਨ, ਉਸ ਦੀ ਰੌਸ਼ਨੀ ਵਿਚ ਦੇਖਣ ਨਾਲ ਇਹ ਗੱਲ ਹੋਰ ਵੀ ਜਾਇਜ਼ ਲੱਗਣ ਲਗਦੀ ਹੈ। ਭਾਜਪਾ ਦੀ ਰਣਨੀਤੀ ਦੇ ਲਿਹਾਜ਼ ਨਾਲ ਇਕ ਗੱਲ ਹੋਰ ਦੇਖਣੀ ਪਵੇਗੀ। ਪੁਲਵਾਮਾ ਅਤੇ ਬਾਲਾਕੋਟ ਰਾਹੀਂ ਨਰਿੰਦਰ ਮੋਦੀ ਆਪਣੀ ਸਰਕਾਰ ਵਿਰੁਧ ਸੁਭਾਵਿਕ ਤੌਰ 'ਤੇ 5 ਸਾਲ ਵਿਚ ਇਕੱਠੀ ਹੋਈ ਸਥਾਪਤੀ ਵਿਰੋਧੀ ਰੁਝਾਨ ਨੂੰ ਖਿਸਕਾ ਕੇ ਵਿਰੋਧੀ ਧਿਰ ਦੇ ਵਿਰੁਧ ਕਰ ਦੇਣ ਦੀ ਸਿਆਸੀ ਪੈਂਤੜੇਬਾਜ਼ੀ 'ਤੇ ਅਮਲ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਹਨ।

ਸਵਾਲ ਇਹ ਹੈ ਕਿ ਇਸ ਸਭ ਦੇ ਬਾਵਜੂਦ ਭਾਜਪਾ ਵਿਚ ਉਸ ਤਰ੍ਹਾਂ ਦਾ ਆਤਮ-ਵਿਸ਼ਵਾਸ ਕਿਉਂ ਨਹੀਂ ਦਿਸ ਰਿਹਾ, ਜਿਵੇਂ 2014 ਵਿਚ ਸੀ? ਇਹੀ ਹੈ ਇਹ ਸਵਾਲ, ਜਿਹੜਾ ਆਪਣੇ ਮੂੰਹ ਮੀਆਂ-ਮਿੱਠੂ ਬਣਨ ਤੋਂ ਬਾਅਦ ਜੇ ਫੁਰਸਤ ਮਿਲੇ ਤਾਂ ਭਾਜਪਾ ਨੂੰ ਖੁਦ ਤੋਂ ਪੁੱਛਣਾ ਚਾਹੀਦਾ ਹੈ। ਇਸ ਵਿਚ ਕਿਸੇ ਨੂੰ ਵੀ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਭਾਜਪਾ ਅਤੇ ਮੋਦੀ ਦਾ ਪਲੜਾ ਭਾਰੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਪਲੜਾ ਪੁਲਵਾਮਾ ਤੋਂ ਪਹਿਲਾਂ ਵੀ ਥੋੜ੍ਹਾ ਭਾਰੀ ਹੀ ਸੀ ਪਰ ਇਹ ਓਨਾ ਭਾਰੀ ਕਿਉਂ ਨਹੀਂ ਹੈ, ਜਿੰਨਾ 2014 ਵਿਚ ਸੀ? ਇਸ ਸਵਾਲ ਦਾ ਜਵਾਬ ਨਾ ਖੋਜ ਸਕਣ ਦੇ ਕਾਰਨ ਭਾਜਪਾ ਦੀ ਬੇਚੈਨੀ ਹੌਲੀ-ਹੌਲੀ ਇਕ ਤਰ੍ਹਾਂ ਦੀ ਰਾਜਨੀਤਕ ਚਿੜ੍ਹ ਵਿਚ ਤਬਦੀਲ ਹੋ ਰਹੀ ਹੈ, ਕਿਉਂਕਿ ਪਾਰਟੀ ਨੂੰ ਖੁਦ ਨੰਗੀਆਂ ਅੱਖਾਂ ਨਾਲ ਦਿਖਾਈ ਦੇ ਰਿਹਾ ਹੈ ਕਿ 5 ਸਾਲ ਪਹਿਲਾਂ ਵਰਗਾ ਮਾਹੌਲ ਨਹੀਂ ਬਣ ਰਿਹਾ।

ਚੋਣਾਂ ਤੋਂ ਠੀਕ ਪਹਿਲਾਂ ਅਕਸਰ ਹੋਣ ਵਾਲੇ ਦਲ-ਬਦਲ ਦੇ ਸਮੀਕਰਨਾਂ ਨੂੰ ਦੇਖਣ 'ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ 2014 ਦੀ ਚੋਣ ਤੋਂ ਪਹਿਲਾਂ ਬਿਨਾਂ ਕਿਸੇ ਖਾਸ ਅਪਵਾਦ ਦੇ ਜਿੰਨੇ ਵੀ ਦਲ-ਬਦਲ ਹੋਏ ਸਨ, ਉਹ ਦੂਸਰੀ ਪਾਰਟੀਆਂ ਤੋਂ ਭਾਜਪਾ ਵਿਚ ਜਾਣ ਦੇ ਸਨ। ਦਲ-ਬਦਲ ਹੁਣ ਵੀ ਹੋ ਰਹੇ ਹਨ ਪਰ ਇਸ ਵਾਰ ਇਹ ਭਾਜਪਾ ਤੋਂ ਵੀ ਹੋ ਰਹੇ ਹਨ। ਇਨ੍ਹਾਂ ਦਲ-ਬਦਲੂਆਂ ਦੇ ਕਾਰਨ ਵੱਖ-ਵੱਖ ਹੁੰਦੇ ਹਨ ਪਰ ਇਸ ਤੋਂ ਇਕ ਗੱਲ ਦਾ ਅੰਦਾਜ਼ਾ ਜ਼ਰੂਰ ਲਗਦਾ ਹੈ ਕਿ ਦਲ-ਬਦਲ ਕਰਨ ਵਾਲਿਆਂ ਦੀ ਨਜ਼ਰ ਵਿਚ ਕਿਹੜੀ ਪਾਰਟੀ ਜੇਤੂ ਹੈ ਅਤੇ ਕਿਹੜੀ ਨਹੀਂ। ਜੇ ਮੌਜੂਦਾ ਸੰਸਦ ਮੈਂਬਰ ਦਾ ਟਿਕਟ ਕੱਟ ਰਿਹਾ ਹੈ ਤਾਂ ਉਸ ਦੇ ਸਾਹਮਣੇ ਦੋ ਬਦਲ ਹੁੰਦੇ ਹਨ। ਉਹ ਚਾਹੇ ਤਾਂ ਮਨ ਮਾਰ ਕੇ ਪਾਰਟੀ ਵਿਚ ਰਹਿ ਸਕਦਾ ਹੈ ਜਾਂ ਫਿਰ ਕਿਸੇ ਦੂਸਰੀ ਪਾਰਟੀ ਵਿਚ ਜਾਣ ਲਈ ਟਿਕਟ ਹਾਸਲ ਕਰਨ ਦੀ ਸੌਦੇਬਾਜ਼ੀ ਕਰ ਸਕਦਾ ਹੈ।

2014 ਵਿਚ ਇਹ ਦੋਵੇਂ ਬਦਲ ਖੁੱਲ੍ਹੇ ਨਹੀਂ ਸਨ। ਜਿਤਾਉਣ ਦੀ ਗਾਰੰਟੀ ਸਿਰਫ ਭਾਜਪਾ ਦੇ ਕੋਲ ਹੀ ਸੀ। ਬਾਕੀ ਪਾਰਟੀਆਂ ਟਿਕਟ ਹੀ ਦੇ ਸਕਦੀਆਂ ਸਨ ਪਰ ਉਥੇ ਜਿੱਤਣ ਸ਼ੱਕੀ ਸੀ। ਇਸ ਵਾਰ ਅਜਿਹਾ ਨਹੀਂ ਹੈ। ਭਾਜਪਾ ਕੋਲ ਤਾਕਤ ਹੈ ਅਤੇ ਚੋਣਾਂ ਤੋਂ ਬਾਅਦ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੀ ਗਾਰੰਟੀ ਹੈ ਪਰ ਦੂਸਰੀਆਂ ਪਾਰਟੀਆਂ ਕੋਲ ਸੂਬਾ ਆਧਾਰਿਤ ਗੱਠਜੋੜ ਹਨ (ਜਿਹੜੇ ਭਾਜਪਾ ਕੋਲ ਵੀ ਹਨ ਪਰ ਪਿਛਲੀ ਵਾਰ ਭਾਜਪਾ ਵਿਰੋਧੀ ਸ਼ਕਤੀਆਂ ਕੋਲ ਨਹੀਂ ਸਨ) ਜੋ ਦਲ-ਬਦਲ ਦੀ ਇੱਛਾ ਰੱਖਣ ਵਾਲਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਦੇ ਹਨ ਅਤੇ ਕਰ ਰਹੇ ਹਨ।

ਭਾਜਪਾ ਨੂੰ ਇਕ ਹੋਰ ਚਿੰਤਾ ਹੈ ਜਿਹੜੀ ਪੁਲਵਾਮਾ ਦੇ ਬਾਅਦ ਕੀਤੀ ਗਈ ਰਾਇਸ਼ੁਮਾਰੀ ਕਾਰਨ ਕੁਝ ਹੋਰ ਵਧ ਗਈ ਹੈ। ਇਹ ਸਰਵੇਖਣ ਦੱਸਦੇ ਹਨ ਕਿ ਪਾਕਿਸਤਾਨ ਵਿਰੋਧੀ ਰਾਸ਼ਟਰਵਾਦ ਦੇ ਘੋੜੇ 'ਤੇ ਸਵਾਰ ਹੋਣ ਕਾਰਨ ਮੋਦੀ ਦੀ ਹਰਮਨ-ਪਿਆਰਤਾ ਵਿਚ ਤਾਂ ਵਾਧਾ ਹੋਇਆ ਹੈ ਪਰ ਭਾਜਪਾ ਨੂੰ ਮਿਲਣ ਵਾਲੇ ਵੋਟਾਂ ਦੀ ਸੰਭਾਵਨਾ ਵਿਚ ਕੋਈ ਵਾਧਾ ਨਹੀਂ ਹੋਇਆ; ਭਾਵ ਅਜੇ ਵੀ ਭਾਜਪਾ ਪੂਰਨ ਬਹੁਮਤ ਦੀ ਰੇਖਾ ਤੱਕ ਪਹੁੰਚਣ ਤੋਂ ਪਹਿਲਾਂ ਹੀ ਘਬਰਾਹਟ ਮਹਿਸੂਸ ਕਰਦੀ ਜਾਪਦੀ ਹੈ। ਉਸ ਦੀਆਂ ਕਰੀਬ 80 ਤੋਂ 85 ਸੀਟਾਂ ਘੱਟ ਹੁੰਦੀਆਂ ਦਿਸ ਰਹੀਆਂ ਹਨ। ਪੂਰੇ ਕੌਮੀ ਜਮਹੂਰੀ ਗੱਠਜੋੜ ਨੂੰ ਮਿਲਾ ਕੇ ਵੀ ਪਾਰਟੀ ਮੁਸ਼ਕਿਲ ਨਾਲ ਬਹੁਮਤ ਦੇ ਕਰੀਬ ਪਹੁੰਚਦੀ ਦਿਸ ਰਹੀ ਹੈ। ਇਸ ਦਾ ਭਾਵ ਇਹ ਹੈ ਕਿ ਨੇਤਾ ਦੀ ਵਿਅਕਤੀਗਤ ਹਰਮਨ-ਪਿਆਰਤਾ ਸਿੱਧੇ-ਸਿੱਧੇ ਵੋਟਾਂ ਵਿਚ ਤਬਦੀਲ ਨਹੀਂ ਹੁੰਦੀ।

2004 ਵਿਚ ਅਟਲ ਬਿਹਾਰੀ ਵਾਜਪਾਈ ਦੀ ਹਰਮਨਪਿਆਰਤਾ ਦੀ ਰੇਟਿੰਗ 60 ਫੀਸਦੀ ਦੇ ਨਜ਼ਦੀਕ ਸੀ। ਉਨ੍ਹਾਂ ਦੇ ਮੁਕਾਬਲੇ ਪੂਰੇ ਦੇਸ਼ ਵਿਚ ਕੋਈ ਵੀ ਨੇਤਾ ਖੜ੍ਹਾ ਨਹੀਂ ਹੋ ਸਕਦਾ ਸੀ ਪਰ ਉਨ੍ਹਾਂ ਨੂੰ 30 ਫੀਸਦੀ ਤੋਂ ਘੱਟ ਵੋਟ ਮਿਲੇ। ਰਾਸ਼ਟਰਵਾਦੀ ਜਾਂ ਹਿੰਦੂਤਵਵਾਦੀ ਜੋਸ਼ ਅਤੀਤ ਵਿਚ ਵੀ ਭਾਜਪਾ ਦੇ ਵੋਟਾਂ ਦਾ ਪ੍ਰਬਲ ਧਰੁਵੀਕਰਨ ਕਰਵਾਉਂਦਾ ਰਿਹਾ ਹੈ ਪਰ ਇਸ ਦੇ ਬਾਵਜੂਦ ਵਿਰੋਧੀ ਵੋਟਾਂ ਦੇ ਧਰੁਵੀਕਰਨ ਕਾਰਨ ਭਾਜਪਾ ਘੱਟ ਸੀਟਾਂ ਲੈਂਦੀ ਰਹੀ ਹੈ। ਸੱਚਾਈ ਇਹ ਹੈ ਕਿ 2019 ਕਿਸੇ ਵੀ ਤਰੀਕੇ ਨਾਲ 2014 ਨਹੀਂ ਬਣ ਰਿਹਾ।

# ਤਰੱਕੀ ਬਨਾਮ ਕੜਿੱਕੀ

ਤਰੱਕੀ ਅਜਿਹਾ ਸ਼ਬਦ ਹੈ, ਜੋ ਕਿਸੇ ਅਹੁਦੇ 'ਤੇ ਕੰਮ ਕਰਨ ਵਾਲੇ ਬੰਦੇ ਦੀ ਤਨਖਾਹ, ਸਕੇਲ ਜਾਂ ਗਰੇਡ ਨਾਲ ਜੁੜਿਆ ਹੋਇਆ ਹੈ; ਜਾਂ ਫਿਰ ਅਹੁਦੇ ਦੀ ਸਥਿਤੀ ਨਾਲ। ਦੁਨੀਆਂ ਵਿਚ ਇੱਕ ਹੀ ਅਹੁਦਾ ਅਜਿਹਾ ਹੈ, ਜਿਸ ਦੀ ਤਰੱਕੀ ਦਾ ਸਬੰਧ ਨਾ ਹੀ ਅਹੁਦੇ ਦੀ ਸਥਿਤੀ ਨਾਲ ਹੈ ਤੇ ਨਾ ਹੀ ਤਨਖਾਹ, ਸਕੇਲ ਜਾਂ ਗਰੇਡ ਨਾਲ। ਉਹ ਹੈ ਅਧਿਆਪਕ, ਜਿਸ ਦੀ ਤਨਖਾਹ ਵਧਣ ਨਾਲ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਜੇ ਕਿਸੇ ਨੂੰ ਤਨਖਾਹ ਨਾਲ ਕੋਈ ਫਰਕ ਪੈਂਦਾ ਹੈ ਤਾਂ ਉਹ ਹੋਰ ਜੋ ਮਰਜ਼ੀ ਹੋਵੇ, ਅਧਿਆਪਕ ਨਹੀਂ। ਅਧਿਆਪਕ ਹੋਣਾ ਅਹੁਦਾ ਨਹੀਂ ਹੈ। ਅਧਿਆਪਕ ਦੇ ਬੈਠਣ ਲਈ ਕੁਰਸੀ ਨਿਰਧਾਰਤ ਨਹੀਂ ਹੁੰਦੀ; ਉਸ ਦਾ ਕੋਈ ਦਫਤਰ ਵੀ ਨਹੀਂ ਹੁੰਦਾ; ਕੋਈ ਰਜਿਸਟਰ ਵੀ ਨਹੀਂ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਫਾਰਸੀ ਦੇ ਸ਼ਬਦ 'ਦਫਤਰ' ਦਾ ਅਸਲ ਅਰਥ 'ਰਜਿਸਟਰ' ਹੈ। ਜਿੱਥੇ ਰਜਿਸਟਰ ਪਿਆ ਹੋਵੇ, ਉਸ ਕਮਰੇ ਜਾਂ ਇਮਾਰਤ ਨੂੰ ਵੀ ਦਫਤਰ ਕਹਿ ਦਿੰਦੇ ਹਨ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਅਧਿਆਪਕ ਨੂੰ ਰਜਿਸਟਰ ਅਤੇ ਦਫਤਰ-ਦੋਹਾਂ ਤੋਂ ਕੋਫਤ ਰਹਿੰਦੀ ਹੈ। ਅਧਿਆਪਕ ਰੁੱਖ ਹੇਠ ਜਾਂ ਧੁੱਪ ਵਿਚ ਬੈਠਣਾ ਵਧੇਰੇ ਪਸੰਦ ਕਰਦਾ ਹੈ, ਦਫਤਰ ਵਿਚ ਨਹੀਂ। ਉਹ ਦਫਤਰ ਨੂੰ ਕੈਦ ਅਤੇ ਰਜਿਸਟਰ ਨੂੰ ਹੱਤਕ ਸਮਝਦਾ ਹੈ।

ਸਮਾਜੀ ਤਰੱਕੀ ਦਾ ਸਬੰਧ ਦਫਤਰ ਅਤੇ ਰਜਿਸਟਰ ਨਾਲ ਨਹੀਂ, ਰੁੱਖ ਅਤੇ ਧੁੱਪ 'ਤੇ ਨਿਰਭਰ ਕਰਦਾ ਹੈ। ਅਧਿਆਪਕ ਦੇ ਹੱਥ ਵਿਚ ਕਿਤਾਬ ਹੋਵੇ, ਉਸ ਦੀ ਇਹੀ ਪਛਾਣ ਅਤੇ ਸ਼ਾਨ ਹੁੰਦੀ ਹੈ।

ਦਫਤਰਾਂ 'ਚ ਬਹਿਣ ਵਾਲੇ ਬਾਬੂ ਹੁੰਦੇ ਹਨ, ਜੋ ਰਜਿਸਟਰਾਂ 'ਚ ਘਿਰੇ ਰਹਿੰਦੇ ਹਨ। ਅਜਿਹੇ ਲੋਕ ਟੌਹਰ ਟੱਪੇ ਤੇ ਮਾਣ-ਇੱਜਤ ਦੇ ਬਹੁਤ ਅਭਿਲਾਸ਼ੀ ਹੁੰਦੇ ਹਨ। ਅਜਿਹੇ ਲੋਕਾਂ ਦਾ ਇੱਕ ਹੀ ਸਰੋਕਾਰ ਹੁੰਦਾ ਹੈ ਕਿ ਕਿਸੇ ਦੀ ਤਨਖਾਹ ਕਿੰਨੀ ਤੇ ਕੁਰਸੀ ਕਿੰਨੀ ਵੱਡੀ ਹੈ। ਤਨਖਾਹ ਤੇ ਕੁਰਸੀ ਬਿਨਾ ਉਨ੍ਹਾਂ ਨੂੰ ਕੋਈ ਹੋਰ ਸ਼ੈ ਕਦੀ ਵੀ ਪ੍ਰਭਾਵਿਤ ਨਹੀਂ ਕਰਦੀ।

ਅਜਿਹੇ ਬੰਦੇ ਜਿੱਥੇ ਵੀ ਮਿਲਦੇ ਹਨ, ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਜਲਦੀ ਤੋਂ ਜਲਦੀ ਆਪਣੀ ਤਨਖਾਹ ਅਤੇ ਅਹੁਦਾ ਦੱਸ ਦੇਣ ਤੇ ਗੱਲਾਂ ਗੱਲਾਂ ਵਿਚ ਅਗਲੇ ਦੀ ਤਨਖਾਹ ਅਤੇ ਅਹੁਦਾ ਪੁੱਛ ਲੈਣ। ਗਰੇਡ ਦੀ ਗੱਲ ਇਨ੍ਹਾਂ ਲਈ ਨਾਮ ਸਿਮਰਨ ਦੇ ਤੁਲ ਹੁੰਦੀ ਹੈ।

ਅਜਿਹੇ ਲੋਕ ਪਹਿਰਾਵੇ ਤੋਂ ਵੀ ਪਛਾਣੇ ਜਾਂਦੇ ਹਨ। ਇਹ ਲੋਕ ਸਰਦ ਮੌਸਮ ਨੂੰ ਬਹੁਤ ਪਸੰਦ ਕਰਦੇ ਹਨ। ਇਸ ਲਈ ਨਹੀਂ ਕਿ ਇਨ੍ਹਾਂ ਨੂੰ ਸਰਦੀ ਚੰਗੀ ਲੱਗਦੀ ਹੈ, ਸਿਰਫ ਇਸ ਕਰਕੇ ਕਿ ਸਰਦੀਆਂ ਵਿਚ ਇਨ੍ਹਾਂ ਨੂੰ ਆਪਣੇ ਵੰਨ-ਸੁਵੰਨੇ ਕੋਟ-ਪੈਂਟ ਪਾਉਣ ਅਤੇ ਟਾਈਆਂ ਲਟਕਾਉਣ, ਦਿਖਾਉਣ ਅਤੇ ਚਮਕਾਉਣ ਦਾ ਮੌਕਾ ਪ੍ਰਾਪਤ ਹੁੰਦਾ ਹੈ। ਪ੍ਰੋ. ਪੂਰਨ ਸਿੰਘ ਅਜਿਹੇ ਪਹਿਰਾਵੇ ਨੂੰ ਨਵਾਬੀ ਕੈਦ ਸਮਝਦੇ ਸਨ।

ਅਧਿਆਪਕ ਸਾਦਗੀ-ਪਸੰਦ ਹੁੰਦਾ ਹੈ। ਉਹ ਟਾਈ ਨੂੰ ਟੌਹਰ ਨਹੀਂ, ਬੰਧੇਜ ਸਮਝਦਾ ਹੈ। ਟਾਈ ਉਸ ਨੂੰ ਗਲ ਪਏ ਫਾਹੇ ਜਿਹੀ ਲੱਗਦੀ ਹੈ। ਟਾਈ ਦਾ ਸਬੰਧ ਦਫਤਰ ਅਤੇ ਰਜਿਸਟਰ ਨਾਲ ਹੈ, ਕਿਤਾਬ ਨਾਲ ਨਹੀਂ।

ਟੌਹਰ ਟੱਪੇ ਵਾਲੇ ਲੋਕ ਚਾਹੁੰਦੇ ਹਨ ਕਿ ਲੋਕੀਂ ਉਨ੍ਹਾਂ ਨੂੰ ਉਠ ਉਠ ਕੇ ਦੇਖਣ। ਇਸ ਦੇ ਉਲਟ ਅਧਿਆਪਕ ਨੂੰ ਇਸ ਤਰ੍ਹਾਂ ਦੀ ਕੋਈ ਲੋੜ ਅਤੇ ਪ੍ਰਵਾਹ ਨਹੀਂ ਹੁੰਦੀ ਕਿ ਉਸ ਨੂੰ ਕੋਈ ਦੇਖਦਾ ਹੈ ਕਿ ਨਹੀਂ।

ਜਿਸ ਸਮਾਜ ਵਿਚ ਪਹਿਰਾਵੇ, ਰਜਿਸਟਰ ਅਤੇ ਦਫਤਰ ਦੀ ਵਧੇਰੇ ਇੱਜਤ ਹੋਵੇ, ਉਹ ਸਮਾਜ ਹਲਕਾ ਗਿਣਿਆ ਜਾਂਦਾ ਹੈ ਅਤੇ ਜਿੱਥੇ ਅਧਿਆਪਕ ਦਾ ਸਤਿਕਾਰ ਨਾ ਹੋਵੇ, ਉਹ ਸਮਾਜ ਸਿਹਤਮੰਦ ਨਹੀਂ ਹੁੰਦਾ। ਅਧਿਆਪਕ ਦੇ ਤ੍ਰਿਸਕਾਰ ਨਾਲ ਸਮਾਜ ਜਿਉਂਦਾ ਨਹੀਂ ਰਹਿ ਸਕਦਾ, ਇਸੇ ਲਈ ਸਮਾਜ ਪਤਨ ਵੱਲ ਵਧ ਰਿਹਾ ਹੈ।

ਕਿਤੇ ਜਾਈਏ ਤਾਂ ਲੋਕ ਪੁੱਛਣ ਲੱਗ ਪੈਂਦੇ ਹਨ, 'ਕਿੰਨੀ ਸਰਵਿਸ ਪਈ ਹੈ...ਹਾਲੇ ਪ੍ਰਿੰਸੀਪਲ ਨਹੀਂ ਬਣੇ?' ਜੇ ਦੱਸੀਏ ਕਿ ਅਧਿਆਪਕ ਲਈ ਪ੍ਰਿੰਸੀਪਲ ਦਾ ਅਹੁਦਾ ਤਰੱਕੀ ਨਹੀਂ, ਕੜਿੱਕੀ ਹੈ, ਜਿਸ 'ਚ ਫਸ ਕੇ ਅਧਿਆਪਕ ਖਤਮ ਹੋ ਜਾਂਦਾ। ਜਵਾਬ ਸੁਣ ਲੋਕ ਹੈਰਾਨ ਹੋ ਜਾਂਦੇ ਹਨ।

ਦਰਅਸਲ ਅਜਿਹੇ ਲੋਕ ਅਭਾਗੇ ਹੁੰਦੇ ਹਨ, ਜਿਨ੍ਹਾਂ ਨੂੰ ਕਿਤਾਬ ਤਲਾਕ ਦੇ ਦਿੰਦੀ ਹੈ, ਰੁੱਖ ਭੁੱਲ ਜਾਂਦੇ ਹਨ ਤੇ ਧੁੱਪ ਨਜ਼ਰ-ਅੰਦਾਜ਼ ਕਰ ਦਿੰਦੀ ਹੈ। ਕੁਦਰਤ ਦੇ ਸੁੱਖ ਤੋਂ ਵਿਯੋਗੇ ਤੇ ਵਿਛੁੰਨੇ ਹੋਏ ਲੋਕਾਂ ਦੇ ਹਾਸੇ ਜਾਅਲੀ, ਬੇਰਸ ਅਤੇ ਬੇਸੁਆਦ ਹੁੰਦੇ ਹਨ। ਉਹ ਕਿਸੇ ਪ੍ਰਤੀ ਵੀ ਸੁਹਿਰਦ ਨਹੀਂ ਰਹਿੰਦੇ; ਖਾਲਸ ਖਚਰਾਪਣ ਉਨ੍ਹਾਂ ਦਾ ਪਛਾਣ-ਚਿੰਨ ਬਣ ਜਾਂਦਾ ਹੈ।

ਸੱਚ ਇਹ ਹੈ ਕਿ ਅਧਿਆਪਕ ਦੀ ਤਰੱਕੀ ਦਾ ਰਾਜ ਕੁਰਸੀ ਵਿਚ ਨਹੀਂ, ਕਿਤਾਬ ਵਿਚ ਹੈ। ਕੋਈ ਅਧਿਆਪਕ ਜਿੰਨਾ ਵਧੇਰੇ ਪੜ੍ਹਦਾ ਹੈ, ਉਤਨੀ ਉਸ ਦੀ ਤਰੱਕੀ ਹੁੰਦੀ ਹੈ। ਅਧਿਆਪਕ ਦੀ ਤਰੱਕੀ ਦਾ ਅਨੁਮਾਨ ਉਸ ਦੇ ਮਸਤਕ ਤੋਂ ਲੱਗਦਾ ਹੈ, ਕੋਟ-ਪੈਂਟ ਤੋਂ ਨਹੀਂ।

ਅਧਿਆਪਕ ਕੋਲ ਬੈਠਿਆਂ ਸੁਤੇ ਸਿਧ ਚਾਨਣ ਹੋਣ ਲੱਗਦਾ ਹੈ। ਉਹ ਜਾਣਕਾਰੀਆਂ ਨਹੀਂ ਦਿੰਦਾ, ਗਿਆਨ ਵੰਡਦਾ ਹੈ; ਗਿਆਨ ਵੀ ਨਹੀਂ, ਰੌਸ਼ਨੀ। ਸਾਡੇ ਸੱਭਿਆਚਾਰ ਵਿਚ ਗੁਰੂ ਦਾ ਅਰਥ ਗਿਆਨ ਹੈ, ਰੁਤਬਾ ਨਹੀਂ। ਰੁਤਬੇ ਮਗਰ ਭੱਜਣ ਵਾਲਾ ਕੋਈ ਵੀ ਬੰਦਾ ਅਧਿਆਪਕ ਨਹੀਂ ਹੁੰਦਾ, ਹੋਰ ਜੋ ਮਰਜ਼ੀ ਹੋਵੇ।

ਜਿਹੜਾ ਵੀ ਅਧਿਆਪਕ ਦੇ ਕਾਰਜ ਤੋਂ ਫਾਰਗ ਹੋਣਾ ਚਾਹੁੰਦਾ ਹੈ, ਉਹ ਕਦੀ ਵੀ ਅਧਿਆਪਕ ਨਹੀਂ ਰਿਹਾ ਹੁੰਦਾ। ਅਧਿਆਪਕ ਹੋਣਾ ਪੇਸ਼ਾ ਨਹੀਂ, ਸੇਵਾ ਹੈ। ਸਾਡੇ ਸਮਾਜ ਦੀ ਗਿਰਾਵਟ ਦੀ ਨਿਸ਼ਾਨੀ ਇਹ ਹੈ ਕਿ ਹੁਣ ਅਧਿਆਪਕ ਵੀ ਤਰੱਕੀ ਦੀ ਲਾਲਸਾ ਵਿਚ ਕੜਿੱਕੀਆਂ ਦੇ ਸ਼ਿਕਾਰ ਹੋ ਰਹੇ ਹਨ।

ਅਧਿਆਪਨ ਦੀ ਸੇਵਾ ਨਿਭਾ ਰਹੇ ਬੰਦੇ ਦੇ ਮਨ ਵਿਚ ਤਰੱਕੀ ਦਾ ਖਿਆਲ ਆਉਂਦੇ ਹੀ ਉਸ ਨੂੰ ਕੜਿੱਕੀ ਨੱਪ ਲੈਂਦੀ ਹੈ ਤੇ ਉਸ ਦੇ ਅੰਦਰਲਾ ਅਧਿਆਪਕ ਥਾਂਏਂ ਖੁਦਕੁਸ਼ੀ ਕਰ ਜਾਂਦਾ ਹੈ। ਇਸ ਹਾਦਸੇ ਦੀ ਕਦੀ ਕੋਈ ਖਬਰ ਵੀ ਨਹੀਂ ਛਪਦੀ, ਕਿਉਂਕਿ ਖਬਰ ਦਾ ਸਬੰਧ ਰਜਿਸਟਰ ਅਤੇ ਦਫਤਰ ਨਾਲ ਹੈ।

ਸਾਦਗੀ ਕਦੀ ਵੀ ਖਬਰ ਨਹੀਂ ਬਣਦੀ। ਸਾਦਾ ਲੋਕ ਖਬਰ ਤੋਂ ਹਮੇਸ਼ਾ ਪਰਹੇਜ਼ ਕਰਦੇ ਹਨ। ਸਮਾਜ ਦੇ ਮਹਾਨ ਲੋਕ ਉਹ ਸਨ, ਜੋ ਰੁੱਖਾਂ ਹੇਠ ਪੜ੍ਹੇ, ਗੁੜ੍ਹੇ ਸਨ ਅਤੇ ਧੁੱਪਾਂ ਵਿਚ ਰੜ੍ਹੇ ਸਨ। ਸਾਦਗੀ ਨੇ ਸਮਾਜ ਪਾਲਿਆ ਸੀ, ਜਿਸ ਨੂੰ ਚਮਕ-ਦਮਕ ਨੇ ਗਾਲ ਕੇ ਰੱਖ ਦਿੱਤਾ ਹੈ।

ਜੇ ਸਮਾਜ ਹੋਰ ਉਜੜਨ ਤੋਂ ਬਚਾਉਣਾ ਹੈ ਤਾਂ ਕਿਤਾਬ ਨਾਲ ਜੁੜਨ ਅਤੇ ਜੋੜਨ ਦੀ ਲੋੜ ਹੈ। ਕਿਤਾਬ ਖੁਦ-ਬਖੁਦ ਸਮਾਜ ਨੂੰ ਸਾਦਗੀ ਵੱਲ ਲੈ ਜਾਵੇਗੀ। ਸਾਦਗੀ-ਪਸੰਦ ਸਮਾਜ ਕਦੀ ਗਲਦਾ ਨਹੀਂ, ਪਲਦਾ ਹੈ।

ਅਧਿਆਪਕ ਦਾ ਅਰਥ ਗੁਰੂ ਹੈ। ਗੁਰੂ ਨਾਨਕ ਆਪਣੇ ਕੋਲ ਹਮੇਸ਼ਾ ਕਿਤਾਬ ਰੱਖਦੇ ਸਨ, ਆਸਾ ਹਥਿ ਕਿਤਾਬ ਕਛਿ॥ ਸਾਡੀ ਸਮਾਜਕ ਗਿਰਾਵਟ ਜਾਂ ਅਣਗਹਿਲੀ ਇਸ ਗੱਲ ਵਿਚ ਵੀ ਹੈ ਕਿ ਸਾਡੇ ਕਿਸੇ ਵੀ ਚਿੱਤਰਕਾਰ ਨੇ ਗੁਰੂ ਨਾਨਕ ਨੂੰ ਕਿਤਾਬ ਸਮੇਤ ਨਾ ਚਿਤਵਿਆ ਹੈ ਤੇ ਨਾ ਚਿਤਰਿਆ ਹੈ।

ਦਸਮੇਸ਼ ਪਿਤਾ ਵੀ ਬਹਾਦਰਸ਼ਾਹ ਤੋਂ ਪ੍ਰਾਪਤ ਕੀਤੇ 'ਹਨੂਮਾਨ ਨਾਟਕ' ਦਾ ਗੁਰਮੁਖੀ ਅਨੁਵਾਦ ਹਮੇਸ਼ਾ ਆਪਣੇ ਕਮਰਬੰਦ ਵਿਚ ਰੱਖਦੇ ਸਨ। ਉਨ੍ਹਾਂ ਦੇ ਪੁਸਤਕ-ਪ੍ਰੇਮ ਨੂੰ ਦਰਸਾਉਂਦਾ ਚਿੱਤਰ ਕਿਸੇ ਚਿੱਤਰਕਾਰ ਨੇ ਕਦੇ ਨਹੀਂ ਚਿਤਵਿਆ। ਖੁਦ ਨੂੰ ਅਹਿਲੇ-ਕਿਤਾਬ ਕਹਿਣ ਵਾਲੇ ਲੋਕ ਵੀ ਕਿਤਾਬ ਤੋਂ ਬੇਮੁੱਖ ਹੋ ਗਏ ਹਨ। ਇਸ ਤੋਂ ਵੱਡਾ ਦੁਖਾਂਤ ਕੀ ਵਾਪਰ ਸਕਦਾ ਹੈ ਕਿ ਸਾਡੇ ਸੱਭਿਆਚਾਰ ਵਿਚੋਂ ਪੁਸਤਕ, ਅਧਿਐਨ ਅਤੇ ਅਧਿਆਪਨ ਗਾਇਬ ਹੋ ਰਹੇ ਹਨ।

ਕੋਈ ਮੇਰੀ ਆਰਜ਼ੂ ਕਿਸੇ ਚਿੱਤਰਕਾਰ ਤੱਕ ਪੁੱਜਦੀ ਕਰੇ ਕਿ ਗੁਰੂ ਨਾਨਕ ਅਤੇ ਦਸਮੇਸ਼ ਪਿਤਾ ਦੀਆਂ ਤਸਵੀਰਾਂ ਕਿਤਾਬ ਸੰਗ ਬਣਾਈਆਂ ਜਾਣ, ਕਿਉਂਕਿ ਸਮਾਜ ਵਿਚੋਂ ਖਾਰਜ ਹੋ ਚੁਕੇ ਅਧਿਆਪਕ ਨੂੰ ਕਿਤਾਬ ਹੀ ਬਹਾਲ ਕਰ ਸਕਦੀ ਹੈ ਤੇ ਅਧਿਆਪਕ ਹੀ ਤਰੱਕੀ ਬਨਾਮ ਕੜਿੱਕੀ ਦੀ ਜਾਨਲੇਵਾ ਗ੍ਰਿਫਤ ਤੋਂ ਮੁਕਤ ਹੋ ਸਕਦਾ ਹੈ।

ਕਿਤਾਬ ਹੀ ਅਧਿਆਪਕ ਨੂੰ ਰਜਿਸਟਰ ਅਤੇ ਦਫਤਰ ਤੋਂ ਨਿਜਾਤ ਦੁਆ ਕੇ ਧੁੱਪ ਅਤੇ ਰੁੱਖ ਵੱਲ ਪਰਤਾ ਸਕਦੀ ਹੈ। ਇਹ ਸਾਡੇ ਸਰੀਰਕ ਅਤੇ ਮਾਨਸਿਕ ਸੁੱਖ ਲਈ ਬੇਹੱਦ ਜ਼ਰੂਰੀ ਹੈ।

ਆਓ ਅਜਿਹਾ ਸੋਚੀਏ!

# ਸੁੰਨੇ ਆਲ੍ਹਣਿਆਂ ਦਾ ਵਿਰਲਾਪ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਤਾਇਆ ਜੀ! ਕੀ ਗੱਲ ਆ, ਸਾਰਾ ਪਿੰਡ ਖਾਲੀ ਕਰਵਾਈ ਜਾਨਾ ਵਾਂ?" ਮੰਡ ਵਾਲੇ ਕੇਸਰ ਨੇ ਪੁੱਛਿਆ।

"ਤਾਏ ਨੇ ਕੀ ਪਿੰਡ ਖਾਲੀ ਕਰਵਾਉਣਾ, ਇਹ ਤਾਂ ਚੰਦਰੀ ਕਨੇਡਾ ਛਾਂਟ-ਛਾਂਟ ਮੁੰਡੇ-ਕੁੜੀਆਂ ਲਈ ਜਾਂਦੀ ਹੈ, ਚੰਗੇ ਭਵਿਖ ਦਾ ਬਹਾਨਾ ਲਾ ਕੇ, ਆਪ ਉਜਾੜਾ ਕਰੀ ਜਾਨੇ ਆ। ਜਹਾਜ਼ਾਂ ਦੇ ਜਹਾਜ਼ ਭਰੇ ਜਾਂਦੇ ਨੇ ਕੇਸਰਾ!" ਤਾਏ ਨੇ ਲੰਮਾ ਹਉਕਾ ਖਿਚਿਆ।

"ਤਾਇਆ ਜੀ! ਇਹ ਭੈੜਾ ਰਿਵਾਜ਼ ਥੋੜੇ ਸਮੇਂ ਨਹੀਂ ਸੀ?" ਕੇਸਰ ਕੋਲ ਬਹਿੰਦਾ ਬੋਲਿਆ।

"ਟਾਂਵਾਂ-ਟਾਂਵਾਂ ਬੰਦਾ ਵਲੈਤ ਨੂੰ ਗਿਆ ਸੀ ਤੇ ਫੇਰ ਟਾਂਵਾਂ-ਟਾਂਵਾਂ ਕਨੇਡਾ ਨੂੰ। ਅਸੀਂ ਤਾਂ ਇਥੇ ਹੀ ਜੰਮੇ ਹਾਂ ਤੇ ਇਥੇ ਹੀ ਮਿੱਟੀ ਹੋਣਾ ਏ। ਨਾ ਪਿਉ-ਦਾਦੇ ਗਏ ਨੇ, ਨਾ ਮੈਂ ਜਾਣਾ। ਆਹ ਸਾਡਾ ਤੀਵੀਂ ਦੇ ਪਿੱਛੇ ਲੱਗ ਕੇ ਚੜ੍ਹ ਗਿਆ ਕਨੇਡੇ ਨੂੰ, ਜਿਵੇਂ ਇਥੇ ਟੁੱਕ ਦਾ ਘਾਟਾ ਸੀ।" ਤਾਏ ਨੇ ਆਪਣੇ ਪੁੱਤ ਦੀ ਉਡਾਰੀ ਦੀ ਚੀਕ ਸੁਣਾਉਂਦਿਆਂ ਕਿਹਾ।

"ਤਾਇਆ ਜੀ, ਨਿੰਮੇ ਨੂੰ ਨਹੀਂ ਜਾਣਾ ਚਾਹੀਦਾ ਸੀ। ਤੂੰ ਵੀ ਢਿੱਲਾ ਰਹਿੰਦਾ ਵਾਂ, ਤੇ ਤਾਈ ਵੀ। ਬੁੱਢੇ-ਵਾਰੇ ਥੋਨੂੰ ਪਿੱਛੇ ਛੱਡ ਗਏ। ਹੁਣ ਕੌਣ ਵਾਲੀ-ਵਾਰਸ ਐ ਤੁਹਾਡਾ?" ਕੇਸਰ ਨੇ ਦਿਲੋਂ ਤਾਏ ਦੀ ਨਬਜ਼ ਫੜ ਲਈ ਸੀ।

"ਪਹਿਲਾਂ ਜਦੋਂ ਕੁੜੀ ਘੱਲੀ ਆਸਟਰੇਲੀਆ ਨੂੰ, ਮੈਂ ਬੜਾ ਕਲਪਿਆ- 'ਕੱਲੀ ਕੁੜੀ ਹੈ, ਇਸ ਨੂੰ ਹੋਰ ਪੜ੍ਹਾ ਲਓ ਤੇ ਨੌਕਰੀ-ਪੇਸ਼ੇ 'ਤੇ ਲਾ ਦੇਵਾਂਗੇ ਤੇ ਨੌਕਰੀ-ਪੇਸ਼ੇ ਵਾਲਾ ਮੁੰਡਾ ਲੱਭ ਲਵਾਂਗੇ। ਤੁਸੀਂ ਕੁੜੀ 'ਕੱਲੀ ਨਾ ਤੋਰੋ।...ਅੱਗਿਓਂ ਨੂੰਹ ਸੂਈ ਕੁੱਤੀ ਵਾਂਗ ਜਾੜ੍ਹਾਂ ਕੱਢਦੀ ਬੋਲੀ- 'ਪੰਜਾਬ ਸਾਰਾ ਨਸ਼ਿਆਂ ਨੇ ਖਾ ਲਿਆ, ਨੌਕਰੀ ਬੰਦਾ ਮਾਰੇ ਤੋਂ ਵੀ ਨਹੀਂ ਮਿਲਦੀ ਤੇ ਦਾਜ ਦੇ ਵੈਂਤ ਹਰਲ-ਹਰਲ ਕਰਦੇ ਫਿਰਦੇ ਨੇ। ਕੇਰਾਂ ਕੁੜੀ ਤੁਰ ਗਈ, ਨਾ ਵਿਆਹ ਦਾ ਫਿਕਰ, ਨਾ ਦਾਜ ਦਾ। ਪੰਜਾਬ ਤੋਂ ਭਾਵੇਂ ਮੁੰਡਾ ਭਾਲ-ਛਾਂਟ ਕੇ ਲੈ ਕੇ ਜਾਵੇ।' ਨੂੰਹ ਦੇ ਗਜ-ਗਜ ਲੰਮੇ ਭਾਸ਼ਣ ਅੱਗੇ ਮੇਰੀਆਂ ਮੋਹ ਦੀਆਂ ਤੰਦਾਂ ਇੰਜ ਟੁੱਟੀਆਂ ਜਿਵੇਂ ਧਰੇਕ ਦੀਆਂ ਟਾਹਣੀਆਂ। ਪਿਉ ਦੀ ਧੀ ਨੇ ਪੇਕਿਆਂ ਨਾਲ ਸਲਾਹਾਂ ਕਰ ਕੁੜੀ 'ਕੱਲੀ ਬਗਾਨੇ ਮੁਲਕ ਨੂੰ ਇੰਜ ਜਹਾਜੇ ਚਾੜ੍ਹ ਦਿੱਤੀ, ਜਿਵੇਂ ਅਵਾਰਾ ਗਾਂ ਜੱਟ ਟਰਾਲੀ ਵਿਚ ਚਾੜ੍ਹ ਕੇ ਦੂਰ ਛੱਡ ਆਉਂਦਾ ਹੈ। ਫਿਰ ਪਤਾ ਨਹੀਂ ਕੀ ਭਾਣਾ ਵਾਪਰਿਆ, ਕੁੜੀ ਨੇ ਘੁਮਿਆਰਾਂ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ, ਉਹ ਵੀ ਦੁਆਬੇ ਵਿਚ। ਜਿਹੜੇ ਪਿੰਡ ਦਾ ਕਦੇ ਨਾਂ ਨਹੀਂ ਸੁਣਿਆ ਸੀ, ਉਥੇ ਨਿੰਮਾ ਸ਼ਗਨ ਲਈ ਫਿਰਦਾ ਸੀ। ਦੋਵੇਂ ਜਣੇ ਸੱਚੇ ਹੋਈ ਜਾਂਦੇ ਸੀ, ਮੁੰਡਾ ਤਾਂ ਬਾਹਲਾ ਸਾਊ ਹੈ। ਸਾਊ ਪਤੰਦਰ ਦਾ ਉਦੋਂ ਪਤਾ ਲੱਗਾ, ਜਦੋਂ ਕੁੜੀ ਦੀ ਗੰਦੀ ਕੁੜੀ ਫੜਾ ਕੇ ਛੂ-ਮੰਤਰ ਹੋ ਗਿਆ। ਹੁਣ ਢਿੱਲੇ ਜਿਹੇ ਮੂੰਹ ਨਾਲ ਕਹੀ ਜਾਂਦੇ ਆ ਕਿ ਮੁੰਡਾ ਨਸ਼ਾ ਕਰਨ ਲੱਗ ਪਿਆ ਸੀ। ਹੁਣ ਕੁੜੀ ਨਾ ਵਿਆਹੀ, ਨਾ ਕੁਆਰੀ ਤੇ ਨਾ ਤਲਾਕਸ਼ੁਦਾ।" ਤਾਏ ਨੇ ਘਰ ਦੀ ਸਾਰੀ ਕਹਾਣੀ ਕੇਸਰ ਅੱਗੇ ਇੰਜ ਖਿਲਾਰ ਦਿੱਤੀ ਜਿਵੇਂ ਬਜਾਜ ਗਾਹਕ ਮੂਹਰੇ ਕੱਪੜੇ ਦਾ ਥਾਨ ਖਿਲਾਰਦਾ ਹੈ।

"ਤਾਇਆ ਜੀ, ਫਿਰ ਪੋਤੇ ਵਾਰੀ ਨਹੀਂ ਰੌਲਾ ਪਾਇਆ ਤੈਂ?" ਕੇਸਰ ਨੇ ਤਾਏ ਦੇ ਪੋਤੇ ਦੀ ਕੈਨੇਡਾ ਉਡਾਰੀ ਦੀ ਗੰਢ ਖੋਲ੍ਹ ਲਈ।

"ਪੋਤਾ ਮੇਰਾ ਚੰਨ ਵਰਗਾ, ਹਲਕੀ-ਹਲਕੀ



ਦਾਹੜੀ, ਸੋਹਣੀ ਪੱਗ ਬੰਨ੍ਹਦਾ ਸੀ। ਦੁੱਧ, ਮੱਖਣ ਨਾਲ ਪਾਲਿਆ ਸੀ ਮੈਂ। ਉਸ ਨੂੰ ਬਾਰਾਂ ਜਮਾਤਾਂ ਕਰਵਾ ਕੇ, ਆਈਲਟ (ਆਈਲੈਟਸ) ਕਰਵਾ ਕੇ ਕਨੇਡਾ ਚਾੜ੍ਹ ਦਿੱਤਾ। ਮੇਰਾ ਤਾਂ ਉਦਣ ਦਾ ਹੀ ਲੱਕ ਟੁੱਟ ਗਿਆ। ਕੇਸਰਾ, ਸਾਡੇ ਕੋਲ ਦਸ ਕਿੱਲੇ ਘਰ ਦੀ ਜ਼ਮੀਨ, ਲੋੜ ਤੋਂ ਵੱਧ ਡੰਗਰ, ਪਸ਼ੂਆਂ ਨਾਲ ਵਿਹੜਾ ਭਰਿਆ ਪਿਆ। ਪੁੱਤ ਸਾਰੀ ਉਮਰ ਕੰਮ ਨਾ ਕਰਦਾ ਤਾਂ ਵੀ ਟੁੱਕ ਮਿਲੀ ਜਾਣਾ ਸੀ। ਉਥੇ ਗਿਆ, ਮੁੰਡਿਆਂ ਦੀ ਚੁੱਕ ਵਿਚ ਆ ਕੇ ਪੱਗ ਲਾਹ ਦਿੱਤੀ, ਵਾਲ ਕਟਵਾ ਦਿੱਤੇ, ਕੰਨੀ ਮੁੰਦਰਾਂ ਪਾ ਲਈਆਂ, ਜਿਵੇਂ ਸੱਪ ਫੜਨਾ ਹੋਵੇ। ਇਹ ਆਪ ਦੋਵੇਂ ਵਿਹਲੇ ਹੋ ਗਏ ਤੇ ਸਾਨੂੰ ਮਗਰਲੀ ਉਮਰੇ ਰੋਣ ਨੂੰ ਛੱਡ ਗਏ।"

"ਤਾਇਆ ਜੀ, ਮੈਂ ਤਾਂ ਸੁਣਿਆ ਸੀ ਕਿ ਨਿੰਮੇ ਹੋਰੀਂ ਤੇਰੇ ਪੋਤੇ ਦੇ ਵਿਆਹ 'ਤੇ ਗਏ ਸਨ, ਤੈਂ ਲੱਡੂ ਖਵਾਏ ਨ੍ਹੀਂ।" ਕੇਸਰ ਮਿੰਨਾ ਜਿਹਾ ਹੱਸਿਆ।

"ਪੋਤੇ ਨੂੰ ਪੱਕੀ ਕੁੜੀ ਲੱਭ ਗਈ। ਪਤਾ ਨਹੀਂ ਕਿਵੇਂ ਇਨ੍ਹਾਂ ਦਾ ਵੀਜ਼ਾ ਲਵਾਇਆ। ਇਹ ਦੋਵੇਂ ਡੰਗਰ-ਪਸ਼ੂ ਵੇਚ ਗਏ, ਜ਼ਮੀਨ ਮਾਮਲੇ 'ਤੇ ਦੇ ਗਏ। ਘਰ ਇੰਜ ਖਾਲੀ ਕਰ ਦਿੱਤਾ, ਜਿਵੇਂ ਕਿਸੇ ਲੀਡਰ ਦੀ ਰੈਲੀ ਸਮੇਂ ਥਾਂ ਖਾਲੀ ਕਰਵਾਈਦੀ ਐ। ਜਿਨ੍ਹਾਂ ਨੂੰ ਜ਼ਮੀਨ ਸੰਭਾਲੀ ਐ, ਉਹੀ ਚਾਹ ਜੋਗਾ ਦੁੱਧ ਦੇ ਜਾਂਦੇ ਆ। ਉਧਰ ਤੇਰੀ ਤਾਈ ਖੰਘੀ ਜਾਂਦੀ ਆ, ਇਧਰ ਮੈਂ ਕਰਮਾਂ ਨੂੰ ਰੋਈ ਜਾਨਾਂ। ਜਵਾਕਾਂ ਨੇ ਘਰ ਇੰਜ ਖਾਲੀ ਕਰ'ਤਾ, ਜਿਵੇਂ ਬਾਰਡਰ 'ਤੇ ਲੜਾਈ ਵੇਲੇ ਘਰ ਖਾਲੀ ਹੁੰਦੇ ਆ।" ਤਾਏ ਨੇ ਅੱਖਾਂ ਭਰ ਲਈਆਂ।

"ਤਾਇਆ ਜੀ, ਤੇਰੇ ਵਰਗੀ ਹੀ ਦਲਿਪੇ ਨਾਲ ਹੋਈ ਐ। ਉਹਦਾ ਵੱਡਾ ਪੋਤਾ ਤਾਂ ਨਸ਼ਿਆਂ ਦੇ ਦਰਿਆ ਵਿਚ ਰੁੜ੍ਹ ਗਿਆ, ਦੋਵੇਂ ਪੋਤੀਆਂ ਕਨੇਡਾ ਨੂੰ ਚੜ੍ਹ ਗਈਆਂ।" ਕੇਸਰ ਨੇ ਤਾਏ ਨੂੰ ਦਲਿਪੇ ਦੀ ਗੰਢੜੀ ਫੜਾ ਦਿਤੀ ਕਿ ਆਪੇ ਖੋਲ੍ਹ ਕੇ ਸੁਣਾ ਦੇਵੇਗਾ।

"ਕੇਸਰਾ, ਗੱਲ ਕੀਤੀ ਚੁਗਲੀ ਹੋ ਜਾਂਦੀ ਐ ਪਰ ਸੱਚੀ ਗੱਲ ਕਹਿ ਹੋ ਜਾਂਦੀ ਐ। ਦਲਿਪੇ ਦਾ ਪੁੱਤ ਜੀਤੂ ਵੀ ਨਵੇਂ ਜ਼ਮਾਨੇ ਦਾ ਹਾਣੀ ਬਣ ਕੇ ਤੁਰ ਗਿਆ। ਤਿੰਨ ਕਿੱਲੇ ਜ਼ਮੀਨ ਸੀ। ਮਸਾਂ ਘਰ ਦਾ ਖਰਚਾ ਤੁਰਦਾ ਸੀ। ਧੀਆਂ ਨੂੰ ਪੜ੍ਹਾਉਂਦਾ ਸੀ ਕਿ ਪੜ੍ਹ ਕੇ ਬਾਹਰ ਘੱਲ ਦੇਊਂ। ਕਦੇ ਹੜ੍ਹ, ਕਦੇ ਸੋਕਾ ਜੀਤੂ ਨੂੰ ਵੀ ਕਦੇ ਰੋੜ੍ਹ ਦਿੰਦਾ, ਕਦੇ ਤੋੜ ਦਿੰਦਾ। ਇਕ ਕਿੱਲਾ ਵੇਚ ਦਿੱਤਾ। ਪੁਰਾਣਾ ਘਰ ਢਾਹ ਕੇ ਕੋਠੀ ਪਾ ਲਈ। ਟਰੈਕਟਰ ਬਦਲ ਲਿਆ। ਬੱਸ ਸਾਲ ਵਿਚ ਕਿੱਲੇ ਦੇ ਵੱਟੇ ਰੁਪਏ ਇੰਜ ਹਜ਼ਮ ਹੋ ਗਏ, ਜਿਵੇਂ ਲੀਡਰ ਗ੍ਰਾਂਟ ਹਜ਼ਮ ਕਰ ਜਾਂਦਾ। ਫਿਰ ਕੁੜੀਆਂ ਨੂੰ ਆਈਲੈਟ ਕਰਵਾ ਦਿੱਤਾ। ਹੁਣ ਫੀਸਾਂ ਕਿਥੋਂ ਭਰੇ। ਬਥੇਰੀਆਂ ਦੇ ਹਾੜ੍ਹੇ ਕੱਢੇ, ਕਿਸੇ ਪੱਲਾ ਨਾ ਫੜਾਇਆ। ਆਖਰ ਨੂੰ ਦੋਹਾਂ ਕਿੱਲਿਆਂ ਦੀਆਂ ਲਿਮਟਾਂ ਬਣਾ ਕੇ ਰੁਪਏ ਚੁੱਕ ਲਏ। ਕੁੜੀਆਂ ਦੀਆਂ ਫੀਸਾਂ ਤਾਰ ਕੇ ਕਨੇਡਾ ਚਾੜ੍ਹ ਦਿੱਤੀਆਂ। ਅਗਾਂਹ ਫਿਰ ਫੀਸਾਂ ਆ ਗਈਆਂ। ਮਾੜੀ ਕਿਸਮਤ ਨੂੰ ਜ਼ਮੀਨਾਂ ਦੇ ਭਾਅ ਡਿੱਗ ਪਏ। ਫਿਰ ਪਹਿਲੇ ਲਾਣੇ ਨੇ ਦੋ ਕਿੱਲੇ ਲਿਖਾ ਕੇ ਜੀਤੂ ਇੰਜ ਪੋਚ ਦਿੱਤਾ, ਜਿਵੇਂ ਜਵਾਕ ਗਾਚੀ ਨਾਲ ਫੱਟੀ ਪੋਚਦੇ ਆ। ਹੁਣ ਪਸ਼ੂਆਂ ਨੂੰ ਹਰਾ ਕਿਥੋਂ ਲਿਆਵੇ? ਜ਼ਮੀਨ ਮਾਮਲੇ 'ਤੇ ਵੀ ਨਾ ਮਿਲੇ। ਸਾਲ ਕੁ ਦਵਾਈ ਪੀ ਗਿਆ ਤੇ ਘਰ ਖਾਲੀ ਹੋ ਗਿਆ। ਜੀਤੂ ਦੀ ਘਰ ਵਾਲੀ ਤੇ ਦਲਿਪਾ ਹੀ ਰਹਿ ਗਏ। ਕੀ ਖੱਟਿਆ ਕਨੇਡਾ ਦੇ ਸੁਪਨਿਆਂ ਨੇ? ਕੀ ਮਿਲਿਆ ਜਵਾਕਾਂ ਦੀ ਉਡਾਰੀ 'ਚੋਂ?" ਤਾਏ ਨੇ ਗੱਲ ਸਿਰੇ ਲਾਈ।

"ਤਾਇਆ ਜੀ ਸੱਚ ਦੱਸਿਓ, ਜੀਅ ਲੱਗਦਾ ਕਿ ਨਹੀਂ ਹੁਣ ਬੱਚਿਆਂ ਤੋਂ ਬਿਨਾਂ?" ਕੇਸਰ ਨੇ ਮੋਹ ਜਿਹੇ ਨਾਲ ਪੁੱਛਿਆ।

"ਕੇਸਰਾ, ਘਰ ਖਾਣ ਨੂੰ ਆਉਂਦਾ। ਕਦੇ ਤੂਤ 'ਤੇ ਚਿੜੀ ਦਾ ਆਲ੍ਹਣਾ ਤੱਕੀਂ, ਨਿੱਕੇ ਬੋਟਾਂ ਦੀ ਚਹਿ-ਚਹਾਟ ਕਿੰਨੀ ਪਿਆਰੀ ਲੱਗਦੀ ਆ। ਜਦੋਂ ਉਡਾਰੂ ਹੋ ਜਾਂਦੇ ਆ ਤਾਂ ਚਿੜੀ-ਚਿੜਾ ਖਾਲੀ ਹੋਏ ਆਲ੍ਹਣੇ ਨੂੰ ਤੱਕੀ ਜਾਂਦੇ ਆ। ਫਿਰ ਉਹੀ ਆਲ੍ਹਣਾ ਥੱਲੇ ਡਿੱਗਣਾ ਸ਼ੁਰੂ ਕਰ ਦਿੰਦਾ ਹੈ। ਉਹੀ ਗੱਲ ਅੱਜ ਦੇ ਬੁੱਢੇ ਕਰਦੇ ਆ ਪਰ ਇਸ ਉਡਾਰੀ ਵਿਚ ਮਾਪਿਆਂ ਦਾ ਵੱਡਾ ਰੋਲ ਹੁੰਦਾ ਹੈ। ਬਈ ਜਿਸ ਦਾ ਸਰਦਾ, ਉਹ ਤਾਂ ਫਾਹਾ ਨਾ ਲਵੇ।"

"ਤਾਇਆ ਜੀ, ਉਹ ਪਾਲਾ ਮੱਧਰਾ ਤੁਰਿਆ ਆਉਂਦਾ, ਇਹਨੂੰ ਪੁੱਛੀਏ, ਬਈ ਤੇਰਾ ਕਿਵੇਂ ਦਿਲ ਲੱਗਦਾ?" ਕੇਸਰ ਨੇ ਕਿਹਾ।

"ਕੇਸਰਾ, ਜਿਸ ਦਿਨ ਦੇ ਇਹਦੇ ਪੋਤਾ-ਪੋਤੀ ਤੇ ਨੂੰਹ ਗਏ ਨੇ, ਇਹ ਵੀ ਪਾਰੇ ਵਾਂਗੂੰ ਡੋਲਦਾ ਫਿਰਦਾ। ਤੀਵੀਂ ਪਹਿਲਾਂ ਵਿਚੋਗਾ ਦੇ ਗਈ ਸੀ। ਪੁੱਤ ਗਏ ਨੂੰ 12 ਸਾਲ ਹੋ ਗਏ। ਹੁਣ ਇਨ੍ਹਾਂ ਦੀ ਵਾਰੀ ਆਈ ਸੀ। ਘਰ ਤਾਂ ਇਹਦਾ ਵੀ ਖਾਲੀ ਆ। ਵਿਹੜੇ ਦੀ ਤੀਵੀਂ ਆਉਂਦੀ ਆ, ਦੋ ਰੋਟੀਆਂ ਲਾਹ ਜਾਂਦੀ ਐ। ਇਹ ਵਿਚਾਰਾ ਖਾਲੀ ਪਈ ਕੋਠੀ ਨੂੰ ਦੇਖ ਕੇ ਰੋਈ ਜਾਂਦਾ।" ਤਾਏ ਨੇ ਕਿਹਾ।

"ਕਿਵੇਂ ਆ ਮੰਡ ਵਾਲਿਆ?" ਪਾਲੇ ਨੇ ਆਉਂਦੇ ਹੀ ਪੁੱਛਿਆ।

"ਚਾਚਾ ਜੀ ਮੈਂ ਤਾਂ ਠੀਕ ਆਂ, ਆਹ ਤਾਇਆ ਜੀਟਰ ਟਰੈਕਟਰ ਵਾਂਗੂ ਧੂੰਆਂ ਦਈ ਜਾਂਦਾ।" ਕੇਸਰ ਨੇ ਟਿੱਚਰ ਕੀਤੀ।

"ਕੇਸਰਾ, ਹੋਰ ਅਸੀਂ ਲਲਕਾਰੇ ਮਾਰਨੇ ਆਂ। ਸਾਲਾ ਘਰੇ ਤਾਂ ਕੋਈ ਗਾਂ-ਵੱਛਾ ਵੀ ਨਹੀਂ ਜਿਹਦੇ ਆਹਰ ਬੰਦਾ ਤੁਰਿਆ ਫਿਰੂ, ਉਨ੍ਹਾਂ ਨਾਲ ਗੱਲਾਂ ਕਰੀ ਜਾਊ।" ਪਾਲੇ ਦੇ ਦਿਲੋਂ ਹੂਕ ਉਠੀ।

"ਪਾਲਿਆ, ਨਿਆਣੇ ਠੀਕ ਆ ਉਥੇ? ਨੂੰਹ ਦਾ ਦਿਲ ਲੱਗ ਗਿਆ?" ਤਾਏ ਨੇ ਪੁੱਛਿਆ।

"ਵੱਡੇ ਭਾਈ, ਉਨ੍ਹਾਂ ਮੁਲਕਾਂ ਵਿਚ ਜੀਅ ਲੱਗੇ ਜਾਂ ਨਾ ਪਰ ਇਥੋਂ ਗਿਆ ਕੋਈ ਮੁੜਿਆ? ਉਂਜ ਭਾਵੇਂ ਹਰ ਪਲ ਹੇਰਵੇ ਨਾਲ ਚੀਕਾਂ ਮਾਰੀ ਜਾਣ ਪਰ ਕੋਈ ਵੀ ਵਾਪਸ ਨਹੀਂ ਆਇਆ।"

"ਚਾਚਾ ਜੀ, ਤੁਸੀਂ ਦੋਵੇਂ ਨਾ ਪੈਗ ਲਾਉਂਦੇ ਹੋ, ਨਾ ਕੁਝ ਖਾਂਦੇ ਪੀਂਦੇ ਹੋ, ਥੋੜਾ ਦਿਲ ਕਿੰਜ ਲਵਾਈਏ।" ਕੇਸਰ ਨੇ ਫਿਕਰ ਕੀਤਾ।

"ਕੇਸਰਾ, ਰੱਬ ਬਸ ਤੁਰਦੇ ਫਿਰਦਿਆਂ ਨੂੰ ਲੈ ਜਾਵੇ। ਜੇ ਕਿਤੇ ਮੰਜੇ 'ਤੇ ਪੈ ਗਏ ਤਾਂ ਕਿਸੇ ਨਹੀਂ ਸਾਂਭਣਾ। ਸਾਡੇ ਵਾਲਿਆਂ ਨੇ ਪਿੰਡ ਆਉਣਾ ਨਹੀਂ। ਪਤਾ ਨਹੀਂ, ਬਿਰਧ ਆਸ਼ਰਮ ਵਿਚ ਹੀ ਨਾ ਛੱਡ ਆਉਣ।" ਤਾਏ ਨੇ ਕਿਹਾ।

"ਸਾਡੇ ਵਾਲੇ ਨੂੰ ਮੈਂ ਕਿਹਾ ਸੀ, ਬਈ ਐਡੀ ਵੱਡੀ ਕੋਠੀ ਨਾ ਪਾ, ਜੇ ਤੇਰੇ ਜਵਾਕ ਚਲੇ ਗਏ ਤਾਂ ਇਹਨੂੰ ਕੌਣ ਸਾਂਭੂ? ਅੱਗਿਓਂ ਕਹਿੰਦਾ, ਪਿੰਡ ਵਾਲੇ ਕੀ ਕਹਿਣਗੇ, ਬਈ ਬਾਰਾਂ ਸਾਲ ਵਿਚ ਕੋਠੀ ਵੀ ਨਾ ਪਾ ਹੋਈ। ਹੁਣ ਦਿਖਾ ਲੈ ਲੋਕਾਂ ਨੂੰ? ਸਾਲਾ ਦਿਨੇ ਡਰ ਲੱਗੀ ਜਾਂਦਾ, ਮੈਨੂੰ ਤਾਂ ਲੱਗਦਾ, ਨਸ਼ੇ ਵਾਲਿਆਂ ਨੇ ਟੂਟੀਆਂ ਨਹੀਂ ਛੱਡਣੀਆਂ। ਸਾਲਾ ਜਦੋਂ ਸੌਣ ਨੂੰ ਥਾਂ ਚਾਹੀਦਾ ਸੀ, ਉਦੋਂ ਪੂਰੇ ਖਣ ਨਹੀਂ ਸੀ ਹੁੰਦੇ, ਤੂੜੀ ਵਾਲੇ ਕੋਠੇ ਵਿਚ ਪੈ ਕੇ ਜਵਾਨੀ ਕੱਢੀ। ਹੁਣ ਸੌਣ ਨੂੰ ਬਥੇਰੀ ਥਾਂ ਹੈ, ਹੁਣ ਕੋਈ ਸੌਣ ਵਾਲਾ ਨਹੀਂ ਹੈਗਾ।" ਪਾਲਾ ਬਹੁਤ ਕੁਝ ਸਮਝਾ ਗਿਆ।

"ਚਾਚਾ ਜੀ ਤੇ ਤਾਇਆ ਜੀ, ਤੁਸੀਂ ਦੋਵੇਂ ਹੀ ਜਵਾਕਾਂ ਕੋਲ ਜਾ ਵੜੋ। ਪਿਛਲਾ ਸਭ ਕੁਝ ਅਸੀਂ ਸਾਂਭ ਲੈਂਦੇ ਆਂ। ਇਕ ਦਿਨ ਇੰਜ ਹੀ ਤਾਂ ਹੋਣਾ। ਬਾਹਰਲਿਆਂ ਦਾ ਬਣਿਆ-ਬਣਾਇਆ ਸਰੀਕਾਂ ਨੇ ਹੀ ਸਾਂਭਣਾ ਹੈ।" ਕੇਸਰ ਬੋਲਿਆ।

"ਕੇਸਰਾ, ਲੁੰਬੜੀ ਵਾਂਗੂ ਅੰਗੂਰ ਖੱਟੇ ਆ, ਕਹਿਣਾ ਪਊ। ਜਿੰਨਾ ਚਿਰ ਬੁੱਢੇ ਹੱਡਾਂ ਵਿਚ ਜਾਨ ਐ, ਕੋਈ ਨੇੜੇ ਨਹੀਂ ਲੱਗਦਾ, ਆਲ੍ਹਣਾ ਬਚਾ ਕੇ ਰੱਖਾਂਗੇ। ਬੇਸ਼ਕ ਬੋਟਾਂ ਨੇ ਪਰਵਾਜ਼ ਭਰ ਲਈ ਐ ਪਰ ਆਖਰੀ ਦਮ ਤਕ ਪੁੱਤਰਾਂ ਦੀ ਉਡੀਕ ਕਰਾਂਗੇ।" ਤਾਏ ਨੇ ਫਤਿਹ ਬੁਲਾ ਦਿੱਤੀ।

# ਮੋਹਿੰਦਰ ਸਿੰਘ ਗਿਲਜ਼ੀਆਂ ਆਈ.ਓ.ਸੀ. ਦੇ ਪ੍ਰਧਾਨ ਬਣੇ

**ਨਿਊ ਯਾਰਕ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ ਦੇ ਅਮਰੀਕਾ ਚੈਪਟਰ ਲਈ ਸ. ਮੋਹਿੰਦਰ ਸਿੰਘ ਗਿਲਜ਼ੀਆਂ ਨੂੰ ਪ੍ਰਧਾਨ ਥਾਪਿਆ ਗਿਆ ਹੈ। ਉਹ ਸ੍ਰੀ ਸ਼ੁੱਧ ਪ੍ਰਕਾਸ਼ ਸਿੰਘ ਦੀ ਥਾਂ ਲੈ ਰਹੇ ਹਨ। ਲੌਂਗ ਆਈਲੈਂਡ ਵਿਚ ਹੋਏ





ਮੋਹਿੰਦਰ ਸਿੰਘ ਗਿਲਜ਼ੀਆਂ





ਸਮਾਗਮ ਦੌਰਾਨ ਸ. ਗਿਲਜ਼ੀਆਂ ਨੇ ਆਪਣਾ ਨਵਾਂ ਅਹੁਦਾ ਸੰਭਾਲ ਲਿਆ।

ਸਮਾਗਮ ਦੌਰਾਨ ਆਈ.ਐਨ.ਓ.ਸੀ. ਦੇ ਪਹਿਲਾਂ ਰਹੇ ਪ੍ਰਧਾਨ ਡਾ. ਸੁਰਿੰਦਰ ਸਿੰਘ ਮਲਹੋਤਰਾ ਨੇ ਸ. ਗਿਲਜ਼ੀਆਂ ਦੀ ਨਿਯੁਕਤੀ ਦਾ ਸਵਾਗਤ ਕੀਤਾ ਅਤੇ ਅਪੀਲ ਕੀਤੀ ਕਿ ਇਕਜੁੱਟ ਹੋ ਕੇ ਕਾਂਗਰਸ ਦੇ ਮਿਸ਼ਨ ਨੂੰ ਅਗਾਂਹ ਵਧਾਇਆ ਜਾਵੇ। ਉਨ੍ਹਾਂ ਭਾਰਤ ਅਤੇ ਅਮਰੀਕਾ ਵਿਚਕਾਰ ਰਣਨੀਤਕ ਸਾਂਝ ਵਧਾਉਣ ਉਤੇ ਵੀ ਜ਼ੋਰ ਦਿੱਤਾ। ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਸ. ਗਿਲਜ਼ੀਆਂ ਨੂੰ ਸਮਰਪਿਤ ਕਾਂਗਰਸੀ ਦੱਸਿਆ ਅਤੇ ਆਖਿਆ ਕਿ ਉਨ੍ਹਾਂ ਆਪਣੀ ਮਿਹਨਤ, ਦ੍ਰਿੜ ਇਰਾਦੇ ਅਤੇ ਲਗਨ ਸਦਕਾ ਇਹ ਅਹੁਦਾ ਕਮਾਇਆ ਹੈ। ਸ੍ਰੀ ਸ਼ੁੱਧ ਪ੍ਰਕਾਸ਼ ਸਿੰਘ ਨੇ ਸ. ਗਿਲਜ਼ੀਆਂ ਨੂੰ ਨਵਾਂ ਕਾਰਜ ਮਿਲਣ 'ਤੇ ਵਧਾਈ ਦਿੱਤੀ ਅਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਸਕੱਤਰ ਜਨਰਲ ਹਰਬਚਨ ਸਿੰਘ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ।

ਇਸ ਮੌਕੇ ਬੋਲਦਿਆਂ ਸ. ਗਿਲਜ਼ੀਆਂ ਨੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ, ਇੰਡੀਅਨ ਓਵਰਸੀਜ਼ ਕਾਂਗਰਸ ਦੇ ਗਲੋਬਲ ਚੇਅਰਮੈਨ ਸੈਮ ਪਿਤਰੋਦਾ, ਓਵਰਸੀਜ਼ ਕਾਂਗਰਸ ਵਿਭਾਗ ਦੇ ਇੰਚਾਰਜ ਤੇ ਕਾਂਗਰਸ ਦੇ ਸਕੱਤਰ ਹਿਮਾਂਸ਼ੂ ਵਿਆਸ ਦਾ ਧੰਨਵਾਦ ਕੀਤਾ। ਉਨ੍ਹਾਂ ਪਹਿਲਾਂ ਰਹੇ ਪ੍ਰਧਾਨਾਂ ਡਾ. ਸੁਰਿੰਦਰ ਸਿੰਘ ਮਲਹੋਤਰਾ, ਜਾਰਜ ਅਬਰਾਹਮ ਤੇ ਸ਼ੁੱਧ ਪ੍ਰਕਾਸ਼ ਸਿੰਘ ਵੱਲੋਂ ਜਥੇਬੰਦੀ ਲਈ ਲਗਨ ਨਾਲ ਨਿਭਾਏ ਕਾਰਜਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਆਪਣਾ ਹਰ ਕਾਰਜ ਪਾਰਦਰਸ਼ਤਾ ਨਾਲ ਕਰਨਗੇ ਅਤੇ ਸਭ ਨੂੰ ਨਾਲ ਲੈ ਕੇ ਚੱਲਣਗੇ ਤਾਂਕਿ ਪਾਰਟੀ ਹੋਰ ਮਜ਼ਬੂਤ ਹੋ ਸਕੇ। ਉਨ੍ਹਾਂ ਦੀ ਅਗਵਾਈ ਵਿਚ ਪਰਵਾਸੀ ਭਾਰਤੀਆਂ ਤਕ ਵੱਧ ਤੋਂ ਵੱਧ ਰਾਬਤਾ ਬਣਾਉਣ ਦੇ ਯਤਨ ਅਰੰਭੇ ਜਾਣਗੇ।

ਇਸ ਮੌਕੇ ਬੀਬੀ ਲੋਨਾ ਅਬਰਾਹਮ ਨੇ ਫੁੱਲਾਂ ਨਾਲ ਅਹਿਮ ਸ਼ਖਸੀਅਤਾਂ ਦਾ ਸਵਾਗਤ ਕੀਤਾ।

ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਡਾ. ਡਿਆਨ ਨਾਇਕ, ਚੰਦੂ ਪਟੇਲ, ਡਾ. ਜੈਯੇਸ਼ ਪਟੇਲ, ਤਜਿੰਦਰ ਗਿੱਲ, ਸ਼ੇਰ ਮਦਰਾ, ਲੀਲਾ ਮੈਰੇਟ, ਫੁੰਮਣ ਸਿੰਘ, ਚਰਨ ਸਿੰਘ, ਰਾਮੇਸ਼ ਚੰਦਰ, ਕੁਲਬੀਰ ਸਿੰਘ, ਦਵੇਂਦਰ ਵੋਰਾ, ਕਲਾਤਿਲ ਵਰਗੀਜ਼, ਰਵੀ ਚੋਪੜਾ, ਸ਼ਾਲੂ ਚੋਪੜਾ, ਮਾਲਿਨੀ ਸ਼ਾਹ, ਰਾਜੇਸ਼ਵਰ ਰੈਡੀ, ਜ਼ਿੰਦਾ ਸਿੰਘ, ਜੌਹਨ ਜੋਸਫ, ਕੋਸ਼ੀ ਊਮੇਨ, ਸਤੀਸ਼ ਸ਼ਰਮਾ, ਹੈਰੀ ਸਿੰਘ, ਸ੍ਵੰਤ ਪੋਰਡੀ, ਲਲਿਤ ਮਲਹੋਤਰਾ, ਰਾਜੇਸ਼ ਅੱਲਾਦਾਦ, ਧਰੁਵ ਚੌਧਰੀ, ਪ੍ਰਦੀਪ ਸਮਾਲਾ, ਸੁਖਜਿੰਦਰ ਸਿੰਘ, ਪੱਪੀ ਬਦੇਸ਼ਾ, ਅਮਰ ਸਿੰਘ ਗੁਲਸ਼ਨ, ਮੁਹੰਮਦ ਜਮੀਲ ਤੇ ਗੁਰਵਿੰਦਰ ਤਲਵੰਡੀ ਸ਼ਾਮਿਲ ਸਨ।



## ਤੇਜ਼ ਰਫਤਾਰ ਕਾਰ ਨੇ ਭਾਰਤੀ ਮੂਲ ਦੇ ਦੋ ਬੱਚਿਆਂ ਦੀ ਜਾਨ ਲਈ

**ਲੰਡਨ:** ਵੌਲਵਰਹੈਂਪਟਨ 'ਚ ਸੜਕ ਹਾਦਸੇ ਦੌਰਾਨ ਦੋ ਭਰਾਵਾਂ ਸੰਜੇ (10) ਅਤੇ ਪਵਨਵੀਰ ਸਿੰਘ (23 ਮਹੀਨੇ) ਦੀ ਮੌਤ ਹੋ ਗਈ। ਉਹ ਆਪਣੀ ਮਾਂ ਨਾਲ ਬੀ.ਐਮ.ਡਬਲਿਊ. ਕਾਰ 'ਚ ਸਵਾਰ ਸਨ ਜਿਸ ਨੂੰ ਔਡੀ ਐਸ3 ਕਾਰ ਨੇ ਟੱਕਰ ਮਾਰੀ। ਵੈਸਟ ਮਿਡਲੈਂਡਜ਼ ਪੁਲਿਸ ਮੁਤਾਬਕ ਔਡੀ ਦਾ ਡਰਾਈਵਰ ਬੈਂਟਲੇ ਕਾਰ ਨਾਲ ਰੇਸ ਲਗਾ ਰਿਹਾ ਸੀ ਜੋ ਹਾਦਸੇ ਮਗਰੋਂ ਗਾਇਬ ਹੋ ਗਈ ਸੀ। ਬੈਂਟਲੇ ਚਲਾ ਰਹੇ 31 ਵਰ੍ਹਿਆਂ ਦੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਮੁੰਬਈ ਵਿਚ ਰੇਲਵੇ ਪੁਲ ਡਿੱਗਿਆ, 6 ਮੌਤਾਂ

**ਮੁੰਬਈ:** ਦੱਖਣੀ ਮੁੰਬਈ ਵਿਚ ਫੁੱਟਓਵਰ ਬ੍ਰਿਜ ਦਾ ਵੱਡਾ ਹਿੱਸਾ ਡਿੱਗਣ ਨਾਲ ਤਿੰਨ ਔਰਤਾਂ ਸਣੇ ਛੇ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 31 ਜਣੇ ਜਖਮੀ ਹੋ ਗਏ ਹਨ। ਮ੍ਰਿਤਕਾਂ ਵਿਚ ਅਪੂਰਵਾ ਪ੍ਰਭੂ, ਰੰਜਨਾ ਤਾਂਬੇ, ਸਾਰਿਕਾ ਕੁਲਕਰਣੀ, ਮੰਜੂਨਾਥ ਸਿੰਗੇ, ਜ਼ਾਹਿਦ ਖਾਨ ਅਤੇ ਤਪਿੰਦਰ ਸਿੰਘ ਸ਼ਾਮਲ ਹਨ। ਪੁਲ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਰੇਲਵੇ ਸਟੇਸ਼ਨ ਨੂੰ ਆਜ਼ਾਦ ਮੈਦਾਨ ਪੁਲਿਸ ਥਾਣੇ ਨਾਲ ਜੋੜਦਾ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਜਖਮੀਆਂ ਨੂੰ ਨਾਲ ਲੱਗਦੇ ਇਕ ਹਸਪਤਾਲ ਵਿਚ ਪਹੁੰਚਾ ਦਿੱਤਾ ਗਿਆ ਹੈ। ਟਾਈਮਜ਼ ਆਫ ਇੰਡੀਆ ਦੀ ਇਮਾਰਤ ਨੇੜਲੇ ਖੇਤਰ ਨੂੰ ਸੀ.ਐਸ.ਐਮ.ਟੀ. ਸਟੇਸ਼ਨ ਨਾਲ ਜੋੜਦੇ ਇਸ ਪੁਲ ਨੂੰ 'ਕਸਾਬ ਪੁਲ' ਵਜੋਂ ਜਾਣਿਆ ਜਾਂਦਾ ਸੀ। ਮੁੰਬਈ ਵਿਚ ਹੋਏ 26/11 ਦੇ ਦਹਿਸ਼ਤੀ ਹਮਲਿਆਂ ਦੌਰਾਨ ਅਤਿਵਾਦੀ ਇਸ ਪੁਲ ਉੱਪਰੋਂ ਲੰਘੇ ਸਨ। ਅਧਿਕਾਰੀ ਨੇ ਦੱਸਿਆ ਕਿ ਜਿਸ ਵੇਲੇ ਹਾਦਸਾ ਵਾਪਰਿਆ ਉਦੋਂ ਪੁਲ ਹੇਠਿਓਂ ਲੰਘ ਰਹੇ ਕੁਝ ਵਾਹਨ ਚਾਲਕ ਇਸ ਦੀ ਲਪੇਟ ਵਿਚ ਆ ਗਏ। ਉਨ੍ਹਾਂ ਦੱਸਿਆ ਕਿ ਜਖਮੀਆਂ ਨੂੰ ਨੇੜਲੇ ਸੇਂਟ ਜਾਰਜ ਹਸਪਤਾਲ ਤੇ ਜੀ.ਟੀ. ਹਸਪਤਾਲ ਵਿਚ ਭਰਤੀ ਕੀਤਾ ਗਿਆ ਹੈ।

ਫਾਇਰ ਬ੍ਰਿਗੇਡ ਦੇ ਜਵਾਨਾਂ ਨੇ ਮੌਕੇ 'ਤੇ ਪਹੁੰਚ ਕੇ ਤੁਰੰਤ ਬਚਾਅ ਕਾਰਜ ਆਰੰਭ ਦਿੱਤੇ ਹਨ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਮ੍ਰਿਤਕਾਂ ਦੇ ਲਈ 5-5 ਲੱਖ ਅਤੇ ਜ਼ਖਮੀਆਂ ਲਈ 50-50 ਹਜ਼ਾਰ ਰੁਪਏ ਸਹਾਇਤਾ ਦਾ ਐਲਾਨ ਕੀਤਾ ਹੈ।

## ਭਾਰਤੀ ਨੇ ਵਿਦੇਸ਼ੀ ਨਾਗਰਿਕਾਂ ਦੀ ਤਸਕਰੀ ਦਾ ਜੁਰਮ ਕਬੂਲਿਆ

**ਵਾਸ਼ਿੰਗਟਨ:** ਅਮਰੀਕਾ 'ਚ ਇਕ ਭਾਰਤੀ ਮੂਲ ਦੇ ਵਿਅਕਤੀ ਨੇ ਗ਼ੈਰਕਾਨੂੰਨੀ ਪਰਵਾਸੀਆਂ ਵਜੋਂ ਭਾਰਤੀਆਂ ਦੀ ਤਸਕਰੀ ਕੀਤੇ ਜਾਣ ਦਾ ਦੋਸ਼ ਸਵੀਕਾਰ ਕਰ ਲਿਆ ਹੈ। ਨਿਊਜਰਸੀ ਅਦਾਲਤ ਸਾਹਮਣੇ ਆਪਣਾ ਜੁਰਮ ਕਬੂਲ ਕਰਦਿਆਂ 38 ਸਾਲ ਭਾਵਿਨ ਪਟੇਲ ਨੇ ਕਿਹਾ ਕਿ ਉਸ ਨੇ ਆਪਣੇ ਵਿੱਤੀ ਲਾਭ ਲਈ ਅਜਿਹਾ ਕੀਤਾ। ਉਸ ਨੂੰ ਵੱਧ ਤੋਂ ਵੱਧ 10 ਸਾਲ ਕੈਦ ਦੀ ਸਜ਼ਾ ਤੇ 2.50 ਲੱਖ ਅਮਰੀਕੀ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਉਸ ਨੂੰ ਸਜ਼ਾ 9 ਜੁਲਾਈ ਨੂੰ ਸੁਣਾਈ ਜਾਵੇਗੀ

# ਚੜ੍ਹਦੀ ਕਲਾ ਅਤੇ ਖਾਲਸਾਈ ਜਾਹੋ-ਜਲਾਲ ਦਾ ਦਰਪਨ

ਹੋਲਾ ਮਹੱਲਾ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖ ਜਗਤ ਦਾ ਵਿਲੱਖਣ ਅਤੇ ਅਹਿਮ ਤਿਉਹਾਰ ਹੈ, ਜੋ ਬਸੰਤ ਰੁੱਤ ਦੇ ਪਰੰਪਰਾਗਤ ਰੂਪ ਵਿਚ ਮਨਾਏ ਜਾਣ ਵਾਲੇ 'ਹੋਲੀ' ਦੇ ਤਿਉਹਾਰ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿਚ ਦੂਰੋਂ-ਨੇੜਿਓਂ ਆ ਕੇ ਸੰਗਤਾਂ ਇਸ ਤਿਉਹਾਰ ਵਿਚ ਸ਼ਾਮਿਲ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

ਹੋਲਾ ਮਹੱਲਾ ਮਨਾਏ ਜਾਣ ਦੀ ਇਤਿਹਾਸਕ ਅਤੇ ਸਭਿਆਚਾਰਕ ਮਹੱਤਤਾ ਹੈ। ਇਹ ਇੱਕ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਗੁਰੂ ਗੋਬਿੰਦ ਸਿੰਘ ਜੀ ਜਿੱਥੇ ਇੱਕ ਮਹਾਨ ਯੋਧੇ ਸਨ, ਉਥੇ ਉਹ ਇੱਕ ਪ੍ਰਬੋਧ ਵਿਦਵਾਨ, ਵਿਚਾਰਵਾਨ

**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਅਤੇ ਚਿੰਤਕ ਵੀ ਸਨ। ਸਦੀਆਂ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ: ਸੈਂਕੜੇ ਵਰ੍ਹਿਆਂ ਤੋਂ ਸਮਾਜਕ, ਰਾਜਸੀ ਅਤੇ ਮਾਨਸਿਕ ਗੁਲਾਮੀ ਭੋਗ ਰਹੀ ਜਨਤਾ ਦੀ ਮਾਨਸਿਕਤਾ ਨੂੰ ਬਦਲ ਕੇ ਉਨ੍ਹਾਂ ਵਿਚ ਸਵੈ-ਵਿਸ਼ਵਾਸ, ਆਤਮ ਨਿਰਭਰਤਾ, ਨਿਡਰਤਾ, ਅਣਖ, ਸਵੈਮਾਣ ਅਤੇ ਮਨੋਬਲ ਨੂੰ ਬਲਵਾਨ ਰੱਖਣ ਦੀ ਭਾਵਨਾ ਦਾ ਸੰਚਾਰ ਕਰਨਾ ਅਹਿਮ ਸਰੋਕਾਰ ਸੀ। ਗੁਰੂ ਜੀ ਨੇ ਉਨ੍ਹਾਂ ਦੀ ਸੋਚ ਅਤੇ ਗੁਲਾਮਾਂ ਵਾਲੀ ਮਾਨਸਿਕਤਾ ਨੂੰ ਬਦਲਣ ਲਈ ਕਈ ਇਕ ਇਤਿਹਾਸਕ ਅਤੇ ਇਨਕਲਾਬੀ ਕਦਮ ਚੁੱਕੇ। ਖਾਲਸਾ ਪੰਥ ਦੀ ਸਾਜਨਾ ਉਨ੍ਹਾਂ ਦਾ ਪਹਿਲਾ ਇਤਿਹਾਸਕ ਕਦਮ ਸੀ। ਇਹ ਸੰਸਾਰ ਦੇ ਇਤਿਹਾਸ ਵਿਚ ਵਾਪਰੀ ਅਹਿਮ ਘਟਨਾ ਹੈ, ਜਿਸ ਨੇ ਸਿੱਖ ਜਗਤ ਵਿਚ ਨਵੀਂ ਚੇਤਨਾ ਜਗਾਈ ਅਤੇ ਉਨ੍ਹਾਂ ਨੂੰ ਵਿਲੱਖਣ ਤੇ ਵੱਖਰੀ ਪਛਾਣ ਦੇ ਕੇ, ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ, ਸਦਾ ਚੜ੍ਹਦੀ ਕਲਾ ਵਿਚ ਰਹਿਣ, ਨਿਤਾਣਿਆਂ ਦਾ ਤਾਣ ਬਣਨ ਅਤੇ ਹੱਕ ਸੱਚ ਲਈ ਜੂਝਣ ਦਾ ਸੰਕਲਪ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਭਲੀ ਪ੍ਰਕਾਰ ਜਾਣਦੇ ਸਨ ਕਿ ਨਰੋਏ ਸਰੀਰ ਅਤੇ ਤਕੜੇ ਮਨੋਬਲ ਬਿਨਾ ਯੁੱਧ ਨਹੀਂ ਲੜੇ ਜਾ ਸਕਦੇ, ਜਮਾਨਾ ਯੁੱਧਾਂ ਦਾ ਸੀ, ਚਾਰੇ ਪਾਸੇ ਦੁਸ਼ਮਣ ਸਨ। ਇਕ ਬੰਨੇ ਮੁਗਲ ਫੌਜਾਂ, ਦੂਜੇ ਬੰਨੇ ਪਹਾੜੀ ਰਾਜੇ। ਇਸ ਮੰਤਵ ਲਈ ਉਨ੍ਹਾਂ ਨੇ ਆਪਣੇ ਸੂਰਬੀਰ ਸਿੰਘਾਂ



ਨੂੰ ਨਰੋਏ ਤੇ ਸਿਹਤਮੰਦ ਸਰੀਰ ਕਾਇਮ ਰੱਖਣ ਅਤੇ ਯੁਧ-ਵਿਦਿਆ ਵਿਚ ਪ੍ਰਬੀਨਤਾ ਹਾਸਲ ਕਰਨ ਲਈ ਅਨੰਦਪੁਰ ਦੇ ਮੈਦਾਨ ਵਿਚ ਖਾਲਸਾਈ ਖੇਡਾਂ ਦੀ ਸ਼ੁਰੂਆਤ ਕੀਤੀ। ਹਰ ਰੋਜ਼ ਉਨ੍ਹਾਂ ਦੀ ਨਿਗਰਾਨੀ ਵਿਚ ਸ਼ਸਤਰਧਾਰੀ ਸਿੰਘ ਘੋੜ ਸਵਾਰੀ, ਨੇਜ਼ਾ ਬਾਜ਼ੀ, ਤੀਰ ਅੰਦਾਜ਼ੀ, ਤਲਵਾਰ ਬਾਜ਼ੀ ਤੇ ਗਤਕੇ ਦਾ ਅਭਿਆਸ ਕਰਦੇ ਅਤੇ ਗੁਰੂ ਜੀ ਆਪ ਉਨ੍ਹਾਂ ਦੀ ਅਗਵਾਈ ਕਰਦੇ। ਇਸ ਸੰਦਰਭ ਵਿਚ ਉਨ੍ਹਾਂ ਨੇ ਸਨਾਤਨੀ ਤਿਉਹਾਰ ਹੋਲੀ ਨੂੰ ਨਵਾਂ ਰੂਪ ਦੇ ਕੇ ਆਜ਼ਾਦਾਨਾ ਤੌਰ 'ਤੇ ਮਨਾਏ ਜਾਣ ਦੀ ਪਿਰਤ ਪਾਈ ਤੇ ਇਸ ਦਾ ਨਾਂ ਹੋਲਾ ਮਹੱਲਾ ਪ੍ਰਚਲਿਤ ਕੀਤਾ।

ਚੇਤ ਵਦੀ ਏਕਮ ਸੰਮਤ 1757 (1700 ਈ.) ਨੂੰ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਪਹਿਲੀ ਵਾਰ ਹੋਲਾ ਮਹੱਲਾ ਮਨਾਇਆ ਗਿਆ ਅਤੇ ਫਿਰ ਇਸ ਨੂੰ ਸਾਲਾਨਾ ਉਤਸਵ ਵਜੋਂ ਮਨਾਇਆ ਜਾਣ ਲੱਗਾ। ਹੋਲਾ ਮਹੱਲਾ ਅਰਬੀ ਫਾਰਸੀ ਭਾਸ਼ਾ ਦੇ ਸ਼ਬਦ ਹਨ। ਮਹੱਲਾ ਦਾ ਸ਼ਾਬਦਿਕ ਅਰਥ ਹੈ, ਉਹ ਸਥਾਨ ਜੋ ਫਤਿਹ ਕਰਕੇ ਪ੍ਰਾਪਤ ਕੀਤਾ ਜਾਵੇ। ਇਸ ਤਿਉਹਾਰ ਵਿਚ ਮਸਨੂਈ ਯੁੱਧ ਲੜਿਆ ਜਾਂਦਾ ਸੀ। ਘੋੜਾ ਸਵਾਰ ਤੇ ਪੈਦਲ ਸ਼ਸਤਰਧਾਰੀ ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਆਪਸੀ ਯੁੱਧ ਕਰਵਾਇਆ ਜਾਂਦਾ। ਇਕ ਦਲ ਕਿਸੇ ਖਾਸ ਥਾਂ 'ਤੇ ਯੁੱਧ ਕਰਕੇ ਕਬਜ਼ਾ ਕਰ ਲੈਂਦਾ ਅਤੇ ਦੂਜਾ ਦਲ ਪਹਿਲੇ ਦਲ ਪਾਸੋਂ ਸਥਾਨ ਛੁਡਾ ਕੇ ਆਪ ਕਾਬਜ਼ ਹੋਣ ਲਈ ਮਸਨੂਈ ਲੜਾਈ ਲੜਦਾ। ਇੰਜ ਜੋ ਦਲ ਫਤਿਹ ਪ੍ਰਾਪਤ ਕਰ ਲੈਂਦਾ, ਉਸ ਨੂੰ ਗੁਰੂ ਗੋਬਿੰਦ ਜੀ ਸਜੇ ਦੀਵਾਨ ਵਿਚ ਆਪਣੇ ਹੱਥੀਂ ਸਿਰੋਪਾਓ ਦੀ ਬਖਸ਼ਿਸ਼ ਕਰਦੇ।

ਇਸ ਉਪਰੰਤ ਦੀਵਾਨ ਵਿਚ ਢਾਡੀ ਅਤੇ ਕਵੀਸਰ ਬੀਰ-ਰਸੀ ਵਾਰਾਂ ਗਾ ਕੇ ਸਰੋਤਿਆਂ ਦਾ ਮਨੋਬਲ ਨਰੋਆ ਤੇ ਤਕੜਾ ਕਰਦੇ। ਇਸ ਪ੍ਰਕਾਰ ਗੁਰੂ ਜੀ ਆਪਣੇ ਸਿੰਘਾਂ ਨੂੰ ਯੁੱਧ ਲੜਨ ਦਾ ਅਭਿਆਸ ਕਰਵਾਉਣ ਲਈ ਮੌਕਾ ਦੇ ਕੇ ਆਪ ਉਨ੍ਹਾਂ ਦੀ ਅਗਵਾਈ ਕਰਦੇ ਅਤੇ ਜਨ ਸਾਧਾਰਨ ਵਿਚ ਜ਼ੁਲਮ ਤੇ ਜ਼ਬਰ ਵਿਰੁਧ ਜੂਝਣ ਲਈ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਉਭਾਰਦੇ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖ ਜਗਤ ਨੂੰ ਬਖਸ਼ੀ ਬਖਸ਼ਿਸ਼ 'ਹੋਲੇ ਮਹੱਲੇ ਦਾ ਤਿਉਹਾਰ' ਅੱਜ ਕਲ੍ਹ ਵੀ ਸਿੱਖ ਸ਼ਕਤੀ ਦੇ ਪ੍ਰਦਰਸ਼ਨ ਦੇ ਰੂਪ ਵਿਚ ਅਨੰਦਪੁਰ ਸਾਹਿਬ ਵਿਖੇ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਇਥੇ ਲੋਕਾਂ ਦਾ ਇਕੱਠ ਠਾਠਾਂ ਮਾਰਦੇ ਦਰਿਆ ਦੇ ਰੂਪ ਵਿਚ ਵਹਿ ਰਿਹਾ ਹੁੰਦਾ ਹੈ। ਸਾਰਾ ਪੰਜਾਬ ਉਮੜ ਆਉਂਦਾ ਹੈ। ਦੀਵਾਨ ਸਜਦੇ ਹਨ ਤੇ ਆਖਰੀ ਦਿਨ ਸ਼ਾਨਾਂਮੱਤਾ 'ਮਹੱਲਾ' ਖਾਲਸਾਈ ਰਵਾਇਤਾਂ ਅਨੁਸਾਰ ਕੱਢਿਆ ਜਾਂਦਾ ਹੈ, ਜੋ ਕਿਲਾ ਅਨੰਦਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਹੋਲਗੜ੍ਹ ਦੇ ਸਥਾਨ 'ਤੇ



ਹੁੰਦਾ ਹੋਇਆ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪਨ ਹੁੰਦਾ ਹੈ। ਚਰਨ ਗੰਗਾ ਦੇ ਕਿਨਾਰੇ 'ਤੇ ਜਾ ਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿਚ ਖਾਲਸਾਈ ਖੇਡਾਂ ਦਾ ਖੂਬਸੂਰਤ ਪ੍ਰਦਰਸ਼ਨ ਕਰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਦਰਸ਼ਕ ਅਸ਼-ਅਸ਼ ਕਰ ਉਠਦੇ ਹਨ।

ਅਨੰਦਪੁਰ ਸਾਹਿਬ ਦੇ ਹੋਲੇ ਮੁਹੱਲੇ ਵਾਂਗ ਹੀ ਹਰ ਸਾਲ ਸਿੱਖ ਸੰਗਤਾਂ ਸ੍ਰੀ ਪਾਉਂਟਾ ਸਾਹਿਬ ਅਤੇ ਹਜ਼ੂਰ ਸਾਹਿਬ, ਨਾਂਦੇੜ ਵਿਖੇ ਵੀ ਲੱਖਾਂ ਦੀ ਗਿਣਤੀ ਵਿਚ ਪੁੱਜ ਕੇ ਬੜੇ ਉਤਸ਼ਾਹ ਨਾਲ ਇਹ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ ਅਤੇ ਨਿਹੰਗ ਸਿੰਘਾਂ ਦੇ ਜਥੇ ਹੋਰਨਾਂ ਪੰਥਕ ਦਸਤਿਆਂ ਨਾਲ ਰਲ ਕੇ ਨਗਰ ਕੀਰਤਨ ਸਜਾਉਂਦੇ ਹਨ। ਇਸ ਸਮੇਂ ਘੋੜਸਵਾਰੀ ਅਤੇ ਗਤਕੇ ਦੇ ਜੌਹਰ ਵੇਖਣ ਯੋਗ ਹੁੰਦੇ ਹਨ।

ਨਾਮਧਾਰੀ ਸੰਪਰਦਾ ਵੱਲੋਂ ਵੀ ਹੋਲੇ ਮਹੱਲੇ ਦਾ ਤਿਉਹਾਰ ਭੈਣੀ ਸਾਹਿਬ ਵਿਖੇ 26 ਤੋਂ 30 ਮਾਰਚ ਤੱਕ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

ਹੋਲੇ ਮਹੱਲੇ ਦਾ ਤਿਉਹਾਰ ਮਾਨਸਿਕ ਸ਼ਕਤੀ ਨੂੰ ਬਲਵਾਨ ਕਰਨ ਵਾਲਾ ਤਿਉਹਾਰ ਹੈ, ਜੋ ਸਾਨੂੰ ਸਦਾ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਦਿੰਦਾ ਹੈ।

## ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਭੁਲੱਥ ਦੇ ਅਜੇ ਗੋਗਨਾ ਨੇ ਗੋਲਡ ਮੈਡਲ ਜਿੱਤਿਆ

**ਗੋਲਡ ਕੋਸਟ, ਆਸਟ੍ਰੇਲੀਆ:** ਇਥੇ 12 ਤੋਂ 17 ਮਾਰਚ ਤੱਕ ਚੱਲੀ ਏਸ਼ੀਅਨ ਪੈਸੀਫਿਕ ਕਲਾਸਿਕ ਪਾਵਰਲਿਫਟਿੰਗ ਅਤੇ ਬੈਂਚ ਪ੍ਰੈਸ ਦੇ ਮੁਕਾਬਲਿਆਂ 'ਚ ਪੰਜਾਬ ਦੇ ਸ਼ਹਿਰ ਭੁਲੱਥ ਦੇ ਵਾਸੀ ਪਾਵਰਲਿਫਟਰ ਅਜੇ ਗੋਗਨਾ ਨੇ ਪਾਵਰ ਲਿਫਟਿੰਗ ਮੁਕਾਬਲਿਆਂ ਵਿਚ ਆਪਣੇ ਅੱਥਰੇ ਜੋਰ ਨਾਲ ਆਪਣੇ ਭਾਰ ਵਰਗ ਵਿਚ ਸਭ ਤੋਂ ਵੱਧ ਬੈਂਚ ਪ੍ਰੈਸ ਲਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਗੋਲਡ ਮੈਡਲ ਜਿੱਤਿਆ ਹੈ। ਜ਼ਿਕਰਯੋਗ ਹੈ ਕਿ ਅਜੇ ਗੋਗਨਾ ਅਮਰੀਕਾ ਦੇ ਈਸਟ ਕੋਸਟ ਖਿੱਤੇ ਦੇ ਪੱਤਰਕਾਰ ਰਾਜ ਗੋਗਨਾ ਦਾ ਸਪੁੱਤਰ ਹੈ।

26 ਸਾਲਾ ਅੰਤਰਰਾਸ਼ਟਰੀ ਪਾਵਰਲਿਫਟਰ ਅਜੇ ਗੋਗਨਾ ਨੇ ਪਿਛਲੇ ਸਾਲ ਦੁਬਈ 'ਚ ਹੋਏ ਪੂਰੇ ਏਸ਼ੀਆ ਦੇ ਮੁਕਾਬਲਿਆਂ ਵਿਚ ਕਾਂਸੇ ਦਾ ਤਮਗਾ ਜਿੱਤ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਸੀ ਅਤੇ ਹੁਣ ਉਹ ਪਾਵਰ ਲਿਫਟਿੰਗ ਇੰਡੀਆ ਨਾਂ ਦੀ ਫੈਡਰੇਸ਼ਨ ਵਲੋਂ ਖੇਡਦਾ ਹੈ। ਅਜੇ ਗੋਗਨਾ




ਪਾਵਰਲਿਫਟਿੰਗ 'ਚ ਅਨੇਕਾਂ ਹੀ ਕਲੱਬਾਂ ਤੋਂ ਕਈ ਇਨਾਮ ਹਾਸਲ ਕਰ ਚੁਕਾ ਹੈ ਅਤੇ ਪੰਜਾਬ ਦੀਆਂ ਕਈ ਖੇਡ ਕਲੱਬਾਂ ਤੋਂ ਸਟਰੌਂਗਮੈਨ ਆਫ ਪੰਜਾਬ ਦਾ ਵੀ ਟਾਈਟਲ ਜਿੱਤ ਚੁਕਾ ਹੈ।

ਅਜੇ ਗੋਗਨਾ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਭਾਰਤ ਵਲੋਂ ਜਪਾਨ 'ਚ ਜਾ ਰਿਹਾ ਹੈ ਅਤੇ ਉਸ ਦਾ ਸੁਪਨਾ ਹੈ ਕਿ ਉਹ ਆਪਣੇ ਦੇਸ਼ ਅਤੇ ਸੂਬੇ ਲਈ ਵੀ ਜਪਾਨ ਤੋਂ ਗੋਲਡ ਮੈਡਲ ਜਿੱਤ ਕੇ ਆਵੇ ਤੇ ਇਸ ਖੇਡ ਵਿਚ ਪੰਜਾਬ ਦਾ ਨਾਂ ਰੌਸ਼ਨ ਕਰੇ।

## ਤਰਸੇਮ ਘੁੰਮਣ ਦੀ ਨਵੀਂ ਕਿਤਾਬ ਲੋਕ ਅਰਪਣ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮਾਰਚ 2019 ਦੀ ਮੀਟਿੰਗ 17 ਮਾਰਚ, ਐਤਵਾਰ ਨੂੰ ਇਥੇ ਹੋਈ। ਮੀਟਿੰਗ ਦਾ ਅਰੰਭ ਸ਼ਾਇਰ ਤਰਸੇਮ ਘੁੰਮਣ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ। ਇਸ ਪਿਛੋਂ ਸਭਾ ਦੇ



ਮੈਂਬਰਾਂ ਨੇ ਤਰਸੇਮ ਘੁੰਮਣ ਨੂੰ ਉਸ ਦੇ ਤੀਜੇ ਕਾਵਿ ਸੰਗ੍ਰਿਹ 'ਮੋਹ ਦੀਆਂ ਤੰਦਾਂ' ਲਈ ਮੁਬਾਰਕਾਂ ਦਿੱਤੀਆਂ। ਡਾ. ਰਾਮਜੀ ਦਾਸ ਸੇਠੀ ਮਹਿਤਾਬ ਨੇ ਸਭਾ ਦੇ ਮੈਂਬਰਾਂ ਨਾਲ ਰਲ ਕੇ ਇਹ ਕਿਤਾਬ ਲੋਕ ਅਰਪਣ ਕੀਤੀ।

ਇਸ ਮੌਕੇ ਤਰਸੇਮ ਘੁੰਮਣ ਨੇ ਆਪਣੇ ਇਸ ਕਾਵਿ ਸੰਗ੍ਰਿਹ ਵਿਚੋਂ ਕਈ ਕਵਿਤਾਵਾਂ ਪੜ੍ਹੀਆਂ ਅਤੇ ਆਪਣੀ ਕਵਿਤਾ ਬਾਰੇ ਗੱਲਾਂ ਕੀਤੀਆਂ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ 2012 ਵਿਚ ਕੰਮ ਤੋਂ ਰਿਟਾਇਰ ਹੋ ਕੇ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਕਵਿਤਾਵਾਂ ਲਿਖੀਆਂ।

ਮੀਟਿੰਗ ਦਾ ਸੰਚਾਲਨ ਕਰਦਿਆਂ ਡਾ. ਸੰਦੀਪ ਸਿੰਘ ਨੇ ਸਭਾ ਦੇ ਮੈਂਬਰ ਮੁਮਤਾਜ਼ ਹੁਸੈਨ ਦੀ ਗੁਰਮੁਖੀ ਵਿਚ ਛਪੀ ਕਿਤਾਬ 'ਮੁਮਤਾਜ਼ ਹੁਸੈਨ ਦੀਆਂ ਚੋਣਵੀਆਂ ਕਹਾਣੀਆਂ' ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀਆਂ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ। ਇਹ ਕਿਤਾਬ ਮੁਮਤਾਜ਼ ਹੁਸੈਨ ਦੀਆਂ ਉਰਦੂ ਵਿਚ ਲਿਖੀਆਂ ਅਤੇ ਛਪੀਆਂ ਚੋਣਵੀਆਂ ਕਹਾਣੀਆਂ ਦਾ ਸੁਰਿੰਦਰ ਸੋਹਲ ਵਲੋਂ ਕੀਤਾ ਤਰਜਮਾ ਹੈ। ਮੈਂਬਰਾਂ ਨੇ ਮੁਮਤਾਜ਼ ਹੁਸੈਨ ਨੂੰ ਉਨ੍ਹਾਂ ਦੀ ਇਸ ਕਿਤਾਬ ਦੇ ਛਪਣ 'ਤੇ ਮੁਬਾਰਕਾਂ ਦਿੱਤੀਆਂ। ਉਪਰੰਤ ਮੁਮਤਾਜ਼ ਹੁਸੈਨ ਨੇ ਆਪਣੀ ਕਹਾਣੀ 'ਲਾਲ ਖੁਸ਼ਬੂ' ਪੜ੍ਹੀ, ਜੋ ਇਕ ਗਰੀਬ ਆਦਮੀ ਬਾਘ ਮਸੀਹਾ ਦੀ ਕਹਾਣੀ ਹੈ, ਜੋ ਟੱਟੀਆਂ ਸਾਫ ਕਰ ਕੇ ਬੇਟੀ ਦੇ ਵਿਆਹ ਲਈ ਪੈਸੇ ਜੋੜਦਾ ਹੈ, ਪਰ ਨਵੀਆਂ ਫਲਸ਼ ਟੱਟੀਆਂ ਆਉਣ ਨਾਲ ਕਿਵੇਂ ਉਸ ਦੇ ਕੰਮ 'ਤੇ ਅਸਰ ਪੈਂਦਾ ਹੈ।

ਮੀਟਿੰਗ ਵਿਚ ਵੈਦ ਭਗੀਰਥ ਚੰਦ ਨੇ ਆਪਣੀ ਕਾਵਿ ਸਿਰਜਣਾ ਬਾਰੇ ਗੱਲਾਂ ਕੀਤੀਆਂ ਅਤੇ ਆਪਣੀ ਗ਼ਜ਼ਲ ਦੇ ਕੁਝ ਸ਼ੇਅਰ ਸੁਣਾਏ। ਸੰਦੀਪ ਸਿੰਘ ਨੇ ਆਪਣੀਆਂ ਕਈ ਖੂਬਸੂਰਤ ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਵਿਚ ਇਕ ਕਵਿਤਾ 'ਸ਼ਬਦ' ਸੀ, ਜੋ ਬਹੁਤ ਸਲਾਹੀ ਗਈ। ਮਨਮੋਹਨ ਪੁੰਨੀ ਨੇ ਕੁਝ ਗੱਲਾਂ ਕਰਨ ਤੋਂ ਬਾਅਦ ਆਪਣੇ ਇਕ ਦੋਸਤ ਦੀ ਕਵਿਤਾ ਸੁਣਾਈ। ਡਾ. ਰਾਮਜੀ ਦਾਸ ਸੇਠੀ ਮਹਿਤਾਬ ਨੇ ਪਹਿਲਾਂ ਆਪਣੀ ਇਕ ਉਰਦੂ ਗਜ਼ਲ 'ਕੋਈ ਸ਼ਿਕਵਾ ਕਿ ਗਿਲਾ ਲਗਤਾ ਹੈ' ਪੜ੍ਹੀ ਅਤੇ ਫਿਰ ਇਕ ਪੰਜਾਬੀ ਗ਼ਜ਼ਲ ਪੜ੍ਹੀ। ਤਰਲੋਚਨ ਸੱਚਰ ਨੇ ਆਪਣੀ ਕਹਾਣੀ 'ਜੰਨਤ ਦਾ ਦਰਵਾਜਾ' ਪੜ੍ਹੀ, ਜੋ 1947 ਦੇ ਖੂਨ-ਖਰਾਬੇ ਦੇ ਦੁੱਖ-ਦਰਦ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕਰਦੀ ਸੀ।

ਇਸ ਮੌਕੇ ਪ੍ਰੇਮ ਮਾਨ ਨੇ ਆਪਣਾ ਇਕ ਲੇਖ ਪੜ੍ਹਿਆ, ਜਦੋਂ ਕਿ ਡਾ. ਦੀਕਸ਼ਾ ਕੌੜਾ ਨੇ ਹਾਸ-ਰਸ ਦੇ ਕੁਝ ਸਕਿੱਟ ਪੇਸ਼ ਕੀਤੇ। ਮੇਸੀ ਬੰਗੜ ਨੇ ਆਪਣੇ ਬਹੁਤ ਖੂਬਸੂਰਤ ਕਲਾਸੀਕਲ ਅੰਦਾਜ਼ ਵਿਚ ਰਜਵੰਤ ਰਾਜ, ਸਿਮਰਿਤ ਸੁਮੇਰਾ, ਅਮਰ ਸੂਫੀ, ਹਰਜਿੰਦਰ ਬੱਲ ਅਤੇ ਪ੍ਰੇਮ ਮਾਨ ਦੀਆਂ ਕਈ ਗਜ਼ਲਾਂ ਤੇ ਗੀਤ ਗਾ ਕੇ ਇਸ ਮੀਟਿੰਗ ਨੂੰ ਮਹਿਫਿਲ ਦਾ ਰੂਪ ਦੇ ਦਿੱਤਾ, ਜਿਸ ਦਾ ਮੈਂਬਰਾਂ ਨੇ ਖੂਬ ਅਨੰਦ ਮਾਣਿਆ। ਅਜਾਇਬ ਸਿੰਘ ਨੇ ਪੰਜਾਬੀ ਸਭਿਆਚਾਰ ਨੂੰ ਦਰਸਾਉਂਦਾ ਇਕ ਪੰਜਾਬੀ ਗੀਤ ਪੇਸ਼ ਕੀਤਾ। ਸੰਗੀਤ ਸ਼ਰਮਾ ਨੇ ਆਪਣੇ ਨਖਰੇ ਭਰੇ ਅੰਦਾਜ਼ ਵਿਚ ਇਕ ਪੰਜਾਬੀ ਗੀਤ ਸੁਣਾਇਆ। ਸੁਨੀਤਾ ਕੌੜਾ ਨੇ ਮਿਠਾਸ ਭਰੀ ਆਵਾਜ਼ 'ਚ ਇਕ ਹਿੰਦੀ ਗੀਤ ਗਾਇਆ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਲਵਲੀਨ ਕੌੜਾ, ਡਾ. ਅਮਰਜੀਤ ਸ਼ਾਸਤਰੀ, ਸੁਰਜੀਤ ਸਿੰਘ, ਬਲਬੀਰ ਸਿੰਘ, ਐਮ. ਬਸ਼ੀਰ ਅਤੇ ਦੀਨਾ ਨਾਥ ਮਹਿਤਾ ਨੇ ਵੀ ਹਾਜ਼ਰੀ ਭਰੀ।

'ਖਾਲਸਾ ਕਾਲਜ ਗਲੋਬਲ ਪੰਜਾਬ ਗੌਰਵ ਐਵਾਰਡ' ਨਾਲ ਸਨਮਾਨੇ ਜਾਣ 'ਤੇ ਵਿਸ਼ੇਸ਼

# ਖੇਡ ਸਾਹਿਤ ਦਾ ਓਲੰਪੀਅਨ ਪ੍ਰਿੰਸੀਪਲ ਸਰਵਣ ਸਿੰਘ

ਪ੍ਰਿੰਸੀਪਲ ਸਰਵਣ ਸਿੰਘ ਖੇਡ ਸਾਹਿਤ ਦਾ ਓਲੰਪੀਅਨ ਹੈ, ਜੋ ਆਪਣੀ ਕਲਮ ਨਾਲ ਪਿਛਲੇ ਸਾਢੇ ਪੰਜ ਦਹਾਕਿਆਂ ਤੋਂ ਖੇਡਾਂ ਅਤੇ ਖਿਡਾਰੀਆਂ ਬਾਰੇ ਨਿਰੰਤਰ ਲਿਖ ਰਿਹਾ ਹੈ। ਸਰਵਣ ਸਿੰਘ ਨੇ ਹੁਣ ਤੱਕ 38 ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ 21 ਖੇਡਾਂ ਤੇ ਖਿਡਾਰੀਆਂ ਬਾਰੇ ਹੀ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਦੋ ਪੁਸਤਕਾਂ ਦਾ ਅਨੁਵਾਦ ਅਤੇ ਤਿੰਨ ਪੁਸਤਕਾਂ ਦਾ ਸੰਪਾਦਨ ਕੀਤਾ ਹੈ। ਉਨ੍ਹਾਂ ਦੀਆਂ ਲਿਖੀਆਂ ਦੋ ਪੁਸਤਕਾਂ ਦਾ ਅੰਗਰੇਜ਼ੀ ਵਿਚ ਵੀ ਅਨੁਵਾਦ ਹੋਇਆ ਹੈ।

ਖਿੱਚ ਭਰਪੂਰ ਤੇ ਰੌਚਕ ਵਾਰਤਕ ਲਿਖਣ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਸਰਵਣ ਸਿੰਘ ਦੀ ਵਾਰਤਕ ਪਾਠਕ ਨੂੰ ਇੰਜ ਕਲਾਵੇ ਵਿਚ ਲੈਂਦੀ ਹੈ, ਜਿਵੇਂ ਤਕੜਾ ਜਾਫੀ ਰੇਡਰ ਨੂੰ ਡੱਕ ਕੇ ਕਲਾਵੇ

**ਨਵਦੀਪ ਸਿੰਘ ਗਿੱਲ**
**ਫੋਨ: 91-97800-36216**

'ਚੋਂ ਬਾਹਰ ਨਹੀਂ ਨਿਕਲਣ ਦਿੰਦਾ। ਉਨ੍ਹਾਂ ਦੇ ਖਿੱਚ ਭਰਪੂਰ ਸ਼ੈਲੀ ਵਾਲੇ ਵਾਕ ਇੰਜ ਹਨ, ਜਿਵੇਂ ਹਾਕੀ ਖਿਡਾਰੀ ਵੱਲੋਂ ਕੀਤੀ ਜਾਂਦੀ ਡਰਿਬਲਿੰਗ ਹੋਵੇ। ਓਸੈਨ ਬੋਲਟ ਵਰਗੇ ਫਰਾਟਾ ਦੌੜਾਕ ਬਾਰੇ ਉਨ੍ਹਾਂ ਦਾ ਲਿਖਿਆ ਲੇਖ ਪੜ੍ਹਦਿਆਂ ਪਾਠਕ ਖੁਦ ਸਾਹੋ-ਸਾਹੀ ਹੋ ਜਾਂਦਾ ਹੈ। ਮੈਰਾਥਨ ਦੌੜਾਕ ਬਾਰੇ ਲੇਖ ਪੜ੍ਹਦਿਆਂ ਪਾਠਕ ਨੂੰ ਵੀ ਸਟੈਮਿਨਾ ਰੱਖਣਾ ਪੈਂਦਾ ਹੈ। ਦੌੜਾਂ, ਥਰੋਆਂ ਤੇ ਉਚੀਆਂ-ਲੰਬੀਆਂ ਛਾਲਾਂ ਲਾਉਂਦੇ ਅਥਲੀਟਾਂ ਦੀ ਗਾਥਾ ਪੜ੍ਹਦਿਆਂ ਪਾਠਕ ਵੀ ਵਾਰਤਕ ਦੇ ਸਰੂਰ ਵਿਚ ਉਡਣ ਤੇ ਛਾਲਾਂ ਲਾਉਣ ਲੱਗ ਜਾਂਦਾ ਹੈ। ਉਨ੍ਹਾਂ ਆਪਣੀਆਂ ਵਾਰਤਕ ਦੀਆਂ ਜੁਗਤਾਂ ਨਾਲ ਡਾ. ਸਰਦਾਰਾ ਸਿੰਘ ਜੌਹਲ, ਗੁਲਜ਼ਾਰ ਸਿੰਘ ਸੰਧੂ, ਸੁਰਜੀਤ ਪਾਤਰ ਜਿਹਿਆਂ ਨੂੰ ਵੀ ਖੇਡਾਂ ਬਾਰੇ ਪੜ੍ਹਨ ਲਈ ਪ੍ਰੇਰ ਦਿੱਤਾ, ਜਿਨ੍ਹਾਂ ਦਾ ਖੇਡਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ।

ਪ੍ਰਿੰ. ਸਰਵਣ ਸਿੰਘ ਜਦੋਂ ਲਿਖਦਾ ਹੈ ਤਾਂ ਪਹਿਲਾ ਫਿਕਰਾ ਪੜ੍ਹਨ ਸਾਰ ਹੀ ਪਾਠਕ ਉਸ ਵੱਲ ਇੰਜ ਖਿੱਚਿਆ ਜਾਂਦਾ ਹੈ ਕਿ ਲੇਖ ਜਾਂ ਪੁਸਤਕ ਨੂੰ ਪੜ੍ਹ ਕੇ ਹੀ ਦਮ ਲੈਂਦਾ ਹੈ। ਉਸ ਦਾ ਆਖਰੀ ਫਿਕਰਾ ਚੇਤੰਨ ਪਾਠਕ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਸਰਵਣ ਸਿੰਘ ਦੀ ਪਹਿਲੀ ਲਿਖਤ ਤੋਂ ਹੀ ਉਨ੍ਹਾਂ ਦੇ ਸਮਰੱਥ ਲੇਖਕ ਬਣਨ ਦਾ ਝਲਕਾਰਾ ਪੈ ਗਿਆ ਸੀ। ਫਾਜ਼ਿਲਕਾ ਕਾਲਜ ਵਿਚ ਜਦੋਂ ਉਨ੍ਹਾਂ ਦਾਖਲਾ ਲਿਆ ਤਾਂ ਪੰਜਾਬੀ ਦੇ ਪ੍ਰੋਫੈਸਰ ਵੱਲੋਂ ਸਾਰੇ ਵਿਦਿਆਰਥੀਆਂ ਨੂੰ 'ਕਾਲਜ ਵਿਚ ਪਹਿਲਾ ਦਿਨ' ਬਾਰੇ ਕੁਝ ਸਤਰਾਂ ਲਿਖਣ ਨੂੰ ਕਿਹਾ ਗਿਆ। ਸਰਵਣ ਸਿੰਘ ਨੇ ਕਾਲਜ ਦੇ ਪਹਿਲੇ ਦਿਨ ਦਾ ਦ੍ਰਿਸ਼ ਆਪਣੀ ਕਲਮ ਨਾਲ ਕਾਪੀ 'ਤੇ ਅਜਿਹਾ ਉਤਾਰਿਆ ਕਿ ਕਾਲਜ ਵਾਲਿਆਂ ਉਹ ਲੇਖ ਕਾਲਜ ਦੇ ਮੈਗਜ਼ੀਨ 'ਚ ਛਾਪਣ ਲਈ ਸਾਂਭ ਲਿਆ।

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਵਿਚ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲੇ ਪਹਿਲੇ, ਵੱਡੇ ਤੇ ਪ੍ਰਮਾਣਿਕ ਲੇਖਕ ਹਨ। ਇਸ ਖੇਤਰ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ। ਅੱਜ ਵੀ ਉਹ ਖੇਡ ਲਿਖਾਰੀਆਂ ਲਈ ਆਦਰਸ਼ ਹਨ ਅਤੇ ਹਰ ਖੇਡ ਮੁਕਾਬਲੇ ਤੇ ਖਿਡਾਰੀ ਬਾਰੇ ਉਨ੍ਹਾਂ ਦੇ ਲਿਖੇ ਲੇਖਾਂ ਦੀ ਖੇਡ ਪ੍ਰੇਮੀਆਂ ਨੂੰ ਉਡੀਕ ਰਹਿੰਦੀ ਹੈ। ਉਨ੍ਹਾਂ ਤੋਂ ਅਗਵਾਈ ਲੈ ਕੇ ਖੇਡ ਲੇਖਕ ਮੈਦਾਨ ਵਿਚ ਉਤਰੇ ਹਨ। ਕੌਮਾਂਤਰੀ ਪੱਧਰ ਦੇ ਪੰਜਾਬੀ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਤੋਂ ਉਨ੍ਹਾਂ ਖੇਡ ਲੇਖਣੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਰੇਖਾ ਚਿੱਤਰ ਕਮਾਲ ਦੀ ਹੁਨਰਮੰਦੀ ਨਾਲ ਉਲੀਕੇ। ਉਹ ਖਿਡਾਰੀ ਨਾਲ ਜੁੜੇ ਸਾਰੇ ਜੀਵਨ ਵੇਰਵੇ ਅਜਿਹੇ ਤਰੀਕੇ ਨਾਲ ਪੇਸ਼ ਕਰਦੇ ਹਨ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ ਹੈ। ਜਦੋਂ ਉਹ ਮਿਲਖਾ ਸਿੰਘ ਨੂੰ ਦੌੜਦਿਆਂ ਵਿਖਾਉਂਦੇ ਹਨ ਤਾਂ ਸ਼ਬਦਾਂ ਤੇ ਵਾਕਾਂ ਨੂੰ ਅਜਿਹੀ ਕਲਾਤਮਕਤਾ ਨਾਲ ਸੰਜੋਂਦੇ ਹਨ ਕਿ ਪਾਠਕ ਖੁਦ ਮਿਲਖਾ ਸਿੰਘ ਨਾਲ ਸਾਹੋ ਸਾਹ ਹੋਇਆ ਦੌੜਦਾ ਹੈ। ਭਾਵੇਂ 'ਧਰਤੀ ਧੱਕ' ਪਰਵੀਨ ਕੁਮਾਰ ਹੋਵੇ, 'ਮੁੜਕੇ ਦਾ ਮੋਤੀ' ਗੁਰਬਚਨ ਸਿੰਘ ਰੰਧਾਵਾ ਤੇ ਭਾਵੇਂ 'ਅੱਗ ਦੀ ਨਾਲ' ਜਾਂ 'ਅਲਸੀ ਦਾ ਫੁੱਲ' ਦੇ ਨਾਇਕ ਮਹਿੰਦਰ ਸਿੰਘ ਗਿੱਲ ਜਾਂ ਫੇਰ ਪ੍ਰਦੁੱਮਣ ਸਿੰਘ-ਉਹ ਆਪਣੀ ਵਾਰਤਕ ਦੀ ਜਾਦੂਗਰੀ ਨਾਲ ਸ਼ਬਦਾਂ ਦਾ ਅਜਿਹਾ ਜਾਲ ਬੁਣਦੇ ਹਨ ਕਿ ਕੋਈ ਵੀ ਪਾਠਕ ਉਨ੍ਹਾਂ ਦਾ ਪੂਰਾ ਲੇਖ ਪੜ੍ਹੇ ਬਿਨਾ ਇਸ ਜਾਲ ਵਿਚੋਂ ਨਿਕਲ ਨਹੀਂ ਸਕਦਾ। ਉਨ੍ਹਾਂ ਦਾ ਇੱਕ-ਇੱਕ ਸ਼ਬਦ ਪਾਠਕਾਂ ਦੇ ਚੇਤਿਆਂ ਵਿਚ ਵਸ ਜਾਂਦਾ ਹੈ। ਪਾਠਕਾਂ ਨੂੰ ਬਿਨਾ ਖੇਡ ਮੈਦਾਨ ਵਿਚ ਬੈਠਿਆਂ ਹੀ ਖਿਡਾਰੀ ਦੇ ਹਰ ਕਦਮ, ਹਰਕਤ, ਮਾਨਸਿਕ ਵਿਹਾਰ ਸਮੇਤ ਖੇਡ ਮੈਦਾਨ ਦੇ ਚੱਪੇ-ਚੱਪੇ ਦੇ ਦਰਸ਼ਨ ਲੇਖ ਪੜ੍ਹਦਿਆਂ ਹੀ ਹੋ ਜਾਂਦੇ ਹਨ। ਪਾਠਕ ਉਨ੍ਹਾਂ ਦੀ ਲਿਖਤ ਪੜ੍ਹਦਿਆਂ ਰੰਗ, ਰਸ, ਗੰਧ ਦਾ ਸਵਾਦ ਵੀ ਮਾਣਦਾ ਹੈ; ਹੱਸਦਾ-ਮੁਸਕਰਾਉਂਦਾ ਵੀ ਹੈ; ਮੁੜ੍ਹਕੋ-ਮੁੜ੍ਹਕੀ ਵੀ ਹੁੰਦਾ ਹੈ; ਜਿੱਤ ਦੇ ਮੰਚ 'ਤੇ ਖਿਡਾਰੀ ਨਾਲ ਖਲੋ ਕੇ ਅਨੰਦਤ ਵੀ ਹੁੰਦਾ ਹੈ।

ਪ੍ਰਿੰ. ਸਰਵਣ ਸਿੰਘ ਦੇ ਖਿਡਾਰੀਆਂ ਤੋਂ ਇਲਾਵਾ ਸਾਹਿਤ ਤੇ ਸੱਭਿਆਚਾਰ ਦੀਆਂ ਚੋਟੀ ਦੀਆਂ ਸ਼ਖ਼ਸੀਅਤਾਂ ਬਾਰੇ ਲਿਖੇ ਉਨ੍ਹਾਂ ਦੇ ਰੇਖਾ ਚਿੱਤਰ ਬਹੁਤ ਮਕਬੂਲ ਹੋਏ ਹਨ। ਸਿਰਫ ਖੇਡ ਲੇਖਕ ਵਜੋਂ ਹੀ ਨਹੀਂ ਸਗੋਂ ਸਫਰਨਾਮਾ ਲੇਖਕ ਵਜੋਂ ਤੇ ਤਿੱਖੀ ਵਿਅੰਗਾਤਮਕ ਵਾਰਤਕ ਲਿਖਣ ਪੱਖੋਂ ਵੀ ਉਨ੍ਹਾਂ ਨੇ ਆਪਣੀ ਵੱਖਰੀ ਪੈਂਠ ਤੇ ਪਛਾਣ ਬਣਾਈ ਹੈ। ਆਪਣੇ ਮੁਢਲੇ ਦੌਰ ਵਿਚ ਉਨ੍ਹਾਂ ਨੇ ਬਾਕਮਾਲ ਕਹਾਣੀਆਂ ਵੀ ਲਿਖੀਆਂ। ਵੈਸੇ ਉਨ੍ਹਾਂ ਨੇ ਕਹਾਣੀਆਂ, ਰੇਖਾ ਚਿੱਤਰ, ਸਫਰਨਾਮੇ, ਹਾਸ ਵਿਅੰਗ, ਜੀਵਨੀਆਂ, ਸਵੈ-ਜੀਵਨੀ ਤੇ ਪੇਂਡੂ ਜੀਵਨ ਬਾਰੇ ਫੁਟਕਲ ਲੇਖ ਵੀ ਲਿਖੇ ਹਨ।

ਸਮੇਂ ਦੇ ਹਾਣੀ ਰਹੇ ਸਰਵਣ ਸਿੰਘ ਨੇ ਕੰਪਿਊਟਰ ਦੇ ਯੁੱਗ ਵਿਚ ਹੱਥ ਲਿਖਤਾਂ ਦੀ ਥਾਂ ਲਿਖਤ ਨੂੰ ਖੁਦ ਟਾਈਪ ਕਰਨਾ ਸ਼ੁਰੂ ਕੀਤਾ, ਜਿਸ ਦਾ ਸਿਹਰਾ ਉਹ ਕਿਰਪਾਲ ਸਿੰਘ ਪੰਨੂੰ ਸਿਰ ਬੰਨਦੇ ਹਨ। ਸਰਵਣ ਸਿੰਘ ਨੇ ਦੇਸ਼-ਵਿਦੇਸ਼ ਦੇ ਸੈਂਕੜੇ ਖੇਡ ਮੇਲੇ ਵੇਖੇ, ਕੁਮੈਂਟਰੀ ਕੀਤੀ ਅਤੇ ਖੇਡ ਮੇਲਿਆਂ ਤੇ ਖਿਡਾਰੀਆਂ ਬਾਰੇ ਲਿਖਿਆ। ਉਨ੍ਹਾਂ ਨੇ ਅਨੇਕਾਂ ਕਾਨਫਰੰਸਾਂ ਤੇ ਗੋਸ਼ਟੀਆਂ ਵਿਚ ਭਾਗ ਲਿਆ। ਪ੍ਰਿੰਸੀਪਲ ਵਜੋਂ ਰਿਟਾਇਰ ਹੋਣ ਪਿਛੋਂ ਉਹ ਖੇਡ ਮੇਲੇ ਵੇਖਣ, ਕਬੱਡੀ ਦੀ ਕੁਮੈਂਟਰੀ ਕਰਨ ਤੇ ਪੜ੍ਹਨ-ਲਿਖਣ ਵਿਚ ਰੁੱਝੇ ਹੋਏ ਹਨ। ਹਰ ਸਾਲ ਉਹ ਇੱਕ ਕਿਤਾਬ ਪਾਠਕਾਂ ਦੀ ਝੋਲੀ ਪਾ ਰਹੇ ਹਨ।



ਪ੍ਰਿੰਸੀਪਲ ਸਰਵਣ ਸਿੰਘ




ਸਰਵਣ ਸਿੰਘ ਦਾ ਜਨਮ 8 ਜੁਲਾਈ 1940 ਨੂੰ ਲੁਧਿਆਣਾ ਜਿਲੇ ਦੇ ਪਿੰਡ ਚਕਰ ਵਿਚ ਸ. ਬਾਬੂ ਸਿੰਘ ਸੰਧੂ ਦੇ ਘਰ ਮਾਤਾ ਸ੍ਰੀਮਤੀ ਕਰਤਾਰ ਕੌਰ ਦੀ ਕੁੱਖੋਂ ਹੋਇਆ। ਚਕਰ ਤੋਂ ਮੁਢਲੀ ਸਿੱਖਿਆ ਪਿਛੋਂ ਮੱਲ੍ਹੇ ਤੋਂ ਮੈਟ੍ਰਿਕ ਕੀਤੀ। ਕਾਲਜ ਦੀ ਪੜ੍ਹਾਈ ਫਾਜ਼ਿਲਕਾ ਵਿਖੇ ਭੂਆ ਕੋਲ ਰਹਿੰਦਿਆਂ ਕੀਤੀ ਅਤੇ ਫੇਰ ਬੀ. ਐਡ. ਮੁਕਤਸਰ ਸਾਹਿਬ ਤੋਂ ਕੀਤੀ। ਪੰਜਾਬੀ ਦੀ ਐਮ. ਏ. ਦਿੱਲੀ ਦੇ ਖਾਲਸਾ ਕਾਲਜ ਤੋਂ ਕੀਤੀ। ਦਿੱਲੀ ਹੀ ਉਨ੍ਹਾਂ ਦੀ ਲੇਖਣੀ ਦੀ ਸ਼ੁਰੂਆਤ ਹੋਈ। ਉਸ ਵੇਲੇ ਕੌਮੀ ਰਾਜਧਾਨੀ ਪੰਜਾਬੀ ਸਾਹਿਤਕਾਰਾਂ ਦਾ ਗੜ੍ਹ ਹੁੰਦੀ ਸੀ। 1965 ਵਿਚ ਪੰਜਾਬੀ ਸਾਹਿਤ ਵਿਚ ਵੱਡਾ ਸਥਾਨ ਰੱਖਦੇ ਦਿੱਲੀ ਦੇ ਸਾਹਿਤਕ ਪਰਚੇ 'ਆਰਸੀ' 'ਚ ਲਿਖਣ ਦਾ ਸਫਰ ਸ਼ੁਰੂ ਕੀਤਾ। ਜੁਲਾਈ 1967 'ਚ ਉਹ ਦਿੱਲੀ ਛੱਡ ਕੇ ਢੁੱਡੀਕੇ ਕਾਲਜ ਵਿਚ ਆ ਗਏ। ਢੁੱਡੀਕੇ ਪੜ੍ਹਾਉਣ ਕਰਕੇ ਸਰਵਣ ਸਿੰਘ ਦੇ ਨਾਂ ਨਾਲ ਢੁੱਡੀਕੇ ਜੁੜ ਗਿਆ।

ਪ੍ਰਿੰਸੀਪਲ ਸਰਵਣ ਸਿੰਘ ਨੇ ਹਫਤਾਵਾਰ ਖੇਡ ਅੰਕ ਲਈ ਲਿਖਣ ਤੋਂ ਇਲਾਵਾ ਅਖਬਾਰ 'ਪੰਜਾਬੀ ਟ੍ਰਿਬਿਊਨ' ਲਈ 1981-82 ਵਿਚ ਬੰਬਈ ਦਾ ਹਾਕੀ ਵਿਸ਼ਵ ਕੱਪ ਅਤੇ 1982 ਦੀਆਂ ਨਵੀਂ ਦਿੱਲੀ ਏਸ਼ਿਆਈ ਖੇਡਾਂ ਕਵਰ ਕੀਤੀਆਂ। ਇਸ ਤੋਂ ਇਲਾਵਾ 1986 ਵਿਚ ਸਿਓਲ ਦੀਆਂ ਏਸ਼ਿਆਈ ਖੇਡਾਂ ਬਾਰੇ ਵੀ ਲਿਖਿਆ। ਉਨ੍ਹਾਂ ਰੰਗਦਾਰ ਸਚਿੱਤਰ ਰਸਾਲਾ 'ਖੇਡ ਸੰਸਾਰ' ਸ਼ੁਰੂ ਕੀਤਾ, ਜੋ ਪੰਜਾਬੀ ਵਿਚ ਨਿਰੋਲ ਖੇਡਾਂ ਬਾਰੇ ਆਪਣੀ ਕਿਸਮ ਦਾ ਪਲੇਠਾ ਰਸਾਲਾ ਸੀ। ਢੁੱਡੀਕੇ ਤੋਂ ਬਾਅਦ ਸਰਵਣ ਸਿੰਘ ਨੇ ਰੁਖ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਵੱਲ ਕੀਤਾ, ਜਿੱਥੋਂ ਉਨ੍ਹਾਂ ਦੇ ਨਾਂ ਨਾਲ ਪੱਕੇ ਤੌਰ 'ਤੇ 'ਪ੍ਰਿੰਸੀਪਲ' ਜੁੜ ਗਿਆ। ਸ. ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਇਕਲੌਤੇ ਪੁੱਤਰ ਅਮਰਦੀਪ ਸਿੰਘ ਦੇ ਬੇਵਕਤੀ ਚਲਾਣੇ ਪਿਛੋਂ ਉਸ ਦੀ ਯਾਦ ਕਾਇਮ ਰੱਖਣ ਅਤੇ ਦੋਆਬੇ ਦੇ ਨਵਾਂ ਸ਼ਹਿਰ ਜਿਲੇ ਦੇ ਇਸ ਪੇਂਡੂ ਖੇਤਰ ਵਿਚ ਸਿੱਖਿਆ ਦਾ ਚਾਨਣ ਬਿਖੇਰਨ ਲਈ ਕਾਲਜ ਬਣਾਇਆ। ਨਵੇਂ ਕਾਲਜ ਨੂੰ ਚਲਾਉਣ ਲਈ ਉਘੇ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਨੂੰ ਪੇਂਡੂ ਪਿਛੋਕੜ ਵਾਲੇ ਇੱਕ ਤਜਰਬੇਕਾਰ, ਸੁਲਝੇ ਪ੍ਰਿੰਸੀਪਲ ਦੀ ਲੋੜ ਸੀ। ਸਰਵਣ ਸਿੰਘ ਇਸ ਲੋੜ 'ਤੇ ਖਰੇ ਉਤਰੇ ਅਤੇ ਅਮਰਦੀਪ ਕਾਲਜ ਦੇ ਪ੍ਰਿੰਸੀਪਲ ਵਜੋਂ 6 ਸਾਲ ਸ਼ਾਨਦਾਰ ਸੇਵਾਵਾਂ ਦੇ ਕੇ 2000 ਵਿਚ ਸੇਵਾਮੁਕਤ ਹੋਏ। ਉਨ੍ਹਾਂ ਦਾ ਵੱਡਾ ਬੇਟਾ ਜਗਵਿੰਦਰ ਸਿੰਘ ਮੁਕੰਦਪੁਰ ਹੀ ਰਹਿੰਦਾ ਹੈ, ਜੋ ਅਮਰਦੀਪ ਕਾਲਜ ਵਿਚ ਪੰਜਾਬੀ ਪੜ੍ਹਾਉਂਦਾ ਹੈ। ਛੋਟਾ ਬੇਟਾ ਗੁਰਵਿੰਦਰ ਸਿੰਘ ਕੈਨੇਡਾ ਰਹਿੰਦਾ ਹੈ। ਅਧਿਆਪਨ ਦੇ ਸਫਰ ਦੌਰਾਨ ਪ੍ਰਿੰਸੀਪਲ ਸਾਹਿਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਵੀ ਰਹੇ।

ਪੰਜਾਬੀ ਖੇਡ ਸਾਹਿਤ ਦੇ ਵਾਧੇ ਲਈ ਅਨੇਕਾਂ ਅਖਬਾਰ ਤੇ ਰਸਾਲਿਆਂ ਦੇ ਖੇਡ ਅੰਕ ਨਿਕਲ ਰਹੇ ਸਨ। ਸਰਵਣ ਸਿੰਘ ਦੀ ਰੀਸੇ ਬਹੁਤ ਸਾਰੀਆਂ ਨਵੀਆਂ ਕਲਮਾਂ ਨੇ ਇਸ ਪਾਸੇ ਲਿਖਣਾ ਸ਼ੁਰੂ ਕੀਤਾ ਹੈ। ਪੰਜਾਬੀ ਵਿਚ ਸੌ ਦੇ ਕਰੀਬ ਖੇਡ ਪੁਸਤਕਾਂ ਵਜੂਦ ਵਿਚ ਆ ਚੁਕੀਆਂ ਹਨ, ਜਿਨ੍ਹਾਂ ਵਿਚ 21 ਤਾਂ ਖੁਦ ਸਰਵਣ ਸਿੰਘ ਦੀਆਂ ਹੀ ਹਨ।

ਇੱਕ ਸਾਹਿਤਕ ਗੋਸ਼ਟੀ ਵਿਚ ਜਦੋਂ ਇੱਕ ਆਲੋਚਕ ਨੇ ਖੇਡ ਲੇਖਕਾਂ ਨੂੰ ਸਾਹਿਤਕਾਰ ਮੰਨਣੋਂ ਹੀ ਇਨਕਾਰ ਕਰ ਦਿੱਤਾ ਤਾਂ ਸਰਵਣ ਸਿੰਘ ਨੇ ਅਜਿਹਾ ਜਵਾਬ ਦਿੱਤਾ ਕਿ ਉਨ੍ਹਾਂ ਦੇ ਕਹੇ ਵਚਨਾਂ ਨੂੰ ਖੇਡ ਲਿਖਾਰੀਆਂ ਨੇ ਪੂਰਾ ਕਰ ਦਿੱਤਾ। ਸਰਵਣ ਸਿੰਘ ਉਸ ਗੋਸ਼ਟੀ ਵਿਚ ਦਿੱਤੇ ਜਵਾਬ ਬਾਰੇ ਖੁਦ ਲਿਖਦੇ ਹਨ, "ਤੁਸੀ ਸਾਨੂੰ ਸਾਹਿਤਕਾਰ ਨਹੀਂ ਸਮਝਦੇ ਤਾਂ ਸਿਹਤਕਾਰ ਹੀ ਸਮਝ ਲਓ। ਜੇ ਸਾਡੇ 'ਚ ਦਮ ਹੋਇਆ ਤਾਂ ਵੇਖਦੇ ਰਿਹੋ ਅਸੀਂ ਪੰਜਾਬੀ ਦੇ ਖੇਡ ਅਦਬ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ।"

ਮੁਢਲੇ ਰੇਖਾ ਚਿੱਤਰਾਂ ਤੋਂ ਮਿਲੀ ਦਾਦ ਕਾਰਨ ਸਰਵਣ ਸਿੰਘ ਦਾ ਹੌਸਲਾ ਵਧ ਗਿਆ ਅਤੇ ਫੇਰ 'ਸ਼ਹਿਦ ਦਾ ਘੁੱਟ', 'ਅਲਸੀ ਦਾ ਫੁੱਲ', 'ਕਲਹਿਰੀ ਮੋਰ', 'ਪੱਤੇ ਵਾਲਾ', 'ਗੁਰੂ ਨਾਨਕ ਦਾ ਗਰਾਈਂ' ਤੇ 'ਪੋਣ ਦਾ ਹਾਣੀ' ਆਦਿ 10-12 ਰੇਖਾ ਚਿੱਤਰ ਆਰਸੀ ਲਈ ਲਗਾਤਾਰ ਲਿਖੇ। ਉਨ੍ਹਾਂ ਵੱਲੋਂ ਲਿਖੇ ਦਿਲ-ਟੁੰਬਵੇਂ ਅਤੇ ਤਿੱਖੇ ਸਿਰਲੇਖ ਅੱਜ ਵੀ ਚਾਰ ਦਹਾਕਿਆਂ ਬਾਅਦ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ। ਪਿਛਲੇ ਡੇਢ ਦਹਾਕੇ ਤੋਂ ਉਨ੍ਹਾਂ ਦੀ ਹਰੇਕ ਸਾਲ ਨਵੀਂ ਪੁਸਤਕ ਛਪ ਰਹੀ ਹੈ। ਪਿਛਲੇ ਇੱਕ ਸਾਲ ਦੌਰਾਨ ਉਨ੍ਹਾਂ ਦੋ ਪੁਸਤਕਾਂ ਲਿਖੀਆਂ-'ਮੇਰੇ ਵਾਰਤਕ ਦੇ ਰੰਗ' ਅਤੇ 'ਪੰਜਾਬ ਦੇ ਕੋਹੇਨੂਰ-ਭਾਗ ਤੀਜਾ।'

'ਪੰਜਾਬ ਦੇ ਕੋਹੇਨੂਰ' ਸਿਰਲੇਖ ਹੇਠ ਪੰਜਾਬੀ ਸਾਹਿਤ, ਸੱਭਿਆਚਾਰ ਤੇ ਖੇਡਾਂ ਦੀਆਂ ਚੋਟੀ ਦੀਆਂ 22 ਸ਼ਖ਼ਸੀਅਤਾਂ ਬਾਰੇ ਲਿਖਿਆ। ਇਸ ਸਿਰਲੇਖ ਹੇਠ ਤਿੰਨ ਪੁਸਤਕ ਲੜੀਆਂ ਛਪੀਆਂ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਦੇ ਟਾਈਟਲ 'ਪੰਜਾਬ ਦੇ ਉਘੇ ਖਿਡਾਰੀ', 'ਖੇਡ ਸੰਸਾਰ', 'ਖੇਡ ਜਗਤ ਵਿਚ ਭਾਰਤ', 'ਪੰਜਾਬੀ ਖਿਡਾਰੀ', 'ਅੱਖੀਂ ਵੇਖ ਨਾ ਰੱਜੀਆਂ', 'ਪੰਜਾਬ ਦੀਆਂ ਦੇਸੀ ਖੇਡਾਂ', 'ਖੇਡ ਮੇਲੇ ਵੇਖਦਿਆਂ', 'ਖੇਡ ਦਰਸ਼ਨ', 'ਖੇਡ ਪਰਿਕਰਮਾ', 'ਖੇਡਾਂ ਦੀ ਦੁਨੀਆਂ', 'ਓਲੰਪਿਕ ਖੇਡਾਂ', 'ਓਲੰਪਿਕ ਖੇਡਾਂ ਦੀ ਸਦੀ', 'ਏਥਨਜ਼ ਤੋਂ ਲੰਡਨ', 'ਕਬੱਡੀ ਕਬੱਡੀ ਕਬੱਡੀ', 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ', 'ਪੰਜਾਬ ਦੇ ਚੋਣਵੇਂ ਖਿਡਾਰੀ', 'ਗੋਲਡਨ ਗੋਲ' ਆਦਿ ਹਨ। ਉਨ੍ਹਾਂ ਦੇ ਚਰਚਿਤ ਕਾਲਮ 'ਖੇਡ ਜਗਤ ਦੀਆਂ ਬਾਤਾਂ' ਦੇ ਪ੍ਰਮੁੱਖ ਲੇਖਾਂ ਨੂੰ ਇਸੇ ਕਾਲਮ ਦੇ ਨਾਂ ਨੂੰ ਸਿਰਲੇਖ ਬਣਾ ਕੇ ਪੁਸਤਕ ਛਾਪੀ। ਖੇਡਾਂ ਤੋਂ ਹਟਵੀਆਂ ਪੁਸਤਕਾਂ ਦੀ ਗੱਲ ਕਰੀਏ ਤਾਂ ਉਨ੍ਹਾਂ 'ਫੇਰੀ ਵਤਨਾਂ ਦੀ', 'ਪਿੰਡ ਦੀ ਸੱਥ 'ਚੋਂ', 'ਬਾਤਾਂ ਵਤਨ ਦੀਆਂ' ਤੇ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਲਿਖੀਆਂ। ਉਨ੍ਹਾਂ ਦੀ ਸਵੈਜੀਵਨੀ 'ਹਸਦਿਆਂ ਖੇਲਦਿਆਂ' ਬਹੁਚਰਚਿਤ ਰਹੀ।

ਪ੍ਰਿੰ. ਸਰਵਣ ਸਿੰਘ ਨੂੰ ਪੰਜਾਬੀ ਖੇਡ ਪੱਤਰਕਾਰੀ ਦਾ ਮੋਢੀ ਤੇ ਸਿਰਮੌਰ ਖੇਡ ਲੇਖਕ ਮੰਨਿਆ ਜਾਂਦਾ ਹੈ। ਇਨਾਮਾਂ, ਪੁਰਸਕਾਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਦਾ 'ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ', ਪੰਜਾਬੀ ਸਾਹਿਤ ਅਕੈਡਮੀ ਦਾ 'ਕਰਤਾਰ ਸਿੰਘ ਧਾਲੀਵਾਲ ਐਵਾਰਡ', ਪੰਜਾਬੀ ਸੱਥ ਲਾਂਬੜਾ ਦਾ 'ਸੱਯਦ ਵਾਰਿਸ ਸ਼ਾਹ ਐਵਾਰਡ', ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ 'ਖੇਡ ਸਾਹਿਤ ਦਾ ਨੈਸ਼ਨਲ ਐਵਾਰਡ', ਕਮਲਜੀਤ ਖੇਡਾਂ ਦੌਰਾਨ 'ਸੁਰਜੀਤ ਯਾਦਗਾਰੀ ਐਵਾਰਡ', ਕਿਲਾ ਰਾਏਪੁਰ ਖੇਡਾਂ ਦੌਰਾਨ ਸਨਮਾਨ, ਪੂਰੇਵਾਲ ਖੇਡ ਮੇਲੇ ਉਤੇ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਦਿੰਦਿਆਂ ਗੁਰਜ ਨਾਲ ਸਨਮਾਨਤ ਕੀਤਾ ਗਿਆ। ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੌਰਾਨ ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਮਿਲੇ ਹਨ। ਸਰਵਣ ਸਿੰਘ ਸ਼੍ਰੋਮਣੀ ਸਾਹਿਤਕਾਰ ਅਤੇ ਰੁਸਤਮ-ਏ-ਸਿਹਤਕਾਰ ਹਨ। ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਪੁਲਿਸ ਅਕੈਡਮੀ ਫਿਲੌਰ ਵਿਖੇ ਸਮਾਗਮ ਦੌਰਾਨ ਤਤਕਾਲੀ ਡੀ. ਜੀ. ਪੀ. ਰਾਜਦੀਪ ਸਿੰਘ ਗਿੱਲ ਨੇ ਉਨ੍ਹਾਂ ਨੂੰ ਪੰਜਾਬੀਆਂ ਦਾ 'ਸ਼ੇਕਸਪੀਅਰ' ਕਹਿ ਕੇ ਵਡਿਆਇਆ। ਉਹ ਸੱਚਮੁੱਚ ਸਪਰੋਟਸ ਦੇ ਇਨਸਾਈਕਲੋਪੀਡੀਆ ਹਨ ਅਤੇ ਕਲਮ ਦੇ ਅਣਥੱਕ ਯੋਧੇ ਹਨ।

## ਧਾਰਮਿਕ ਆਗੂਆਂ ਦੀਆਂ ਤਸਵੀਰਾਂ 'ਤੇ ਮਲੀ ਕਾਲਖ

**ਮਾਨਸਾ:** ਮਾਨਸਾ ਕੈਂਚੀਆਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਗਏ ਹੋਰਡਿੰਗ ਬੋਰਡ ਉਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਹੋਰ ਆਗੂਆਂ ਦੀਆਂ ਤਸਵੀਰਾਂ 'ਤੇ ਕਾਲਖ ਫੇਰਨ ਦੇ ਮਾਮਲੇ ਨੇ ਪੰਥਕ ਸਫ਼ਾਂ ਵਿਚ ਰੋਸ ਫੈਲਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਹ ਬੋਰਡ ਐਸ.ਜੀ.ਪੀ.ਸੀ. ਵੱਲੋਂ ਜ਼ਿਲ੍ਹੇ ਦੇ ਇਤਿਹਾਸਕ ਗੁਰਦੁਆਰਾ ਸੂਲੀਸਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 15 ਮਾਰਚ ਨੂੰ ਕਰਵਾਏ ਗਏ ਵਿਸ਼ਾਲ ਕੀਰਤਨ ਸਮਾਗਮ ਸਬੰਧੀ ਲਗਾਏ ਗਏ ਸਨ। ਸ਼ਰਾਰਤੀ ਅਨਸਰ ਵੱਲੋਂ ਬੋਰਡ 'ਤੇ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਕਥਾ-ਵਾਚਕਾਂ ਤੇ ਕੀਰਤਨੀ ਜਥਿਆਂ ਦੇ ਮੁਖੀਆਂ ਦੀਆਂ ਤਸਵੀਰਾਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਧਰਮ ਪ੍ਰਚਾਰ ਕਮੇਟੀ ਮਾਲਵਾ ਦੇ ਮੈਂਬਰ ਜਥੇਦਾਰ ਮਨਜੀਤ ਸਿੰਘ ਬੱਪੀਆਣਾ, ਸਰਦੂਲਗੜ੍ਹ ਦੇ ਹਲਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ, ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ ਨੇ ਕਿਹਾ ਕਿ ਅਜਿਹਾ ਕਰਨਾ ਨਿੰਦਣਯੋਗ ਹੈ ਤੇ ਸ਼ਰਾਰਤੀ ਅਨਸਰਾਂ ਖਿਲਾਫ਼ ਕਾਰਵਾਈ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਹਰ ਕਦਮ ਉਠਾਏਗਾ।

# ਨੋਰਾ ਦੇ ਨਾਲ-ਨਾਲ

## ਪੰਜਾਬੀ ਨਾਟਕ ਦੀ ਨੱਕੜਦਾਦੀ ਬਾਰੇ ਨਾਟਕ

ਕਲਾ ਪਰਿਕਰਮਾ

ਉਹ ਜੋ ਹਰ ਸਾਹ ਨਾਲ ਰੰਗਮੰਚ ਲਈ ਨਵਾਂ ਸੁਪਨਾ ਬੁਣਦੀ ਸੀ, ਹਰ ਧੜਕਣ ਕਹਿੰਦੀ ਸੀ ਕਿ ਜੇ ਤੁਸੀਂ ਜ਼ਿੰਦਗੀ ਨੂੰ ਸੰਵਾਰਨਾ ਹੈ, ਕੁਝ ਨਵਾਂ ਕਰਨਾ ਹੈ ਤਾਂ ਰੰਗਮੰਚ ਕਰੋ ਕਿਉਂਕਿ ਰੰਗਮੰਚ ਵਿਚ ਬੜੀ ਤਾਕਤ ਹੁੰਦੀ ਹੈ। ਜੋ ਸ਼ਹਿਰਾਂ ਤੋਂ ਵੱਧ ਪਿੰਡਾਂ ਦੀ ਜ਼ਿੰਦਗੀ ਤੇ ਤਹਿਜ਼ੀਬ ਨੂੰ ਪਸੰਦ ਕਰਦੀ ਸੀ। ਜਿਸ ਨੇ ਬਚਪਨ ਤੋਂ ਲੈ ਕੇ ਉਮਰ ਦੇ ਆਖਰੀ 94ਵੇਂ ਸਾਲ ਤੱਕ ਰੰਗਮੰਚ ਦੀ ਪ੍ਰਫੁੱਲਤਾ ਲਈ ਕੰਮ ਕੀਤਾ ਤੇ ਰੰਗਮੰਚ ਹੀ ਹੰਢਾਇਆ। ਉਹ ਜੋ ਆਇਰਲੈਂਡ ਤੋਂ ਆਈ ਤੇ ਜਿਸ ਨੇ ਹਿੰਦੁਸਤਾਨੀ, ਖਾਸਕਰ ਪੰਜਾਬੀ ਜਨਜੀਵਨ ਨੂੰ ਅਪਨਾਇਆ। ਉਹ ਜੋ ਕਿਸੇ ਵੀ ਭਾਰਤੀ ਤੋਂ ਵੱਧ ਭਾਰਤੀ ਸੀ ਤੇ ਕਿਸੇ ਵੀ ਪੰਜਾਬੀ ਤੋਂ ਵੱਧ ਪੰਜਾਬੀ ਸੀ। ਜਿਸ ਨੇ ਪੰਜਾਬੀ ਰੰਗਮੰਚ

ਕੇਵਲ ਧਾਲੀਵਾਲ
ਫੋਨ: +91-98142-99422

ਨੂੰ 1913 ਵਿਚ ਅਨੁਸ਼ਾਸਨ ਦਿੱਤਾ ਤੇ 1914 ਵਿਚ ਪੰਜਾਬੀ ਰੰਗਮੰਚ ਨੂੰ ਤਹਿਜ਼ੀਬ ਦਿੱਤੀ। ਉਹ ਨੋਰਾ ਰਿਚਰਡਜ਼ ਸੀ ਜਿਸ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੀ ਨੱਕੜਦਾਦੀ ਕਿਹਾ ਜਾਂਦਾ ਹੈ।

ਇਹ, ਉਹ ਨੋਰਾ ਰਿਚਰਡਜ਼ ਸੀ ਜੋ 1910-11 ਵਿਚ ਆਪਣੇ ਪਤੀ ਫਿਲਿਪਸ ਰਿਚਰਡਜ਼ ਨਾਲ ਲਾਹੌਰ ਦਿਆਲ ਸਿੰਘ ਕਾਲਜ ਵਿਚ ਆਈ ਤੇ ਫਿਰ ਇਥੋਂ ਦੀ ਹੋ ਕੇ ਰਹਿ ਗਈ। 1920 'ਚ ਉਸ ਦੇ ਪਤੀ ਦੀ ਮੌਤ ਹੋ ਗਈ। ਉਹ ਚਾਰ ਸਾਲ ਵਾਪਸ ਜਾ ਕੇ ਇੰਗਲੈਂਡ ਰਹੀ। ਜਦੋਂ ਉਥੇ ਭਾਰਤੀਆਂ ਖਿਲਾਫ਼ ਫ਼ਿਲਮ ਵਿਖਾਈ ਜਾ ਰਹੀ ਸੀ ਤਾਂ ਉਸ ਵੇਲੇ ਨੋਰਾ ਨੇ ਹਿੰਦੁਸਤਾਨੀ ਲੋਕਾਂ ਦੇ ਹੱਕ 'ਚ ਨਾਅਰੇ ਲਾਏ ਤੇ ਉਸ ਫ਼ਿਲਮ ਦਾ ਵਿਰੋਧ ਕੀਤਾ। ਨੋਰਾ ਦੇ ਇਸ ਵਿਦਰੋਹ ਕਰਕੇ ਗੋਰਿਆਂ ਨੇ ਉਸ ਨੂੰ ਦੋ ਮਹੀਨੇ ਦੀ ਜੇਲ੍ਹ ਕਰ ਦਿੱਤੀ। ਉਹ ਹਿੰਦੁਸਤਾਨ ਵਾਪਸ ਆਉਣ ਲਈ ਤੜਫ਼ਦੀ ਰਹੀ ਪਰ ਉਸ ਕੋਲ ਟਿਕਟ ਲਈ ਪੈਸੇ ਨਹੀਂ ਸੀ। ਉਸ ਨੇ ਲੋਕਾਂ ਦੇ ਘਰਾਂ 'ਚ ਸਫ਼ਾਈ ਦਾ ਕੰਮ ਕੀਤਾ, ਜੂਠੇ ਬਰਤਨ ਮਾਂਜੇ ਤੇ ਟਿਕਟ ਜੋਗੇ ਪੈਸੇ ਇਕੱਠੇ ਕੀਤੇ। ਫਿਰ 1924 ਵਿਚ ਲਾਹੌਰ ਆ ਕੇ ਪ੍ਰਸਿਧ ਨਿਰਦੇਸ਼ਕ ਡਿਜ਼ਾਈਨਰ ਗੋਰਦਨ ਕਰੇਗ ਨੂੰ ਬੁਲਾ ਕੇ ਥੀਏਟਰ ਵਰਕਸ਼ਾਪ ਕੀਤੀ, ਨੌਜਵਾਨਾਂ ਨਾਲ ਨਾਟਕ ਤਿਆਰ ਕਰਵਾਏ। ਉਸ ਨੇ ਸਾਂਝੇ ਪੰਜਾਬ ਵਿਚ ਪਾਲਮਪੁਰ ਲਾਗੇ ਅੰਧਰੇਟਾ ਵਿਚ ਅਜਿਹੀ ਜ਼ਮੀਨ 'ਤੇ ਆਣ ਡੇਰਾ ਲਾਇਆ (ਜਿਸ ਨੂੰ ਅੰਧ-ਵਿਸ਼ਵਾਸ ਕਰਕੇ ਲੋਕ ਸਰਾਪੀ ਹੋਈ ਜ਼ਮੀਨ ਕਹਿੰਦੇ ਸਨ) ਤੇ ਉਥੇ ਕਲਾਕਾਰਾਂ, ਨਾਟਕਕਾਰਾਂ ਲਈ ਪਿੰਡ ਵਸਾ ਦਿੱਤਾ 'ਵੁਡਜ਼ ਲੈਂਡ'। ਜਿਥੇ ਉਸ ਨੇ ਓਪਨ ਏਅਰ ਥੀਏਟਰ ਬਣਾਇਆ ਤੇ ਕੱਚੀ ਮਿੱਟੀ ਦਾ ਘਰ ਬਣਾ ਕੇ ਰਹਿਣ ਲੱਗੀ। ਉਸ ਨੇ ਨੌਜਵਾਨਾਂ ਨੂੰ ਰੰਗਮੰਚ ਲਈ ਪ੍ਰੇਰਿਆ ਤੇ ਸਕੂਲਾਂ ਵਿਚ ਰੰਗਮੰਚ ਨੂੰ ਲਾਗੂ ਕਰਨ ਲਈ ਸਿਲੇਬਸ ਤਿਆਰ ਕੀਤਾ। ਦੇਸ਼ ਦੀ ਵੰਡ ਨੇ ਉਸ ਨੂੰ ਉਦਾਸ ਕਰ ਦਿੱਤਾ। ਫਿਰ ਪੰਜਾਬ ਦੇ ਜਦੋਂ ਤਿੰਨ ਟੁਕੜੇ ਹੋਏ ਤਾਂ ਉਹ ਹੋਰ ਵੀ ਉਦਾਸ ਹੋ ਗਈ ਤੇ ਬਿਮਾਰ ਹੋ ਗਈ ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਫੇਰ ਰੰਗਮੰਚ ਨੂੰ ਲਗਾਤਾਰਤਾ ਦਿੱਤੀ। ਨਵੇਂ ਨਾਟਕ ਲਿਖੇ, ਖੇਡੇ ਤੇ ਕਈਆਂ ਨੂੰ ਲਿਖਣ ਤੇ ਖੇਡਣ ਲਾਇਆ। ਪੇਂਡੂ ਜ਼ਿੰਦਗੀ ਤੇ ਸੋਹਣੀ ਤਹਿਜ਼ੀਬ ਬਾਰੇ ਲੇਖ ਲਿਖੇ ਤੇ ਛਪਵਾਏ। ਤਿੰਨ ਮਾਰਚ 1971 ਵਿਚ 94 ਸਾਲ ਦੀ ਉਮਰ ਵਿਚ ਆਖਰੀ ਸਾਹ ਵੀ ਆਪਣੇ ਕੱਚੇ ਘਰ ਵਿਚ, ਓਪਨ ਏਅਰ ਥੀਏਟਰ ਲਾਗੇ, ਨਾਟਕਾਂ ਦੀਆਂ ਕਿਤਾਬਾਂ ਦੇ ਵਿਚਕਾਰ ਲਏ। ਅਜਿਹੀ ਸ਼ਖਸੀਅਤ ਬਾਰੇ ਮੈਂ ਨਾਟਕ ਕਰਨ ਤੋਂ ਕਿਵੇਂ ਰਹਿ ਸਕਦਾ ਸੀ। ਉਹ ਆਇਰਲੈਂਡ ਦੀ ਜਨਮੀ (29 ਅਕਤੂਬਰ 1876) ਅਭਿਨੇਤਰੀ ਅਤੇ ਨਾਟਕਰਮੀ ਸੀ ਜੋ ਬਾਅਦ ਵਿਚ ਪੰਜਾਬ ਦੀ ਲੇਡੀ ਗਰੈਗਰੀ ਵਜੋਂ ਜਾਣੀ ਗਈ। ਉਸ ਨੇ ਆਪਣੇ ਜੀਵਨ ਦੇ 60 ਸਾਲ ਪੰਜਾਬੀ ਰੰਗਮੰਚ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਭਰਪੂਰ ਯੋਗਦਾਨ ਪਾਇਆ। ਉਸ ਦੀ ਜ਼ਿੰਦਗੀ ਵਿਚ ਕਈ ਉਤਰਾਅ ਚੜ੍ਹਾਅ ਆਏ ਪਰ ਉਸ ਨੇ ਪੰਜਾਬੀ ਰੰਗਮੰਚ ਦਾ ਪੱਲਾ ਨਹੀਂ ਛੱਡਿਆ। ਨੋਰਾ ਦੇ ਸ਼ਾਗਿਰਦਾਂ ਵਿਚ ਬਲਵੰਤ ਗਾਰਗੀ, ਆਈ.ਸੀ. ਨੰਦਾ, ਜੈ ਦਿਆਲ, ਡਾ. ਹਰਚਰਨ ਸਿੰਘ, ਪ੍ਰਿਥਵੀ ਰਾਜ ਕਪੂਰ ਅਤੇ ਹਬੀਬ ਤਨਵੀਰ ਵਿਸ਼ੇਸ਼ ਜ਼ਿਕਰਯੋਗ ਹਨ। ਨੋਰਾ ਰਿਚਰਡਜ਼ ਦੀ ਸਾਰੀ ਉਮਰ ਸੰਘਰਸ਼ਮਈ ਤਰੀਕੇ ਨਾਲ ਹੀ ਗੁਜ਼ਰੀ। 1970 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੰਜਾਬੀ ਸੱਭਿਆਚਾਰ, ਖਾਸਕਰ ਪੰਜਾਬੀ ਰੰਗਮੰਚ ਨੂੰ ਪ੍ਰਫੁਲਤ ਕਰਨ ਲਈ ਨੋਰਾ ਨੂੰ ਡੀ.ਲਿਟ ਦੀ ਉਪਾਧੀ ਨਾਲ ਨਿਵਾਜਿਆ। ਉਸ ਦੀ ਜ਼ਿੰਦਗੀ ਤੇ ਸੰਘਰਸ਼ 'ਤੇ ਮੈਂ ਨਾਟਕ ਤਿਆਰ ਕੀਤਾ 'ਨੋਰਾ'।

'ਨੋਰਾ' ਨਾਟਕ ਦੀ ਪੇਸ਼ਕਾਰੀ ਸੁਪਨੇ ਵਾਂਗ ਹੈ, ਉਹ ਸੁਪਨਾ ਜੋ ਸੱਚ ਹੋ ਗਿਆ ਹੋਵੇ। ਮੈਂ ਬਹੁਤ ਵਾਰ ਅੰਧਰੇਟੇ ਗਿਆ ਜੋ ਨੋਰਾ ਰਿਚਰਡਜ਼ ਦੀ ਕਰਮਭੂਮੀ ਸੀ। ਜਿਥੇ ਉਹ ਅੱਜ ਵੀ ਸੁੱਤੀ , ਦੂਜਿਆਂ ਨੂੰ ਜਾਗਣ ਦੀ ਪ੍ਰੇਰਨਾ ਦਿੰਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਦੇ ਸੱਦੇ 'ਤੇ ਮੈਂ ਕਰੀਬ ਹਰ ਸਾਲ ਅੰਮ੍ਰਿਤਸਰ ਤੋਂ ਅੰਧਰੇਟਾ (ਪਾਲਮਪੁਰ) ਜਾਂਦਾ ਰਿਹਾ ਤੇ ਉਥੇ ਨੌਜਵਾਨ ਵਿਦਿਆਰਥੀ ਰੰਗਕਰਮੀਆਂ ਨਾਲ ਰੰਗਮੰਚ ਦੇ ਕਿਸੇ ਨਾ ਕਿਸੇ ਨਵੇਂ ਵਿਸ਼ੇ 'ਤੇ ਸੰਵਾਦ ਵੀ ਰਚਾਉਂਦਾ ਰਿਹਾ। ਅੰਧਰੇਟਾ ਵਿਖੇ 'ਚਮੇਲੀ ਨਿਵਾਸ' ਵਿਚ ਬਣਿਆ ਓਪਨ ਏਅਰ ਥੀਏਟਰ ਤੇ ਕੱਚੀ ਮਿੱਟੀ ਨਾਲ ਲਿੰਬਿਆ ਪੋਚਿਆ ਨੋਰਾ ਦਾ ਘਰ ਹਮੇਸ਼ਾ ਮੇਰੇ ਲਈ ਪ੍ਰੇਰਨਾ ਬਣਦੇ ਰਹੇ। ਮੈਂ ਨੌਜਵਾਨ ਰੰਗਕਰਮੀ ਵਿਦਿਆਰਥੀਆਂ ਨੂੰ ਨਾਲ ਲੈ ਕੇ ਨੋਰਾ ਦੇ ਘਰ 'ਚ ਬੈਠਦਾ ਤੇ ਉਨ੍ਹਾਂ ਨੂੰ ਕਹਿੰਦਾ ਕਿ ਤੁਸੀਂ



ਮਹਿਸੂਸ ਕਰੋ, ਇਸ ਘਰ ਨੂੰ, ਕੱਚੀ ਮਿੱਟੀ, ਕੰਧਾਂ ਨੂੰ ਹੱਥ ਲਾ ਕੇ ਵੇਖੋ ਤੇ ਨੋਰਾ ਦੇ ਉਸ ਸੰਘਰਸ਼, ਮਿਹਨਤ, ਉਸ ਜਨੂੰਨ ਨੂੰ ਚੇਤੇ ਕਰੋ ਜੋ ਉਸ ਨੇ ਰੰਗਮੰਚ ਦੇ ਲੇਖੇ ਲਾਇਆ।

ਮੈਂ ਨਾਟਕੀ ਪੇਸ਼ਕਾਰੀ ਰਾਹੀਂ 'ਨੋਰਾ' ਦੇ ਜਜ਼ਬੇ ਤੇ ਜਨੂੰਨ ਨੂੰ ਸਲਾਮ ਕਹਿਣਾ ਚਾਹੁੰਦਾ ਸੀ। ਮੈਂ ਨੋਰਾ ਬਾਰੇ ਕਾਫੀ ਮੈਟਰ ਇਕੱਠਾ ਕੀਤਾ ਤੇ ਪੜ੍ਹਿਆ। ਮੈਂ ਸੋਚਿਆ, ਕਿਹੜੀ ਅਦਾਕਾਰਾ 'ਨੋਰਾ' ਦੀ ਭੂਮਿਕਾ ਨਾਲ ਇਨਸਾਫ਼ ਕਰ ਸਕੇਗੀ ਤਾਂ ਉਦੋਂ ਮੇਰੇ ਸਾਹਵੇਂ ਬੱਸ ਇਕੋ ਨਾਂ ਸੀ ਨਵਨਿੰਦਰਾ ਬਹਿਲ। ਮੈਂ ਤੁਰੰਤ ਫੋਨ ਚੁੱਕਿਆ ਤੇ ਨਵਨਿੰਦਰਾ ਬਹਿਲ ਨਾਲ ਗੱਲ ਕੀਤੀ ਕਿ ਮੈਂ ਨੋਰਾ ਬਾਰੇ ਨਾਟਕ ਕਰਨਾ ਚਾਹੁੰਨਾ, ਕੀ ਤੁਸੀਂ ਨੋਰਾ ਦਾ ਰੋਲ ਕਰੋਗੇ? ਨਵਨਿੰਦਰਾ ਨੇ ਤੁਰੰਤ 'ਹਾਂ' ਕਰ ਦਿੱਤੀ। ਗੱਲਾਂ ਕਰਦਿਆਂ ਮੈਂ ਕਿਹਾ ਕਿ ਨਾਟਕ ਲਿਖੋ ਵੀ ਤੁਸੀਂ ਹੀ ਤਾਂ ਜੋ ਅਭਿਨੇਤਰੀ ਨੋਰਾ ਦੇ ਕਿਰਦਾਰ ਨੂੰ ਕਿਵੇਂ ਜੀਂਦੀ ਹੈ, ਉਸ ਅਹਿਸਾਸ ਨਾਲ ਤੁਸੀਂ ਲਿਖੋ। ਇਹ ਗੱਲ ਵੀ ਨਵਨਿੰਦਰਾ ਨੇ ਮੰਨ ਲਈ ਪਰ ਨਾਲ ਹੀ ਕਹਿ ਦਿੱਤਾ ਕਿ ਕੇਵਲ, ਮੇਰੇ ਕੋਲ ਤਾਂ ਨੋਰਾ ਬਾਰੇ ਕੋਈ ਮੈਟੀਰੀਅਲ ਨਹੀਂ। ਮੈਂ ਕਿਹਾ ਕਿ ਮੇਰੇ ਕੋਲ ਬਹੁਤ ਹੈ, ਮੈਂ ਤੁਹਾਨੂੰ ਭੇਜ ਦਿੰਨਾ। ਇਸ ਤਰ੍ਹਾਂ ਇਹ ਨਾਟਕ ਮੈਂ ਨਵਨਿੰਦਰਾ ਬਹਿਲ ਕੋਲੋਂ ਲਿਖਵਾ ਲਿਆ।

ਫਿਰ ਤੁਰ ਪਿਆ ਨਾਟਕ। ਫੇਰ ਮੇਰੀਆਂ ਤੇ ਨਵਨਿੰਦਰਾ ਦੀਆਂ ਕੁਝ ਮੀਟਿੰਗਾਂ, ਸਕਰਿਪਟ ਦੀਆਂ ਕੁਝ ਰੀਡਿੰਗਜ਼ ਤੇ ਕੁਝ ਕੱਟ-ਵੱਢ, ਕੁਝ ਨਵਾਂ ਹੋਰ ਜੋੜਿਆ। ਨਾਟਕ ਨੂੰ ਮੈਂ ਦੋ ਕਲਾਕਾਰਾਂ ਵਿਚ ਹੀ ਡਿਜ਼ਾਈਨ ਕੀਤਾ ਤੇ ਨਵਨਿੰਦਰਾ ਨੂੰ ਵੀ ਇੰਜ ਹੀ ਲਿਖਣ ਲਈ ਕਿਹਾ। ਫਿਰ ਅੰਮ੍ਰਿਤਸਰ ਦੀ ਠੰਢ ਦੇ ਦਿਨ, ਰਿਹਰਸਲਾਂ, ਮੁੰਬਈ ਤੋਂ ਵਾਰ-ਵਾਰ ਨਵਨਿੰਦਰਾ ਦਾ ਅੰਮ੍ਰਿਤਸਰ ਰਿਹਰਸਲ ਲਈ ਆਉਣਾ ਤੇ ਰਿਹਰਸਲਾਂ ਦੌਰਾਨ ਉਨ੍ਹਾਂ ਲੋਕਾਂ ਨੂੰ ਮਿਲਣਾ ਜੋ ਨੋਰਾ ਰਿਚਰਡਜ਼ ਦੇ ਨਾਲ ਰਹੇ ਜਾਂ ਜਿਨ੍ਹਾਂ ਨੇ ਉਸ ਨੂੰ ਵੇਖਿਆ ਸੀ। ਉਨ੍ਹਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵੱਡੀ ਬੇਟੀ ਉਮਾ, ਛੋਟਾ ਬੇਟਾ ਹਿਰਦੇਪਾਲ ਤੇ ਉਨ੍ਹਾਂ ਦੀ ਪਤਨੀ ਪਰਵੀਨ ਨੇ ਵੀ ਨੋਰਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਨੋਰਾ ਦਾ ਪ੍ਰੀਤਨਗਰ ਆ ਕੇ ਰਹਿਣਾ ਤੇ ਉਮਾ ਤੇ ਹਿਰਦੇਪਾਲ ਹੋਰਾਂ ਦਾ ਅੰਧਰੇਟਾ ਜਾ ਕੇ ਰਹਿਣਾ, ਨੋਰਾ ਕਿਵੇਂ ਤੁਰਦੀ ਸੀ, ਟੋਪੀ ਕਿਵੇਂ ਪਾਉਂਦੀ ਸੀ, ਘਰ ਵਿਚ ਕਿਹੜੇ ਰੰਗਾਂ ਦੇ ਪਰਦੇ ਤੇ ਕੁਸ਼ਨ ਵਰਤਦੀ ਸੀ, ਇਹ ਸਭ ਉਮਾ ਭੈਣ ਜੀ ਨੇ ਸਾਨੂੰ ਦੱਸਿਆ।

ਇਨ੍ਹਾਂ ਗੱਲਾਂ ਨਾਲ ਨੋਰਾ ਦਾ ਪਾਤਰ ਹੋਰ ਵੀ ਨਿਖਰ ਰਿਹਾ ਸੀ ਤੇ ਮੈਨੂੰ ਨਾਟਕ ਨੂੰ ਡਿਜ਼ਾਈਨ ਕਰਨ ਲਈ ਨਵੇਂ ਰਾਹ ਲੱਭ ਰਹੇ ਸੀ। ਮੈਂ ਨਾਟਕ ਵਿਚ ਖਾਕੀ ਰੰਗ ਦੇ ਟਾਟ 'ਤੇ ਨੋਰਾ ਦੇ ਅੰਧਰੇਟਾ ਵਾਲੇ ਘਰ ਦੀਆਂ ਪੇਂਟਿੰਗ ਬਣਾਈਆਂ। ਹੇਠਾਂ ਫਰਸ਼ ਤੇ ਰੰਗਦਾਰ ਲੀਕਾਂ ਵਾਲੀਆਂ ਘਰਾਂ 'ਚ ਬਣੀਆਂ ਦਰੀਆਂ ਵਰਤੀਆਂ। ਮੇਜ਼, ਕੁਰਸੀਆਂ ਲੱਕੜੀ ਦੇ, ਚਮੇਲੀ ਦੇ ਫੁੱਲਾਂ ਦੀ ਬਗੀਚੀ, ਗੁਰਚਰਨ ਪੇਂਟਰ ਦੇ ਘਰ ਅੰਧਰੇਟਾ ਵਿਖੇ ਬਣੇ ਮੱਗ, ਪੀੜ੍ਹੀ ਵਗੈਰਾ ਇਸ ਨਾਟਕ ਦੇ ਡਿਜ਼ਾਈਨ ਦਾ ਹਿੱਸਾ ਬਣੇ। ਕੱਪੜਿਆਂ ਵਿਚ ਵੀ ਹਿਮਾਚਲੀ ਸ਼ਾਲ, ਟੋਪੀਆਂ, ਵਾਸਕਟਾਂ, ਊਨੀ ਜ਼ੁਰਾਬਾਂ, ਖਾਸ ਕਰ ਨੋਰਾ ਦੇ ਨੌਕਰ ਸ਼ਾਲੀਗਰਾਮ ਦੀ ਵੇਸ਼ਭੂਸ਼ਾ ਉਸ ਦੀਆਂ ਤਸਵੀਰਾਂ ਦੇਖ ਕੇ ਇੰਪਰੋਵਾਈਜ਼ ਕੀਤੀ ਗਈ। ਨਾਟਕ ਨੂੰ ਗਤੀ ਦੇਣ ਲਈ ਮੈਂ ਸਟੇਜ 'ਤੇ ਹੀ ਗਰੀਨ ਰੂਮ ਵਾਂਗ ਪਾਤਰਾਂ ਦੇ ਬਦਲਣ ਵਾਲੀ ਵੇਸ਼ਭੂਸ਼ਾ ਇਸ ਡਿਜ਼ਾਈਨ ਦਾ ਹਿੱਸਾ ਬਣਾ ਲਈ। ਜਦੋਂ ਨਾਟਕ ਦੀ ਬੁਣਤੀ ਬੁਣੀ ਜਾ ਰਹੀ ਸੀ ਤਾਂ ਉਸ ਵੇਲੇ ਮੈਂ ਆਪਣੇ ਅਦਾਕਾਰ ਦੋਸਤ ਡਾ. ਸਾਹਿਬ ਸਿੰਘ ਨਾਲ ਨਾਟਕ ਵਿਚ ਕੰਮ ਕਰਨ ਲਈ ਗੱਲ ਸਾਂਝੀ ਕੀਤੀ। ਉਹ ਮੈਨੂੰ ਪੁੱਛਣ ਲੱਗਾ, "ਭਾ ਜੀ, ਮੇਰਾ ਨਾਟਕ ਵਿਚ ਰੋਲ ਕਿੱਦਾਂ ਦਾ।" ਮੈਂ ਕਿਹਾ, "ਤੇਰਾ ਨਾਟਕ ਵਿਚ ਰੋਲ ਇਕ ਨਹੀਂ, ਦਸ ਨੇ।" ਯਾਨਿ ਸਾਹਿਬ ਸਿੰਘ ਨੇ ਨਾਟਕ ਵਿਚ ਦਸ ਭੂਮਿਕਾਵਾਂ ਬਾਖੂਬੀ ਨਿਭਾਈਆਂ। ਉਹ ਕਿਰਦਾਰ ਵੀ ਉਚੇ ਕੱਦ ਵਾਲੇ ਸਨ ਜਿਨ੍ਹਾਂ 'ਚ ਬਲਵੰਤ ਗਾਰਗੀ, ਆਈ. ਸੀ. ਨੰਦਾ, ਨੋਰਾ ਦਾ ਪਤੀ ਪੀ.ਸੀ. ਰਿਚਰਡਜ਼, ਸੋਭਾ ਸਿੰਘ, ਮਹਿੰਦਰ ਸਿੰਘ ਰੰਧਾਵਾ, ਐਮ. ਪੀ., ਆਫਸਰ ਨਾਟਕ ਦਾ ਲੇਡੀ ਪਾਤਰ, ਬੀ.ਸੀ. ਸਾਨਿਆਲ ਦੇ ਕਿਰਦਾਰ ਸਨ। ਇਨ੍ਹਾਂ ਦੇ ਨਾਲ ਇਕ ਐਕਟਰ ਹੋਰ ਸੀ, ਰਵੀ ਜਾਖੜ। ਉਸ ਨੇ ਨੋਰਾ ਦੇ ਨੌਕਰ ਸ਼ਾਲੀਗਰਾਮ ਦੀ ਭੂਮਿਕਾ ਅਦਾ ਕੀਤੀ। ਦੋ ਅਦਾਕਾਰਾਂ ਦੇ ਨਾਲ ਨਾਲ ਇਸ ਅਦਾਕਾਰ ਦੀ ਭੂਮਿਕਾ ਭਾਵੇਂ ਬਿਨਾਂ ਡਾਇਲਾਗ ਸ਼ਾਂਤ ਸੀ ਪਰ ਨਾਟਕ ਨੂੰ ਗਤੀ ਦੇਣ ਤੇ ਤਰਤੀਬ ਵਿਚ ਰੱਖਣ ਵਿਚ ਇਹ ਅਹਿਮ ਕਿਰਦਾਰ ਸੀ। ਨਾਟਕ 'ਚ ਪਹੀਆਂ ਵਾਲੀ ਰੇਹੜੀ ਵੀ ਵਰਤੀ ਜੋ ਨਾਟਕ ਦੇ ਰੁਮਾਂਟਿਕ ਸੀਨ ਨੂੰ ਹੋਰ ਵੀ ਰੰਗੀਨ ਤੇ ਗਤੀਮਾਨ ਕਰਦੀ ਸੀ। ਇਸ ਨਾਟਕ ਦੀ ਲਾਈਟਿੰਗ ਵੀ ਮੈਂ ਬਹੁਤ ਸੁਪਨਈ ਰੰਗਾਂ ਨਾਲ ਡਿਜ਼ਾਈਨ ਕੀਤੀ ਜਿਸ ਵਿਚ ਛੱਤ ਤੋਂ ਲਟਕਦੇ ਦੋ ਲੈਂਪ ਵੀ ਸਨ। ਨਾਟਕ ਦਾ ਸੰਗੀਤ ਮੈਂ ਭਾਰਤੀ, ਖਾਸ ਕਰ ਹਿਮਾਚਲੀ ਧੁਨਾਂ ਦੇ ਨੇੜੇ ਰੱਖ ਕੇ ਹਰਿੰਦਰ ਸੋਹਲ ਤੋਂ ਤਿਆਰ ਕਰਵਾਇਆ ਸੀ। ਸੰਗੀਤ ਨੂੰ ਖੂਬਸੂਰਤੀ ਨਾਲ ਪਵੇਲ ਸੰਧੂ ਸੰਭਾਲਦਾ ਸੀ। ਗੁਰਤੇਜ ਮਾਨ ਤੇ ਸਰਬਜੀਤ ਸਿੰਘ ਵੀ ਵਾਈਸ ਚਾਂਸਲਰ ਦੀ ਭੂਮਿਕਾ ਨੂੰ ਵਾਰੀ-ਵਾਰੀ ਨਿਭਾਉਂਦੇ ਹੋਏ ਸਮੁੱਚੇ ਨਾਟਕ ਦਾ ਹਿੱਸਾ ਬਣੇ ਰਹੇ। ਜਦੋਂ ਨਵਨਿੰਦਰਾ ਬਹਿਲ ਬਹੁਤ ਜ਼ਿਆਦਾ ਬਿਮਾਰ ਹੋ ਗਏ ਤਾਂ ਉਸ ਵਕਤ ਸਾਡੇ ਇਸ ਨਾਟਕ ਦੇ ਸ਼ੋਅ ਨੌਰਥ ਈਸਟ ਵਿਚ ਚਾਰ ਜਗ੍ਹਾ ਸਨ- ਆਸਾਮ, ਤ੍ਰਿਪੁਰਾ, ਮੇਘਾਲਿਆ। ਨਵਨਿੰਦਰਾ ਸ਼ੋਅ ਲਈ ਨਾਲ ਨਾ ਜਾ ਸਕੇ ਤਾਂ ਉਸ ਵੇਲੇ ਚਾਰ ਸ਼ੋਅ ਤੇ ਫਿਰ ਪਟਨਾ ਵਿਖੇ ਨੋਰਾ ਦੀ ਭੂਮਿਕਾ ਰਜਿੰਦਰ ਰੋਜ਼ੀ ਨੇ ਵੀ ਬੜੀ ਮਿਹਨਤ ਤੇ ਸ਼ਿੱਦਤ ਨਾਲ ਨਿਭਾਈ।

ਇਸ ਨਾਟਕ ਦੀਆਂ 15 ਤੋਂ ਵੱਧ ਪੇਸ਼ਕਾਰੀਆਂ ਹੁਣ ਤੱਕ ਹੋ ਚੁੱਕੀਆਂ ਹਨ। ਨੋਰਾ ਹਮੇਸ਼ਾ ਕਹਿੰਦੀ ਸੀ ਕਿ ਨਾਟਕ ਰਾਹੀਂ ਤੁਸੀਂ ਵੱਡੀ ਤੋਂ ਵੱਡੀ ਗੱਲ ਵੀ ਆਸਾਨੀ ਨਾਲ ਕਹਿ ਸਕਦੇ ਹੋ। ਮੈਂ ਇਸ ਨਾਟਕ ਦੀ ਪੇਸ਼ਕਾਰੀ ਰਾਹੀਂ ਰੰਗਮੰਚ ਦੀ ਵੱਡੀ ਸ਼ਖਸੀਅਤ ਨੂੰ ਆਸਾਨੀ ਨਾਲ ਤੇ ਵਾਰ ਵਾਰ ਯਾਦ ਕਰਦਾ ਰਹਾਂਗਾ। ਨੋਰਾ ਦੇ ਸੰਘਰਸ਼ ਤੇ ਸਿਰੜ ਨੂੰ ਸਲਾਮ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਮਾਰਚ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-370



**ਖ਼ਾਲ ਛਿੱਲ ਕੇ ਥੱਕਿਆ ਬਾਬਾ, ਤੱਕੇ ਪਿੰਡ ਦੀ ਰਾਹ,
ਕਿੱਥੇ ਕੁ ਆਉਂਦਾ ਪੋਤਾ ਮੇਰਾ, ਲੈ ਕੇ ਤੱਤੀ ਚਾਹ।**

## ਕੈਪਸ਼ਨ ਮੁਕਾਬਲਾ-368



ਪੁੱਠੇ ਮੰਜੇ ਖੜ੍ਹੇ ਕਰਕੇ
ਲਾਊਡ ਸਪੀਕਰ ਬੰਨ੍ਹੇ।
ਖੁਸ਼ੀ, ਗਮੀ ਦਾ ਪਾਠ ਹੈ
ਪਿੰਡ ਦੇ ਪਾਈਏ ਕੰਨੇ।
ਪੜ੍ਹਨ ਵਾਲੇ ਬੇਧਿਆਨ,
ਭਾਵੇਂ ਤੜਫਣ ਨੰਨ੍ਹੇ।
ਜ਼ੋਰੀ ਸੁਣਾਈਏ ਸਭ ਨੂੰ
ਕੀਰਤਨ ਸਾਡਾ ਫੰਨੇ।

***-ਸੇਵਾ ਸਿੰਘ ਨੂਰਪੁਰੀ
ਸੈਨ ਹੋਜ਼ੇ, ਕੈਲੀਫੋਰਨੀਆ।***

---

ਬੀਤੇ ਵਾਲੀਆਂ ਗੱਲਾਂ ਕਹਿ ਕੇ
ਬੰਦਾ ਭੁੱਲਦਾ ਜਾਵੇ।
ਨਿਸ਼ਾਨੀ ਵਿਰਸੇ ਵਾਲੀ ਅੱਜ ਵੀ
ਜਦ ਚੇਤੇ ਵਿਚ ਆਵੇ।
ਟੁੱਟੇ ਭੱਜੇ ਜੋੜ ਕੇ ਮੰਜੇ
ਸਪੀਕਰ ਕੋਠੇ ਲਾਵੇ।

***-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਅਣਾ)
ਫੋਨ: 91-98783-37222***

---

ਵਾਣ ਦੇ ਮੰਜੇ ਪੁੱਠੇ ਜੋੜ ਕੇ
ਭੌਂਪੂ ਪਹਿਲਾਂ ਸਜਾਉਂਦੇ ਸੀ।
ਵਿਆਹ, ਸ਼ਾਦੀ, ਭੋਗ ਜਾਂ ਪਾਠ
ਸ਼ੋਰ-ਸ਼ਰਾਬਾ ਪਾਉਂਦੇ ਸੀ।
ਡੀ. ਜੇ. ਨੇ ਚੁੱਪ ਕਰਾ ਦਿੱਤੇ
ਨਹੀਂ, ਮਨ ਸਭ ਦਾ ਪ੍ਰਚਾਉਂਦੇ ਸੀ।

***-ਦਵਿੰਦਰ ਕੌਰ***

---

ਕਿਸੇ ਕੋਠੇ ਉਤੇ ਸਪੀਕਰ ਜਦ ਵੇਖਾਂ।
ਦਿਲ ਦੀ ਧੱਕ-ਧੱਕ ਨੂੰ ਲੱਗ ਜਾਣ ਬਰੇਕਾਂ।
ਸੱਥਾਂ ਗਲੀਆਂ ਸੁੰਨੀਆਂ,
ਹਰ ਘਰ ਦੇ ਵਿਚ ਸੋਗ।
ਚਿੱਟਾ ਜੁਆਨੀ ਖਾ ਰਿਹੈ,
ਨਿੱਤ ਦਿਨ ਪੈਂਦੇ ਭੋਗ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ
ਫੋਨ: 91-94176-49275***

---

ਗੋਹਾ ਜਿਹੜਾ ਗੰਦ ਸੀ ਪਾਉਂਦਾ
ਅੱਜ ਕੀਮਤੀ ਹੋਇਆ।
ਪੰਜ ਰੁਪਏ ਦੀ ਵਿਕਦੀ ਪਾਥੀ
ਕਿੱਥੇ ਸਮਾਂ ਖਲੋਇਆ।
ਪਾਥੀਆਂ ਪੱਥਣ ਦੇ ਲਈ
ਕਿਤੇ ਜਗ੍ਹਾ ਦਿਸੇ ਨਾ ਖਾਲੀ।
ਕੋਠੇ ਚਾੜ੍ਹ ਕੇ ਪੱਥ ਲਉ ਗੋਹਾ
ਕੌਣ ਕਰੂ ਰਖਵਾਲੀ?
ਸੰਮਤੀ ਨਾਲ ਪੰਚਾਇਤ ਬਣੀ
ਅਖੰਡ ਪਾਠ ਕਰਵਾਉਣਾ।
ਪਿੰਡ ਨੂੰ ਗਰਾਂਟ ਮਿਲੂਗੀ ਕੋਈ
ਪੰਚਾਇਤ ਮੰਤਰੀ ਆਉਣਾ।
ਦੋ ਮੰਜਿਆਂ ਨੂੰ ਜੋੜ ਸਪੀਕਰ
ਕੋਠੇ ਉਤੇ ਲਗਵਾਏ।
ਭੋਗ ਤੇ ਸੰਗਤ ਸਾਰੀ ਆਵੇ
ਸੱਦੇ ਨੇ ਘਰ-ਘਰ ਭਿਜਵਾਏ।

***-ਮਾਸਟਰ ਪ੍ਰੀਤਮ ਸਿੰਘ ਲੰਮੇ
ਕੈਲੀਫੋਰਨੀਆ।
ਫੋਨ: 925-325-2486***

---

ਘੁਸਰ ਮੁਸਰ ਤਾਂ ਹੋ ਹੀ ਰਹੀ ਸੀ
ਲੰਬੜਾਂ ਦੇ ਘਰ ਪਾਠ ਹੋਣਾ ਅੱਜ ਸ਼ੁਰੂ
ਜੋੜ ਮੰਜੇ ਨਾਲ ਮੰਜਾ ਪੌਂਦੀ ਉਪਰ ਨੂੰ
ਲਪੇਟਾ ਘੁੰਮ ਸਕੇ ਗੰਢ ਦਾ ਸਹੀ
ਲਾਊਡ ਸਪੀਕਰ ਕੱਸ ਦਿੱਤੇ ਦੋਵੇਂ ਪਾਸੀਂ
ਭਾਈ ਨੇ ਐਲਾਨ ਕਰ ਦਿੱਤਾ ਗੱਜ ਵੱਜ ਕੇ
ਆ ਜਾਓ ਜਿਨ੍ਹੀਂ ਜਿਨ੍ਹੀਂ ਪਾਰ ਲੰਘਣਾ
ਲੱਗਾ ਸ਼ੁਰੂ ਹੋਣ ਅਖੰਡ ਪਾਠ ਸ਼ਤਾਬੀ
ਬੜੇ ਤੜਕੇ ਹੀ ਭਾਈ ਹੋ ਜਾਂਦੇ ਸ਼ੁਰੂ
ਗੱਜਦੇ ਜਿਵੇਂ ਜੰਗ ਹੈ ਲੱਗ ਗਈ
ਵੜ ਜਾਓ ਭੌਰਿਆਂ 'ਚ
ਜਾ ਮੁੱਛਾਂ ਨੂੰ ਦਿਓ ਤਾਅ
ਜੰਗੇ ਮੈਦਾਨ 'ਚ ਆ ਜਾਓ।

***-ਦਰਸ਼ਨਪਾਲ ਦੋਸਾਂਝ***

# ਸਿਆਸੀ ਗਰਜ ਕਾਰਨ ਮਿਲੀਆਂ ਰਿਆਇਤਾਂ ਨੇ ਪੰਜਾਬ ਸਿਰ ਕਰਜ਼ੇ ਦੀ ਪੰਡ ਕੀਤੀ ਭਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਇਸ ਸਮੇਂ ਵੱਡੇ ਵਿੱਤੀ ਸੰਕਟ ਨਾਲ ਦੋ-ਦੋ ਹੱਥ ਕਰ ਰਹੀ ਹੈ। ਖ਼ਜ਼ਾਨਾ ਖਾਲੀ ਹੈ ਤੇ ਮੁਲਾਜ਼ਮ ਤਨਖਾਹਾਂ ਦੇਣ ਦੇ ਲਾਲੇ ਪਏ ਹਨ। ਸੂਬੇ ਵਿਚ ਕਾਂਗਰਸ ਸਰਕਾਰ ਬਣੇ ਨੂੰ 2 ਸਾਲ ਤੋਂ ਉਪਰ ਸਮਾਂ ਹੋ ਗਿਆ ਹੈ ਪਰ ਸਰਕਾਰ ਵਿੱਤੀ ਗੱਡੀ ਨੂੰ ਲੀਹੇ ਪਾਉਣ ਵਿਚ ਭੋਰਾ ਵੀ ਸਫਲ ਨਹੀਂ ਹੋਈ। ਉਲਟ ਸਿਆਸੀ ਗਰਜ ਕਾਰਨ ਲਾਈ ਰਿਆਇਤਾਂ ਦੀ ਝੜੀ ਨੇ ਰਹਿੰਦੀ-ਖੂੰਹਦੀ ਵੀ ਕਸਰ ਕੱਢ ਦਿੱਤੀ ਹੈ। ਕਿਸਾਨਾਂ ਦੀ ਕਰਜ਼ ਮੁਆਫੀ, ਟਿਊਬਵੈਲ ਲਈ ਮੁਫਤ ਬਿਜਲੀ ਸਮੇਤ ਅਜਿਹੇ ਹੋਰ ਫੈਸਲਿਆਂ ਨੇ ਸਥਿਤੀ ਨੂੰ ਹੋਰ ਗੰਭੀਰ ਕੀਤਾ ਹੈ।

2007 ਤੋਂ 2017 ਤੱਕ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਕਿਸਾਨਾਂ ਨੂੰ ਮੁਫਤ ਬਿਜਲੀ ਸਹੂਲਤ ਦੇ ਨਾਲ ਨਾਲ ਸਮਾਜ ਦੇ ਕੁਝ ਹੋਰ ਵਰਗਾਂ (ਸਮਾਜਿਕ ਤੇ ਆਰਥਿਕ ਤੌਰ 'ਤੇ ਪਛੜੇ) ਨੂੰ ਅਜਿਹੀ ਸਹੂਲਤ ਦੇਣੀ ਸ਼ੁਰੂ ਕੀਤੀ। ਸਾਲ 2019-20 ਦੌਰਾਨ ਮੁਫਤ ਬਿਜਲੀ ਦੀ ਸਬਸਿਡੀ ਦੀ ਰਾਸ਼ੀ ਤਕਰੀਬਨ 13000 ਕਰੋੜ ਰੁਪਏ (8969 ਕਰੋੜ ਰੁਪਏ ਖੇਤੀ ਖੇਤਰ ਅਤੇ ਬਾਕੀ ਦੀ ਉਦਯੋਗਾਂ ਤੇ ਹੋਰ ਵਰਗਾਂ ਲਈ) ਤੱਕ ਪਹੁੰਚ ਗਈ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਆਪਣੇ ਬਜਟ ਵਿਚ ਦੱਸਿਆ ਹੈ ਕਿ ਸਾਲ 2019-20 ਦੌਰਾਨ ਸਰਕਾਰ ਸਿਰ ਕਰਜ਼ੇ ਦੀ ਰਾਸ਼ੀ 2.12 ਲੱਖ ਕਰੋੜ ਰੁਪਏ ਤੋਂ ਵਧ ਕੇ 2.29 ਲੱਖ ਕਰੋੜ ਰੁਪਏ ਹੋ ਜਾਵੇਗੀ। ਦਰਅਸਲ ਪਿਛਲੇ ਕਈ ਸਾਲਾਂ ਤੋਂ ਕਰਜ਼ੇ ਦਾ ਬੋਝ ਘਟਣ ਦੀ ਥਾਂ ਵਧ ਰਿਹਾ ਹੈ। ਇਸ ਤੋਂ ਇਲਾਵਾ 31000 ਕਰੋੜ ਰੁਪਏ ਦੇ ਅਨਾਜ ਬਿਲ ਦਾ ਕਰਜ਼ਾ ਵੀ ਖੜ੍ਹਾ ਹੈ। 2019-20 ਦੌਰਾਨ ਕੁਲ ਪ੍ਰਾਪਤੀਆਂ (ਮਾਲੀ ਤੇ ਪੂੰਜੀਗਤ) 1,54,170 ਕਰੋੜ ਹੋਣ ਦੀ ਉਮੀਦ ਹੈ ਤੇ ਕੁਲ ਬਜਟ 1,58,93 ਕਰੋੜ ਦਾ ਹੈ। ਉਪਰੋਕਤ 1,54,170 ਕਰੋੜ ਵਿਚ ਚਾਲੂ ਖਾਤਾ ਮਾਲੀ ਪ੍ਰਾਪਤੀਆਂ ਦੀ ਵਸੂਲੀ 78510 ਕਰੋੜ ਰੁਪਏ ਹੋਣ ਦੀ ਉਮੀਦ ਹੈ।

ਪੰਜਾਬ ਸਿਰ ਕਰਜ਼ੇ ਦੀ ਸਾਲਾਨਾ ਵਾਪਸੀ (ਮੂਲ ਤੇ ਵਿਆਜ) ਦੀ ਕਿਸ਼ਤ 30309 ਕਰੋੜ ਰੁਪਏ ਦੀ ਹੈ ਜੋ ਮਾਲੀ ਪ੍ਰਾਪਤੀਆਂ ਦੀ ਰਾਸ਼ੀ ਦਾ 38.61 ਪ੍ਰਤੀਸ਼ਤ ਬਣਦੀ ਹੈ। ਇਕ ਗੱਲ ਹੋਰ, 78510 ਕਰੋੜ ਰੁਪਏ ਵਿਚੋਂ 30309 ਕਰੋੜ ਰੁਪਏ ਘਟਾਉਣ ਤੋਂ ਬਾਅਦ ਸਰਕਾਰ ਕੋਲ 48201 ਕਰੋੜ ਰੁਪਏ ਰਹਿ ਜਾਣਗੇ। ਸਪੱਸ਼ਟ ਹੈ ਕਿ ਮਾਲੀ ਪ੍ਰਾਪਤੀਆਂ ਰਾਹੀਂ ਇਕੱਠੀ ਹੋਈ ਰਾਸ਼ੀ ਤਾਂ ਰੋਜ਼ਮੱਰਾ ਦੇ ਖਰਚੇ ਚਲਾਉਣ ਲਈ ਵੀ ਕਾਫੀ ਨਹੀਂ। ਅਜਿਹੇ ਖਰਚੇ ਪੂਰੇ ਕਰਨ ਲਈ ਵੀ ਹੋਰ ਕਰਜ਼ਾ ਲੈਣਾ ਪਵੇਗਾ; ਕਿਉਂਕਿ ਮਾਲੀ ਖਰਚਾ 90197 ਕਰੋੜ ਰੁਪਏ ਦਾ ਹੈ ਅਤੇ ਮਾਲੀ ਪ੍ਰਾਪਤੀਆਂ 78510 ਕਰੋੜ ਦੀਆਂ ਹਨ। ਇਸ ਹਿਸਾਬ ਨਾਲ ਮਾਲੀ ਘਾਟਾ 11687 ਕਰੋੜ ਰੁਪਏ ਦਾ ਬਣਦਾ ਹੈ। ਇਹ ਘਾਟਾ ਹੋਰ ਵੀ ਵਧੇਗਾ ਕਿਉਂਕਿ ਅਜੇ ਮੁਲਾਜ਼ਮਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਬਕਾਇਆ ਮਿਲਣਾ ਬਾਕੀ ਹੈ। ਇਸ ਤੋਂ ਇਲਾਵਾ ਨਵੇਂ ਤਨਖਾਹ ਕਮਿਸ਼ਨ ਦਾ ਲਾਗੂ ਹੋਣ ਨਾਲ ਖਰਚੇ ਵਿਚ ਹੋਰ ਵਾਧਾ ਹੋਵੇਗਾ।

ਪਹਿਲਾਂ ਹੀ ਕਰਜ਼ੇ ਦੀ ਰਾਸ਼ੀ ਮਾਲੀ ਪ੍ਰਾਪਤੀਆਂ ਨਾਲੋਂ 2.92 ਗੁਣਾ ਜ਼ਿਆਦਾ ਹੈ। ਕਰਜ਼ਾ ਮੋੜਨ ਤੋਂ ਬਾਅਦ ਕਰਜ਼ੇ ਰਾਸ਼ੀ ਮਾਲੀ ਪ੍ਰਾਪਤੀਆਂ ਦੀ ਰਾਸ਼ੀ (48201 ਕਰੋੜ ਰੁਪਏ ) ਨਾਲੋਂ 4.76 ਗੁਣਾ ਬਣਦੀ ਹੈ। ਉਪਰੋਕਤ ਵਰਤਾਰੇ ਕਾਰਨ ਪੰਜਾਬ ਵਿਚ ਆਰਥਿਕ ਵਿਕਾਸ ਦੀ ਦਰ ਪਿਛਲੇ ਤਕਰੀਬਨ 25 ਸਾਲਾਂ ਤੋਂ ਲਗਾਤਾਰ ਭਾਰਤ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ; ਇਥੋਂ ਤੱਕ ਕਿ ਪੰਜਾਬ ਦੀ ਆਰਥਿਕ ਵਿਕਾਸ ਦਰ ਭਾਰਤ ਦੇ 17 ਗੈਰ-ਵਿਸ਼ੇਸ਼ ਵਰਗ ਵਾਲੇ ਰਾਜਾਂ ਦੀ ਔਸਤ ਵਿਕਾਸ ਦਰ ਤੋਂ ਵੀ ਹੇਠਾਂ ਹੈ। ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਪੰਜਾਬ ਦਾ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 11ਵਾਂ ਸਥਾਨ ਹੈ।

# ਇਸ ਵਰ੍ਹੇ 18 ਕਰੋੜ ਤੋਂ ਵਧੇਰੇ ਸ਼ਰਾਬ ਦੀਆਂ ਬੋਤਲਾਂ ਡਕਾਰ ਜਾਣਗੇ ਪੰਜਾਬੀ

**ਚੰਡੀਗੜ੍ਹ:** ਸੂਬਾ ਸਰਕਾਰ ਵੱਲੋਂ ਇਸ ਸਾਲ ਸ਼ੁਰੂ ਹੋਣ ਵਾਲੇ 2019-20 ਦੇ ਵਿੱਤੀ ਸਾਲ ਲਈ ਤਿਆਰ ਕੀਤੀ ਗਈ ਆਬਕਾਰੀ ਨੀਤੀ ਤਹਿਤ ਇਸ ਸਾਲ ਪੰਜਾਬੀਆਂ ਦੇ ਹਿੱਸੇ ਪੀਣ ਲਈ 18 ਕਰੋੜ ਤੋਂ ਵਧ ਅੰਗਰੇਜ਼ੀ ਅਤੇ ਦੇਸੀ ਸ਼ਰਾਬ ਦੀਆਂ ਹਿੱਸੇ ਆਉਣਗੀਆਂ। ਨਵੀਂ ਆਬਕਾਰੀ ਨੀਤੀ 'ਚ ਆਬਕਾਰੀ ਵਿਭਾਗ ਨੇ ਜਿਥੇ ਪੁਰਾਣੇ ਸਾਲ ਵਾਲੀ ਆਬਕਾਰੀ ਨੀਤੀ ਤਹਿਤ ਅੰਗਰੇਜ਼ੀ ਸ਼ਰਾਬ ਦਾ ਕੋਟਾ 6 ਫੀਸਦੀ ਪਰੂਫ ਲੀਟਰ ਵਧਾਇਆ ਗਿਆ ਹੈ।

ਇਸ ਦੇ ਇਲਾਵਾ ਪਿਛਲੇ ਨੀਤੀ ਦੇ ਮੁਕਾਬਲੇ ਅੰਗਰੇਜ਼ੀ ਸ਼ਰਾਬ ਦਾ ਕੋਟਾ 6 ਫੀਸਦੀ ਅਤੇ ਬੀਅਰ ਦਾ ਕੋਟਾ ਪਿਛਲੇ ਸਾਲ ਦੇ ਮੁਕਾਬਲੇ 16 ਲੱਖ ਬਲਕ ਲੀਟਰ ਵਧਾਇਆ ਗਿਆ ਹੈ। ਨਵੇਂ ਵਿੱਤੀ ਵਰ੍ਹੇ ਲਈ ਬਣਾਈ ਗਈ ਆਬਕਾਰੀ ਨੀਤੀ ਤਹਿਤ ਇਸ ਵਾਰ ਦੇਸੀ ਸ਼ਰਾਬ ਦਾ ਕੋਟਾ 636 ਲੱਖ ਪਰੂਫ ਲੀਟਰ ਵਧਾਇਆ ਗਿਆ ਹੈ, ਜਿਹੜਾ ਕਿ ਪਿਛਲੇ ਸਾਲ 578 ਲੱਖ ਸੀ ਅਤੇ ਪਿਛਲੇ ਸਾਲ ਨਾਲੋਂ 10 ਫੀਸਦੀ ਵੱਧ ਹੈ। ਨਵੀਂ ਨੀਤੀ 'ਚ 636 ਲੱਖ ਪਰੂਫ ਲੀਟਰ ਕੋਟੇ ਦੇ ਹਿਸਾਬ ਨਾਲ ਇਸ ਵਾਰ ਪੂਰੇ ਸੂਬੇ 'ਚ 1 ਕਰੋੜ 8 ਲੱਖ 71 ਹਜ਼ਾਰ 794 ਪੇਟੀਆਂ ਤਿਆਰ ਕੀਤੀਆਂ ਜਾਣਗੀਆਂ ਜਿਹੜੀਆਂ ਕਿ ਗਿਣਤੀ 'ਚ 13 ਕਰੋੜ 4 ਲੱਖ 61 ਹਜ਼ਾਰ 528 ਬੋਤਲਾਂ ਬਣਨਗੀਆਂ। ਇਸੇ ਤਰ੍ਹਾਂ ਅੰਗਰੇਜ਼ੀ ਸ਼ਰਾਬ ਦਾ ਕੋਟਾ ਇਸ ਸਾਲ 262 ਲੱਖ ਲੀਟਰ ਤੈਅ ਕੀਤਾ ਗਿਆ ਹੈ, ਜਿਹੜਾ ਕਿ ਪਿਛਲੇ ਸਾਲ 248 ਲੱਖ ਪਰੂਫ ਲੀਟਰ ਸੀ ਅਤੇ ਇਹ ਕੋਟਾ ਪਿਛਲੇ ਸਾਲ ਨਾਲੋਂ 6 ਫੀਸਦੀ ਵੱਧ ਹੈ। ਇਸ ਹਿਸਾਬ ਨਾਲ ਪੂਰੇ ਸੂਬੇ 'ਚ ਇਸ ਵਾਰ ਅੰਗਰੇਜ਼ੀ ਸ਼ਰਾਬ ਦੀਆਂ 38 ਲੱਖ 81 ਹਜ਼ਾਰ 481 ਪੇਟੀਆਂ ਬਣਨਗੀਆਂ ਅਤੇ ਇਸ ਹਿਸਾਬ ਨਾਲ ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਦੀ ਗਿਣਤੀ 4 ਕਰੋੜ 65 ਲੱਖ 71 ਹਜ਼ਾਰ 772 ਹੋਵੇਗੀ।

ਇਸੇ ਤਰ੍ਹਾਂ ਬੀਅਰ ਦਾ ਕੋਟਾ ਇਸ ਸਾਲ 300 ਲੱਖ ਬਲਕ ਲੀਟਰ ਤੈਅ ਕੀਤਾ ਗਿਆ ਹੈ, ਜਿਹੜਾ ਕਿ ਪਿਛਲੇ ਸਾਲ 257 ਲੱਖ ਬਲਕ ਲੀਟਰ ਸੀ, ਜਿਹੜਾ ਕਿ ਪਿਛਲੇ ਸਾਲ ਨਾਲੋਂ 16 ਫੀਸਦੀ ਵੱਧ ਹੈ। ਇਸ ਹਿਸਾਬ ਨਾਲ ਜੇਕਰ ਬੀਅਰ ਦੀਆਂ ਬੋਤਲਾਂ ਦੀ ਗੱਲ ਕਰੀਏ ਤਾਂ ਉਹ 4 ਕਰੋੜ 61 ਲੱਖ 53 ਹਜ਼ਾਰ 836 ਬਣਦੀ ਹੈ।

# ਡਾ. ਤ੍ਰੇਹਨ ਕਤਲ ਮਾਮਲੇ 'ਚ ਵਲਟੋਹਾ ਅਦਾਲਤ ਵਿਚ ਪੇਸ਼

**ਤਰਨ ਤਾਰਨ:** ਪੱਟੀ ਵਿਚ 36 ਸਾਲ ਪਹਿਲਾਂ 30 ਸਤੰਬਰ 1983 ਨੂੰ ਇਲਾਕੇ ਦੇ ਮਸ਼ਹੂਰ ਡਾ. ਸੁਦਰਸ਼ਨ ਕੁਮਾਰ ਤ੍ਰੇਹਨ ਦਾ ਉਨ੍ਹਾਂ ਦੇ ਕਲੀਨਿਕ ਵਿਚ ਦਾਖਲ ਹੋ ਕੇ ਕੁਝ ਵਿਅਕਤੀਆਂ



ਨੇ ਕਤਲ ਕਰ ਦਿੱਤਾ ਸੀ। ਇਸ ਮਾਮਲੇ 'ਚ ਪੁਲਿਸ ਥਾਣਾ ਸਿਟੀ ਪੱਟੀ ਵੱਲੋਂ ਪ੍ਰੋ. ਵਿਰਸਾ ਸਿੰਘ ਤੇ ਹਰਦੇਵ ਸਿੰਘ, ਬਲਦੇਵ ਸਿੰਘ ਵਾਸੀ ਭੂਰਾ ਕੋਹਨਾ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਸ ਵਿਚ ਵਿਰਸਾ ਸਿੰਘ ਤੋਂ ਬਗੈਰ ਦੋਵਾਂ ਮੁਲਜ਼ਮਾਂ ਦੀ ਗ੍ਰਿਫਤਾਰੀ ਹੋ ਚੁੱਕੀ ਸੀ ਅਤੇ ਪ੍ਰੋ. ਵਿਰਸਾ ਸਿੰਘ ਵਲਟੋਹਾ ਇਸ ਕੇਸ 'ਚ ਅਦਾਲਤ ਵਿਚ ਪੇਸ਼ ਨਹੀਂ ਸਨ ਹੋਏ। ਇਸ 'ਤੇ ਥਾਣਾ ਪੱਟੀ ਦੀ ਪੁਲਿਸ ਵੱਲੋਂ ਫਰਵਰੀ ਮਹੀਨੇ ਵਿਚ ਵਲਟੋਹਾ ਖਿਲਾਫ ਮਨੀਸ਼ ਗਰਗ ਐਸ.ਡੀ.ਜੇ.ਐਮ. ਪੱਟੀ ਦੀ ਅਦਾਲਤ ਵਿਚ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਗਿਆ ਸੀ। ਇਸ 'ਤੇ ਅਦਾਲਤ ਵੱਲੋਂ ਪ੍ਰੋ. ਵਲਟੋਹਾ ਨੂੰ 13 ਮਾਰਚ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਸੰਮਨ ਜਾਰੀ ਕੀਤੇ ਗਏ ਸਨ। ਪ੍ਰੋ. ਵਲਟੋਹਾ ਐਡਵੋਕੇਟ ਕੰਵਲਜੀਤ ਸਿੰਘ ਬਾਠ ਅਤੇ ਗੁਰਜੀਤ ਸਿੰਘ ਨਾਲ ਪੇਸ਼ ਹੋਏ। ਅਦਾਲਤ ਨੇ ਉਨ੍ਹਾਂ ਨੂੰ 3 ਅਪਰੈਲ ਨੂੰ ਪੇਸ਼ ਹੋਣ ਦੇ ਹੁਕਮ ਸੁਣਾਏ ਹਨ।

ਇਸ ਮੌਕੇ ਪ੍ਰੋ. ਵਲਟੋਹਾ ਨੇ ਕਿਹਾ ਕਿ ਉਸ ਸਮੇਂ ਦੇ ਦੌਰ ਵਿਚ ਜੋ ਵਧੀਕੀਆਂ ਹੋਈਆਂ ਸਨ, ਪੁਲਿਸ ਵੱਲੋਂ ਕਈਆਂ ਨੂੰ ਨਿਰਦੋਸ਼ ਹੀ ਫਸਾ ਦਿੱਤਾ ਗਿਆ ਸੀ। ਇਸੇ ਤਹਿਤ ਹੀ ਉਨ੍ਹਾਂ ਨੂੰ ਵੀ ਝੂਠੇ ਕੇਸ ਵਿਚ ਫਸਾਇਆ ਗਿਆ ਜਦੋਂਕਿ ਇਸ ਕੇਸ ਵਿਚ ਉਨ੍ਹਾਂ ਦੀ ਜ਼ਮਾਨਤ ਹੋ ਚੁੱਕੀ ਹੈ ਤੇ ਕੇਸ ਵੀ ਡਿਸਚਾਰਜ ਹੋ ਗਿਆ ਹੈ। 36 ਸਾਲ ਬਾਅਦ ਪੁਲਿਸ ਨੇ ਆਪਣਾ ਰਿਕਾਰਡ ਪੂਰਾ ਨਹੀਂ ਕੀਤਾ ਜਾਂ ਫਿਰ ਰਿਕਾਰਡ ਗੁੰਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੋ ਅਦਾਲਤ ਨੇ ਸੰਮਨ ਕੀਤਾ ਸੀ, ਉਸ ਸਬੰਧੀ ਉਨ੍ਹਾਂ ਦੀ ਅਦਾਲਤ 'ਚ ਜ਼ਮਾਨਤ ਹੋ ਚੁੱਕੀ ਹੈ। ਉਨ੍ਹਾਂ ਕਾਂਗਰਸ 'ਤੇ ਸਿਆਸੀ ਰੰਜਿਸ਼ ਦੇ ਦੋਸ਼ ਲਾਏ।

# ਕੈਪਟਨ ਦੀ ਵੀ.ਆਈ.ਪੀ. ਕਲਚਰ ਖਾਤਮੇ ਦੀ ਮੁਹਿੰਮ ਨੇ ਸਿਆਸੀ ਆਗੂਆਂ ਦੀ ਚੌਧਰ ਨੂੰ ਸੱਟ ਮਾਰੀ

**ਬਠਿੰਡਾ:** ਕੈਪਟਨ ਸਰਕਾਰ ਵੱਲੋਂ ਵੀ.ਆਈ.ਪੀ. ਕਲਚਰ ਖਤਮ ਕਰਨ ਦੀ ਮੁਹਿੰਮ ਨੇ ਸਿਆਸੀ ਆਗੂਆਂ ਦੀ ਚੌਧਰ ਨੂੰ ਸੱਟ ਮਾਰੀ ਹੈ। ਬਠਿੰਡਾ ਖਿੱਤੇ ਵਿਚ ਕਰੀਬ 200 ਗੰਨਮੈਨ ਲੀਡਰਾਂ ਤੇ ਅਫਸਰਾਂ ਤੋਂ ਵਾਪਸ ਲੈ ਲਏ ਹਨ ਜਿਨ੍ਹਾਂ ਨੇ ਆਪੋ ਆਪਣੇ ਜ਼ਿਲ੍ਹੇ ਦੀ ਪੁਲਿਸ ਲਾਈਨ ਵਿਚ ਵਾਪਸੀ ਦੀ ਹਾਜ਼ਰੀ ਲਾ ਦਿੱਤੀ ਹੈ। ਪੁਲਿਸ ਅਫਸਰ ਇਸ ਦੀ ਭਾਫ ਬਾਹਰ ਕੱਢਣੋਂ ਡਰ ਗਏ ਹਨ, ਕਿਉਂਕਿ ਦੋ ਨੰਬਰ ਵਿਚ ਦਿੱਤੇ ਗੰਨਮੈਨਾਂ ਦੀ ਪੋਲ ਖੁੱਲ੍ਹਣ ਦਾ ਵੀ ਡਰ ਹੈ।

ਡਾਇਰੈਕਟਰ ਜਨਰਲ ਪੁਲਿਸ ਪੰਜਾਬ ਨੇ 11 ਮਾਰਚ ਨੂੰ ਪੱਤਰ ਨੰਬਰ 320/ਪੀ.ਐਸ/ਡੀ.ਜੀ.ਪੀ/ਪੀ.ਬੀ ਤਹਿਤ ਐਸ.ਐਸ.ਪੀਜ਼ ਨੂੰ ਅਣਅਧਿਕਾਰਤ ਤੌਰ 'ਤੇ ਤਾਇਨਾਤ ਕੀਤੇ ਗੰਨਮੈਨਾਂ ਨੂੰ ਵਾਪਸ ਬੁਲਾਏ ਜਾਣ ਦੇ ਹੁਕਮ ਜਾਰੀ ਕੀਤੇ ਸਨ। ਡੀ.ਜੀ.ਪੀ ਨੇ ਇਨ੍ਹਾਂ ਹੁਕਮਾਂ ਵਿਚ ਸਾਫ ਲਿਖਿਆ ਹੈ ਕਿ ਅਗਰ ਪੁਲਿਸ ਅਫਸਰਾਂ ਵੱਲੋਂ ਆਪਣੇ ਪੱਧਰ 'ਤੇ ਕਿਸੇ ਵੀ ਵਿਅਕਤੀ ਜਾਂ ਸਿਵਲ ਅਫਸਰ ਨੂੰ ਗੰਨਮੈਨ ਦਿੱਤਾ ਹੈ, ਉਸ ਨੂੰ ਫੌਰੀ ਵਾਪਸ ਬੁਲਾਇਆ ਜਾਵੇ ਅਤੇ ਤਾਇਨਾਤੀ ਦੇ ਹੁਕਮ ਵਾਲੇ ਪੁਲਿਸ ਅਫਸਰ ਤੋਂ ਪ੍ਰਤੀ ਮੁਲਾਜ਼ਮ 52 ਹਜ਼ਾਰ ਰੁਪਏ ਵਸੂਲ ਕੀਤੇ ਜਾਣ। ਹੁਣ ਕਈ ਐਸ.ਐਸ.ਪੀ ਇਸ ਮਾਮਲੇ ਵਿਚ ਕਸੂਤੇ ਫਸ ਗਏ ਹਨ ਜਿਨ੍ਹਾਂ ਨੇ ਮੂੰਹ ਮੁਲਾਹਜੇ ਪਾਲਣ ਲਈ ਦੋ ਨੰਬਰ ਵਿਚ ਹੀ ਸਿਆਸੀ ਲੀਡਰਾਂ ਅਤੇ ਹੋਰਨਾਂ ਅਫਸਰਾਂ ਨੂੰ ਗੰਨਮੈਨ ਦਿੱਤੇ ਹੋਏ ਸਨ। ਪੁਲਿਸ ਅਫਸਰ ਇਸੇ ਡਰ ਵਿਚ ਸਾਰੇ ਮਾਮਲੇ ਉਤੇ ਪਰਦਾ ਪਾ ਰਹੇ ਹਨ। ਵੇਰਵਿਆਂ ਅਨੁਸਾਰ ਬਠਿੰਡਾ ਤੇ ਫਿਰੋਜ਼ਪੁਰ ਰੇਂਜ ਤੋਂ ਇਲਾਵਾ ਬਰਨਾਲਾ, ਸੰਗਰੂਰ ਅਤੇ ਪਟਿਆਲਾ ਜ਼ਿਲ੍ਹੇ ਵਿਚੋਂ ਕਰੀਬ 200 ਗੰਨਮੈਨ ਲੀਡਰਾਂ ਅਤੇ ਅਫਸਰਾਂ ਤੋਂ ਵਾਪਸ ਲੈ ਲਏ ਹਨ। ਬਠਿੰਡਾ ਜ਼ਿਲ੍ਹੇ ਦੀ ਪੁਲਿਸ ਲਾਈਨ ਵਿਚ 22 ਗੰਨਮੈਨਾਂ ਨੇ ਵਾਪਸੀ ਰਿਪੋਰਟ ਦੇ ਦਿੱਤੀ ਹੈ ਜੋ ਅਫਸਰਾਂ ਅਤੇ ਲੀਡਰਾਂ ਨਾਲ ਤਾਇਨਾਤ ਸਨ। ਐਸ.ਐਸ.ਪੀ ਬਠਿੰਡਾ ਡਾ. ਨਾਨਕ ਸਿੰਘ ਦਾ ਕਹਿਣਾ ਸੀ ਕਿ ਜ਼ਿਲ੍ਹੇ ਵਿਚ ਕਿਸੇ ਨੂੰ ਵੀ ਕੋਈ ਅਣਅਧਿਕਾਰਤ ਗੰਨਮੈਨ ਨਹੀਂ ਦਿੱਤਾ ਹੋਇਆ ਸੀ। ਸੂਤਰਾਂ ਅਨੁਸਾਰ ਮੁਕਤਸਰ ਜ਼ਿਲ੍ਹੇ ਵਿਚ ਵੀ ਕਈ ਗੰਨਮੈਨ ਵਾਪਸ ਬੁਲਾਏ ਗਏ ਹਨ ਪਰ ਮੁਕਤਸਰ ਪੁਲਿਸ ਦੇ ਐਸ.ਪੀ (ਸਥਾਨਕ) ਗੁਰਮੇਲ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਜ਼ਿਲ੍ਹੇ ਵਿਚ ਏਦਾਂ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ ਹੈ। ਐਸ.ਐਸ.ਪੀ. ਮਾਨਸਾ ਗੁਲਨੀਤ ਸਿੰਘ ਖੁਰਾਣਾ ਵੀ ਆਪਣੇ ਜ਼ਿਲ੍ਹੇ ਦੀ ਰਿਪੋਰਟ ਨਿਲ ਦੱਸ ਰਹੇ ਹਨ।

ਸੂਤਰ ਦੱਸਦੇ ਹਨ ਕਿ ਹਰ ਜ਼ਿਲ੍ਹੇ 'ਚੋਂ ਡੀ.ਜੀ.ਪੀ. ਕੋਲ ਲਿਖਤੀ ਰਿਪੋਰਟ ਵਾਪਸ ਲਏ ਗੰਨਮੈਨਾਂ ਦੀ ਗਈ ਹੈ ਪਰ ਪੁਲਿਸ ਅਫਸਰ ਸਭ ਕੁਝ 'ਤੇ ਪਰਦਾ ਪਾ ਰਹੇ ਹਨ। ਫਰੀਦਕੋਟ ਜ਼ਿਲ੍ਹੇ 'ਚੋਂ ਕਰੀਬ 30 ਗੰਨਮੈਨ ਵਾਪਸ ਲਏ ਹਨ, ਜਿਨ੍ਹਾਂ ਵਿਚ ਦਰਜਨ ਦੇ ਕਰੀਬ ਹੌਲਦਾਰ ਵੀ ਸ਼ਾਮਲ ਹਨ। ਵੇਰਵਿਆਂ ਅਨੁਸਾਰ ਫਰੀਦਕੋਟ ਜ਼ਿਲ੍ਹੇ ਵਿਚ ਤਾਂ ਚਾਰ ਠੇਕੇਦਾਰਾਂ ਨੂੰ ਹੀ ਗੰਨਮੈਨ ਦਿੱਤੇ ਹੋਏ ਸਨ। ਲੇਬਰ ਯੂਨੀਅਨ ਫਰੀਦਕੋਟ ਦੇ ਠੇਕੇਦਾਰ ਬਲਵਿੰਦਰ ਸਿੰਘ, ਕੋਟਕਪੂਰਾ ਦੇ ਠੇਕੇਦਾਰ ਲਿੰਕਨ ਮਲਹੋਤਰਾ ਤੇ ਪ੍ਰੇਮ ਕੁਮਾਰ ਅਤੇ ਕੋਟਕਪੂਰਾ ਦੇ ਹੀ ਕਿਸ਼ਨ ਠੇਕੇਦਾਰ ਤੋਂ ਗੰਨਮੈਨ ਵਾਪਸ ਲਏ ਗਏ ਹਨ। ਵੇਰਵਿਆਂ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਕੁਲਤਾਰ ਸਿੰਘ ਬਰਾੜ, ਮੈਂਬਰ ਗੁਰਲਾਲ ਸਿੰਘ ਤੋਂ ਇਲਾਵਾ ਭਾਜਪਾ ਪ੍ਰਧਾਨ ਗੌਰਵ ਕੱਕੜ ਤੋਂ ਵੀ ਗੰਨਮੈਨ ਵਾਪਸ ਲਏ ਗਏ ਹਨ। ਸ਼ਾਹੀ ਹਵੇਲੀ ਦੇ ਅਰਸ਼ਦੀਪ ਸੱਚਰ ਤੋਂ ਵੀ ਗੰਨਮੈਨ ਵਾਪਸ ਲਿਆ ਗਿਆ ਹੈ। ਚਾਰ ਜੱਜਾਂ ਤੋਂ ਵੀ ਚਾਰ ਗੰਨਮੈਨ ਵਾਪਸ ਬੁਲਾ ਲਏ ਗਏ ਹਨ। ਫਰੀਦਕੋਟ ਦੇ ਸਾਬਕਾ ਕਮਿਸ਼ਨਰ ਸੁਮੇਰ ਸਿੰਘ ਗੁੱਜਰ ਤੋਂ ਵੀ ਗੰਨਮੈਨ ਲਿਆ ਗਿਆ ਹੈ। ਇਸੇ ਤਰ੍ਹਾਂ ਸੰਦੀਪ ਸਿੰਘ ਬਰਾੜ ਨਾਲ ਤਾਇਨਾਤ ਤਿੰਨ ਗੰਨਮੈਨ ਵੀ ਵਾਪਸ ਲਏ ਗਏ ਹਨ।

## *ਹਿਰਾਸਤੀ ਮੌਤ: ਛੇ ਪੁਲਿਸ ਕਰਮੀ ਦੋਸ਼ੀ ਕਰਾਰ*

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਦੇ ਪੰਜ ਪੁਲਿਸ ਕਰਮੀਆਂ ਨੂੰ ਦਿੱਲੀ ਦੀ ਇਕ ਅਦਾਲਤ ਵੱਲੋਂ 26 ਸਾਲਾਂ ਦੇ ਇਕ ਸ਼ਖਸ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੇ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਹੈ।

# ਦਿੱਲੀ 'ਚ ਖਾਲਿਸਤਾਨੀ ਆਗੂ ਗ੍ਰਿਫਤਾਰ

**ਨਵੀਂ ਦਿੱਲੀ:** ਪਾਬੰਦੀਸ਼ੁਦਾ ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਦੇ ਮੈਂਬਰ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਇਕ ਸਾਥੀ ਗੁਰਸੇਵਕ ਸਿੰਘ (53) ਨੂੰ ਦਿੱਲੀ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਵਿਚ ਰਹਿੰਦੇ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੀਆਂ ਹਦਾਇਤਾਂ 'ਤੇ ਜਥੇਬੰਦੀ ਨੂੰ ਮੁੜ ਸਰਗਰਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗਿਆ ਹੋਇਆ ਸੀ। ਉਹ ਜਗਤਾਰ ਸਿੰਘ ਹਵਾਰਾ ਅਤੇ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹੋਰਨਾਂ ਖਾਲਿਸਤਾਨੀ ਆਗੂਆਂ ਨਾਲ ਸੰਪਰਕ ਵਿਚ ਸੀ। ਪੁਲਿਸ ਨੇ ਦੱਸਿਆ ਕਿ ਗੁਰਸੇਵਕ ਸਿੰਘ ਨੂੰ ਦਿੱਲੀ ਦੇ ਅੰਤਰਰਾਜੀ ਬੱਸ ਸਟੈਂਡ ਤੋਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਆਪਣੇ ਕੁਝ ਸੰਪਰਕ ਸੂਤਰਾਂ ਨੂੰ ਮਿਲਣ ਆਇਆ ਸੀ।

ਗੁਰਸੇਵਕ ਸਿੰਘ ਅਪਰਾਧਿਕ ਸਰਗਰਮੀਆਂ, ਪੁਲਿਸ ਅਫਸਰਾਂ ਅਤੇ ਮੁਖਬਰਾਂ ਦੇ ਕਤਲ, ਬੈਂਕ ਅਤੇ ਪੁਲਿਸ ਸਟੇਸ਼ਨਾਂ ਵਿਚ ਡਕੈਤੀਆਂ ਸਣੇ 50 ਤੋਂ ਵੱਧ ਕੇਸਾਂ ਵਿਚ ਸ਼ਾਮਲ ਸਮਝਿਆ ਜਾਂਦਾ ਹੈ। ਉਹ 26 ਸਾਲ ਕੈਦ ਕੱਟ ਚੁੱਕਿਆ ਹੈ। ਇਕ ਪੁਲਿਸ ਅਫਸਰ ਨੇ ਦੱਸਿਆ ਕਿ ਉਹ ਲੁਧਿਆਣਾ ਜ਼ਿਲ੍ਹੇ ਦੇ ਤਹਿਸੀਲ ਰਾਏਕੋਟ ਦਾ ਵਸਨੀਕ ਹੈ। ਉਸ ਦਾ ਵੱਡਾ ਭਰਾ ਸਵਰਨ ਸਿੰਘ 1980ਵਿਆਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਪ੍ਰਭਾਵਿਤ ਹੋ ਕੇ ਖਾੜਕੂ ਬਣ ਗਿਆ ਸੀ। ਬਾਅਦ ਵਿਚ ਗੁਰਸੇਵਕ ਸਿੰਘ ਵੀ ਉਸ ਦੀ ਲੀਹ 'ਤੇ ਪੈ ਗਿਆ ਅਤੇ ਕੇ.ਸੀ.ਐਫ. ਦੇ ਮਨਵੀਰ ਸਿੰਘ ਚਹੇੜੂ ਗਰੁੱਪ ਵਿਚ ਸ਼ਾਮਲ ਹੋ



ਗਿਆ ਸੀ। ਮਈ 1984 ਵਿਚ ਗੁਰਸੇਵਕ ਸਿੰਘ ਤੇ ਉਸ ਦੇ ਸਾਥੀ ਲਾਭ ਸਿੰਘ, ਗੁਰਿੰਦਰ ਸਿੰਘ ਅਤੇ ਸਵਰਨਜੀਤ ਸਿੰਘ ਨੇ ਹਿੰਦ ਸਮਾਚਾਰ ਸਮੂਹ ਦੇ ਸੰਪਾਦਕ ਰਮੇਸ਼ ਚੰਦਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। 1986 ਵਿਚ ਉਸ ਨੇ ਪੰਜਾਬ ਦੇ ਤਤਕਾਲੀ ਡੀ.ਜੀ.ਪੀ. ਜੂਲੀਓ ਰਿਬੇਰੋ 'ਤੇ ਹਮਲਾ ਕੀਤਾ ਸੀ।

# ਰੂਸ ਦੇ ਫੌਜੀ ਜਰਨੈਲ ਨੇ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਰੂਸ ਦੀ ਥਲ ਸੈਨਾ ਦੇ ਮੁਖੀ ਜਨਰਲ ਓਲਿਗ ਲਿਊਨੀਡੋਵਿਚ ਸੈਲਿਯੁਕੋਵ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਥੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਖੁਸ਼ੀ ਪ੍ਰਾਪਤ ਹੋਈ ਹੈ। ਰੂਸ ਦੇ ਫੌਜ ਮੁਖੀ ਦਾ ਇਥੇ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ ਕੀਤਾ ਗਿਆ।

ਇਹ ਪਹਿਲੀ ਵਾਰ ਹੈ ਕਿ ਰੂਸ ਦੀ ਫੌਜ ਦੇ ਮੁਖੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਹਨ। ਪਰਿਕਰਮਾ ਕਰਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਸਿੱਖ ਕੌਮ ਦੇ ਇਸ ਅਹਿਮ ਧਾਰਮਿਕ ਅਸਥਾਨ ਦੇ ਇਤਿਹਾਸ, ਰਵਾਇਤਾਂ ਅਤੇ ਲੰਗਰ ਪਰੰਪਰਾ ਸਬੰਧੀ ਜਾਣਕਾਰੀ ਦਿੱਤੀ।

ਫੌਜ ਮੁਖੀ ਨੇ ਸਿੱਖ ਇਤਿਹਾਸ ਅਤੇ ਲੰਗਰ ਪ੍ਰਥਾ ਬਾਰੇ ਵਿਸ਼ੇਸ਼ ਰੁਚੀ ਦਿਖਾਈ। ਉਹ ਇਹ ਜਾਣ ਕੇ ਪ੍ਰਭਾਵਿਤ ਹੋਏ ਕਿ ਗੁਰੂ ਰਾਮਦਾਸ ਲੰਗਰ ਵਿਚ ਰੋਜ਼ਾਨਾ ਵੱਡੀ ਗਿਣਤੀ ਵਿਚ ਸ਼ਰਧਾਲੂ ਬਿਨਾ ਭੇਦ-ਭਾਵ ਦੇ ਪ੍ਰਸ਼ਾਦਾ ਛਕਦੇ ਹਨ। ਉਨ੍ਹਾਂ ਨਤਮਸਤਕ ਹੋਣ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ ਵੀ ਕਰਵਾਈ। ਉਨ੍ਹਾਂ ਕਿਹਾ ਕਿ ਇਸ ਧਾਰਮਿਕ ਅਸਥਾਨ 'ਤੇ ਆ ਕੇ ਉਨ੍ਹਾਂ ਨੂੰ ਮਾਨਸਿਕ ਸ਼ਾਂਤੀ ਪ੍ਰਾਪਤ ਹੋਈ ਹੈ, ਉਨ੍ਹਾਂ ਨੂੰ ਇਥੋਂ ਦਾ ਸ਼ਾਂਤਮਈ ਵਾਤਾਵਰਨ ਚੰਗਾ ਲੱਗਿਆ ਹੈ।



# ਮੇਰੀ ਨਜ਼ਰ 'ਚ ਸੁਰਿੰਦਰ ਸੋਹਲ ਦਾ ਨਾਵਲ 'ਸਿੰਘਾਸਣ'

**ਪੁਸਤਕ ਪੜਚੋਲ**

ਇਕ ਦਿਨ ਤੁਸੀਂ ਅੱਖਾਂ ਤੋਂ ਰੰਗਦਾਰ ਚਸ਼ਮਾ ਲਾਹ ਕੇ ਖਿੜਕੀ 'ਤੇ ਲਟਕਦਾ ਪਰਦਾ ਹਟਾਉਂਦੇ ਹੋ, ਉਹ ਵੀ ਅਚਾਨਕ। ਸ਼ੀਸ਼ਾ ਖੋਲ੍ਹ ਕੇ ਆਲਾ-ਦੁਆਲਾ ਵੇਖਦੇ ਹੈਰਾਨ ਰਹਿ ਜਾਂਦੇ ਹੋ। ਆਸ-ਪਾਸ ਭਰਪੂਰ ਘਣਾ ਸਾਵਾ ਜੰਗਲ ਹੈ। ਅਜੇ ਕੰਨਾਂ ਤੋਂ ਸ਼ੁਰੂ ਹੋ ਕੇ ਰੂਹ 'ਚ ਘੁਲਦੇ ਜੰਗਲ ਦੇ ਵੰਨ-ਸੁਵੰਨੇ ਨਾਦ ਦੀ ਤਾਰੀਫ ਹੀ ਕਰਨ ਲੱਗਦੇ ਹੋ ਕਿ ਇਸ ਦੀਆਂ ਸ਼ਾਖਾਵਾਂ ਘਰ, ਸਮਾਜ, ਸਿਆਸਤ, ਸਾਹਿਤ, ਧਾਰਮਕ ਸਥਾਨਾਂ, ਸਮਾਜ ਸੇਵੀ ਜਥੇਬੰਦੀਆਂ ਤੇ ਵਪਾਰਕ ਗਠਬੰਧਨਾਂ ਤਕ ਫੈਲ ਜਾਂਦੀਆਂ ਹਨ। ਅੰਤ ਤੁਸੀਂ ਅੰਤਰ-ਧਿਆਨ ਹੁੰਦੇ ਹੋ, ਜੰਗਲ ਦੇ ਸਾਰੇ ਕਿਰਦਾਰ ਤੁਹਾਡੇ ਆਪਣੇ ਹੀ ਅੰਦਰੋਂ ਨਜ਼ਰ ਆਉਣ ਲੱਗਦੇ



**ਤਨਦੀਪ ਤਮੰਨਾ**
**(ਆਰਸੀ ਰਾਈਟਰਜ਼ ਕਲੱਬ ਇੰਟਰ. ਸਰੀ, ਕੈਨੇਡਾ)**

ਹਨ, ਬਾਹਰ ਤਾਂ ਜੰਗਲ ਕਿਧਰੇ ਵੀ ਨਹੀਂ ਹੁੰਦਾ। ਤੁਸੀਂ ਪੁੱਛੋਗੇ, ਤਨਦੀਪ! ਬੁਝਾਰਤਾਂ ਕਿਉਂ ਪਾਈ ਜਾਂਦੇ ਹੋ, ਸਿੱਧੀ-ਸਾਦੀ ਗੱਲ ਕਰੋ ਨਾ?

ਨਿਊ ਯਾਰਕ (ਅਮਰੀਕਾ) ਵਸਦੇ ਅਜ਼ੀਮ ਲੇਖਕ ਸੁਰਿੰਦਰ ਸੋਹਲ ਦਾ ਹਾਲ ਹੀ ਵਿਚ ਪ੍ਰਕਾਸ਼ਿਤ ਹੋਇਆ ਨਾਵਲ 'ਸਿੰਘਾਸਣ' ਪਹਿਲਾ ਪੰਨਾ ਪਰਤਦਿਆਂ ਇਸੇ ਜੰਗਲ ਵਾਂਗ ਹੀ ਖੁੱਲ੍ਹਦਾ ਤੇ ਚੁਫੇਰੇ ਫੈਲ ਜਾਂਦਾ ਹੈ। ਰੰਗ-ਬਿਰੰਗੇ ਰੋਚਕ ਕਿਰਦਾਰ ਤੁਹਾਨੂੰ ਹਰ ਦਿਸ਼ਾ ਤੋਂ ਵਲ ਲੈਂਦੇ ਹਨ। ਮਹਿਜ 120 ਸਫਿਆਂ ਦਾ ਨਾਵਲ? ਤੁਸੀਂ ਹੋਰ ਵੀ ਹੈਰਾਨ ਹੁੰਦੇ ਹੋ, ਨਾ ਕੋਈ ਬੇਲੋੜਾ ਵਿਸਤਾਰ ਹੈ ਨਾ ਬੇਕਾਰ ਸੰਵਾਦ। ਸੋਹਲ ਨੇ ਨਾਵਲ ਦਾ ਪਲਾਟ ਵਸੀਹ ਹੋਣ ਦੇ ਬਾਵਜੂਦ ਬੜਾ ਕਸਵਾਂ ਰੱਖਿਆ ਹੈ। ਬੜੇ ਸੁਚੱਜੇ ਢੰਗ ਨਾਲ ਇਹ ਨਾਵਲ ਤਿੰਨ ਭਾਗਾਂ 'ਚ ਵੰਡਿਆ ਗਿਆ ਹੈ। ਪਹਿਲੇ ਭਾਗ ਦੇ ਤੇਰਾਂ ਕਾਂਡ, ਦੂਜੇ ਦੇ ਗਿਆਰਾਂ ਅਤੇ ਤੀਜੇ ਦੇ ਚੌਦਾਂ ਹਨ। ਸੁਰਿੰਦਰ ਸੋਹਲ ਦਾ ਨਾਵਲ-ਕੌਸ਼ਲ, ਲੇਖਣ-ਪ੍ਰਬੀਨਤਾ ਹਰ ਸ਼ਬਦ 'ਤੇ ਤੁਹਾਨੂੰ ਕੀਲ ਲੈਂਦੇ ਹਨ। ਉਹ ਸਹਿਜੇ ਹੀ ਇਕ ਗੋਤਾ ਰੇਤ ਵਿਚ, ਦੂਜਾ ਸਮੁੰਦਰ ਵਿਚ, ਤੀਜਾ ਜੰਗਲ ਦੀ ਕੁਦਰਤੀ ਨਿਰਮਲ ਪੌਣ ਵਿਚ ਲਵਾ ਕੇ ਤੁਹਾਨੂੰ



ਸੁਰਿੰਦਰ ਸੋਹਲ

ਤਰੋ-ਤਾਜ਼ਾ ਕਰ ਦਿੰਦਾ ਹੈ।


ਨਾਵਲ ਦੇ ਆਰੰਭ 'ਚ ਲੂੰਬੜ ਦਾ ਦਾਖਲਾ ਹੁੰਦਿਆਂ ਹੀ ਸਿਆਸਤ ਦਾ ਬੀਜ ਪੁੰਗਰਨਾ ਸ਼ੁਰੂ ਹੋ ਜਾਂਦਾ ਹੈ। ਲੂੰਬੜ, ਜੋ ਸਿਆਸਤ ਦੇ ਚਿੱਕੜ 'ਚ ਲਿਬੜਿਆ ਹੋਣ ਦੇ ਬਾਵਜੂਦ ਉਤਮ ਸਲਾਹਕਾਰ ਹੈ, ਵੈਦ ਤੇ ਨਜੂਮੀ ਵੀ। ਉਹਨੂੰ ਤਾਂ ਸਕੰਕ ਵਰਗੇ ਮੁਸ਼ਕ ਮਾਰਦੇ ਜਾਨਵਰ ਤੋਂ ਵੀ ਸੂਗ ਨਹੀਂ ਆਉਂਦੀ, ਕਿਉਂਕਿ ਹਰ ਤਰ੍ਹਾਂ ਦੀ ਸਿਆਸਤ 'ਚ ਸਕੰਕ ਵਾਂਗ ਮੁਸ਼ਕ ਮਾਰਦੇ ਤੇ ਗਿਰਗਿਟ ਵਾਂਗ ਰੰਗ ਬਦਲਦੇ ਕਿਰਦਾਰਾਂ ਦਾ ਬੜਾ ਯੋਗਦਾਨ ਹੁੰਦਾ ਹੈ। ਸਕੰਕ ਦੇ ਗਲੇ 'ਚ ਚੰਦਨ ਦੀ ਲੱਕੜੀ ਦਾ ਹਾਰ ਅਤੇ ਸਰੀਰ 'ਤੇ ਰਾਤ ਦੀ ਰਾਣੀ ਦੇ ਫੁੱਲਾਂ ਤੇ ਚੰਦਨ ਦਾ ਲੇਪ-ਪੜ੍ਹਦਿਆਂ ਪਾਠਕ ਹੈਰਾਨ ਹੋ ਜਾਂਦਾ ਹੈ। ਲੂੰਬੜ ਨਾਵਲ ਦੇ ਅਖੀਰ ਤਕ ਸਕੰਕ, ਗਿਰਗਿਟ, ਬਾਜ ਅਤੇ ਬਾਕੀ ਜਾਨਵਰਾਂ ਨੂੰ ਪਲਾਟ ਦੇ ਹਰ ਮੋੜ 'ਤੇ ਆਉਂਦੇ ਬਦਲਾਓ ਅਨੁਸਾਰ ਵਰਤਦਾ ਹੈ। ਐਸੀ ਪਾਤਰ-ਉਸਾਰੀ ਲੂੰਬੜ ਦੀ ਜ਼ੁਬਾਨ ਨੂੰ ਕੀੜੇ ਪੈਣੀ ਮਿਠਾਸ ਨਾਲ ਭਰ ਦਿੰਦੀ ਹੈ ਪਰ ਕਿਤੇ ਵੀ ਉਸ ਦੀ ਜ਼ੁਬਾਨ ਤਿਲ੍ਹਕਦੀ ਨਹੀਂ ਤੇ ਉਹ ਪੂਰੀ ਕੁਸ਼ਲਤਾ ਨਾਲ ਸਭ ਨੂੰ ਖੁਸ਼ਾਮਦ ਦੀ ਚਾਟ 'ਤੇ ਲਾਈ ਰੱਖਦਾ ਹੈ। ਉਹ ਸਭ ਨੂੰ ਚੁਆਤੀ ਲਾਉਂਦਾ ਹੈ ਪਰ ਤਰੀਕੇ ਤੇ ਸਲੀਕੇ ਨਾਲ।

ਲਾਲਚੀ ਕੁੱਤਾ, ਬਾਰ੍ਹਾਂਸਿੰਙਾ, ਪਿਆਸਾ ਕਾਂ, ਕੱਛੂਕੁੰਮਾ ਖਰਗੋਸ਼-ਬਚਪਨ 'ਚ ਪੜ੍ਹੀਆਂ-ਸੁਣੀਆਂ ਕਹਾਣੀਆਂ ਦੇ ਪਾਤਰ ਸੰਕੇਤਕ ਰੂਪ 'ਚ ਪੇਸ਼ ਹੁੰਦੇ ਹਨ। ਜੁਗਨੂੰਆਂ ਨੂੰ ਰਾਹ-ਦਸੇਰੇ ਦੇ ਸੰਕੇਤ 'ਚ ਵਰਤਿਆ ਜਾਣਾ ਬਹੁਤ ਚੰਗਾ ਲੱਗਾ। ਚੌਰਸਤੇ 'ਚ ਬਣਨ ਵਾਲੀ ਯਾਦਗਾਰ ਲਈ ਬਾਰ੍ਹਾਂਸਿੰਙੇ ਦੇ ਸਿੰਙ, ਕਾਂ ਦਾ ਘੜਾ ਤੇ ਅੰਤ ਜਾਲ ਟੰਗਣ ਦਾ ਫੈਸਲਾ ਬਹੁਤ ਕਮਾਲ ਹੈ।

ਸੋਹਲ ਦੀ ਕੌਸ਼ਲਤਾ ਦਾ ਕਮਾਲ ਵੇਖੋ, ਨਾਵਲ 'ਚ ਕਾਉਣੀ, (ਗਾਇਕੀ ਦੇ ਖੇਤਰ ਵਿਚ) ਕੋਇਲ ਦੀ 'ਸੌਂਕਣ' ਬਣਨ ਦੀ ਕੋਸ਼ਿਸ਼ ਕਰਦੀ ਹੈ। ਧਿਆਨ ਨਾਲ ਵੇਖਿਆ ਜਾਵੇ ਤਾਂ ਸਮਾਜ ਵਿਚ ਕਾਂਵਾਂ, ਕਾਉਣੀਆਂ ਨੇ ਕੋਇਲਾਂ ਦੀ ਸਥਾਨ-ਪੂਰਤੀ ਕਰ ਦਿੱਤੀ ਹੈ। ਕੋਇਲ ਦੇ ਮਧੁਰ ਸੁਰਾਂ ਦੀ ਪਛਾਣ ਕਿੰਨਿਆਂ ਨੂੰ ਰਹਿ ਗਈ ਹੈ! ਹਰ ਪਾਸੇ ਗਾਉਣ ਦੇ ਨਾਂ 'ਤੇ ਕਾਂਵਾਂ-ਰੌਲੀ ਹੀ ਤਾਂ ਹੈ। ਜੰਗਲ ਦੇ ਰਾਜੇ ਸ਼ੇਰ ਦਾ ਪ੍ਰਤਿਸਥਾਪਨ ਕਰਾਉਣ ਲਈ ਗਧਾ ਹਿਣਕ-ਹਿਣਕ ਕੇ ਲੂੰਬੜ ਦੀ ਚਾਪਲੂਸੀ ਕਰ ਰਿਹਾ ਹੈ। ਰਿੱਛ ਜੰਗਲ ਦਾ ਕਲਾਕਾਰ ਹੈ। ਕਮਾਲ ਦੀ ਬੀਨ ਵਜਾਉਂਦਾ ਹੈ, ਪਰ ਇਸ ਕੋਮਲ ਕਲਾ ਨੂੰ ਸਿਆਸਤ ਕਿਵੇਂ ਆਪਣੇ ਮੁਫਾਦ ਅਤੇ ਤਬਾਹੀ ਲਈ ਵਰਤਦੀ ਹੈ? ਇਹ ਵਰਤਾਰਾ ਧਿਆਨ ਮੰਗਦਾ ਹੈ। ਢੋਲ ਦੇ ਡਗੇ ਸੰਕੇਤਕ ਹਨ। ਸ਼ਰਬਤ ਦਾ ਜ਼ਿਕਰ ਵੀ ਮਿੱਠੇ 'ਚ ਸਿਆਸਤ ਘੋਲ ਕੇ ਪਿਲਾਉਣਾ ਹੈ। ਅੰਤ 'ਚ ਬਾਜ ਫੜਨ ਲਈ ਜਾਲ ਨੂੰ ਅਸਮਾਨ-ਰੰਗਾ ਕਰ ਦੇਣਾ-ਪਾਠਕ ਨੂੰ ਬੰਨ੍ਹ ਕੇ ਰੱਖ ਦਿੰਦਾ ਹੈ। ਵਣ-ਮਾਨਸ ਤੋਂ ਸੱਭਿਅਕ ਬਣਨ ਦੀ ਕਹਾਣੀ ਉਸ ਨੇ ਇਕ ਪੈਰ੍ਹੇ 'ਚ ਨਿਬੇੜ ਦਿੱਤੀ ਹੈ।

ਸਿਆਣੇ ਕਾਂ ਦੀ ਮੌਤ 'ਤੇ ਹੋਈ ਸ਼ੋਕ-ਸਭਾ ਅਤਿਅੰਤ ਰੋਚਕ ਹੈ। ਜੰਗਲ ਦਾ ਰਾਜਾ ਸ਼ੇਰ ਹੁੰਦਾ ਹੋਵੇਗਾ, ਪਰ ਨਾਵਲ ਦਾ ਮੁੱਖ ਕਿਰਦਾਰ ਲੂੰਬੜ ਹੈ। ਕਰਨਾ ਕਿਸੇ ਹੋਰ ਨੇ, ਸ਼ੱਕ ਕਿਸੇ ਹੋਰ 'ਤੇ। ਸੁਨਹਿਰੀ ਸੱਪ ਦੇ ਕਤਲ ਦੀ ਗੱਲ ਕੋਝੀ ਸਿਆਸਤ ਨਾਲ ਰੋਲ ਦਿੱਤੀ ਜਾਂਦੀ ਹੈ। ਬਾਜ ਨੂੰ ਸੰਮੋਹਨ 'ਚ ਲਿਜਾ ਕੇ ਲੂੰਬੜ ਦੀ ਸਿਆਸਤ ਦਾ ਸਾਰਾ ਸੰਸਾਰ ਦਿਖਾਉਣਾ, ਲੇਖਕ ਦੀ ਸੂਖਮ ਸੋਚ ਦਾ ਲਖਾਇਕ ਹੈ। ਨਾਵਲ ਵਿਚ ਸੁਨਹਿਰੀ, ਲਾਲ ਅਤੇ ਚਿੱਟੇ ਰੰਗਾਂ ਦੀ ਵਰਤੋਂ ਬੜੀ ਮਾਅਨੇ-ਖੇਜ਼ ਹੈ।

ਕੁਝ ਲੋਕ ਸਿਧਾਂਤਾਂ ਲਈ ਸਿਰ-ਧੜ ਦੀ ਬਾਜ਼ੀ ਲਾਉਂਦੇ ਹਨ ਤੇ ਕੁਝ ਆਪਣੇ ਸਿਧਾਂਤ ਤੇ ਮਤਲਬ ਸਿੱਧ ਕਰਨ ਲਈ ਦੂਜਿਆਂ ਨੂੰ ਲੜਾਉਂਦੇ ਹਨ। ਜੰਗਲ ਦਾ ਮਾਹੌਲ, ਜੰਗਲੀ ਜਾਨਵਰਾਂ ਦੇ ਕਿਰਦਾਰ-ਸਭ ਨੂੰ ਜ਼ਿੰਦਗੀ ਨਾਲ ਜੋੜਨਾ, ਏਨੇ ਲੰਬੇ-ਚੌੜੇ ਪਲਾਟ ਨੂੰ ਸੋਹਲ ਨੇ ਬਹੁਤ ਨਿਪੁੰਨਤਾ ਨਾਲ ਕਾਬੂ 'ਚ ਰੱਖਿਆ ਹੈ। ਸਾਰੀ ਕਹਾਣੀ ਕਿਰਦਾਰਾਂ ਦੁਆਲੇ ਘੁੰਮਦੀ ਹੈ। ਸੋਹਲ ਨੇ ਸਾਰੇ ਸੰਵਾਦ ਬਹੁਤ ਤਰਾਸ਼ ਕੇ ਪੇਸ਼ ਕੀਤੇ ਹਨ। ਸਾਦੀ




ਪਰ ਹਾਜ਼ਰ-ਜਵਾਬੀ ਤੇ ਤਨਜ਼ ਨਾਲ ਲਬਰੇਜ਼ ਸੰਕੇਤਕ ਵਾਕ-ਬਣਤਰ ਨਾਵਲ ਦੀ ਸ਼ੁਰੂਆਤ ਤੋਂ ਆਖਰੀ ਸ਼ਬਦ ਤਕ ਪਾਠਕ ਨੂੰ ਕੀਲੀ ਰੱਖਦੀ ਹੈ। ਨਾਵਲ ਦੇ ਕਥਾਨਕ ਦੀ ਘਾੜਤ ਨਵੀਨ, ਮਨੋਰੰਜਕ, ਬਹੁ-ਬਿਰਤਾਂਤਕ ਅਤੇ ਬਹੁ-ਪਰਤੀ ਹੈ, ਜਿਸ ਦੇ ਐਨ ਧੁਰੇ ਵਿਚਕਾਰ ਲੂੰਬੜ ਹੈ ਤੇ ਉਸ ਦੀ ਸਾਜ਼ਿਸ਼। ਕਿਰਦਾਰ ਜੰਗਲੀ ਹੋਣ ਦੇ ਬਾਵਜੂਦ ਬੜੇ ਵਿਕਸਿਤ ਤੇ ਪ੍ਰੌੜ ਹਨ।

ਨਾਵਲ 'ਚ ਕਿਰਦਾਰਾਂ ਦੀ ਬਹੁਤਾਤ ਹੋਣ ਦੇ ਬਾਵਜੂਦ ਕਹਾਣੀ 'ਚ ਕੋਈ ਉਲਝਾਓ ਨਹੀਂ ਹੈ। ਜਦੋਂ ਮੈਂ ਅੰਗਰੇਜ਼ੀ ਦੀ ਐਮ. ਏ. ਕਰ ਰਹੀ ਸਾਂ ਤਾਂ ਨਾਵਲ ਦੀਆਂ ਬਾਰੀਕੀਆਂ ਤੋਂ ਜਾਣੂੰ ਕਰਵਾਉਣ ਵਾਲੇ ਸਾਡੇ ਪ੍ਰੋਫੈਸਰ ਧਾਮੀ ਐਸੇ ਬਹੁਤੇ ਕਿਰਦਾਰਾਂ ਤੇ ਐਸੀ ਪਲ ਪਲ ਬਦਲਦੀ ਸੂਰਤ-ਏ-ਹਾਲ ਵਾਲੇ ਨਾਵਲ ਨੂੰ 'ਪਲੇਨਥੋਰਾ' ਕਿਹਾ ਕਰਦੇ ਸਨ। ਸੋਹਲ ਦੇ ਨਾਵਲ ਦਾ ਅਧਿਐਨ ਕਰਦਿਆਂ ਮੈਨੂੰ ਇਹ 'ਪਲੇਨਥੋਰਾ' ਨਾਵਲ ਹੀ ਜਾਪਿਆ ਹੈ।

ਧਰਾਤਲ ਤੇ ਅਸਮਾਨ ਵਿਚਾਲੇ ਨਾਵਲ ਦਾ ਭੂਗੋਲਿਕ ਮੰਚ ਆਪਣੇ ਅਰਥਾਂ ਤੋਂ ਕਿਤੇ ਅਗਾਂਹ ਨਿਕਲ ਜਾਂਦਾ ਹੈ। ਸੋਹਲ ਨੂੰ ਖਲਾਅ ਦਾ ਕੋਈ ਵੀ ਬਿੰਦੂ ਸਪਰਸ਼ ਕਰ ਕੇ ਉਸ ਨੂੰ ਵਿਸਤਾਰ ਦੇਣਾ ਆਉਂਦਾ ਹੈ। ਰੀਤਵਾਦੀ ਤੇ ਆਧੁਨਿਕ ਵਿਚਾਰਾਂ ਦੇ ਸਹੀ-ਸਹੀ ਸੰਤੁਲਨ 'ਚ ਪੇਸ਼ ਹੋਇਆ ਨਾਵਲ 'ਸਿੰਘਾਸਣ' ਜ਼ਾਫਰਾਨੀ ਪੁਲਾਓ ਵਰਗਾ ਹੈ, ਜਿਸ ਦੀ ਹਰ ਕਣੀ ਨਾਵਲ ਖਤਮ ਹੋਣ 'ਤੇ ਵੀ ਜ਼ਿਹਨ 'ਚ ਮਹਿਕਦੀ ਰਹਿੰਦੀ ਹੈ। ਜਦੋਂ ਇਸ ਨਾਵਲ ਦੀ ਰਚਨਾ ਹੋ ਰਹੀ ਸੀ, ਮੈਨੂੰ ਉਦੋਂ ਵੀ ਇਸ ਨੂੰ ਨਾਲ-ਨਾਲ ਪੜ੍ਹਨ ਦਾ ਮਾਣ ਹਾਸਿਲ ਹੈ ਤੇ ਹੁਣ ਛਪਣ ਉਪਰੰਤ ਇਸ ਨੂੰ ਕਿਤਾਬੀ ਰੂਪ 'ਚ ਇਕ ਵਾਰ ਫੇਰ ਪੜ੍ਹ ਕੇ ਬਹੁਤ ਅਨੰਦ ਮਹਿਸੂਸ ਕੀਤਾ ਹੈ।

ਤੀਜੇ ਭਾਗ ਦੇ ਚੌਦਵੇਂ ਕਾਂਡ 'ਤੇ ਨਾਵਲ ਖਤਮ? ਨਹੀਂ ਜੀ! ਇਥੋਂ ਹੀ ਤਾਂ ਨਾਵਲ ਮੁੜ ਨਵੇਂ ਸਿਰਿਓਂ ਤੁਹਾਡੇ ਅੰਦਰੋਂ ਸ਼ੁਰੂ ਹੁੰਦਾ ਹੈ। ਤੁਸੀਂ ਜੰਗਲ ਦੇ ਇਕ-ਇਕ ਕਿਰਦਾਰ ਦੀ ਸ਼ਨਾਖਤ ਕਰਨ 'ਚ ਰੁਝ ਜਾਂਦੇ ਹੋ। ਇਹੀ ਸੁਰਿੰਦਰ ਸੋਹਲ ਦੀ ਨਾਵਲਕਾਰ ਦੇ ਤੌਰ 'ਤੇ ਵੱਡੀ ਪ੍ਰਾਪਤੀ ਹੈ। ਮੈਂ ਪਾਠਕ ਤੇ ਲੇਖਕ ਦੋਸਤਾਂ ਨੂੰ ਨਾਵਲ ਪੜ੍ਹਨ ਦੀ ਸਿਫਾਰਿਸ਼ ਕਰਦੀ ਹੋਈ, ਉਸ ਨੂੰ 'ਸਿੰਘਾਸਣ' ਵਰਗਾ ਉਤਮ ਨਾਵਲ ਲਿਖਣ ਲਈ ਦਿਲੀ ਮੁਬਾਰਕ ਦਿੰਦੀ ਹਾਂ।

*(ਪ੍ਰਕਾਸ਼ਕ: ਕੁਕਨੂਸ ਪ੍ਰਕਾਸ਼ਨ ਮੁੱਲ 120 ਰੁਪਏ, ਸਫੇ: 120)*

## ਨਾਵਲ 'ਸਿੰਘਾਸਣ' ਦਾ ਇਕ ਕਾਂਡ

ਸਾਰੇ ਮਹਿਮਾਨ ਪਹਾੜੀ ਦੀ ਸਿਖਰ 'ਤੇ ਬਣੇ ਚਬੂਤਰੇ 'ਤੇ ਬੈਠੇ ਸਨ। ਲੂੰਬੜ ਨੇ ਗੱਲ ਤੋਰੀ, "ਅਹੁ ਦਰਖਤਾਂ ਤੋਂ ਪਾਰ ਦੇਖੋ। ਧੂੰਆਂ ਉਠਦਾ ਦਿਸਦੈ ਨਾ!"

ਸਭ ਨੇ ਮੂੰਹ ਉਧਰ ਘੁਮਾਇਆ ਤੇ ਰਲੀ-ਮਿਲੀ ਆਵਾਜ਼ ਆਈ, "ਹਾਂ ਦਿਸਦੈ।"

"ਤੁਹਾਨੂੰ ਪਤਾ ਈ ਏ ਨਾ ਉਥੇ ਕੌਣ ਵਸਦੈ?" ਲੂੰਬੜ ਨੇ ਪੁੱਛਿਆ।

"ਵਣ-ਮਾਨਸ।" ਕਾਂ ਨੇ ਕਿਹਾ। ਉਸ ਨੇ ਉਡਦੇ ਫਿਰਦੇ ਨੇ ਕਈ ਵਾਰੀ ਵਣ-ਮਾਨਸ ਦੇਖੇ ਸਨ।

"ਕਦੇ ਵਣ-ਮਾਨਸ ਹੁੰਦਾ ਸੀ। ਉਦੋਂ ਉਹ ਸਾਡੇ ਵਾਂਗ ਜੰਗਲ ਵਾਸੀ ਸੀ। ਸਾਡਾ ਆਪਣਾ ਸੀ। ਹੁਣ ਉਹ ਇਕੱਲਾ ਮਾਨਸ ਰਹਿ ਗਿਐ। ਮਨੁੱਖ। ਉਹਨੇ ਆਪਣੀ ਬੋਲੀ ਬਦਲ ਲਈ ਐ। ਸਾਡੇ ਬਹੁਤ ਸਾਰੇ ਸਾਥੀ ਗੁਲਾਮ ਬਣਾ ਲਏ ਐ। ਬਲਦਾਂ ਤੋਂ ਬੜੀ ਸਖਤ ਮਿਹਨਤ ਕਰਵਾਉਂਦੈ। ਮੱਝਾਂ-ਗਾਂਵਾਂ ਦਾ ਦੁੱਧ ਇਸਤੇਮਾਲ ਕਰਦੈ। ਅੱਗ ਉਹਨੇ ਕਾਬੂ 'ਚ ਕਰ ਲਈ ਐ। ਸੂਰ, ਬੱਕਰੀਆਂ, ਭੇਡਾਂ, ਕੁੱਕੜ ਭੁੰਨ-ਭੁੰਨ ਕੇ ਖਾਣ ਲੱਗ ਪਿਐ। ਕੁੱਕੜੀਆਂ ਦੇ ਆਂਡੇ ਪੀਂਦੈ। ਕੁੱਤਿਆਂ ਤੋਂ ਰਾਖੀ ਕਰਵਾਉਂਦੈ। ਹੁਣ ਉਹਦਾ ਅਗਲਾ ਨਿਸ਼ਾਨਾ ਜੰਗਲ ਐ। ਉਹ ਸਾਡੇ ਜੰਗਲੀ ਰੁੱਖ ਘਰਾਂ, ਬੇੜੀਆਂ ਅਤੇ ਬਾਲਣ ਵਾਸਤੇ ਵਰਤਣਾ ਚਾਹੁੰਦੈ। ਅੱਜ ਸਾਡੇ ਜੰਗਲ ਨੂੰ ਸਭ ਤੋਂ ਵੱਡਾ ਖਤਰਾ ਇਸੇ 'ਮਨੁੱਖ' ਤੋਂ ਐ।"

"ਪਰ ਇਹ ਸਾਰਾ ਕੁਝ ਤੁਸੀਂ ਸਾਨੂੰ ਕਿਉਂ ਦੱਸ ਰਹੇ ਓ?" ਡੱਬ-ਖੜੱਬੀ ਬਿੱਲੀ ਨੇ ਧੂੰਏ ਦੇ ਉਡਦੇ ਬੱਦਲ ਵੱਲ ਦੇਖਦਿਆਂ ਪੁੱਛਿਆ।

"ਮੈਂ ਬਹੁਤ ਅਗਾਂਹ ਦੀ ਸੋਚਦਾਂ। ਬਹੁਤ ਅੱਗੇ ਦੇਖ ਸਕਣ ਦੀ ਮੇਰੇ ਵਿਚ ਸ਼ਕਤੀ ਐ। ਭਵਿੱਖ ਦੇਖਣ ਦਾ ਇਲਮ ਮੈਨੂੰ ਆਉਂਦੈ। ਜਿਵੇਂ ਮੈਂ ਦੱਸਿਆ ਨਾ ਬਈ ਕਾਉਣੀ ਦੀ ਆਵਾਜ਼ ਦਾ ਵੇਲਾ ਅਜੇ ਕੁਛ ਸਾਲਾਂ ਨੂੰ ਆਊਣੈ। ਇੰਵ ਈ ਮੈਂ ਤੁਹਾਨੂੰ ਇਹ ਗੱਲ ਸਮਝਾਉਣੀ ਚਾਹੁੰਨਾਂ ਬਈ ਖਤਰੇ ਨੂੰ ਵੇਲੇ ਸਿਰ ਭਾਂਪ ਲੈਣਾ ਚਾਹੀਦੈ। ਸਾਡਾ ਰਾਜਾ ਸ਼ੇਰ ਬਹੁਤ ਈ ਭਲਾ ਤੇ ਭੋਲੈ। ਉਹਦੇ ਸਾਥੀ ਸੁਨਹਿਰੀ ਸੱਪ, ਖਰਗੋਸ਼ ਵੀ ਬਹੁਤ ਹੀ ਭੋਲੇ ਤੇ ਸ਼ਰੀਫ ਐ। ਉਹ ਦਿਲੋਂ ਚਾਹੁੰਦੇ ਐ ਜੰਗਲ ਦਾ ਭਲਾ ਹੋਵੇ। ਉਨ੍ਹਾਂ ਦੀ ਨੀਅਤ 'ਤੇ ਸ਼ੱਕ ਕਰਨਾ ਵੀ ਪਾਪ ਐ, ਪਰ ਮਾਫ ਕਰਨਾ! ਸੱਚਮੁੱਚ ਮਾਫ ਕਰਨਾ! ਜੇ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਜੰਗਲ ਨੂੰ ਵੱਡਾ ਖਤਰਾ ਕਿਸ ਤੋਂ ਐ ਤਾਂ ਇਹਦੇ ਵਿਚ ਉਨ੍ਹਾਂ ਵਿਚਾਰਿਆਂ ਦਾ ਕੋਈ ਕਸੂਰ ਨਹੀਂ, ਕਿਉਂਕਿ ਉਨ੍ਹਾਂ ਵਿਚਾਰਿਆਂ ਨੂੰ ਕਿਸੇ ਨੇ ਅਜੇ ਤੱਕ ਦੱਸਿਆ ਈ ਨਹੀਂ। ਉਹ ਜੰਗਲ ਤੋਂ ਬਾਹਰ ਨਿਕਲੇ ਈ ਨਹੀਂ। ਜੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਖਤਰਾ ਹੈ ਤਾਂ ਉਹ ਜ਼ਰੂਰ ਕੋਈ ਉਪਾਅ ਕਰਨ। ਮੈਂ ਜੰਗਲ ਤੋਂ ਬਾਹਰ ਦੀ ਦੁਨੀਆਂ ਵੀ ਦੇਖੀ ਐ, ਕਿਉਂਕਿ ਮੈਂ ਬਚਪਨ ਵਿਚ ਈ ਜੰਗਲ ਤੋਂ ਟੁੱਟ ਗਿਆ ਸੀ। ਹੁਣ ਜੇ ਮੈਂ ਇਹ ਗੱਲ ਸ਼ੇਰ ਨੂੰ ਕਹਾਂ ਤਾਂ ਉਹ ਸੋਚੇਗਾ, ਸ਼ਾਇਦ ਇਹਦੇ ਵਿਚ ਕੋਈ ਮੇਰਾ ਆਪਣਾ ਮਤਲਬ ਛੁਪਿਆ ਹੋਇਐ। ਤੁਹਾਨੂੰ ਤਾਂ ਪਤਾ ਈ ਐ, ਮੈਂ ਤਾਂ ਸਿਰ ਜੋੜਦਾ ਹਾਂ। ਪਿਆਰ ਵੰਡਦਾ ਹਾਂ। ਜੰਗਲ ਨਾਲ ਮੇਰਾ ਮੋਹ ਇਸ ਕਰਕੇ ਹੈ ਕਿਉਂਕਿ ਉਹ ਮੇਰੀ ਮਾਤ-ਭੂਮੀ ਐ। ਮਾਤ-ਭੂਮੀ ਬਰਬਾਦ ਹੋਵੇ, ਇਹ ਮੇਰੇ ਤੋਂ ਦੇਖੀ ਨਹੀਂ ਜਾਣੀ। ਜੰਗਲ ਖਤਰੇ 'ਚ ਹੈ ਮਿੱਤਰੋ!" ਲੂੰਬੜ ਫੁੱਟ-ਫੁੱਟ ਕੇ ਰੋਣ ਲੱਗ ਪਿਆ।

ਸਾਰੇ ਪੰਛੀ ਤੇ ਜਾਨਵਰ ਉਸ ਦੇ ਦੁਆਲੇ ਇਕੱਠੇ ਹੋ ਗਏ।

"ਭਾਈ ਦੱਸੋ ਤਾਂ ਸਹੀ, ਆਖਿਰ ਤੁਸੀਂ ਚਾਹੁੰਨੇ ਕੀ ਓ?" ਬਾਰ੍ਹਾਂਸਿੰਙੇ ਨੇ ਅੱਗੇ ਵਧ ਕੇ ਕਿਹਾ। ਉਹ ਵੀ ਆਪਣੇ ਆਪ ਨੂੰ ਰਾਜੇ ਦੇ ਨੇੜੇ ਸਮਝਦਾ ਸੀ।

"ਮੈਂ ਚਾਹੁੰਨਾਂ ਆਪਣੇ ਰਾਜੇ ਤੱਕ ਇਹ ਗੱਲ ਪੁਚਾਈ ਜਾਵੇ। ਮਨੁੱਖ ਤੋਂ ਜੰਗਲ ਨੂੰ ਜੋ ਖਤਰਾ ਪੈਦਾ ਹੋ ਗਿਆ ਐ, ਉਸ ਦਾ ਕੋਈ ਸਹੀ ਉਪਾਅ ਸਮੇਂ ਸਿਰ ਹੋਵੇ। ਹੁਣ ਵਿਚਾਰਾ ਖਰਗੋਸ਼ ਤਾਂ ਜ਼ਾਲਮ ਮਨੁੱਖ ਦਾ ਮੁਕਾਬਲਾ ਨਹੀਂ ਨਾ ਕਰ ਸਕਦਾ! ਮਨੁੱਖ ਤਾਂ ਦੁਲੱਤੀਆਂ ਨਾਲ ਹੀ ਸੁਤ ਆਉਣ ਵਾਲੀ ਨਸਲ ਐ। ਗਧੇ ਨੂੰ ਰਾਜੇ ਦੇ ਨੇੜੇ ਲਿਜਾਣਾ ਚਾਹੀਦਾ ਐ। ਉਸ ਵਿਚਾਰੇ ਨੂੰ ਸਿੰਘਾਸਣ ਦੇ ਪੱਥਰ ਢੋਣ ਲਈ ਈ ਰੱਖਿਆ ਹੋਇਐ।"

"ਮਨੁੱਖ ਕੁੱਤਿਆਂ ਤੋਂ ਬਹੁਤ ਚਲਦੈ, ਕਾਲੇ ਕੁੱਤੇ ਨੂੰ ਸ਼ੇਰ ਦੇ ਲਾਗੇ ਕਰੀਏ। ਸਾਨੂੰ ਖੁਸ਼ੀ ਹੈ ਕਿ ਬਾਰ੍ਹਾਂਸਿੰਙਾ ਰਾਜੇ ਦੇ ਬਹੁਤ ਨੇੜੇ ਐ। ਮਨੁੱਖ ਨੇ ਹਥਿਆਰ ਬਣਾ ਲਏ ਐ। ਉਨ੍ਹਾਂ ਦਾ ਮੁਕਾਬਲਾ ਕਰਨ ਲਈ ਬਾਰ੍ਹਾਂਸਿੰਙੇ ਆਪਣੇ ਸਿੰਙ ਇਸਤੇਮਾਲ ਕਰ ਸਕਦੈ। ਮੈਂ ਸੁਣਿਐ, ਵਿਚਾਰੇ ਹਾਥੀਆਂ ਨੂੰ ਜੰਗਲ 'ਚ ਨ੍ਹੇਰੀ ਨਾਲ ਡਿੱਗੇ ਰੁੱਖ ਚੁੱਕ ਕੇ ਬਾਹਰ ਸੁੱਟਣ ਨੂੰ ਹੀ ਰੱਖਿਆ ਹੋਇਐ। ਉਨ੍ਹਾਂ ਦੀ ਤਾਕਤ ਵਰਤੀ ਜਾ ਸਕਦੀ ਐ, ਮਨੁੱਖ ਦਾ ਮੁਕਾਬਲਾ ਕਰਨ ਲਈ। ਠੀਕ ਹੈ, ਸੱਪ ਦਾ ਜ਼ਹਿਰ ਮਨੁੱਖ ਲਈ ਘਾਤਕ ਹੈ। ਸੁਨਹਿਰੀ ਸੱਪ ਦੀ ਜਾਤੀ ਮਦਦਗਾਰ ਸਾਬਤ ਹੋ ਸਕਦੀ ਐ। ਮਨੁੱਖ ਸੱਪ ਤੋਂ ਭੈਅ ਵੀ ਖਾਂਦਾ ਹੈ ਪਰ ਮੈਨੂੰ ਪਤਾ ਲੱਗੈ ਕਿ ਮਨੁੱਖ ਨੇ ਸੱਪ ਦੀ ਸਿਰੀ ਫੇਹਣ ਦਾ ਵੱਲ ਸਿੱਖ ਲਿਐ। ਸੱਪਾਂ ਨੂੰ ਕਾਬੂ ਕਰਨ ਲਈ ਪਟਾਰੀ ਵੀ ਬਣਾ ਲਈ ਐ। ਹਾਥੀ, ਗਧੇ, ਕਾਲੇ ਕੁੱਤੇ, ਬਾਰ੍ਹਾਂਸਿੰਙੇ ਨੂੰ ਹੋਰ ਵੱਧ ਜ਼ਿੰਮੇਵਾਰੀ ਵਾਲੇ ਕੰਮ ਸੌਂਪਣੇ ਚਾਹੀਦੇ ਐ। ਮੈਂ ਤਾਂ ਸਾਰੇ ਪੰਛੀਆਂ ਤੇ ਜਾਨਵਰਾਂ ਨੂੰ ਇੱਕੋ ਅੱਖ ਨਾਲ ਦੇਖਦਾਂ। ਸਭ ਨੂੰ ਬਿਲਕੁਲ ਬਰਾਬਰ ਸਮਝਦਾਂ। ਰੰਗ ਤੇ ਨਸਲ ਤੋਂ ਉਪਰ ਉਠ ਕੇ ਸੋਚਦਾਂ।" ਲੂੰਬੜ ਦੀਆਂ ਗੱਲਾਂ ਸੁਣ ਕੇ ਪੰਛੀ ਤੇ ਜਾਨਵਰ ਹੈਰਾਨ ਹੋ ਰਹੇ ਸਨ। ਲੂੰਬੜ ਜੰਗਲ ਪ੍ਰਤੀ ਏਨਾ ਚਿੰਤਤ ਹੋਵੇਗਾ, ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ।

"ਫਿਰ ਗੱਲ ਕਿਵੇਂ ਤੋਰੀਏ?" ਬਾਰ੍ਹਾਂਸਿੰਙੇ ਨੇ ਕਿਹਾ।

"ਦੇਖ ਭਾਈ ਤੂੰ ਸ਼ੇਰ ਦੇ ਬਹੁਤ ਨੇੜੇ ਐਂ। ਸ਼ੇਰ, ਸੁਨਹਿਰੀ ਸੱਪ ਅਤੇ ਖਰਗੋਸ਼ ਤੱਕ ਗੱਲ ਪਹੁੰਚਾਉਣੀ ਆਪਣੇ ਲਈ ਕੋਈ ਔਖੀ ਨਹੀਂ। ਪਰ ਹਰ ਗੱਲ ਦਾ ਤਰੀਕਾਕਾਰ ਹੁੰਦੈ। ਤੁਸੀਂ ਆਪਣੇ ਦੋਸਤਾਂ-ਮਿੱਤਰਾਂ, ਸਾਕ-ਸਬੰਧੀਆਂ ਵਿਚ ਗੱਲ ਫੈਲਾਓ ਕਿ ਜੰਗਲ ਨੂੰ ਮਨੁੱਖ ਤੋਂ ਭਾਰੀ ਖਤਰੈ। ਬੇਸ਼ੱਕ ਮੇਰਾ ਨਾਂ ਲੈ ਦੇਣਾ। ਹੌਲੀ-ਹੌਲੀ ਗੱਲ ਸ਼ੇਰ ਤੱਕ ਪਹੁੰਚੇਗੀ। ਆਖਰ ਜਾਸੂਸ ਲੂੰਬੜੀ ਨੇ ਵੀ ਤਾਂ ਜਾਣਕਾਰੀ ਇਕੱਠੀ ਕਰਨ ਲਈ ਕੋਈ ਜਾਲ ਵਿਛਾਇਆ ਹੋਏਗਾ, ਜੰਗਲ ਵਿਚ! ਜਦੋਂ ਇਕ ਵਾਰ ਗੱਲ ਰਾਜੇ ਤੱਕ ਪਹੁੰਚ ਗਈ, ਮੈਂ ਖੋਲ੍ਹ ਕੇ ਸਾਰੀ ਵਾਰਤਾ ਸਾਰਿਆਂ ਸਾਹਮਣੇ ਸਾਂਝੀ ਕਰਾਂਗਾ।" ਲੂੰਬੜ ਨੇ ਭਾਵੁਕ ਹੁੰਦਿਆਂ ਕਿਹਾ, "ਮੇਰੀ ਮਾਤ-ਭੂਮੀ ਦੇ ਵਾਸੀਓ! ਤੁਸੀਂ ਮੇਰੇ ਆਪਣੇ ਹੋ। ਇਹ ਠੀਕ ਹੈ, ਮੈਂ ਮਾਤ-ਭੂਮੀ ਤੋਂ ਦੂਰ ਰਿਹਾਂ ਪਰ ਮੈਨੂੰ ਸੁਫਨੇ ਜੰਗਲ ਦੇ ਹੀ ਆਉਂਦੇ ਰਹੇ ਐ। ਮੈਂ ਚਾਹੁੰਨਾਂ, ਮੇਰਾ ਜੰਗਲ ਇਸੇ ਤਰ੍ਹਾਂ ਹੱਸਦਾ-ਵਸਦਾ ਰਹੇ। ਯਾਦ ਐ ਨਾ ਕੋਇਲ ਦਾ ਗੀਤ, 'ਜੰਗਲ ਹਰਿਆ ਭਰਿਆ ਰਹੇ।' ਬਸੰਤ ਦੇ ਮੇਲੇ ਇਸੇ ਤਰ੍ਹਾਂ ਲੱਗਦੇ ਰਹਿਣ। ਬਲਦ ਢੋਲ ਵਜਾਉਂਦਾ ਰਹੇ। ਰਿੱਛ ਬੀਨ ਵਜਾ ਕੇ ਸਭ ਨੂੰ ਮਸਤ ਕਰਦਾ ਰਹੇ। ਕਾਉਣੀ ਸਾਡੇ ਜੰਗਲ ਦਾ ਨਾਂ ਰੋਸ਼ਨ ਕਰੇ।"

"ਅਸੀਂ ਜੰਗਲ ਨੂੰ ਬਚਾਉਣ ਲਈ ਤੁਹਾਡੇ ਨਾਲ ਹਾਂ ਪਿਆਰੇ ਮਿੱਤਰ।" ਸਭ ਨੇ ਇੱਕੋ ਆਵਾਜ਼ ਵਿਚ ਕਿਹਾ ਤਾਂ ਲੂੰਬੜ ਦੀ ਛਾਤੀ ਚੌੜੀ ਹੋ ਗਈ। ਉਸ ਨੇ ਮੁਸਕਰਾਉਂਦਿਆਂ ਆਪਣੀ ਪਤਨੀ ਵੱਲ ਦੇਖਿਆ। ਪਤਨੀ ਨੇ ਮੁਸਕਰਾਹਟ ਦਾ ਜਵਾਬ ਦਿੱਤੇ ਬਿਨਾ ਹੀ ਨੀਵੀਂ ਪਾ ਲਈ।

"ਭਾਈ ਅਸੀਂ ਤੁਹਾਡੇ ਨਾਲ ਆਂ। ਮੈਨੂੰ ਪਤਾ ਲੱਗ ਗਿਐ ਤੁਹਾਡੇ ਤੋਂ ਕਾਬਲ ਹੋਰ ਕੋਈ ਸਾਥੀ ਸਾਨੂੰ ਨਹੀਂ ਲੱਭ ਸਕਦਾ। ਜਿਸ ਨੇ ਮੇਰੇ ਵਰਗੀ, ਦੁਰਕਾਰੀ ਹੋਈ ਨੂੰ ਆਪਣੀ ਅਕਲ ਨਾਲ ਸਾਰਿਆਂ ਵਿਚ ਬੈਠਣ ਯੋਗ ਬਣਾ ਦਿੱਤੈ। ਇਸੇ ਤਰ੍ਹਾਂ ਮਨੁੱਖ ਤੋਂ ਜੰਗਲ ਬਚਾਉਣ ਲਈ ਤੁਸੀਂ ਕੋਈ ਯੋਗ ਉਪਰਾਲਾ ਕਰ ਲਵੋਗੇ।" ਸਕੰਕ ਨੇ ਅੱਖਾਂ ਵਿਚ ਹੰਝੂ ਭਰ ਕੇ ਕਿਹਾ।

"ਨਾ ਰੋਣਾ ਨਹੀਂ।" ਲੂੰਬੜ ਨੇ ਦਿਲਾਸਾ ਦਿੰਦਿਆਂ ਕਿਹਾ, "ਮੈਂ ਕੀ ਕਿਹਾ ਸੀ ਉਸ ਦਿਨ, ਹੁਣ ਤੂੰ ਕੋਈ ਵੀ ਹਾਰ ਪਰੋਅ ਕੇ ਦੁਬਾਰਾ ਤੋੜੇਂਗੀ ਨਹੀਂ। ਤੂੰ ਹਾਰ ਰਾਜੇ ਦੇ ਗਲ 'ਚ ਟੌਹਰ ਨਾਲ ਪਾਵੇਂਗੀ, ਜਿਵੇਂ ਬਾਕੀ ਪਾਉਂਦੇ ਐ। ਤੂੰ ਜੰਗਲ ਦਾ ਅਹਿਮ ਅੰਗ ਐਂ।"

ਬਾਰ੍ਹਾਂਸਿੰਙੇ ਦੀ ਪਹਾੜੀ ਤੋਂ ਪਰ੍ਹੇ ਉਠਦੇ ਧੂੰਏਂ ਵੱਲ ਲੱਗੀ ਟਿਕਟਿਕੀ ਦੇਖ ਕੇ ਲੂੰਬੜ ਨੇ ਕਿਹਾ, "ਬਾਰ੍ਹਾਂਸਿੰਙੇ ਭਾਈ! ਤੇਰੇ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਪੈਣ ਵਾਲੀ ਹੈ। ਜਿਵੇਂ ਸਾਰੇ ਜੰਗਲ ਦਾ ਭਾਰ ਹੁਣ ਸਮਝ ਲੈ ਤੇਰੇ ਸਿੰਙਾਂ 'ਤੇ ਹੈ। ਤੂੰ ਸ਼ੇਰ ਦਾ ਕਰੀਬੀ ਐਂ। ਬਹੁਤ ਸੰਭਲ-ਸੰਭਲ ਕੇ ਹਰ ਕਦਮ ਪੁੱਟਣਾ ਪਵੇਗਾ। ਕਿਤੇ ਏਦਾਂ ਨਾ ਹੋਵੇ ਕਿ ਕੋਈ ਇਸ ਨੂੰ ਗਲਤ ਰੰਗਤ ਦੇ ਦੇਵੇ ਤੇ ਆਪਾਂ ਜੰਗਲ ਦੀ ਰਾਖੀ ਤੋਂ ਖੁੰਝ ਜਾਈਏ। ਸ਼ੇਰ ਨਾਲ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਮੇਰੇ ਨਾਲ ਸਲਾਹ ਜ਼ਰੂਰ ਕਰ ਲਿਆ ਕਰਨਾ।"

"ਜੀ।" ਬਾਰ੍ਹਾਂਸਿੰਙੇ ਨੂੰ ਮਹਿਸੂਸ ਹੋਣ ਲੱਗਾ, ਜਿਵੇਂ ਸੱਚ-ਮੁੱਚ ਹੀ ਜੰਗਲ ਦਾ ਭਾਰ ਉਸ ਦੇ ਸਿੰਙਾਂ 'ਤੇ ਆਣ ਪਿਆ ਹੋਵੇ। ਉਸ ਨੂੰ ਲੂੰਬੜ ਦਾ 'ਤੂੰ' ਕਹਿਣਾ ਬਹੁਤ ਚੰਗਾ ਲੱਗ ਰਿਹਾ ਸੀ।

ਸਾਰੇ ਪਹਾੜੀ ਦੀ ਸਿਖਰ ਤੋਂ ਹੇਠਾਂ ਲੂੰਬੜ ਦੇ ਘਰ ਆ ਗਏ।

ਜਦੋਂ ਸਾਰੇ ਘਰੋ-ਘਰੀ ਪਰਤਣ ਲੱਗੇ ਤਾਂ ਲੂੰਬੜ ਨੇ ਕਾਲੇ ਕੁੱਤੇ ਨੂੰ ਬੁਲਾਇਆ, "ਕਿਉਂ ਹੁਣ ਖੁਸ਼ ਐਂ ਨਾ!"

ਕਾਲੇ ਕੁੱਤੇ ਦੇ ਸਰੀਰ 'ਚੋਂ ਖੁਸ਼ੀ ਫੁੱਟ-ਫੁੱਟ ਪੈ ਰਹੀ ਸੀ।

"ਮੈਨੂੰ ਪਤੈ, ਤੂੰ ਦੌੜਦਾ ਬਹੁਤ ਤੇਜ਼ ਐਂ।" ਲੂੰਬੜ ਨੇ ਉਸ ਨੂੰ ਥਾਪੀ ਦਿੱਤੀ, "ਜੰਗਲ ਵਿਚ ਕਦੇ ਵੀ ਨਿੱਕੀ-ਮੋਟੀ, ਚੰਗੀ-ਮਾੜੀ ਘਟਨਾ ਘਟੇ, ਝੱਟ ਮੈਨੂੰ ਖਬਰ ਕਰੀਂ।"

ਲੂੰਬੜ ਦੀ ਏਨੀ ਨੇੜਤਾ ਪਾ ਕੇ ਕਾਲਾ ਕੁੱਤਾ ਧੰਨ ਹੋ ਗਿਆ।

###

ਵਤਨ ਦੀ ਫੇਰੀ

# ਧਰਤੀ ਪੰਜ ਦਰਿਆਵਾਂ ਦੀ-2

***ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਅਤੇ ਹੁਣ ਟੋਰਾਂਟੋ, ਕੈਨੇਡਾ ਵਸਦੇ ਡਾ. ਗੁਰਨਾਮ ਕੌਰ ਹਾਲ ਹੀ ਵਿਚ ਪੰਜਾਬ ਦੀ ਫੇਰੀ ਲਾ ਕੇ ਮੁੜੇ ਹਨ। ਆਪਣੀ ਫੇਰੀ ਦੌਰਾਨ ਉਨ੍ਹਾਂ ਪੰਜਾਬ ਅਤੇ ਦੇਸ਼ ਦੇ ਜੋ ਹਾਲਾਤ ਤੱਕੇ, ਖਾਸ ਕਰ ਪੁਲਵਾਮਾ ਦੇ ਹਮਲੇ ਪਿਛੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਕਸ਼ੀਦਗੀ ਦੇ, ਉਹ ਉਨ੍ਹਾਂ ਆਪਣੇ ਇਸ ਲੇਖ ਵਿਚ ਬਿਆਨੇ ਹਨ। -ਸੰਪਾਦਕ***

ਬਾਦਲਾਂ ਦੇ ਦਸ ਵਰ੍ਹਿਆਂ ਦੇ ਰਾਜ ਸਮੇਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੱਕ ਸਰਕਾਰੀ ਆਮਦਨ ਵਧਾਉਣ ਲਈ ਥਾਂ ਥਾਂ ਸ਼ਰਾਬ ਦੇ ਠੇਕੇ ਖੋਲ੍ਹ ਕੇ ਪੰਜਾਬੀਆਂ ਨੂੰ ਨੌਕਰੀਆਂ ਨਾ ਸਹੀ, ਪਰ ਸ਼ਰਾਬ ਖੂਬ ਦਿਲ ਖੋਲ੍ਹ ਕੇ ਪਿਆਈ ਜਾ ਰਹੀ ਹੈ। ਇਸ ਵੇਲੇ ਪੰਜਾਬ ਵਿਚ ਸ਼ਰਾਬ ਕਾਰਨ ਪੈਦਾ ਹੋਣ ਵਾਲੀਆਂ ਅਲਾਮਤਾਂ ਜਿਵੇਂ ਲਿਵਰ ਜਾਂ ਗੁਰਦਿਆਂ ਦੀ ਸਮੱਸਿਆ ਦੀ ਦਰ ਬਹੁਤ ਵਧ ਗਈ ਹੈ। ਪਰ ਸਰਕਾਰਾਂ ਨੂੰ ਕੀ? ਉਨ੍ਹਾਂ ਨੂੰ ਤਾਂ ਮੰਤਰੀਆਂ ਦੇ ਭੱਤੇ ਵਧਾਉਣ ਲਈ ਪੈਸਾ ਚਾਹੀਦਾ ਹੈ, ਭਾਵੇਂ ਕਿਵੇਂ ਵੀ ਆਵੇ? ਸਿਹਤ ਜਾਂ ਵਿੱਦਿਆ ਦਾ ਸਰਕਾਰੀ ਖੇਤਰ ਤਾਂ ਫੰਡਾਂ ਦੀ ਕਮੀ ਕਰਕੇ ਖਤਮ ਹੋਣ ਦੇ ਕੰਢੇ ਖੜ੍ਹਾ ਹੈ।

ਸਾਡੀ ਭਾਰਤ ਤੋਂ ਵਾਪਸੀ 27 ਫਰਵਰੀ ਸਵੇਰ ਦੀ ਸੀ, ਜਿਸ ਲਈ ਸਮਰਾਲੇ ਤੋਂ ਦਿੱਲੀ ਨੂੰ 26 ਫਰਵਰੀ ਨੂੰ ਰਵਾਨਾ ਹੋਣਾ ਪੈਣਾ ਸੀ। ਖੰਨੇ ਤੋਂ ਮਨਜੋਤ ਕੋਲੋਂ ਕੁਝ ਸਮਾਨ ਫੜਨਾ ਸੀ। ਇਸ ਲਈ 24 ਫਰਵਰੀ ਨੂੰ ਲੁਧਿਆਣੇ ਤੋਂ ਮੇਰੀ ਭਾਣਜੀ ਰਵਨੀਤ ਦੇ



ਦਿਉਰ ਮਨੀ ਦਾ ਵਿਆਹ ਦੇਖ ਕੇ ਸਿੱਧੇ ਖੰਨੇ ਨੂੰ ਆ ਗਏ ਅਤੇ ਸਿਆਲ ਦੇ ਦਿਨ ਹੋਣ ਕਰਕੇ ਵਾਪਸ ਆਉਂਦਿਆਂ ਹਨੇਰਾ ਪੈਣ ਲੱਗ ਪਿਆ।

ਡਾ. ਗੁਰਨਾਮ ਕੌਰ, ਕੈਨੇਡਾ

ਪਿੰਡਾਂ ਵਿਚੋਂ ਦੀ ਸਮਰਾਲੇ ਲਈ ਲੰਘਦਿਆਂ ਰਸਤੇ ਵਿਚ ਇੱਕ ਅਜਿਹਾ ਪਿੰਡ ਆਇਆ, ਜਿਸ ਵਿਚ ਪਹਿਲਾਂ ਕਦੀ ਸ਼ਰਾਬ ਦੇ ਠੇਕੇ ਦਾ ਨਾਂ ਤੱਕ ਨਹੀਂ ਸੀ ਸੁਣਿਆ ਪਰ ਹੁਣ ਉਥੇ ਪਿੰਡ ਦੇ ਆਲੇ-ਦੁਆਲੇ ਤਿੰਨ ਠੇਕੇ ਹਨ। ਥਾਂ ਥਾਂ ਸੜਕ ਕੰਢੇ ਹਨੇਰੇ ਦੀ ਆੜ ਲਈ ਕੋਣਿਆਂ ਵਿਚ ਖੜ੍ਹੇ ਦੋ-ਦੋ, ਤਿੰਨ-ਤਿੰਨ ਦੇ ਟੋਲਿਆਂ ਵਿਚ ਲੋਕ ਸ਼ਰਾਬ ਪੀ ਰਹੇ ਸਨ। ਕਈਆਂ ਨੂੰ ਸੜਕ ਕੰਢੇ ਡਿੱਕੋ-ਡੋਲੇ ਖਾਂਦਿਆਂ ਦੇਖ ਕੇ ਭੈ ਆ ਰਿਹਾ ਸੀ ਕਿ ਹਨੇਰੇ ਵਿਚ ਕਿਧਰੇ ਗੱਡੀ ਨਾਲ ਹੀ ਨਾ ਟਕਰਾ ਜਾਣ। ਇਸ ਸਭ ਕੁਝ ਦੇ ਚੱਲਦਿਆਂ ਹਕੀਕਤ ਤੋਂ ਕੋਹਾਂ ਦੂਰ ਫਿਰ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਨੂੰ ਨਸ਼ਿਆਂ ਲਈ ਬਦਨਾਮ ਕੀਤਾ ਜਾਂਦਾ ਹੈ; ਕੌਣ ਕਹਿੰਦਾ ਹੈ, ਪੰਜਾਬ ਨਸ਼ੇੜੀ ਹੋ ਚੁਕੈ? ਸਰਕਾਰ ਅਤੇ ਕੁਝ ਬੁੱਧੀਜੀਵੀਆਂ ਦੀ ਨਿਗਾਹ ਵਿਚ ਤਾਂ ਸ਼ਰਾਬ ਨਸ਼ਾ ਹੀ ਨਹੀਂ ਹੈ।

ਅੱਜ ਕਲ੍ਹ ਭਾਵੇਂ ਇੰਟਰਨੈਟ ਤੋਂ ਖਬਰਾਂ ਦੇਖਣ ਦਾ ਰਿਵਾਜ਼ ਪੈ ਗਿਆ ਹੈ, ਫਿਰ ਵੀ ਦਲੀਪ ਸਿੰਘ ਕੋਲ 'ਪੰਜਾਬੀ ਟ੍ਰਿਬਿਊਨ' ਅਤੇ 'ਪੰਜਾਬੀ ਜਾਗਰਣ' ਲਗਾਤਾਰ ਆਉਂਦੇ ਹਨ। ਅਖਬਾਰਾਂ ਵਿਚ ਹਰ ਰੋਜ਼ ਹੀ ਬੱਚੀਆਂ-ਔਰਤਾਂ ਦੇ ਜਬਰ-ਜਨਾਹ, ਕੁੱਤਿਆਂ ਵਲੋਂ ਕਦੀ ਕਿਸੇ 7 ਸਾਲ ਦੇ ਬੱਚੇ, ਕਦੀ ਗਿਆਰਾਂ ਸਾਲ ਦੇ ਬੱਚੇ ਜਾਂ 60 ਸਾਲ ਦੀ ਕਿਸੇ ਬਜੁਰਗ ਔਰਤ ਨੂੰ ਪਾੜ ਕੇ ਖਾ ਜਾਣ ਵਰਗੀਆਂ ਦੁਖਦਾਈ ਖਬਰਾਂ ਲੱਗੀਆਂ ਹੁੰਦੀਆਂ, ਜੋ ਪੜ੍ਹ ਕੇ ਮਨ ਬੇਚੈਨ ਤੇ ਦੁਖੀ ਹੁੰਦਾ।

ਕਈ ਅਜਿਹੀਆਂ ਖਬਰਾਂ ਵੀ ਦੇਖੀਆਂ ਜਿਨ੍ਹਾਂ ਵਿਚ ਕਿਸਾਨਾਂ ਨੂੰ ਅਵਾਰਾ ਗਊਆਂ ਅਤੇ ਸਾਨ੍ਹਾਂ ਤੋਂ ਫਸਲ ਨੂੰ ਬਚਾਉਣ ਲਈ ਖੇਤਾਂ ਦੀ ਰਾਖੀ ਕਰਦਿਆਂ ਦਿਖਾਇਆ ਗਿਆ ਸੀ ਅਤੇ ਆਪਣੇ ਖੇਤਾਂ ਵਿਚ ਕੰਮ ਕਰਨ ਦੀ ਥਾਂ ਉਹ ਅਵਾਰਾ ਪਸ਼ੂਆਂ ਤੋਂ ਰਾਖੀ ਕਰਦਿਆਂ ਹੀ ਸਾਰਾ ਸਮਾਂ ਬਰਬਾਦ ਕਰਦੇ ਦਿਖਾਈ ਦਿੰਦੇ ਸਨ। ਮਨ ਵਿਚ ਸਵਾਲ ਉਠਦੇ ਕਿ ਸਰਕਾਰਾਂ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਏਨੀਆਂ ਅਵੇਸਲੀਆਂ ਕਿਵੇਂ ਹੋ ਸਕਦੀਆਂ ਹਨ? ਕੀ ਸਰਕਾਰਾਂ ਲਈ ਅਵਾਰਾ ਕੁੱਤੇ ਅਤੇ ਅਵਾਰਾ ਪਸ਼ੂ ਲੋਕਾਂ ਦੀ ਜਾਨ ਅਤੇ ਮਾਲ ਨਾਲੋਂ ਵੱਧ ਕੀਮਤੀ ਹਨ? ਕੀ ਇਨਸਾਨ ਦੀ ਵੁਕਤ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਨਾਲੋਂ ਵੀ ਘੱਟ ਗਈ ਹੈ? ਕਿਉਂ ਇਨ੍ਹਾਂ ਨੂੰ ਮਾਰਨ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ?

ਯਾਦ ਹੈ, ਨਿੱਕੇ ਹੁੰਦਿਆਂ ਦੇਖੀਦਾ ਸੀ ਕਿ ਲੋਕਾਂ ਨੂੰ ਹਲਕਾਅ ਦੀ ਬਿਮਾਰੀ ਤੋਂ ਬਚਾਉਣ ਲਈ, ਜਿਸ ਦੀ ਮੁੱਖ ਵਜ੍ਹਾ ਕੁੱਤਿਆਂ ਨੂੰ ਮੰਨਿਆ ਜਾਂਦਾ ਹੈ, ਕਿਸ ਤਰ੍ਹਾਂ ਗਰਮ ਰੁੱਤ ਦੇ ਸ਼ੁਰੂ ਹੋਣ ਤੋਂ ਪਹਿਲਾ ਹੀ ਸਰਕਾਰੀ ਤੌਰ 'ਤੇ ਕੁੱਤਿਆਂ ਦਾ ਸਫਾਇਆ ਕਰ ਦਿੱਤਾ ਜਾਂਦਾ ਸੀ ਅਤੇ ਆਪਣੇ ਪਾਲਤੂ ਕੁੱਤਿਆਂ ਨੂੰ ਬਚਾਉਣ ਲਈ ਲੋਕ ਪਟਾ ਪਾ ਕੇ ਅੰਦਰੀਂ ਬੰਨ੍ਹ ਲੈਂਦੇ ਸਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਜ ਵਿਚ ਬੰਦਿਆਂ ਨਾਲੋਂ ਕੁੱਤੇ-ਬਿੱਲੇ ਅਤੇ ਪਸ਼ੂ ਵੱਧ ਅਜ਼ੀਜ਼ ਹਨ, ਹਾਲਾਂਕਿ ਬਿਆਨ ਦੇ ਕੇ ਭੜਥੂ ਪੁਆਉਣ ਵਾਲਿਆਂ ਦਾ ਪਸ਼ੂਆਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ।

ਕੈਨੇਡਾ ਵਿਚ ਦਸੰਬਰ ਮਹੀਨੇ ਇੰਜੀਨੀਅਰ ਹਰਜੀਤ ਸਿੰਘ ਗਿੱਲ ਅਤੇ ਉਨ੍ਹਾਂ ਦੀ ਪਤਨੀ ਸੁਖਵੀਰ ਕੌਰ ਸਮੇਤ ਮੈਨੂੰ ਵੀ ਲਾਹੌਰ ਤੋਂ ਮੌਲਾਨਾ ਰੂਮੀ ਅਤੇ ਸੁਲਤਾਨ ਬਾਹੂ ਸਬੰਧੀ ਪੰਜਾਬ ਯੂਨੀਵਰਸਿਟੀ ਵਿਚ ਇੱਕ ਕਾਨਫਰੰਸ ਵਿਚ ਹਿੱਸਾ ਲੈਣ ਲਈ ਸੱਦਾ ਪੱਤਰ ਆਇਆ ਸੀ। ਅਸੀਂ ਤਿੰਨੇ ਪਾਕਿਸਤਾਨੀ ਅੰਬੈਸੀ ਵਿਚ ਵੀਜ਼ਾ ਲੈਣ ਗਏ ਤਾਂ ਸਾਨੂੰ ਤਿੰਨ ਕੁ ਦਿਨ ਵਿਚ ਹੀ ਵੀਜ਼ਾ ਮਿਲ ਗਿਆ। ਮੈਂ ਕਿਉਂਕਿ ਭਾਰਤ ਜਾਣ ਲਈ ਪਹਿਲਾਂ ਹੀ ਸੀਟ ਬੁੱਕ ਕਰਵਾਈ ਹੋਈ ਸੀ ਅਤੇ ਹਰਜੀਤ ਸਿੰਘ ਹੋਰਾਂ ਨੇ ਫਰਵਰੀ ਦੇ ਦੂਜੇ ਹਫਤੇ ਆਉਣਾ ਸੀ ਤੇ ਅਸੀਂ ਤਿੰਨਾਂ ਨੇ ਅੰਮ੍ਰਿਤਸਰ ਇਕੱਠੇ ਹੋਣਾ ਸੀ। ਕੋਈ ਨਿਜੀ ਮਸਰੂਫੀਅਤ ਆ ਪੈਣ ਕਰਕੇ ਹਰਜੀਤ ਸਿੰਘ ਹੋਰਾਂ ਦਾ ਭਾਰਤ ਜਾਣਾ ਮੁਲਤਵੀ ਹੋ ਗਿਆ ਅਤੇ ਮੈਂ ਇਕੱਲਿਆਂ 16 ਫਰਵਰੀ ਨੂੰ ਪਾਕਿਸਤਾਨ ਜਾਣ ਦਾ ਮਨ ਬਣਾ ਲਿਆ। ਇਸ ਸਬੰਧੀ ਸਾਰੀ ਗੱਲਬਾਤ ਕੈਨੇਡਾ ਤੋਂ ਹੀ ਸਬੰਧਤ ਵਿਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਜਨਾਬ ਫਰੀਦ ਨਾਲ ਪਹਿਲਾਂ ਹੋ ਗਈ ਸੀ, ਕਿਉਂਕਿ ਸੱਦਾ-ਪੱਤਰ ਉਨ੍ਹਾਂ ਵੱਲੋਂ ਹੀ ਭੇਜਿਆ ਗਿਆ ਸੀ ਅਤੇ ਹਰਜੀਤ ਸਿੰਘ ਹੋਰਾਂ ਨੇ ਵੀ ਆਪਣੀ ਪੱਧਰ 'ਤੇ ਲਾਹੌਰ ਗੱਲਬਾਤ ਕਰ ਲਈ ਸੀ। ਮੇਰੀ ਇਹ ਪਹਿਲੀ ਫੇਰੀ ਹੋਣੀ ਸੀ।

ਉਧਰਲੇ ਪੰਜਾਬ ਦੇ ਨਾਮਵਰ ਲੇਖਕ ਜਨਾਬ ਅਜ਼ਹਾਰ ਵਿਰਕ ਦੇ ਕੁਝ ਲੇਖ ਪੰਜਾਬ ਦੇ ਮਹਾਨ ਸਪੁੱਤਰ ਪੋਰਸ ਅਤੇ ਹੋਰਾਂ 'ਤੇ ਲਿਖੇ ਪੜ੍ਹੇ ਹੋਏ ਸਨ, ਜਿਸ ਕਰਕੇ ਮੇਰੀ ਜਨਾਬ ਵਿਰਕ ਨਾਲ ਟੈਲੀਫੋਨ 'ਤੇ ਦੋ-ਚਾਰ ਵਾਰ ਗੱਲ ਹੋਈ ਸੀ। ਇਸ ਲਈ ਮੈਂ ਕੈਨੇਡਾ ਤੋਂ ਹੀ ਆਪਣੇ ਆਉਣ ਬਾਰੇ ਇਤਲਾਹ ਕਰ ਦਿੱਤੀ ਸੀ। ਭਾਰਤ ਪੁੱਜਣ 'ਤੇ ਉਨ੍ਹਾਂ ਦੇ ਕਈ ਫੋਨ ਆਏ ਕਿ 'ਮੈਂ ਆਪਣੀ ਭੈਣ ਨੂੰ ਵਾਜੇ-ਗਾਜਿਆਂ ਨਾਲ ਬਾਰਡਰ 'ਤੇ ਲੈਣ ਆਉਣਾ ਹੈ।' ਪਰ ਮੈਨੂੰ ਪਤਾ ਨਹੀਂ ਸੀ ਕਿ ਇਸ ਵਾਰ ਵੀ ਮੇਰਾ ਪਾਕਿਸਤਾਨ ਜਾਣਾ ਸੰਭਵ ਨਹੀਂ ਹੋ ਸਕਣਾ ਅਤੇ ਨਨਕਾਣਾ ਸਾਹਿਬ, ਸੱਚਾ ਸੌਦਾ ਅਤੇ ਕਰਤਾਰਪੁਰ ਸਾਹਿਬ ਦੀ ਯਾਤਰਾ ਵਿਚੇ ਰਹਿ ਜਾਣੀ ਹੈ।

ਮੈਂ ਸਮਰਾਲੇ ਤੋਂ 14 ਫਰਵਰੀ ਨੂੰ ਕੰਮੋਕੇ ਜਾਣਾ ਸੀ ਤੇ ਉਥੋਂ 16 ਫਰਵਰੀ ਨੂੰ ਵਾਘਾ-ਅਟਾਰੀ ਸਰਹੱਦ ਤੋਂ ਪਾਕਿਸਤਾਨ ਜਾਣਾ ਸੀ। ਪਰ 14 ਫਰਵਰੀ ਨੂੰ ਜੰਮੂ-ਕਸ਼ਮੀਰ ਵਿਚ ਪੁਲਵਾਮਾ ਵਿਚ ਅਵਾਂਤੀਪੁਰਾ ਨੇੜੇ ਜੰਮੂ-ਕਸ਼ਮੀਰ ਕੌਮੀ ਸ਼ਾਹ-ਰਾਹ 'ਤੇ ਆਦਿਲ ਅਹਿਮਦ ਡਾਰ ਨਾਂ ਦੇ ਮਨੁੱਖੀ ਬੰਬ ਬਣੇ ਸਥਾਨਕ ਲੜਕੇ ਨੇ ਸੀ. ਆਰ. ਪੀ. ਦੇ ਬੱਸਾਂ ਦੇ ਕਾਫਲੇ 'ਤੇ ਵਿਸਫੋਟਕ ਪਦਾਰਥ ਨਾਲ ਭਰੀ ਕਾਰ ਬੱਸ ਵਿਚ ਮਾਰ ਕੇ ਹਮਲਾ ਕਰ ਦਿੱਤਾ, ਜਿਸ ਵਿਚ ਸੀ. ਆਰ. ਪੀ. ਦੇ 40 ਜਵਾਨ ਮਾਰੇ ਗਏ (ਜਿਨ੍ਹਾਂ ਵਿਚ ਪੰਜ ਪੰਜਾਬੀ ਸਿੱਖ ਜਵਾਨ ਵੀ ਸਨ)। ਇਸ ਦੀ ਜਿੰਮੇਵਾਰੀ ਪਾਕਿਸਤਾਨ ਆਧਾਰਤ ਜੈਸ਼-ਏ-ਮੁਹੰਮਦ ਅਤਿਵਾਦੀ ਸੰਗਠਨ ਨੇ ਲਈ। ਸਭ ਨੂੰ ਇਸ ਘਟਨਾ ਦਾ ਬੇਹੱਦ ਅਫਸੋਸ ਸੀ ਅਤੇ ਸਭ ਮਾਤਮ ਮਨਾ ਰਹੇ ਸਨ, ਪਰ ਭਾਰਤ ਦੇ ਅਨੇਕਾਂ ਟੀ. ਵੀ. ਚੈਨਲਾਂ ਤੋਂ ਲਗਾਤਾਰ ਅੱਗ ਵਰ੍ਹਾਈ ਜਾ ਰਹੀ ਸੀ ਕਿ ਹੁਣੇ ਪਾਕਿਸਤਾਨ 'ਤੇ ਹਮਲਾ ਕਰ ਦੇਣਾ ਚਾਹੀਦਾ ਹੈ, ਪਾਕਿਸਤਾਨ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਹਰੇਕ ਦਾਨਿਸ਼ਮੰਦ ਵਿਅਕਤੀ ਦੀ ਜ਼ੁਬਾਨ 'ਤੇ ਇੱਕੋ ਹੀ ਸਵਾਲ ਸੀ ਕਿ ਕਸ਼ਮੀਰ ਵਾਦੀ ਜਿੱਥੇ ਸਕੂਲੀ ਬੱਚਿਆਂ ਨੂੰ ਵੀ ਤਲਾਸ਼ੀ ਲੈ ਕੇ ਅੱਗੇ ਜਾਣ ਦਿੱਤਾ ਜਾਂਦਾ ਹੈ, ਉਥੇ 320 ਕਿਲੋਗਰਾਮ ਵਿਸਫੋਟਕ ਸਮੱਗਰੀ ਲੱਦੀ ਕਾਰ ਸੁਰੱਖਿਆ ਏਜੰਸੀਆਂ ਦੀ ਨਿਗਾਹ ਵਿਚ ਕਿਉਂ ਨਾ ਆਈ?

ਬਹੁਤ ਸਾਰੇ ਲੋਕ ਇਸ ਘਟਨਾ ਨੂੰ 2019 ਦੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਸਨ। ਸਾਰਾ ਮਾਹੌਲ ਏਨਾ ਵਿਸਫੋਟਕ ਹੋ ਗਿਆ




ਸੀ ਕਿ ਜਾਪਦਾ ਸੀ, ਹੁਣੇ ਪਾਕਿਸਤਾਨ ਨਾਲ ਲੜਾਈ ਲੱਗੀ ਕਿ ਲੱਗੀ। ਮੈਂ ਆਪਣੇ ਪੇਕੇ ਪਿੰਡ ਬੈਠੀ ਸੀ ਅਤੇ ਕੁਦਰਤੀ ਹੈ ਕਿ ਮੈਨੂੰ ਕਿਸੇ ਨੇ ਵੀ ਅਜਿਹੇ ਮਾਹੌਲ ਵਿਚ ਜਾਣ ਦੀ ਆਗਿਆ ਨਾ ਦਿੱਤੀ। ਸਾਰੇ ਭੈਣ-ਭਰਾਵਾਂ ਦੇ ਮੂੰਹ 'ਤੇ ਇੱਕ ਹੀ ਗੱਲ ਸੀ, "ਤੂੰ ਕੁਝ ਦਿਨਾਂ ਨੂੰ ਕੈਨੇਡਾ ਵਾਪਸ ਜਾਣਾ ਹੈ, ਬੱਚਿਆਂ ਕੋਲ। ਪਾਕਿਸਤਾਨ ਕਦੀ ਫੇਰ ਸਹੀ।" ਅਤੇ ਮੇਰੇ ਲਈ ਸਭ ਨੂੰ ਨਾਂਹ ਕਰ ਸਕਣੀ ਸੰਭਵ ਨਹੀਂ ਸੀ। ਮੇਰੇ ਮਨ ਵਿਚ ਨਾ ਜਾ ਸਕਣ ਦਾ ਬਹੁਤ ਅਫਸੋਸ ਵੀ ਸੀ ਅਤੇ ਗੁਰੂ ਅਸਥਾਨਾਂ ਦੇ ਦਰਸ਼ਨ ਨਾ ਕਰ ਸਕਣ ਦਾ ਹੇਰਵਾ ਵੀ, ਪਰ ਜਦੋਂ ਸਾਰੇ ਇੱਕੋ ਗੱਲ ਕਹਿਣ ਤਾਂ ਉਸ ਨੂੰ ਉਥੱਲਣਾ ਕਈ ਵਾਰ ਵੱਸੋਂ ਬਾਹਰ ਹੋ ਜਾਂਦਾ ਹੈ।

ਮੈਨੂੰ ਪਤਾ ਸੀ ਕਿ ਪਾਕਿਸਤਾਨ ਵਿਚ ਕੋਈ ਦਿੱਕਤ ਨਹੀਂ ਆਉਣੀ, ਪਰ ਜਿਸ ਤਰ੍ਹਾਂ ਦਾ ਮਾਹੌਲ ਭਾਰਤੀ ਟੀ. ਵੀ. ਚੈਨਲਾਂ ਅਤੇ ਬਲਦੀ 'ਤੇ ਰੋਟੀਆਂ ਸੇਕਣ ਵਾਲੇ ਲੀਡਰਾਂ ਨੇ ਬਣਾ ਦਿੱਤਾ ਸੀ, ਉਸ ਤੋਂ ਜਾਪਦਾ ਸੀ ਕਿ 'ਸਭ ਅੱਛਾ' ਨਹੀਂ ਹੈ। ਅਖਬਾਰਾਂ ਵਿਚ ਖਬਰਾਂ ਆ ਰਹੀਆਂ ਸੀ ਕਿ ਕਰੋੜਾਂ ਰੁਪਏ ਦੇ ਛੁਹਾਰਿਆਂ ਨਾਲ ਭਰੇ ਟਰੱਕ ਪਾਕਿਸਤਾਨ ਵਾਲੇ ਪਾਸੇ ਸਰਹੱਦ 'ਤੇ ਖੜ੍ਹੇ ਇੰਤਜ਼ਾਰ ਕਰ ਰਹੇ ਹਨ। ਜਿੱਥੇ ਦੋਵੇਂ ਪਾਸਿਆਂ ਦੇ ਵਪਾਰੀਆਂ ਦੇ ਸਾਹ ਸੂਤੇ ਹੋਏ ਸਨ, ਜਿਨ੍ਹਾਂ ਦਾ ਮਾਲ ਸਰਹੱਦ 'ਤੇ ਖੜ੍ਹਾ ਸੜ ਰਿਹਾ ਸੀ, ਉਥੇ ਹੀ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਜਾਨ ਨੂੰ ਬਣੀ ਹੋਈ ਸੀ, ਜਿਨ੍ਹਾਂ ਨੂੰ ਜੰਗ ਵੇਲੇ ਅਤੇ ਜੰਗ ਦੇ ਆਸਾਰ ਹੁੰਦਿਆਂ ਹੀ ਆਪਣੇ ਭਰੇ-ਭਕੁੰਨੇ ਘਰ ਛੱਡ ਕੇ ਸੁਰਖਿਅਤ ਥਾਂਵਾਂ 'ਤੇ ਜਾਣਾ ਪੈਂਦਾ ਹੈ। ਅਜਿਹੇ ਮੌਕਿਆਂ 'ਤੇ ਇੱਕ ਵਾਰ ਫਿਰ ਉਨ੍ਹਾਂ ਲਈ ਸੰਨ 1947 ਵਾਪਰਨ ਵਰਗੇ ਹਾਲਾਤ ਬਣ ਜਾਂਦੇ ਹਨ। ਵਾਰ ਵਾਰ ਦਾ ਉਜਾੜਾ ਉਨ੍ਹਾਂ ਨੂੰ ਢੰਗ ਸਿਰ ਵੱਸਣ ਹੀ ਨਹੀਂ ਦਿੰਦਾ।

ਪੰਜਾਬ ਦੇ ਦੋਹਾਂ ਪਾਸਿਆਂ ਲਈ (ਪੂਰਬੀ ਅਤੇ ਪੱਛਮੀ) ਭਾਵੇਂ ਵਪਾਰ ਠੱਪ ਹੋ ਗਿਆ ਸੀ ਪਰ ਗੁਜਰਾਤ ਦੇ ਵਪਾਰੀਆਂ ਅਤੇ ਕਾਰਪੋਰੇਸ਼ਨਾਂ ਦਾ ਸਮਾਨ ਬਾਦਸਤੂਰ ਵਾਇਆ ਦੁਬੱਈ-ਕਰਾਚੀ ਪਹੁੰਚ ਰਿਹਾ ਸੀ। ਇੱਕ ਸਵਾਲ ਵਾਰ ਵਾਰ ਮਨ ਵਿਚ ਚੱਕਰ ਕੱਟ ਰਿਹਾ ਸੀ ਕਿ ਲੜਾਈ ਅਤੇ ਬੰਦਿਸ਼ਾਂ ਦੇ ਬੱਦਲ ਹਰ ਵਾਰੀ ਪੰਜਾਬ 'ਤੇ ਹੀ ਕਿਉਂ ਮੰਡਰਾਉਂਦੇ ਹਨ? ਸਰਹੱਦ ਤਾਂ ਰਾਜਸਥਾਨ ਅਤੇ ਗੁਜਰਾਤ ਦੀ ਵੀ ਪਾਕਿਸਤਾਨ ਨਾਲ ਲੱਗਦੀ ਹੈ, ਉਥੇ ਕੋਈ ਵੀ ਸੇਕ ਕਿਸੇ ਨੂੰ ਕਿਉਂ ਨਹੀਂ ਝੱਲਣਾ ਪੈਂਦਾ?

ਵਿਸਫੋਟਕ ਹਮਲੇ ਵਿਚ 40 ਜੁਆਨ ਭਾਵੇਂ ਜੰਮੂ-ਕਸ਼ਮੀਰ ਵਿਚ (ਮਿਲਟਰੀ ਅਫਸਰਾਂ ਦੇ ਬਿਆਨਾਂ ਅਨੁਸਾਰ ਸੁਰੱਖਿਆ ਦੀ ਅਣਗਹਿਲੀ ਕਰਕੇ) ਮਾਰੇ ਗਏ, ਪਰ ਮੁਸੀਬਤ ਕਸ਼ਮੀਰ ਤੋਂ ਬਾਹਰ ਦੂਸਰੇ ਪ੍ਰਾਂਤਾਂ ਵਿਚ ਪੜ੍ਹ ਰਹੇ ਕਸ਼ਮੀਰੀ ਵਿਦਿਆਰਥੀਆਂ 'ਤੇ ਟੁੱਟ ਪਈ। ਉਤਰੀ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿਚ ਪੜ੍ਹ ਰਹੇ ਇਨ੍ਹਾਂ ਵਿਦਿਆਰਥੀਆਂ 'ਤੇ ਭੀੜਤੰਤਰ ਤੇ ਡੰਡਾਤੰਤਰ ਵੱਲੋਂ ਹਮਲੇ ਹੋਣ ਲੱਗ ਪਏ ਅਤੇ ਉਨ੍ਹਾਂ ਨੂੰ ਕਿਰਾਏ ਦੇ ਘਰਾਂ ਵਿਚੋਂ ਕੱਢਿਆ ਜਾਣ ਲੱਗ ਪਿਆ। ਭਲਾ ਹੋਵੇ ਸੋਸ਼ਲ ਮੀਡੀਆ ਦਾ ਕਿ "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ" ਦੇ ਕਥਨ ਅਨੁਸਾਰ ਚੰਡੀਗੜ੍ਹ ਅਤੇ ਮੁਹਾਲੀ ਦੇ ਲੋਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਅਤੇ ਗੁਰੂ ਘਰਾਂ ਦੇ ਦਰਵਾਜੇ ਇਨ੍ਹਾਂ ਲਈ ਖੋਲ੍ਹ ਦਿੱਤੇ। ਕਸ਼ਮੀਰੀ ਵਿਦਿਆਰਥੀਆਂ ਨੂੰ ਨਾ ਸਿਰਫ ਰਹਿਣ ਲਈ ਥਾਂ ਅਤੇ ਲੰਗਰ ਹੀ ਮੁਹੱਈਆ ਕੀਤਾ, ਸਗੋਂ ਕਸ਼ਮੀਰ ਸੁਰੱਖਿਅਤ ਪਹੁੰਚਣ ਲਈ ਹਰ ਸੰਭਵ ਪ੍ਰਬੰਧ ਵੀ ਕੀਤਾ ਗਿਆ। ਕਸ਼ਮੀਰੀ ਵਿਦਿਆਰਥੀਆਂ ਨਾਲ ਮਾੜਾ ਵਰਤਾਉ ਭਗਵੇਂ ਬ੍ਰਿਗੇਡ ਦੀ ਸ਼ਹਿ 'ਤੇ ਹੋ ਰਿਹਾ ਸੀ, ਜੋ ਆਪਣੇ ਤੋਂ ਬਿਨਾ ਹੋਰ ਕਿਸੇ ਦਾ ਵੀ ਹਿੰਦੁਸਤਾਨ ਵਿਚ ਰਹਿਣ ਦਾ ਹੱਕ ਹੀ ਨਹੀਂ ਸਮਝਦੇ।

ਇਹ ਸੋਚਣ ਵਾਲੀ ਗੱਲ ਹੈ ਕਿ ਵਿਗੜੇ ਹਾਲਾਤ ਵਿਚ ਵੀ ਆਪਣੀ ਪੜ੍ਹਾਈ ਨਿਰਵਿਘਨ ਜਾਰੀ ਰੱਖਣ ਲਈ ਕਸ਼ਮੀਰੀ ਵਿਦਿਆਰਥੀ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਵਿਚ ਪੜ੍ਹਨ ਲਈ ਆਉਂਦੇ ਹਨ। ਬਜਾਏ ਇਸ ਦੇ ਕਿ ਉਨ੍ਹਾਂ ਨੂੰ ਹਰ ਸੰਭਵ ਸਹੂਲਤ ਦਿੱਤੀ ਜਾਵੇ ਤਾਂ ਕਿ ਉਹ ਖਾੜਕੂਵਾਦ ਤੋਂ ਦੂਰ ਰਹਿਣ, ਉਨ੍ਹਾਂ ਅੰਦਰ ਵਖਰੇਵੇਂ ਦੀ ਭਾਵਨਾ ਪੈਦਾ ਕਰਨ ਦਾ ਮਾਹੌਲ ਕਿਉਂ ਸਿਰਜਿਆ ਜਾ ਰਿਹਾ ਹੈ? ਗਵਰਨਰ ਵਰਗੇ ਜਿੰਮੇਵਾਰ ਅਹੁਦੇ 'ਤੇ ਬੈਠਾ ਬੰਦਾ ਬਿਆਨ ਦੇ ਰਿਹਾ ਹੈ ਕਿ ਕਸ਼ਮੀਰੀ ਵਸਤਾਂ ਦਾ ਬਾਈਕਾਟ ਕੀਤਾ ਜਾਵੇ? ਇਸ ਦਾ ਅਰਥ ਇਹੀ ਬਣਦਾ ਹੈ ਕਿ ਕਸ਼ਮੀਰ ਤਾਂ ਹਿੰਦੁਸਤਾਨ ਦਾ ਹਿੱਸਾ ਹੈ, ਪਰ ਕਸ਼ਮੀਰੀ ਲੋਕ ਅਤੇ ਕਸ਼ਮੀਰ ਵਿਚ ਬਣਨ ਵਾਲੀਆਂ ਚੀਜ਼ਾਂ ਦਾ ਹਿੰਦੁਸਤਾਨ ਨਾਲ ਕੋਈ ਸਬੰਧ ਨਹੀਂ? ਕਿਸ ਕਿਸਮ ਦਾ ਨਿਜ਼ਾਮ ਹੈ ਇਹ? ਕੋਈ ਵੀ ਧਰਤੀ ਉਥੋਂ ਦੇ ਲੋਕਾਂ ਦੀ ਹੁੰਦੀ ਹੈ। ਜੇ ਕਸ਼ਮੀਰ ਹਿੰਦੁਸਤਾਨ ਦਾ ਅਟੁੱਟ ਹਿੱਸਾ ਹੈ ਤਾਂ ਕਸ਼ਮੀਰੀ ਲੋਕ ਵੀ ਹਿੰਦੁਸਤਾਨ ਦਾ ਓਨਾ ਹੀ ਅਹਿਮ ਅੰਗ ਹਨ, ਜਿੰਨੇ ਹੋਰ ਪ੍ਰਾਂਤਾਂ ਦੇ ਲੋਕ; ਇਸ ਲਈ ਉਨ੍ਹਾਂ ਪ੍ਰਤੀ ਦੁਸ਼ਮਣੀ ਦੀ ਭਾਵਨਾ ਕਿਉਂ? ਅੰਕੜਿਆਂ ਅਨੁਸਾਰ (ਜਿਨ੍ਹਾਂ ਦਾ ਜ਼ਿਕਰ ਅਰੁੰਧਤੀ ਰਾਏ ਨੇ ਆਪਣੇ ਇਕ ਲੇਖ ਵਿਚ ਕੀਤਾ ਹੈ) ਜੰਮੂ ਕਸ਼ਮੀਰ ਵਿਚ 1990 ਤੋਂ ਲੈ ਕੇ ਹੁਣ ਤੱਕ ਘੱਟੋ ਘੱਟ 70 ਹਜ਼ਾਰ ਲੋਕਾਂ ਦੀ ਮੌਤ ਹੋ ਚੁਕੀ ਹੈ, ਹਜ਼ਾਰਾਂ ਦੀ ਗਿਣਤੀ ਵਿਚ ਲਾ-ਪਤਾ ਹਨ, ਹਜ਼ਾਰਾਂ 'ਤੇ ਤਸ਼ੱਦਦ ਦਾ ਕਹਿਰ ਟੁੱਟਿਆ ਹੈ, ਸੈਂਕੜੇ ਅਪਾਹਜ ਹੋਏ ਅਤੇ ਅੰਨ੍ਹੇਪਣ ਦਾ ਸ਼ਿਕਾਰ ਹੋ ਚੁਕੇ ਹਨ। ਅਰੁੰਧਤੀ ਰਾਏ ਦੇ ਦਿੱਤੇ ਅੰਕੜਿਆਂ ਅਨੁਸਾਰ ਹੀ ਮਹਿਜ਼ ਪਿਛਲੇ ਇੱਕ ਸਾਲ ਵਿਚ ਹੀ 570 ਮੌਤਾਂ ਹੋਈਆਂ ਹਨ, ਜਿਨ੍ਹਾਂ ਵਿਚੋਂ 260 ਖਾੜਕੂ, 160 ਆਮ ਲੋਕ ਅਤੇ 150 ਭਾਰਤੀ ਸੈਨਿਕ ਡਿਊਟੀ ਦੌਰਾਨ ਮਾਰੇ ਗਏ।

ਖਬਰਾਂ ਅਨੁਸਾਰ ਭਾਜਪਾ ਸਰਕਾਰ ਦਾ ਦਾਅਵਾ ਹੈ ਕਿ ਸਭ ਤੋਂ ਵੱਧ ਖਾੜਕੂ ਉਸ ਦੇ ਰਾਜ ਕਾਲ ਦੌਰਾਨ ਮਾਰੇ ਗਏ, ਪਰ ਅਖਬਾਰਾਂ ਅਨੁਸਾਰ ਹੀ ਸਭ ਤੋਂ ਵੱਧ ਭਾਰਤੀ ਸੈਨਿਕਾਂ ਨੂੰ ਵੀ ਇਸੇ ਦੌਰਾਨ ਆਪਣੀਆਂ ਜਾਨਾਂ ਦੇਣੀਆਂ ਪਈਆਂ। ਇਨ੍ਹਾਂ ਮੌਤਾਂ ਵਿਚ ਭਾਜਪਾ ਨੇਤਾ, ਭਗਵਾਂ ਬ੍ਰਿਗੇਡ ਜਾਂ ਨੇਤਾਵਾਂ ਦੇ ਬੱਚਿਆਂ, ਸੰਘ ਪਾੜ ਪਾੜ ਕੇ ਟੀ. ਵੀ. ਚੈਨਲਾਂ 'ਤੇ ਜੰਗ ਦਾ ਐਲਾਨ ਕਰਨ ਵਾਲਿਆਂ ਨੂੰ ਆਪਣੀ ਜਾਨ ਤੋਂ ਹੱਥ ਨਹੀਂ ਧੋਣੇ ਪਏ, ਸਗੋਂ ਕਸ਼ਮੀਰੀ ਲੋਕਾਂ ਜਾਂ ਭਾਰਤੀ ਫੌਜੀਆਂ ਦੀ ਜਾਨ ਗਈ ਹੈ।

ਇਹ ਕਿਸੇ ਵੀ ਦੇਸ਼ ਦੀ ਅਤੇ ਫੌਜ ਦੀ ਬਦਕਿਸਮਤੀ ਹੁੰਦੀ ਹੈ, ਜਦੋਂ ਉਸ ਨੂੰ ਆਪਣੇ ਹੀ ਲੋਕਾਂ ਨਾਲ ਲੜਨ ਲਈ ਕਿਹਾ ਜਾਂਦਾ ਹੈ। ਫੌਜਾਂ ਦਾ ਕੰਮ ਬਾਹਰੀ ਖਤਰਿਆਂ ਤੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨਾ ਹੁੰਦਾ ਹੈ। ਇਸ ਲਈ ਆਪਣੀਆਂ ਫੌਜਾਂ ਰਾਹੀਂ ਸਰਹੱਦਾਂ ਦੀ ਰਾਖੀ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ ਤਾਂ ਕਿ ਬਾਹਰੋਂ ਕੋਈ ਘੁਸਪੈਠ ਨਾ ਹੋ ਸਕੇ ਅਤੇ ਅੰਦਰੂਨੀ ਸੁਰੱਖਿਆ ਦਾ ਪ੍ਰਬੰਧ ਬਾਕੀ ਸੁਰੱਖਿਆ ਏਜੰਸੀਆਂ ਨੂੰ ਸੌਂਪਿਆ ਜਾਵੇ। ਖਾੜਕੂਵਾਦ ਐਵੇਂ ਹੀ ਪੈਦਾ ਨਹੀਂ ਹੋ ਜਾਂਦਾ, ਉਸ ਦੇ ਬੁਨਿਆਦੀ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਖਬਾਰਾਂ ਵਿਚ ਇੱਕ ਬਿਆਨ ਆਇਆ ਸੀ ਕਿ 'ਜਿਸ ਵੀ ਕਸ਼ਮੀਰੀ ਦੇ ਹੱਥ ਵਿਚ ਬੰਦੂਕ ਦਿਸੇ, ਉਸ ਨੂੰ ਤੁਰੰਤ ਗੋਲੀ ਮਾਰ ਦੇਣ' ਦਾ ਹੁਕਮ ਦਿੱਤਾ ਗਿਆ ਹੈ। ਬੰਦੂਕ ਚੁੱਕਣ ਵਾਲੇ ਨੌਜੁਆਨਾਂ ਲਈ ਉਪਰਾਲਾ ਇਹ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਮੱਸਿਆ ਨੂੰ ਸਮਝ ਕੇ ਗੋਲੀ ਮਾਰਨ ਦੀ ਥਾਂ ਹੱਥਾਂ ਵਿਚੋਂ ਬੰਦੂਕ ਛੁਟਵਾ ਕੇ ਕਿਤਾਬਾਂ ਦਿੱਤੀਆਂ ਜਾਣ, ਕਿਰਤ ਦੇ ਸੰਦ ਫੜਾਏ ਜਾਣ।

ਭਾਰਤੀ ਪਰੰਪਰਾ ਵਿਚ ਮਹਾਰਾਜਾ ਅਸ਼ੋਕ ਦਾ ਕਾਲਿੰਗਾ ਦਾ ਯੁੱਧ, ਮਹਾਂਭਾਰਤ ਦਾ ਯੁੱਧ, ਦੋ ਆਲਮੀ ਜੰਗਾਂ ਤੋਂ ਹੁਣ ਤੱਕ ਦੇ ਵਿਸ਼ਵ ਇਤਿਹਾਸ ਵਿਚ ਇਹੀ ਸਾਹਮਣੇ ਆਇਆ ਹੈ ਕਿ ਯੁੱਧ ਵਿਚੋਂ ਮਸਲਿਆਂ ਦਾ ਹੱਲ ਨਹੀਂ ਬਲਕਿ ਤਬਾਹੀ ਹੀ ਨਿਕਲਦੀ ਹੈ। ਜਾਨੀ ਅਤੇ ਮਾਲੀ ਨੁਕਸਾਨ ਹੀ ਹੁੰਦਾ ਹੈ ਅਤੇ ਯੁੱਧ ਵਿਚ ਸ਼ਰੀਕ ਕੌਮਾਂ ਤਬਾਹ ਹੋ ਜਾਂਦੀਆਂ ਹਨ।

ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਹੈ, ਕਸ਼ਮੀਰ ਮਸਲੇ ਦਾ ਵੀ ਨਹੀਂ। ਪਾਕਿਸਤਾਨ ਅਤੇ ਭਾਰਤ-ਦੋਵਾਂ ਮੁਲਕਾਂ ਦੀ ਭਲਾਈ ਆਪਸੀ ਸਹਿਯੋਗ ਵਿਚ ਹੈ, ਨਾ ਕਿ ਯੁੱਧ ਵਿਚ? ਆਪਸੀ ਸਹਿਯੋਗੀ ਸਬੰਧਾਂ ਵਿਚ ਹੀ ਦੋਵੇਂ ਮੁਲਕ ਆਪਸੀ ਵਪਾਰ ਵਧਾ ਕੇ ਤਰੱਕੀ ਕਰ ਸਕਦੇ ਹਨ। ਕਸ਼ਮੀਰ ਦਾ ਹੱਲ ਵੀ ਬੰਦੂਕ ਵਿਚੋਂ ਨਹੀਂ, ਭਰੋਸੇ ਵਾਲੇ ਮਾਹੌਲ ਵਿਚ ਕੀਤੀ ਗੱਲਬਾਤ ਵਿਚੋਂ ਹੀ ਨਿਕਲਣਾ ਹੈ। ਜਨਾਬ ਇਮਰਾਨ ਖਾਨ ਨੇ ਯੁੱਧ ਨੂੰ ਟਾਲਣ ਲਈ ਜਿਸ ਤਰ੍ਹਾਂ ਸੁਹਿਰਦਤਾ ਦਿਖਾਈ ਹੈ, ਉਹ ਧੰਨਵਾਦ ਦੇ ਹੱਕਦਾਰ ਹਨ।

ਤੁਰਕਿਸ਼ ਏਅਰਲਾਈਨ ਵਿਚ ਇਸਤੰਬੋਲ ਤੋਂ ਮੇਰੇ ਨਾਲ ਬੈਠੀ ਪਾਕਿਸਤਾਨ ਤੋਂ ਆਈ ਬੀਬੀ ਦੱਸ ਰਹੀ ਸੀ ਕਿ ਪਾਕਿਸਤਾਨ ਦਾ ਆਵਾਮ ਵੀ ਲੜਾਈ ਦੇ ਬਿਲਕੁਲ ਹੱਕ ਵਿਚ ਨਹੀਂ ਹੈ, ਸਭ ਅਮਨ ਚਾਹੁੰਦੇ ਹਨ। ਦੋਹਾਂ ਮੁਲਕਾਂ ਦੇ ਸਿਆਸਤਦਾਨਾਂ ਅਤੇ ਭੜਕਾਊ ਟੀ. ਵੀ. ਚੈਨਲਾਂ ਨੂੰ ਵੀ ਇਹ ਗੱਲ ਸਮਝਣੀ ਚਾਹੀਦੀ ਹੈ। ਆਮੀਨ!



ਪੁਲਵਾਮਾ ਹਮਲੇ 'ਚ ਮੱਚੀ ਤਬਾਹੀ ਦਾ ਇਕ ਦ੍ਰਿਸ਼

# ਰੱਬ ਅਤੇ ਮਨੁੱਖ

ਰੱਬ ਦੇ ਹੋਣ ਜਾਂ ਨਾ ਹੋਣ ਦਾ ਸਵਾਲ ਸਦੀਆਂ ਪੁਰਾਣਾ ਹੈ ਅਤੇ ਇਹ ਬਹਿਸ ਵੀ ਉਦੋਂ ਤੋਂ ਹੀ ਚਲਦੀ ਆ ਰਹੀ ਹੈ। ਰੱਬ ਦੀ ਹੋਂਦ ਨੂੰ ਮੰਨਣ ਦਾ ਆਧਾਰ ਸ਼ਰਧਾ, ਵਿਸ਼ਵਾਸ ਅਤੇ ਮਾਨਤਾਵਾਂ ਹਨ, ਜਦੋਂ ਕਿ ਨਾ ਮੰਨਣ ਵਾਲਿਆਂ ਦਾ ਆਧਾਰ ਦਲੀਲ ਜਾਂ ਤਾਰਕਿਕ ਬੁੱਧੀ ਹੈ। ਇਨ੍ਹਾਂ ਦੇ ਆਪੋ ਆਪਣੇ ਪੱਖ ਤੇ ਇਕ ਦੂਜੇ ਨਾਲ ਮਤਭੇਦ ਆਸਾਨੀ ਨਾਲ ਸਮਝਣ ਲਈ ਪਹਿਲਾਂ ਰੱਬ ਦੀ ਹੋਂਦ ਦੇ ਸੰਕਲਪ ਦਾ ਇਤਿਹਾਸ ਜਾਣਨ ਦੀ ਕੋਸ਼ਿਸ਼ ਕਰਦੇ ਹਾਂ।

ਮਨੁੱਖ ਦੀ ਧਰਤੀ 'ਤੇ ਹੋਂਦ ਕਰੀਬ ਦੱਸ ਲੱਖ ਸਾਲ ਪਹਿਲਾਂ ਹੋਈ ਸੀ, ਪਰ ਮਨੁੱਖ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਸਿਰਫ ਕੁਝ ਹਜ਼ਾਰ ਸਾਲ ਪਹਿਲਾਂ ਹੀ ਹੋਇਆ, ਜਦੋਂ ਯਹੂਦੀ ਧਰਮ ਵਲੋਂ ਸਭ ਤੋਂ ਪਹਿਲਾਂ ਇੱਕ ਰੱਬ ਦਾ ਸੰਕਲਪ ਦਿੱਤਾ ਗਿਆ।

ਸੋ, ਅਸੀਂ ਦੇਖਦੇ ਹਾਂ ਕਿ ਮਨੁੱਖ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਮਨੁੱਖ ਦੇ ਬੋਲਣਾ ਸਿੱਖਣ

ਨੰਦ ਸਿੰਘ ਬਰਾੜ
ਫੋਨ: 916-501-3974

ਤੋਂ, ਭਾਵ ਸ਼ਬਦ ਦੀ ਜਾਣਕਾਰੀ ਹੋਣ ਤੋਂ ਵੀ ਸੈਂਕੜੇ ਨਹੀਂ ਸਗੋਂ ਕਈ ਹਜ਼ਾਰ ਸਾਲ ਪਿਛੋਂ ਹੋਇਆ।

ਯਹੂਦੀ ਧਰਮ ਦੀ ਆਮਦ ਤੋਂ ਕੁਝ ਸਮਾਂ ਪਹਿਲਾਂ ਜਾਂ ਪਿਛੋਂ ਹੋਏ ਬੁੱਧ ਧਰਮ ਅਤੇ ਜੈਨ ਧਰਮ ਵਿਚ ਰੱਬ ਦੀ ਹੋਂਦ ਬਾਰੇ ਕੋਈ ਵੇਰਵਾ ਨਹੀਂ ਮਿਲਦਾ। ਯਹੂਦੀ ਧਰਮ ਤੋਂ ਪਿਛੋਂ ਅਤੇ ਦੋ ਹਜ਼ਾਰ ਪਹਿਲਾਂ ਈਸਾਈ ਧਰਮ ਨੇ ਵੀ ਇੱਕ ਰੱਬ ਦੇ ਸੰਕਲਪ ਦਾ ਪ੍ਰਚਾਰ ਕੀਤਾ। ਉਸ ਪਿਛੋਂ ਸੱਤਵੀਂ ਸਦੀ ਈਸਵੀ ਵਿਚ ਇਸਲਾਮ ਵੀ ਇੱਕ ਰੱਬ ਨੂੰ ਮੰਨਣ ਵਾਲਾ ਧਰਮ ਹੈ। ਪੰਦਰਵੀਂ ਸਦੀ ਤੋਂ ਚਲਿਆ ਸਿੱਖ ਧਰਮ ਵੀ ਇੱਕ ਰੱਬ ਦਾ ਪੈਰੋਕਾਰ ਹੈ।

ਇਹ ਠੀਕ ਹੈ ਕਿ ਇੱਕ ਰੱਬ ਦਾ ਸੰਕਲਪ ਬਹੁਤੇ ਮੁੱਖ ਧਰਮਾਂ ਦਾ ਸਰਵਪ੍ਰਵਾਨਤ ਸੰਕਲਪ ਹੈ, ਭਾਵੇਂ ਉਨ੍ਹਾਂ ਵਿਚ ਕੁਝ ਬੁਨਿਆਦੀ ਮੱਤਭੇਦ ਵੀ ਹਨ। ਅਜਿਹੇ ਵੀ ਬਹੁਤ ਹਨ, ਜੋ ਕੁਦਰਤ ਦੇ ਹਰ ਵਰਤਾਰੇ ਨੂੰ ਦਲੀਲ, ਤਰਕ, ਵਿਗਿਆਨਕ ਨਜ਼ਰੀਏ ਅਤੇ ਵਿਵੇਕ ਨਾਲ ਵੇਖਦਿਆਂ ਸੱਚ ਦੇ ਨੇੜੇ ਤੋਂ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਿਸੇ ਅੰਤਿਮ ਸੱਚਾਈ (ਰੱਬ) ਦੀ ਹੋਂਦ ਤੋਂ ਹੀ ਮੁਨਕਰ ਹਨ। ਇਸ ਲਿਖਤ ਰਾਹੀਂ ਇਨ੍ਹਾਂ ਦੋਨਾਂ ਵਿਰੋਧੀ ਧਿਰਾਂ ਦੇ ਸੰਕਲਪਾਂ ਦੇ ਵਾਰੀ ਵਾਰੀ ਸਿਧਾਂਤਕ ਵਖਰੇਵੇਂ ਜਾਣ ਕੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੀ ਇਨ੍ਹਾਂ ਵਿਚ ਨੇੜਤਾ ਲਿਆਂਦੀ ਜਾ ਸਕਦੀ ਹੈ ਜਾਂ ਨਹੀਂ?

ਇੱਕ ਰੱਬ ਦੀ ਹੋਂਦ ਵਿਚ ਯਕੀਨ ਰੱਖਣ ਵਾਲੇ ਸਾਰੇ ਧਰਮਾਂ ਦੇ ਪੈਰੋਕਾਰਾਂ ਦਾ ਪੱਕਾ ਵਿਸ਼ਵਾਸ ਹੈ ਕਿ ਰੱਬ ਇਕ ਅੰਤਿਮ ਸੱਚ ਜਾਂ ਅੰਤਿਮ ਗਿਆਨ ਹੈ ਅਤੇ ਇਸ ਤੋਂ ਉਪਰ ਕੋਈ ਗਿਆਨ ਨਹੀਂ ਹੈ। ਰੱਬ ਦਾ ਮਿਲਾਪ ਅਧਿਆਤਮਕ, ਗਿਆਨ ਪ੍ਰਾਪਤ ਹੋਣ 'ਤੇ ਮਿਲਦਾ ਹੈ, ਭਾਵ ਅਧਿਆਤਮਕ ਗਿਆਨ ਦੀ ਪ੍ਰਾਪਤੀ ਅਤੇ ਰੱਬ ਦਾ ਮਿਲਾਪ ਇਕ ਹੀ ਹੁੰਦਾ ਹੈ। ਉਨ੍ਹਾਂ ਸਭ ਦੀ ਆਪੋ ਆਪਣੇ ਨਬੀਆਂ, ਪੀਰਾਂ, ਪੈਗੰਬਰਾਂ ਜਾਂ ਗੁਰੂਆਂ ਵਿਚ ਪੂਰੀ ਪੂਰੀ ਆਸਥਾ ਹੈ, ਜਿਨ੍ਹਾਂ ਨੂੰ ਰੱਬ ਦੇ ਪ੍ਰਤੱਖ ਦਰਸ਼ਨ ਹੋਏ ਸਨ ਅਤੇ ਉਨ੍ਹਾਂ ਦੀ ਰੱਬ ਨਾਲ ਆਹਮੋ ਸਾਹਮਣੇ ਵਿਚਾਰ-ਚਰਚਾ ਵੀ ਹੁੰਦੀ ਰਹੀ ਹੈ। ਉਨ੍ਹਾਂ ਦਾ ਇਹ ਵੀ ਪੱਕਾ ਯਕੀਨ ਹੈ ਕਿ ਰੱਬ ਨੂੰ ਸਿਰਫ ਮਨੁੱਖਾ ਜਨਮ ਵਿਚ ਹੀ ਪਾਇਆ ਜਾ ਸਕਦਾ ਹੈ ਜਾਂ ਕਹਿ ਸਕਦੇ ਹਨ ਕਿ ਮਨੁੱਖਾ ਜਨਮ ਰੱਬ ਨੂੰ ਪਾਉਣ ਵਾਸਤੇ ਹੀ ਮਿਲਿਆ ਹੈ। ਇਸ ਲਈ ਬਾਕੀ ਸੰਸਾਰਕ ਕੰਮ ਛੱਡ ਕੇ ਹਰ ਮਨੁੱਖ ਦੇ ਜਨਮ ਦਾ ਅਸਲ ਉਦੇਸ਼ ਉਸ ਅੰਤਿਮ ਸੱਚ ਤੱਕ ਪਹੁੰਚਣਾ, ਭਾਵ ਰੱਬ ਨੂੰ ਪਾਉਣਾ ਹੈ। ਇਸ ਅੰਤਿਮ ਸੱਚ ਤੱਕ ਪਹੁੰਚਣ ਲਈ ਉਨ੍ਹਾਂ ਦੇ ਮਹਾਂਪੁਰਖਾਂ ਨੇ ਉਨ੍ਹਾਂ ਦੀ ਮਦਦ ਵਾਸਤੇ ਧਾਰਮਕ ਗ੍ਰੰਥ ਰਚੇ ਹਨ। ਇਨ੍ਹਾਂ ਧਾਰਮਕ ਗ੍ਰੰਥਾਂ ਤੋਂ ਸੇਧ ਲੈ ਕੇ ਅਤੇ ਉਸ ਅਨੁਸਾਰ ਚੱਲ ਕੇ ਉਸ ਅੰਤਿਮ ਸੱਚ ਤੱਕ ਪਹੁੰਚਿਆ ਜਾ ਸਕਦਾ ਹੈ।

ਸੱਚ ਤੱਕ ਪਹੁੰਚਣ ਭਾਵ ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਇਸ ਮਾਰਗ ਨੂੰ ਅਧਿਆਤਮਕ ਮਾਰਗ ਕਿਹਾ ਜਾਂਦਾ ਹੈ। ਉਨ੍ਹਾਂ ਸਭ ਦਾ ਇੱਕ ਪੱਕਾ ਯਕੀਨ ਇਹ ਵੀ ਹੈ ਕਿ ਜਿਸ ਵਿਅਕਤੀ ਨੂੰ ਅਧਿਆਤਮਕ ਗਿਆਨ ਹੋ ਜਾਵੇ, ਉਸ ਨੂੰ ਰੱਬ ਨਾਲ ਮਿਲਾਪ ਹੋਣ ਦੇ ਨਾਲ ਨਾਲ ਦੁਨੀਆਂ ਦੇ ਬਾਕੀ ਸਾਰੇ ਗਿਆਨਾਂ ਦਾ ਗਿਆਨ ਵੀ ਆਪਣੇ ਆਪ ਹੋ ਜਾਂਦਾ ਹੈ।

ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਚਾਰ ਮਾਰਗ ਗਿਣੇ ਜਾਂਦੇ ਹਨ। ਪਹਿਲਾ ਸ਼ਰਧਾ ਰਾਹੀਂ: ਜਿਸ ਗੁਰੂ ਨੂੰ ਅਧਿਆਤਮਕ ਗਿਆਨ ਪ੍ਰਾਪਤ ਹੋਇਆ ਹੈ, ਉਸ ਦੀਆਂ ਸਿਖਿਆਵਾਂ ਪ੍ਰਤੀ ਸੰਪੂਰਨ ਸ਼ਰਧਾ ਨਾਲ ਅਧਿਆਤਮਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਦੂਜਾ ਸ਼ਬਦ ਰਾਹੀਂ: ਆਪਣੇ ਗੁਰੂ ਦੁਆਰਾ ਦਿੱਤੇ ਸ਼ਬਦ ਦਾ ਪੂਰੇ ਇੱਕ ਮਨ ਨਾਲ ਅਭਿਆਸ ਕਰਨ ਨਾਲ ਅਧਿਆਤਮਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਤੀਜਾ, ਜੇ ਗੁਰੂ, ਜਿਸ ਨੂੰ ਅਧਿਆਤਮਕ ਗਿਆਨ ਪ੍ਰਾਪਤ ਹੋਇਆ ਹੈ, ਆਪਣੇ ਚੇਲੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਵੇ ਤਾਂ ਉਹ ਆਪਣੇ ਚੇਲੇ ਦੇ ਮੱਥੇ 'ਤੇ ਹੱਥ ਰੱਖ ਕੇ ਉਸ ਵਿਚ ਅਧਿਆਤਮਕ ਗਿਆਨ ਦਾ ਸੰਚਾਰ ਕਰ ਸਕਦਾ ਹੈ। ਚੌਥਾ, ਆਪਣੀ ਸੱਚੀ ਸੁੱਚੀ ਤੇ ਰੱਬ ਵਿਚ ਪੂਰਨ ਵਿਸ਼ਵਾਸ ਰੱਖ ਕੇ ਕੀਤੀ ਭਗਤੀ ਨਾਲ ਵੀ ਅਧਿਆਤਮਕ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਅਸਲ ਵਿਚ ਅਧਿਆਤਮਕ ਮਾਰਗ ਭਾਵੇਂ ਕੋਈ ਵੀ ਹੋਵੇ, ਅਧਿਆਤਮਕ ਗਿਆਨ ਦੀ ਪ੍ਰਾਪਤੀ ਸਿਰਫ ਉਸ ਅੰਤਿਮ ਸੱਚ ਦੇ ਦਰਸ਼ਨ ਕਰਨ ਨਾਲ ਹੀ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ ਇਸ ਸੰਸਾਰ ਦੇ ਸਮਾਜਕ, ਰਾਜਨੀਤਕ, ਵਿਗਿਆਨਕ ਆਦਿ ਸਾਰੇ ਸੰਸਾਰਕ ਗਿਆਨ ਵੀ ਪ੍ਰਾਪਤ ਹੋ ਜਾਂਦੇ ਹਨ।

ਦੂਸਰੀ ਧਿਰ ਵਾਲਿਆਂ ਨੂੰ ਤਰਕਸ਼ੀਲ, ਵਿਗਿਆਨਕ ਜਾਂ ਤਾਰਕਿਕ ਵਿਚਾਰਾਂ ਵਾਲੇ ਕਿਹਾ ਜਾਂਦਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਸੱਚ ਦੇ ਨੇੜੇ ਤੋਂ ਨੇੜੇ ਤਾਂ ਪਹੁੰਚਿਆ ਜਾ ਸਕਦਾ ਹੈ, ਪਰ ਅੰਤਿਮ ਸੱਚ ਜਾਂ ਅੰਤਿਮ ਗਿਆਨ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਸ ਲਈ ਉਹ ਦਲੀਲ ਦਿੰਦੇ ਹਨ ਕਿ ਜੇ ਕੋਈ ਅੰਤਿਮ ਸੱਚ ਹੁੰਦਾ ਹੈ ਤਾਂ ਉਹ ਸਭ ਲਈ ਇੱਕ ਹੀ ਹੋਣਾ ਚਾਹੀਦਾ ਹੈ। ਉਸ ਅੰਤਿਮ ਸੱਚ, ਰੱਬ ਦੇ ਰੂਬਰੂ ਹੋਣ ਨੂੰ ਧਾਰਮਕ ਨਜ਼ਰੀਏ ਤੋਂ ਸਾਖਸ਼ਾਤਕਾਰ ਵੀ ਕਿਹਾ ਜਾਂਦਾ ਹੈ। ਆਪਣੀ ਦਲੀਲ ਦੀ ਪੁਸ਼ਟੀ ਲਈ ਉਹ ਧਾਰਮਕ ਮਹਾਂਪੁਰਖਾਂ ਦੀ ਮਿਸਾਲ ਦਿੰਦੇ ਹਨ, ਜਿਨ੍ਹਾਂ ਨੂੰ ਸਾਖਸ਼ਾਤਕਾਰ ਹੋਇਆ ਹੈ। ਉਹ ਕਹਿੰਦੇ ਹਨ ਕਿ ਮਹਾਤਮਾ ਬੁੱਧ ਨੂੰ ਸਾਖਸ਼ਾਤਕਾਰ ਹੋਇਆ, ਯਸੂ ਮਸੀਹ ਨੂੰ ਸਾਖਸ਼ਾਤਕਾਰ ਹੋਇਆ, ਮੁਹੰਮਦ ਸਾਹਿਬ ਨੂੰ ਸਾਖਸ਼ਾਤਕਾਰ ਹੋਇਆ, ਸਿੱਖ ਗੁਰੂ ਸਾਹਿਬਾਨ ਨੂੰ ਵੀ ਸਾਖਸ਼ਾਤਕਾਰ ਹੋਇਆ, ਪਰ ਕੀ ਇਨ੍ਹਾਂ ਸਭ ਦੇ ਸਾਖਸ਼ਾਤਕਾਰ ਰਾਹੀਂ ਇੱਕ ਹੀ ਅੰਤਿਮ ਸੱਚ ਪਾਇਆ ਗਿਆ?

ਮਹਾਤਮਾ ਬੁੱਧ ਕਿਸੇ ਰੱਬ ਦਾ ਜ਼ਿਕਰ ਨਹੀਂ ਕਰਦੇ, ਯਸੂ ਮਸੀਹ ਤੇ ਮੁਹੰਮਦ ਸਾਹਿਬ ਰੱਬ ਦੇ ਇੱਕ ਹੋਣ ਬਾਰੇ ਦਸਦੇ ਹਨ, ਜੋ ਸਵਰਗ ਵਿਚ ਕਿਤੇ ਬੈਠਾ ਹੈ ਅਤੇ ਕਿਆਮਤ ਦੇ ਦਿਨ ਆਪਣੇ ਪੈਰੋਕਾਰਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਚੰਗੇ-ਮਾੜੇ ਕੰਮਾਂ ਅਨੁਸਾਰ ਉਨ੍ਹਾਂ ਨੂੰ ਸੁਰਗ ਤੇ ਨਰਕ ਵਿਚ ਭੇਜਣ ਦਾ ਫੈਸਲਾ ਕਰੇਗਾ। ਸਿੱਖ ਧਰਮ ਅਨੁਸਾਰ ਰੱਬ ਦਾ ਕੋਈ ਰੂਪ, ਰੰਗ ਜਾਂ ਆਕਾਰ ਨਹੀਂ ਅਤੇ ਉਹ ਸਮੁੱਚੇ ਸੰਸਾਰ ਦੇ ਸਾਰੇ ਜੀਵਾਂ-ਨਿਰਜੀਵਾਂ ਤੇ ਕਣ ਕਣ ਵਿਚ ਸਮਾਇਆ ਹੋਇਆ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਹ ਅੰਤਿਮ ਸੱਚ ਨਹੀਂ ਹੋ ਸਕਦਾ, ਕਿਉਂਕਿ ਇਹ ਸਭ ਲਈ ਇੱਕ ਨਹੀਂ ਹੈ ਸਗੋਂ ਇਹ ਕਲਪਨਾ ਲਗਦੀ ਹੈ, ਜੋ ਸਮੇਂ ਦੇ ਨਾਲ ਨਾਲ ਗਿਆਨ ਦਾ ਵਿਕਾਸ ਹੋਣ ਕਰਕੇ ਬਦਲਦੀ ਰਹੀ ਹੈ।

ਅਧਿਆਤਮਕ ਗਿਆਨ ਦੀ ਦੂਜੀ ਅਹਿਮ ਪ੍ਰਾਪਤੀ ਇਹ ਹੈ ਕਿ ਇਸ ਗਿਆਨ ਦੀ ਪ੍ਰਾਪਤੀ ਨਾਲ ਸੰਸਾਰ ਦਾ ਹਰੇਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਵਿਗਿਆਨਕ ਸੋਚ ਵਾਲੇ ਇਸ ਸੰਸਾਰ ਦੀ ਉਤਪਤੀ ਦੀ ਮਿਸਾਲ ਲੈਂਦੇ ਹਨ। ਆਪਾਂ ਜਾਣਦੇ ਹਾਂ ਕਿ ਓਲਡ ਟੈਸਟਾਮੈਂਟ ਨੂੰ ਮੰਨਣ ਵਾਲੇ ਤਿੰਨਾਂ ਧਰਮਾਂ-ਯਹੂਦੀ, ਈਸਾਈ ਅਤੇ ਇਸਲਾਮ ਧਰਮ ਦਾ ਵਿਸ਼ਵਾਸ ਹੈ ਕਿ ਇਹ ਸਾਰਾ ਸੰਸਾਰ ਰੱਬ ਨੇ ਛੇ ਦਿਨਾਂ ਵਿਚ ਬਣਾਇਆ ਹੈ। ਬੁੱਧ ਧਰਮ ਅਤੇ ਜੈਨ ਧਰਮ ਵਾਲੇ ਵੀ ਕੁਝ ਇਸੇ ਤਰ੍ਹਾਂ ਦਾ ਸੁਝਾਓ ਦਿੰਦੇ ਹਨ। ਹਿੰਦੂਆਂ ਦੇ ਗ੍ਰੰਥ ਸਰਸਵਤੀ ਪੁਰਾਣ ਅਨੁਸਾਰ ਬ੍ਰਹਮਾ ਆਪਣੇ ਆਪ ਪੈਦਾ ਹੋਇਆ। ਇੱਕ ਵਾਰ ਉਹ ਪਰੀਆਂ ਦੇ ਨਾਚ ਦਾ ਅਨੰਦ ਮਾਣ ਰਿਹਾ ਸੀ ਕਿ ਖਲਾਸ ਹੋ ਗਿਆ, ਜਿਸ ਤੋਂ ਅਗਸਤਿਆ ਰਿਸ਼ੀ ਪੈਦਾ ਹੋਇਆ। ਇਸੇ ਤਰ੍ਹਾਂ ਦੀ ਦੂਜੀ ਘਟਨਾ ਅਗਸਤਿਆ ਰਿਸ਼ੀ ਦੇ ਪਰੀਆਂ ਦਾ ਨਾਚ ਦੇਖਣ ਤੋਂ ਹੋਈ, ਜਿਸ ਤੋਂ ਸਰਸਵਤੀ ਪੈਦਾ ਹੋਈ। ਬ੍ਰਹਮਾ ਅਤੇ ਸਰਸਵਤੀ ਦੇ ਮਿਲਾਪ ਤੋਂ ਇਹ ਸਮੁੱਚੀ ਮਨੁੱਖ ਜਾਤੀ ਪੈਦਾ ਹੋਈ ਹੈ।

ਇਥੇ ਤਰਕਵਾਦੀ ਦਲੀਲ ਦਿੰਦੇ ਹਨ ਕਿ ਸੰਸਾਰ ਦੇ ਪੈਦਾ ਹੋਣ ਦੀਆਂ ਇਹ ਵਿਆਖਿਆਵਾਂ ਉਨ੍ਹਾਂ ਮਹਾਂਪੁਰਖਾਂ ਵਲੋਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੂੰ ਅਧਿਆਤਮਕ ਗਿਆਨ ਪ੍ਰਾਪਤ ਸੀ, ਪਰ ਇਨ੍ਹਾਂ ਵਿਚੋਂ ਕੋਈ ਵੀ ਵਿਆਖਿਆ ਸਹੀ ਨਹੀਂ ਹੈ, ਕਿਉਂਕਿ ਅੱਜ ਵਿਗਿਆਨ ਨੇ ਸਾਬਤ ਕਰ ਦਿੱਤਾ ਕਿ ਇਹ ਸਾਰਾ ਕੁਝ ਐਵੋਲੂਸ਼ਨ ਕਰਕੇ ਹੋਇਆ ਹੈ। ਇਸ ਲਈ ਉਕਤ ਚਰਚਾ ਤੋਂ ਇਹੋ ਸਪਸ਼ਟ ਹੈ ਕਿ ਅਧਿਆਤਮਕ ਗਿਆਨ ਰਾਹੀਂ ਕਿਸੇ ਅੰਤਿਮ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਇਸ ਗਿਆਨ ਰਾਹੀਂ ਸਮੁੱਚੇ ਸੰਸਾਰ ਦੇ ਸਾਰੇ ਸੰਸਾਰਕ ਗਿਆਨਾਂ ਦਾ ਸਹੀ ਗਿਆਨ ਹੁੰਦਾ ਹੈ। ਇਸ ਤਰ੍ਹਾਂ ਤਰਕਵਾਦੀ ਅਤੇ ਵਿਗਿਆਨਕ ਸੋਚ ਵਾਲੇ ਦਾਅਵਾ ਕਰਦੇ ਹਨ ਕਿ ਅਸਲ ਵਿਚ ਅਧਿਆਤਮਕ ਗਿਆਨ ਅਤੇ ਕਿਸੇ ਅੰਤਿਮ ਸੱਚ ਦੇ ਹੋਣ ਵਿਚ ਕੋਈ ਸੱਚਾਈ ਨਹੀਂ ਹੈ।

ਕੁਝ ਦਿਨ ਪਹਿਲਾਂ ਯੂਟਿਊਬ 'ਤੇ ਸ. ਬਲਕੌਰ ਸਿੰਘ ਦੀ ਇੱਕ ਇੰਟਰਵਿਊ ਕਾਫੀ ਵਾਇਰਲ ਹੋਈ ਸੀ। ਸ. ਬਲਕੌਰ ਸਿੰਘ ਕਰ ਅਤੇ ਆਬਕਾਰੀ ਮਹਿਕਮੇ ਵਿਚ ਇੱਕ ਉਚੇ ਅਹੁਦੇ ਤੋਂ ਰਿਟਾਇਰ ਹੋਏ ਹਨ ਅਤੇ ਉਚਕੋਟੀ ਦੇ ਖੋਜੀ ਵਿਦਵਾਨ ਹਨ। ਰੱਬ ਸਬੰਧੀ ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਅੰਗਰੇਜ਼ੀ ਵਿਚ ਕਾਫੀ ਸਖਤ ਟਿੱਪਣੀ ਕੀਤੀ ਹੈ। ਪੰਜਾਬੀ ਵਿਚ ਮੈਂ ਸ਼ਾਇਦ ਉਨ੍ਹਾਂ ਦੀ ਸਮੁੱਚੀ ਭਾਵਨਾ ਦੀ ਤਰਜਮਾਨੀ ਨਾ ਕਰ ਸਕਾਂ, ਪਰ ਉਸ ਟਿੱਪਣੀ ਨੂੰ ਕੁਝ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ, "ਸਮੁੱਚੇ ਮਨੁੱਖੀ ਇਤਿਹਾਸ ਵਿਚ ਪੁਜਾਰੀ ਜਮਾਤਾਂ ਵਲੋਂ ਹਾਕਮ ਜਮਾਤਾਂ ਦੀ ਨਾਪਾਕ ਮਿਲੀਭੁਗਤ ਨਾਲ ਰੱਬ ਦਾ ਸੰਕਲਪ ਗੈਰ ਇਖਲਾਕੀ ਅਤੇ ਨੁਕਸਾਨਦਾਇਕ ਢੰਗ ਨਾਲ ਪੈਦਾ ਕਰਕੇ, ਕਾਇਮ ਰੱਖ ਕੇ ਅਤੇ ਫੈਲਾ ਕੇ ਇਨਸਾਨੀਅਤ ਵਿਰੁਧ ਕਮਾਇਆ ਗਿਆ ਅੱਜ ਤੱਕ ਦਾ ਸਭ ਤੋਂ ਵੱਡਾ ਧੋਖਾ ਹੈ।"

ਉਨ੍ਹਾਂ ਦੀ ਇਹ ਟਿੱਪਣੀ ਸੁਣ ਕੇ ਮੈਂ ਸ਼ਸ਼ੋਪੰਜ ਵਿਚ ਪੈ ਗਿਆ ਕਿਉਂਕਿ ਜਿਵੇਂ ਅਸੀਂ ਬਚਪਨ ਤੋਂ ਸੁਣਦੇ ਆਏ ਹਾਂ ਕਿ ਪੁਜਾਰੀ ਜਮਾਤਾਂ, ਹਾਕਮਾਂ ਦੀ ਸ਼ਹਿ 'ਤੇ ਲੋਕਾਂ ਨੂੰ ਅੱਗ, ਪਾਣੀ, ਸੂਰਜ ਆਦਿ ਅਨੇਕਾਂ ਦੇਵੀ-ਦੇਵਤਿਆਂ ਦੇ ਨਾਂ 'ਤੇ ਅੰਧਵਿਸ਼ਵਾਸ ਵਿਚ ਪਾ ਕੇ ਉਨ੍ਹਾਂ ਦੇ ਤਨ, ਮਨ ਤੇ ਧਨ ਦੀ ਅੰਨ੍ਹੇਵਾਹ ਲੁੱਟ ਕਰ ਰਹੀਆਂ ਸਨ। ਲੋਕਾਂ ਨੂੰ ਇਨ੍ਹਾਂ ਦੀ ਲੁੱਟ ਤੋਂ ਬਚਾਉਣ ਅਤੇ ਜਾਗ੍ਰਿਤ ਕਰਨ ਲਈ ਇਨ੍ਹਾਂ ਧਾਰਮਕ ਰਹਿਨੁਮਾਵਾਂ ਨੇ ਇੱਕ ਰੱਬ ਦੇ ਸੰਕਲਪ ਦਾ ਪ੍ਰਚਾਰ ਕੀਤਾ। ਅਜਿਹਾ ਕਰਦਿਆਂ ਉਨ੍ਹਾਂ ਨੇ ਬੇਹਿਸਾਬ ਕੁਰਬਾਨੀਆਂ ਦਿੱਤੀਆਂ। ਕਿਸੇ ਨੂੰ ਅੱਗ ਵਿਚ ਸਾੜਿਆ ਗਿਆ, ਕਿਸੇ ਨੂੰ ਸੂਲੀ ਟੰਗਿਆ ਗਿਆ ਤੇ ਸਿੱਖ ਧਰਮ ਦੇ ਰਹਿਨੁਮਾਵਾਂ ਨੂੰ ਕਿਹੜੇ ਕਿਹੜੇ ਜ਼ੁਲਮ ਝੱਲਣੇ ਪਏ, ਕਿਸੇ ਤੋਂ ਕੁਝ ਲੁਕਿਆ ਹੋਇਆ ਨਹੀਂ ਹੈ। ਇਸ ਕਰਕੇ ਮੰਨਣ ਵਿਚ ਨਹੀਂ ਆਉਂਦਾ ਕਿ ਇਨ੍ਹਾਂ ਰਹਿਨੁਮਾਵਾਂ ਨੇ ਕਿਸੇ ਧੋਖੇ ਖਾਤਰ ਇੱਕ ਰੱਬ ਦਾ ਸੰਕਲਪ ਦਿੱਤਾ ਹੋਵੇ। ਪਰ ਹੋ ਸਕਦਾ ਹੈ ਜਿਵੇਂ ਸ. ਬਲਕੌਰ ਸਿੰਘ ਇੱਕ ਖੋਜੀ ਵਿਦਵਾਨ ਹਨ ਅਤੇ ਉਨ੍ਹਾਂ ਦਾ ਲਿਖਤੀ ਧਰਮਾਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਹੈ, ਜਿਸ ਦੇ ਆਧਾਰ 'ਤੇ ਉਹ ਕਿਸੇ ਅਜਿਹੀ ਅਸਲੀਅਤ ਤੋਂ ਜਾਣੂ ਕਰਵਾਉਣਾ ਚਾਹੁੰਦੇ ਹੋਣ, ਜਿਸ ਦਾ ਸਾਨੂੰ ਆਮ ਲੋਕਾਂ ਨੂੰ ਅਜੇ ਤੱਕ ਪਤਾ ਹੀ ਨਾ ਹੋਵੇ। ਅਸਲੀ ਗੱਲ ਤਾਂ ਸ. ਬਲਕੌਰ ਸਿੰਘ ਦੱਸ ਸਕਦੇ ਹਨ।

ਅੰਤ ਵਿਚ ਦੇਖਦੇ ਹਾਂ ਕਿ ਰੱਬ ਦੀ ਹੋਂਦ ਨੂੰ ਮੰਨਣ ਅਤੇ ਨਾ ਮੰਨਣ ਵਾਲਿਆਂ ਵਿਚ ਇਸ ਬਹਿਸ ਦੇ ਕਦੇ ਵੀ ਖਤਮ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਇੱਕ ਪਾਸੇ ਆਸਥਾ, ਸ਼ਰਧਾ, ਵਿਸ਼ਵਾਸ ਤੇ ਮਾਨਤਾਵਾਂ ਹਨ ਅਤੇ ਦੂਸਰੇ ਪਾਸੇ ਦਲੀਲ ਤੇ ਵਿਗਿਆਨਕ ਨਜ਼ਰੀਆ ਹੈ, ਜਿਨ੍ਹਾਂ ਦਾ ਆਮ ਤੌਰ 'ਤੇ ਇੱਕ ਹੋਣਾ ਸੰਭਵ ਨਹੀਂ ਹੁੰਦਾ। ਫੇਰ ਵੀ ਸਾਨੂੰ ਇਸ ਗੱਲ ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਦੇ ਬਹੁਤੇ ਵਿਅਕਤੀ ਨੇਕ ਦਿਲ, ਇਮਾਨਦਾਰ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਹੁੰਦੇ ਹਨ। ਇਸ ਕਰਕੇ ਵਿਰੋਧੀ ਵਿਚਾਰਾਂ ਦਾ ਮਾਣ ਸਤਿਕਾਰ ਰੱਖਦਿਆਂ ਇਨ੍ਹਾਂ 'ਚ ਆਪਸੀ ਸਹਿਹੋਂਦ ਅਤੇ ਭਰਾਤਰੀ ਭਾਵ ਬਣਾ ਕੇ ਰੱਖਣਾ ਪੂਰੀ ਤਰ੍ਹਾਂ ਸੰਭਵ ਹੈ। ਇਹ ਵੀ ਠੀਕ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਵਿਚ ਹੀ ਕੁਝ ਇੱਕ, ਭਾਵੇਂ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ, ਅਜਿਹੇ ਵੀ ਹੁੰਦੇ ਹਨ, ਜੋ ਆਪਣੇ ਸਵਾਰਥੀ ਹਿਤਾਂ ਖਾਤਰ ਇਨ੍ਹਾਂ ਦੇ ਭੋਲੇਪਨ ਦਾ ਫਾਇਦਾ ਉਠਾਉਂਦਿਆਂ ਇਨ੍ਹਾਂ ਨੂੰ ਇੱਕ ਦੂਜੇ ਦੇ ਦੁਸ਼ਮਣ ਬਣਾਉਣ ਦੀ ਕੋਈ ਕਸਰ ਨਹੀਂ ਛੱਡਦੇ। ਸਾਨੂੰ ਅਜਿਹੇ ਧੋਖੇਬਾਜ਼ ਤੇ ਅਕਿਰਤਘਣ ਲੋਕਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

---

**ਵਿਚਾਰ-ਚਰਚਾ**

# 'ਜਪੁ' ਬਾਣੀ ਦੀ ਇੱਕ ਪੰਕਤੀ ਵਲੋਂ ਦਸਮ ਗ੍ਰੰਥ ਰੱਦ!

**ਦਸਮ ਗ੍ਰੰਥ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ, ਇਸ ਮੁੱਦੇ 'ਤੇ ਸਿੱਖ ਪੰਥ ਵਿਚ ਵੱਡੇ ਮਤਭੇਦ ਹਨ। ਕੁਝ ਲੋਕ ਸਾਰੇ ਦਸਮ ਗ੍ਰੰਥ ਨੂੰ ਦਸ਼ਮੇਸ਼ ਪਿਤਾ ਦੀ ਰਚਨਾ ਮੰਨਦੇ ਹਨ ਅਤੇ ਕੁਝ ਇਸ ਗ੍ਰੰਥ ਨੂੰ ਮੂਲੋਂ ਹੀ ਰੱਦ ਕਰਦੇ ਹਨ। ਇਸ ਲੇਖ ਵਿਚ ਕਸ਼ਮੀਰਾ ਸਿੰਘ ਨੇ ਦਸਮ ਗ੍ਰੰਥ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। -ਸੰਪਾਦਕ**

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਦਮਦਮੀ ਬੀੜ ਰਾਹੀਂ ਪ੍ਰਵਾਨ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨਿਆਂ ਦੇ ਨਿੱਤਨੇਮ ਵਿਚ 'ਜਪੁ' ਬਾਣੀ ਸ਼ਾਮਲ ਹੈ। ਕਿਸੇ ਵੀ ਬਾਣੀ ਦੇ ਤੋਤਾ-ਰਟਨੀ ਪਾਠ ਰਾਹੀਂ ਉਸ ਬਾਣੀ ਵਿਚ ਬਿਆਨ ਕੀਤੇ ਸੱਚ ਤਕ ਪਹੁੰਚਣਾ ਬਹੁਤ ਔਖਾ ਹੈ। 'ਜਪੁ' ਬਾਣੀ ਦੀ ਉਹ ਕਿਹੜੀ ਪੰਕਤੀ ਹੈ, ਜੋ ਦਸਮ ਗ੍ਰੰਥ ਨੂੰ ਰੱਦ ਕਰਨ ਲਈ ਕਾਫੀ ਹੈ? ਲਓ

ਕਸ਼ਮੀਰਾ ਸਿੰਘ

ਉਸ ਪਾਵਨ ਪੰਕਤੀ ਦੇ ਦਰਸ਼ਨ ਕਰੋ,

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

**ਅਰਥ ਵਿਚਾਰ:** ਪਦ ਅਰਥ: ਈਸਰੁ=ਸ਼ਿਵ। ਬਰਮਾ=ਬ੍ਰਹਮਾ। ਪਾਰਬਤੀ ਮਾਈ=ਮਾਈ ਪਾਰਬਤੀ।

**ਅਰਥ:** ਗੁਰੂ ਹੀ (ਸਾਡੇ ਲਈ) ਸ਼ਿਵ ਹੈ, ਗੁਰੂ ਹੀ (ਸਾਡੇ ਲਈ) ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ (ਸਾਡੇ ਲਈ) ਮਾਈ ਪਾਰਬਤੀ ਹੈ। (ਗੁਰੂ ਗ੍ਰੰਥ ਸਾਹਿਬ ਦਰਪਣ)

ਵਿਆਖਿਆ: ਸਿੱਖ ਲਈ ਹਿੰਦੂ ਮੱਤ ਦਾ ਸਿਰਜਿਆ ਦੇਵਤਾ ਸ਼ਿਵ ਗੁਰੂ ਨਹੀਂ, ਗੁਰੂ ਹੀ ਸ਼ਿਵ ਹੈ, ਭਾਵ ਸਿੱਖ ਨੇ ਸ਼ਿਵ ਦੀ ਅਰਾਧਨਾ ਅਤੇ ਸਿਫਤਿ ਨਹੀਂ ਕਰਨੀ, ਕੇਵਲ ਗੁਰੂ ਉਤੇ ਹੀ ਭਰੋਸਾ ਰੱਖਣਾ ਹੈ।

ਸਿੱਖ ਲਈ ਜੋਗ ਮੱਤ ਦੇ ਗੋਰਖ ਨਾਥ ਅਤੇ ਹਿੰਦੂ ਮੱਤ ਦੇ ਬ੍ਰਹਮਾ ਅਵਤਾਰ ਗੁਰੂ ਨਹੀਂ, ਸਗੋਂ ਗੁਰੂ ਹੀ ਗੋਰਖ ਅਤੇ ਬ੍ਰਹਮਾ ਹੈ, ਭਾਵ ਸਿੱਖ ਨੇ ਗੋਰਖ ਨਾਥ ਅਤੇ ਬ੍ਰਹਮਾ ਦੀ ਅਰਾਧਨਾ ਤੇ ਸਿਫਤਿ ਨਹੀਂ ਕਰਨੀ, ਕੇਵਲ ਆਪਣੇ ਗੁਰੂ ਉਤੇ ਹੀ ਭਰੋਸਾ ਰੱਖਣਾ ਹੈ।

ਸਿੱਖ ਲਈ ਪਾਰਬਤੀ ਮਾਤਾ ਗੁਰੂ ਨਹੀਂ ਹੈ, ਸਗੋਂ ਗੁਰੂ ਹੀ ਪਾਰਬਤੀ ਮਾਈ ਹੈ। ਭਾਵ ਸਿੱਖ ਨੇ ਪਾਰਬਤੀ ਮਾਈ ਦੀ ਅਰਾਧਨਾ ਅਤੇ ਸਿਫਤਿ ਨਹੀਂ ਕਰਨੀ, ਕੇਵਲ ਆਪਣੇ ਗੁਰੂ ਉਤੇ ਹੀ ਭਰੋਸਾ ਰੱਖਣਾ ਹੈ।

ਦਸਮ ਗ੍ਰੰਥ ਵਿਚ ਸ਼ਿਵ ਦਾ ਵਰਤਿਆ ਰੂਪ ਕੌਣ ਹੈ?

ਹਿੰਦੂ ਜਗਤ ਵਿਚ ਸ਼ਿਵ ਦੇ 12 ਜੋਤਿਲਿੰਗਮ (ਸਰੂਪ) ਮੰਨੇ ਗਏ ਹਨ। ਇਨ੍ਹਾਂ ਵਿਚੋਂ ਮਹਾਂਕਾਲ (ਮਹਾਂਕਾਲ ਦਾ ਮੰਦਿਰ ਉਜੈਨ, ਮੱਧ ਪ੍ਰਦੇਸ਼ ਵਿਚ ਸਥਿਤ ਹੈ, ਜਿੱਥੇ ਮਹਾਂਕਾਲ ਦੇ ਪੁਜਾਰੀ ਉਸ ਦੀ ਮੂਰਤੀ ਨੂੰ ਪੂਜਦੇ ਹਨ) ਦੀ ਅਰਾਧਨਾ ਅਤੇ ਸਿਫਤਿ ਦਸਮ ਗ੍ਰੰਥ ਵਿਚ ਲਿਖਾਰੀਆਂ ਵਲੋਂ ਕੀਤੀ ਗਈ ਮਿਲਦੀ ਹੈ। ਮਹਾਂਕਾਲ ਦੀਆਂ ਸਿਫਤਾਂ ਅਤੇ ਅਰਾਧਨਾ ਦੇ ਹਵਾਲੇ:

(ੳ) ਤ੍ਰਿਅ ਚਰਿਤ੍ਰ ਨੰਬਰ 404 ਸਾਰਾ ਹੀ ਮਹਾਂਕਾਲ ਦੀ ਸਿਫਤਿ ਵਿਚ ਲਿਖਿਆ ਗਿਆ ਹੈ, ਜਿਸ ਦੇ 405 ਬੰਦ ਹਨ। ਇਸੇ ਤ੍ਰਿਅ ਚਰਿੱਤਰ ਵਿਚੋਂ ਹੀ ਮਹਾਂਕਾਲ ਅੱਗੇ ਕੀਤੀ ਬੇਨਤੀ ਵਾਲੀ 'ਕਬਿਯੋ ਬਾਚ ਬੇਨਤੀ ਚੌਪਈ' ਸ਼੍ਰੋਮਣੀ ਕਮੇਟੀ ਵਲੋਂ ਸੰਨ 1945 ਵਿਚ ਪ੍ਰਵਾਨ ਕੀਤੀ ਸਿੱਖ ਰਹਿਤ ਮਰਯਾਦਾ ਵਿਚ ਪਾ ਕੇ ਸਿੱਖਾਂ ਨੂੰ ਸ਼ਿਵ ਦੇ ਰੂਪ ਮਹਾਂਕਾਲ ਦੇਵਤੇ ਦੇ ਪੁਜਾਰੀ ਬਣਾ ਦਿੱਤਾ ਗਿਆ ਸੀ।

(ਅ) ਤਹਾਂ ਹਮ ਅਧਿਕ ਤਪੱਸਿਆ ਸਾਧੀ।
ਮਹਾਂਕਾਲ ਕਾਲਿਕਾ ਆਰਾਧੀ। (ਬਚਿੱਤ੍ਰ ਨਾਟਕ)

ਦਸਮ ਗ੍ਰੰਥ ਵਿਚ ਪਾਰਬਤੀ ਮਾਈ ਕੌਣ ਹੈ? ਦਸਮ ਗ੍ਰੰਥ ਵਿਚ ਪਾਰਬਤੀ ਮਾਈ ਦੀ ਹੋਂਦ ਨੂੰ ਸਮਝਣ ਲਈ ਦਸਮ ਗ੍ਰੰਥ ਵਿਚ ਲਿਖੀਆਂ ਤਿੰਨ ਰਚਨਾਵਾਂ ਦੀ ਸਾਂਝੀ ਕਹਾਣੀ ਨੂੰ ਸਮਝਣਾ ਪਵੇਗਾ। ਇਹ ਤਿੰਨ ਰਚਨਾਵਾਂ ਹਨ: ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ (ਦੂਜਾ) ਅਤੇ ਵਾਰ ਦੁਰਗਾ ਕੀ। (ਇਸ ਵਾਰ ਦਾ ਨਾਂ ਸੰਨ 1897 ਵਿਚ ਪਹਿਲੀ ਵਾਰ ਛਪਵਾਏ ਗਏ ਦਸਮ ਗ੍ਰੰਥ ਵਿਚ ਬਦਲ ਕੇ 'ਵਾਰ ਸ੍ਰੀ ਭਗਉਤੀ ਜੀ ਕੀ' ਰੱਖ ਦਿੱਤਾ ਗਿਆ ਸੀ।)

ਸਾਂਝੀ ਕਹਾਣੀ ਕੀ ਹੈ? ਇੰਦ੍ਰ ਦੇਵਤੇ ਦਾ ਰਾਜ ਦੈਂਤਾਂ ਵਲੋਂ ਖੋਹਿਆ ਜਾਣਾ, ਇੰਦ੍ਰ ਦੇਵਤੇ ਦਾ ਕੈਲਾਸ਼ ਪਰਬਤ ਉਤੇ ਪੁਕਾਰ ਕਰਨ ਲਈ ਜਾਣਾ, ਕੈਲਾਸ਼ ਪਰਬਤ 'ਤੇ ਰਹਿੰਦੀ ਦੇਵੀ ਦਾ ਦੈਂਤਾਂ ਨਾਲ ਯੁੱਧ ਹੋਣਾ, ਜਿਸ ਵਿਚ ਦੇਵੀ ਦੀ ਤਿੰਨੇ ਵਾਰੀ ਜਿੱਤ ਹੁੰਦੀ ਹੈ ਅਤੇ ਇੰਦ੍ਰ ਨੂੰ ਮੁੜ ਰਾਜਾ ਸਥਾਪਿਤ ਕੀਤਾ ਜਾਂਦਾ ਹੈ।

ਕੈਲਾਸ਼ ਪਰਬਤ 'ਤੇ ਰਹਿਣ ਵਾਲੀ ਦੇਵੀ ਕੌਣ ਸੀ? ਸ਼ਿਵ ਜੀ ਦਾ ਨਿਵਾਸ ਕੈਲਾਸ਼ ਪਰਬਤ ਉਤੇ ਸੀ ਅਤੇ ਉਥੇ ਹੀ ਉਸ ਨਾਲ ਉਸ ਦੀ ਪਤਨੀ ਰਹਿੰਦੀ ਸੀ। ਉਸ ਪਤਨੀ ਦਾ ਨਾਂ ਕੀ ਸੀ? ਪਾਰਬਤੀ! ਪਾਰਬਤੀ! ਪਾਰਬਤੀ!

ਤਿੰਨਾਂ ਹੀ ਰਚਨਾਵਾਂ ਵਿਚ ਦੈਂਤਾਂ ਨਾਲ ਯੁੱਧ ਕਰਨ ਵਾਲੀ ਕੌਣ ਦੇਵੀ ਹੈ? ਸ਼ਿਵ ਜੀ ਦੀ ਘਰ ਵਾਲੀ ਪਾਰਬਤੀ।

ਤਿੰਨਾਂ ਹੀ ਰਚਨਾਵਾਂ ਵਿਚ ਯੁੱਧ ਕਰਨ ਵਾਲੀ ਪਾਰਬਤੀ ਮਾਈ ਦੇ ਵੱਖ-ਵੱਖ ਨਾਂ-ਦੁਰਗਾ, ਭਗਉਤੀ, ਭਗਵਤੀ, ਭਵਾਨੀ, ਕਾਲਿਕਾ, ਗਿਰਿਜਾ, ਸ਼ਿਵਾ, ਚੰਡੀ, ਚੰਡਿਕਾ ਆਦਿ ਵਰਤੇ ਗਏ ਹਨ।

ਦਸਮ ਗ੍ਰੰਥ ਦੇ ਲਿਖਾਰੀਆਂ ਨੇ ਦੁਰਗਾ ਆਦਿ ਵੱਖ-ਵੱਖ ਦੇਵੀਆਂ ਨੂੰ ਪਾਰਬਤੀ ਦੇ ਰੂਪ ਹੀ ਮੰਨਿਆ ਹੈ। ਦੇਖੋ ਪ੍ਰਮਾਣ:

ਦੁਰਗਾ ਅਤੇ ਦੈਂਤਾਂ ਦੇ ਯੁੱਧ ਦੀ ਕਹਾਣੀ 'ਚੰਡੀ ਚਰਿਤ੍ਰ'-ਦੂਜਾ ਵਿਚੋਂ ਜਿਸ ਵਿਚ ਲੜਨ ਵਾਲੀ ਦੁਰਗਾ ਚੰਡੀ ਹੈ ਅਤੇ ਇਸੇ ਨੂੰ ਹੀ ਪਾਰਬਤੀ ਕਿਹਾ ਗਿਆ ਹੈ,

ਨਮੋ ਜੁੱਧਨੀ ਕ੍ਰੁਧਨੀ ਕ੍ਰੂਰ ਕਰਮਾ।
ਮਹਾ ਬੁੱਧਨੀ ਸਿੱਧਨੀ ਸ਼ੁੱਧ ਕਰਮਾ।
ਪਰੀ ਪਦਮਨੀ ਪਾਰਬਤੀ ਪਰਮ ਰੂਪਾ।
ਸ਼ਿਵੀ ਬਾਸਵੀ ਬ੍ਰਾਹਮੀ ਰਿਧ ਕੂਪਾ।
(ਦਸਮ ਗ੍ਰੰਥ, ਪੰਨਾ 115-16)

ਦਸਮ ਗ੍ਰੰਥ ਕੀ ਕਹਿੰਦਾ ਹੈ? ਮਹਾਂਕਾਲ ਦੀ ਅਰਾਧਨਾ ਅਤੇ ਸਿਫਤਿ ਕਰੋ। ਪਾਰਬਤੀ ਮਾਈ ਦੀ ਅਰਾਧਨਾ ਅਤੇ ਸਿਫਤਿ ਕਰੋ ਅਤੇ ਉਸ ਤੋਂ ਬਰ ਮੰਗੋ।

ਗੁਰੂ ਗ੍ਰੰਥ ਸਾਹਿਬ ਦੀ ਕੀ ਸਿੱਖਿਆ ਹੈ? ਸਿੱਖ ਨੇ ਸ਼ਿਵ/ਮਹਾਂਕਾਲ, ਗੋਰਖ ਨਾਥ, ਬ੍ਰਹਮਾ ਅਤੇ ਪਾਰਬਤੀ ਮਾਈ ਦੀ ਅਰਾਧਨਾ ਤੇ ਸਿਫਤਿ ਨਹੀਂ ਕਰਨੀ, ਕਿਉਂਕਿ ਸਿੱਖ ਲਈ ਗੁਰੂ ਤੋਂ ਇਨ੍ਹਾਂ ਵਿਚੋਂ ਕੋਈ ਵੀ ਹਸਤੀ ਵੱਧ ਸਮਰੱਥ ਨਹੀਂ ਹੈ।


ਕੀ ਇਹ ਅਨਰਥ ਨਹੀਂ? ਜਪੁ ਬਾਣੀ ਦਾ ਉਪਦੇਸ਼ ਹੈ ਕਿ ਪਾਰਬਤੀ ਨੂੰ ਸਿੱਖ ਨੇ ਨਹੀਂ ਧਿਆਉਣਾ ਪਰ ਅਫਸੋਸ, ਜਪੁ ਬਾਣੀ ਪੜ੍ਹਨ ਵਾਲੇ ਬਹੁਤੇ ਸਿੱਖ ਅਰਦਾਸ ਕਰਨ ਸਮੇਂ ਪਹਿਲਾਂ ਪਾਰਬਤੀ ਨੂੰ ਹੀ ਧਿਆਉਣ ਦੀ ਰੱਟ ਲਾਉਂਦੇ ਹਨ। 'ਜਪੁ' ਬਾਣੀ ਦਾ ਉਪਦੇਸ਼ ਹੈ ਕਿ ਮਹਾਂਕਾਲ ਦੇਵਤੇ ਨਾਲ ਸਿੱਖਾਂ ਦਾ ਕੋਈ ਲੈਣਾ-ਦੇਣਾ ਨਹੀਂ, ਪਰ ਅਫਸੋਸ! ਜਪੁ ਬਾਣੀ ਪੜ੍ਹਨ ਵਾਲੇ ਬਹੁ ਗਿਣਤੀ ਸਿੱਖ ਵੀ ਮਹਾਂਕਾਲ ਦੇਵਤੇ ਅੱਗੇ ਲੇਲੜੀਆਂ ਕੱਢਣ ਵਾਲੀ ਚੌਪਈ ਪੜ੍ਹੀ ਜਾਂਦੇ ਹਨ ਅਤੇ ਮਹਾਂਕਾਲ/ਪਾਰਬਤੀ ਦੀਆਂ ਸਿਫਤਾਂ ਵਾਲਾ 'ਜਾਪੁ' ਵੀ ਪੜ੍ਹੀ ਜਾਂਦੇ ਹਨ, ਜੋ ਬਾਬਾ ਨਾਨਕ ਦੀ ਸਿੱਖਿਆ ਦੇ ਉਲਟ ਅੰਧ-ਵਿਸ਼ਵਾਸੀ ਕਰਮ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਜੈ ਜੈਕਾਰ!

# ਵਾਤਾਵਰਨ ਸਬੰਧੀ ਜਾਗਰੂਕਤਾ

ਸਿੱਖ ਧਰਮ ਵਾਤਾਵਰਣ ਸਬੰਧੀ ਪੂਰੀ ਤਰ੍ਹਾਂ ਜਾਗਰੂਕ ਹੈ। ਇਸੇ ਲਈ 14 ਮਾਰਚ ਨੂੰ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰ ਰਾਏ ਜੀ ਦੇ ਵਿਸ਼ੇਸ਼ ਯੋਗਦਾਨ ਨੂੰ ਸਮਰਪਿਤ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਂਦਾ ਹੈ। ਗੁਰੂ ਹਰ ਰਾਏ ਜੀ ਦੀ ਦੇਖ ਰੇਖ ਹੇਠ ਕੁਦਰਤ ਦੀ ਬਖਸ਼ੀ ਨਿਆਮਤ ਜੜ੍ਹੀਆਂ-ਬੂਟੀਆਂ ਤੋਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਇਸ ਖਜਾਨੇ ਵਿਚ ਬਹੁਤ ਸਾਰੀਆਂ ਦਵਾਈਆਂ ਉਪਲਬਧ ਸਨ, ਜੋ ਆਪਣੀ ਮਹਿਕ ਸਦਕਾ ਜਗਤ ਪ੍ਰਸਿਧ ਸਨ। ਰੱਬ ਕਿੰਨਾ ਮਿਹਰਬਾਨ ਹੈ, ਉਸ ਨੇ ਸਾਰੇ ਜੀਵ ਜੰਤੂਆਂ ਨੂੰ ਬਿਨਾ ਕਿਸੇ ਵਿਤਕਰੇ ਦੇ ਸਾਫ ਹਵਾ, ਸਾਫ ਪਾਣੀ, ਨਿਘੀ ਧੁਪ ਅਤੇ ਭੂਮੀ ਦੀ ਬਖਸ਼ਿਸ਼ ਕੀਤੀ ਹੋਈ ਹੈ। ਇਨ੍ਹਾਂ ਵਸਤਾਂ ਤੋਂ ਬਿਨਾ ਜੀਵਨ ਦੇ ਵਿਸਥਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਮਨੁੱਖ ਇੰਨਾ ਸਵਾਰਥੀ ਹੈ ਕਿ ਉਹ ਆਪਣੇ ਨਿਜੀ ਲਾਭਾਂ ਦੇ ਲਈ ਹਵਾ, ਪਾਣੀ, ਸਮੇਤ ਸਮੂਹ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ, ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। ਜੇ ਅਸੀਂ ਲਾਪ੍ਰਵਾਹੀ ਵਰਤਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਨੂੰ ਸਾਫ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਵਾਤਾਵਰਣ ਮਿਲਣਾ ਅਤਿ ਮੁਸ਼ਕਿਲ ਹੋ ਜਾਵੇਗਾ ਅਤੇ ਜੀਵਨ ਬਿਮਾਰੀਆਂ ਭਰਿਆ ਹੀ ਹੋਵੇਗਾ, ਤੇ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਸੂਰਵਾਰ ਮੰਨਣਗੀਆਂ। ਇਸ ਲਈ ਗੁਰੂ ਸਾਹਿਬਾਨ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਯਤਨ ਕਰੀਏ ਤੇ ਜੀਵਨ ਨੂੰ ਸੁਖੀ ਬਣਾਈਏ।

ਮੁਸਲਿਮ ਭਾਈਚਾਰੇ ਦਾ ਇਹ ਵਿਚਾਰ ਹੈ ਕਿ ਮਰਨ ਤੋਂ ਪਿਛੋਂ ਜਿਨ੍ਹਾਂ ਦਾ ਸਰੀਰ ਸਾੜ ਦਿਤਾ ਜਾਂਦਾ ਹੈ, ਉਹ ਦੋਜ਼ਖ ਦੀ ਅੱਗ ਵਿਚ ਸੜਦੇ ਹਨ ਪ੍ਰੰਤੂ ਉਸ ਥਾਂ ਦੀ ਮਿੱਟੀ ਜਿਥੇ ਮੁਸਲਮਾਨ ਮੁਰਦੇ ਨੂੰ ਦਬਦੇ ਹਨ, ਜਦੋਂ ਘੁਮਿਆਰ ਦੇ ਵਸ ਪੈ ਜਾਂਦੀ ਹੈ ਭਾਵ ਚਿਕਨੀ ਮਿੱਟੀ ਹੋਣ ਕਾਰਨ ਘੁਮਿਆਰ ਲੋਕ ਭਾਂਡੇ ਘੜਨ ਲਈ ਲੈ ਜਾਂਦੇ ਹਨ, ਉਹ ਇਸ ਮਿੱਟੀ ਦੇ ਭਾਂਡੇ ਅਤੇ ਇੱਟਾਂ ਬਣਾਉਂਦਾ ਹੈ ਅਤੇ ਆਵੀ ਵਿਚ ਪੈ ਕੇ ਮਿੱਟੀ ਜਾਣੋ ਸੜਦੀ ਹੋਈ ਪੁਕਾਰ ਕਰਦੀ ਹੈ, ਸੜ ਕੇ ਵਿਚਾਰੀ ਰੋਂਦੀ ਹੈ ਤੇ ਉਸ ਵਿਚੋਂ ਅੰਗਿਆਰੇ ਝੜ ਝੜ ਕੇ ਡਿਗਦੇ ਹਨ, ਪ੍ਰੰਤੂ ਨਿਜਾਤ ਜਾਂ ਦੋਜਖ ਦਾ ਮੁਰਦਾ ਸਰੀਰ ਨੂੰ ਸਾੜਨ ਜਾਂ ਦੱਬਣ ਨਾਲ ਕੋਈ ਸਬੰਧ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਦਾ ਬਚਨ ਹੈ ਕਿ ਜਿਸ ਕਰਤਾਰ ਨੇ ਇਹ ਮਾਇਆ ਰਚੀ ਹੈ, ਉਹ ਹੀ ਇਹ ਭੇਦ ਜਾਣਦਾ ਹੈ। ਆਸਾ ਦੀ ਵਾਰ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ:

ਮਿਟੀ ਮੁਸਲਮਾਨ ਕੀ
ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ
ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ॥ (ਪੰਨਾ 466)

ਭਾਵ ਜਦੋਂ ਜੀਵ ਆਤਮਾ ਆਪਣਾ ਸਰੀਰ-ਚੋਲਾ ਛਡ ਜਾਏ ਤਾਂ ਉਸ ਸਰੀਰ ਨੂੰ ਦੱਬਣ ਜਾਂ ਸਾੜਨ ਆਦਿ ਕਿਸੇ ਕ੍ਰਿਆ ਦਾ ਕੋਈ ਅਸਰ ਜੀਵ ਆਤਮਾ 'ਤੇ ਨਹੀਂ ਪੈ ਸਕਦਾ। ਜਿੰਨਾ ਚਿਰ ਇਹ ਸਰੀਰ ਵਿਚ ਰਹਿੰਦਾ ਸੀ, ਉਦੋਂ ਤੋਂ ਕੀਤੇ ਕਰਮਾਂ ਅਨੁਸਾਰ ਹੀ ਉਸ ਦੀ ਕਿਸਮਤ ਦਾ ਫੈਸਲਾ ਹੁੰਦਾ ਹੈ। ਉਹ ਫੈਸਲਾ ਕੀ ਹੈ? ਹਰੇਕ ਜੀਵ ਸਬੰਧੀ ਇਸ ਪ੍ਰਸ਼ਨ ਦਾ ਉਤਰ ਕਰਤਾਰ ਆਪ ਹੀ ਜਾਣਦਾ ਹੈ, ਜਿਸ ਨੇ ਜਗਤ ਮਰਿਆਦਾ ਰਚੀ ਹੈ। ਸੋ, ਇਹ ਝਗੜਾ ਵਿਅਰਥ ਹੈ।

ਜਦੋਂ ਗੁਰੂ ਹਰ ਰਾਏ ਜੀ ਨੂੰ ਔਰੰਗਜ਼ੇਬ ਨੇ ਤਲਬ ਕੀਤਾ ਤਾਂ ਉਨ੍ਹਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਸਪਸ਼ਟ ਕਰਨ ਲਈ ਭੇਜਿਆ ਸੀ ਤਾਂ ਉਸ ਨੇ ਉਪਰੋਕਤ ਤੁਕ ਦੇ ਸਹੀ ਅਰਥ ਕਰਨ ਦੀ ਥਾਂ ਤੁਕ ਨੂੰ ਬਦਲ ਦਿਤਾ ਅਤੇ ਆਖਿਆ ਕਿ ਇਥੇ ਮਿੱਟੀ ਮੁਸਲਮਾਨ ਕੀ ਨਹੀਂ ਸਗੋਂ ਮਿੱਟੀ ਬੇਈਮਾਨ ਕੀ ਹੈ। ਜਦੋਂ ਗੁਰੂ ਹਰ ਰਾਏ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਰਾਮ ਰਾਏ ਨੂੰ ਤਿਆਗ ਦਿੱਤਾ ਸੀ ਅਤੇ ਫੈਸਲਾ ਕਰ ਲਿਆ ਕਿ ਇਹ ਗੁਰਗੱਦੀ ਦੇ ਲਾਇਕ ਨਹੀਂ ਹੈ।

ਗੁਰੂ ਹਰ ਰਾਏ ਜੀ ਦਾ ਜਨਮ 16 ਜਨਵਰੀ 1630 ਅਰਥਾਤ ਮਾਘ ਸੁਦੀ 13 (19 ਮਾਘ) ਸੰਮਤ 1686 ਨੂੰ ਬਾਬਾ ਗੁਰਦਿਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿਤਾ ਜੀ ਵਲੋਂ ਹੂੰਡੂਰ ਦੇ ਰਾਜੇ ਤਾਰਾ ਚੰਦ ਕੋਲੋਂ ਜਮੀਨ ਖਰੀਦ ਕੇ ਵਸਾਇਆ ਗਿਆ ਸੀ। ਇਸੇ ਅਸਥਾਨ 'ਤੇ ਛੇਵੀਂ ਜੋਤ ਗੁਰੂ ਹਰਗੋਬਿੰਦ ਸਾਹਿਬ ਦਾ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁਤਰ ਬਾਬਾ ਸ੍ਰੀ ਚੰਦ ਨਾਲ ਮਿਲਾਪ ਹੋਇਆ ਸੀ। ਗੁਰੂ ਹਰਗੋਬਿੰਦ ਸਾਹਿਬ ਦੀ ਸੇਵਾ ਅਤੇ ਨਿਮਰਤਾ ਤੋਂ ਖੁਸ਼ ਹੋ ਕੇ ਬਾਬਾ ਸ੍ਰੀ ਚੰਦ ਨੇ ਕਿਹਾ ਸੀ ਕਿ ਇਸ ਨਿਮਰਤਾ ਸਦਕਾ ਹੀ ਗੁਰਗੱਦੀ ਤੁਹਾਡੇ ਖਾਨਦਾਨ ਵਿਚ ਹੀ ਹੈ। ਇਸੇ ਸਥਾਨ 'ਤੇ ਹੀ ਬਾਬਾ ਗੁਰਦਿਤਾ ਜੀ ਨੂੰ ਬਾਬਾ ਸ੍ਰੀ ਚੰਦ ਦੀ ਸੇਵਾ ਵਿਚ ਭੇਟ ਕੀਤਾ ਗਿਆ ਸੀ। ਬਾਬਾ ਗੁਰਦਿਤਾ ਜੀ ਕਰਕੇ ਹੀ ਬਾਬਾ ਸ੍ਰੀ ਚੰਦ ਦਾ ਉਦਾਸੀ ਮਤ ਅੱਗੇ ਚਲਿਆ।

ਬਾਬਾ ਗੁਰਦਿਤਾ ਜੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਸਪੁਤਰ ਸਨ ਅਤੇ ਇਸ ਤਰ੍ਹਾਂ ਰਿਸ਼ਤੇ ਵਿਚ ਸ੍ਰੀ ਹਰ ਰਾਏ ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਸਨ। ਉਨ੍ਹਾਂ ਦੇ ਪਿਤਾ ਬਾਬਾ ਗੁਰਦਿਤਾ ਜੀ ਉਸ ਸਮੇਂ ਪਰਲੋਕ ਸਿਧਾਰ ਗਏ, ਜਦੋਂ ਉਹ ਕੇਵਲ 8 ਸਾਲ ਦੇ ਸਨ। ਇਸ ਲਈ ਉਨ੍ਹਾਂ ਦੀ ਪੜ੍ਹਾਈ-ਲਿਖਾਈ ਅਤੇ ਸਿਖਲਾਈ ਮੀਰੀ ਪੀਰੀ ਦੇ ਮਾਲਕ ਦੀ ਨਿਗਰਾਨੀ ਹੇਠ ਹੋਈ। ਉਨ੍ਹਾਂ ਦੇ ਉਸਤਾਦਾਂ ਵਿਚ ਭਾਈ ਦਰਗਾਹ ਮੱਲ, ਭਾਈ ਕਿਰਪਾ ਰਾਮ ਦੇ ਪਿਤਾ ਭਾਈ ਅੜੂ ਜੀ ਅਤੇ ਜਾਤੀ ਮੱਲ ਪੁਰੋਹਿਤ ਸ਼ਾਮਲ ਹਨ। ਧਾਰਮਕ ਸਿਖਿਆ ਦੇ ਨਾਲ ਉਨ੍ਹਾਂ ਨੂੰ ਘੋੜ ਸਵਾਰੀ, ਸ਼ਸਤਰਾਂ ਦੀ ਵਰਤੋਂ ਅਤੇ ਬਹਾਦਰਾਂ ਵਾਲੇ ਕਈ ਹੋਰ ਅਭਿਆਸਾਂ ਦੀ ਸਿਖਲਾਈ ਵੀ ਦਿਤੀ ਗਈ।

ਗੁਰੂ ਹਰ ਰਾਏ ਜੀ ਬਹੁਤ ਹੀ ਨਰਮ ਦਿਲ ਵਾਲੇ ਸਨ। ਇਕ ਵਾਰ ਉਹ ਛੇਵੇਂ ਪਾਤਸ਼ਾਹ ਨਾਲ ਲੰਬਾ ਚੋਲਾ ਪਾ ਕੇ ਬਾਗ ਵਿਚ ਸੈਰ ਕਰ ਰਹੇ ਸਨ ਕਿ ਇਕ ਫੁੱਲ ਉਨ੍ਹਾਂ ਦੇ ਚੋਲੇ ਨਾਲ ਫਸ ਕੇ ਡਿਗ ਪਿਆ ਤਾਂ ਉਹ ਉਦਾਸ ਹੋ ਗਏ। ਬਾਬਾ ਜੀ ਨੇ ਕਿਹਾ ਕਿ ਜੇ ਲੰਬੇ ਚੋਲੇ ਪਾਉਣ ਦਾ ਸ਼ੌਕ ਹੈ ਤਾਂ ਇਸ ਨੂੰ ਸੰਭਾਲਣਾ ਵੀ ਸਿਖਣਾ ਪਵੇਗਾ ਤਾਂ ਜੋ ਕਿਸੇ ਦਾ ਨੁਕਸਾਨ ਨਾ ਹੋਵੇ। ਗੁਰੂ ਹਰ ਰਾਏ ਜੀ ਦਾ ਸ਼ੁਭ ਵਿਆਹ ਸ੍ਰੀ ਦਯਾ ਰਾਮ ਦੀ ਲੜਕੀ ਬੀਬੀ ਕ੍ਰਿਸ਼ਨ ਕੌਰ (ਸੁਲੱਖਣੀ ਜੀ) ਨਾਲ ਹਾੜ ਸੁਦੀ 3 ਸੰਮਤ 1697 ਨੂੰ ਹੋਇਆ। ਸ੍ਰੀ ਦਯਾ ਰਾਮ ਅਨੂਪ ਸ਼ਹਿਰ (ਉਤਰ ਪ੍ਰਦੇਸ਼) ਵਿਚ ਰਹਿੰਦੇ ਸਨ। ਉਨ੍ਹਾਂ ਦੇ ਦੋ ਲੜਕੇ-ਸ੍ਰੀ ਰਾਮ ਰਾਏ ਅਤੇ ਸ੍ਰੀ ਹਰਕ੍ਰਿਸ਼ਨ ਜੀ ਪੈਦਾ ਹੋਏ ਸਨ।

ਛੇਵੇਂ ਪਾਤਸ਼ਾਹ ਦੇ ਹੁਕਮ ਅਨੁਸਾਰ ਗੁਰੂ ਹਰ ਰਾਏ ਜੀ ਨੂੰ ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਭਾਨਾ ਜੀ ਨੇ ਚੇਤ ਸੁਦੀ 10 (ਚੇਤ 11) ਸੰਮਤ 1701 ਨੂੰ ਗੁਰਿਆਈ ਦਾ ਤਿਲਕ ਲਾਇਆ। ਬਾਬਾ ਬੁੱਢਾ ਜੀ ਗੁਰੂ ਸਾਹਿਬਾਨ ਦੇ ਅਨਿਨ ਸੇਵਕ ਸਨ ਅਤੇ ਉਨ੍ਹਾਂ ਨੇ ਛੇ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ ਸਨ। ਇਕ ਵਾਰ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ, ਉਨ੍ਹਾਂ ਬਾਰੇ ਥੋੜਾ ਜਿਹਾ ਅਨੁਭਵ ਦਿਓ।

ਬਾਬਾ ਜੀ ਨੇ ਕਿਹਾ, ਕਿਸੇ 'ਚ ਕੀ ਤਾਕਤ, ਜੋ ਗੁਰੂ ਸਾਹਿਬਾਨ ਬਾਰੇ ਦੱਸ ਸਕੇ। ਗੁਰੂ ਨਾਨਕ ਜੀ ਨਿਰਾ ਨੂਰ ਸਨ, ਗੁਰੂ ਅੰਗਦ ਜੀ ਨਿਰੇ ਸਾਧੂ, ਸ਼ਾਂਤੀ ਪਿਆਰ ਅਤੇ ਦਯਾ ਦੀ ਮੂਰਤ। ਸਾਰੀ ਉਮਰ ਮਾਇਆ ਨੂੰ ਹੱਥ ਨਾ ਲਾਇਆ। ਗੁਰੂ ਅਮਰਦਾਸ ਜੀ ਦਾ ਇਕ ਹੱਥ ਸਦਾ ਅਸੀਸ ਲਈ ਉਠਿਆ ਰਹਿੰਦਾ ਤੇ ਦੂਜਾ ਸੇਵਾ ਵਿਚ ਲੱਗਾ ਰਹਿੰਦਾ। ਗੁਰੂ ਰਾਮਦਾਸ ਜੀ ਬਿਰਹੁ ਦੀ ਮੂਰਤ ਸਨ। ਨੈਨ ਹਰ ਵੇਲੇ ਨੀਰ ਨਾਲ ਭਰੇ ਹੀ ਦਿਸਦੇ। ਕਿਹੋ ਜਿਹਾ ਨਜ਼ਾਰਾ ਬਣਿਆ ਹੋਇਆ ਸੀ ਕਿ ਗੁਰੂ ਜੀ ਸਰੋਤਾ ਸਨ ਅਤੇ ਬਾਬਾ ਜੀ ਸੁਣਾ ਰਹੇ ਸਨ, "ਭਾਈ ਬੁਢੇ ਬਰਨਨ ਕੀਆ, ਸਤਗੁਰ ਸਰੋਤਾ ਆਪ।"

ਗੁਰੂ ਹਰ ਰਾਏ ਸਾਹਿਬ ਦੀ ਸ਼ਖਸੀਅਤ ਸੰਤੋਖ, ਸਹਿਜ ਅਤੇ ਦਯਾ ਆਦਿ ਜਿਹੇ ਸਭ ਗੁਣਾਂ ਨਾਲ ਭਰੀ ਹੋਈ ਸੀ। ਮਨੁੱਖਤਾ ਨੂੰ ਬੇਸ਼ੁਮਾਰ ਪਿਆਰ ਕਰਨ ਵਾਲੇ ਇਸ ਅਨੋਖੀ ਸ਼ਖਸੀਅਤ ਦਾ ਕੋਈ ਵੀ ਹੋਰ ਮੇਲ ਨਹੀਂ ਹੈ। ਭਾਈ ਨੰਦ ਲਾਲ ਨੇ ਗੰਜਨਾਮਾ ਵਿਚ ਗੁਰੂ ਹਰ ਰਾਏ ਬਾਰੇ ਵਰਨਣ ਕੀਤਾ ਹੈ,

ਹਕ ਪਰਵਰ ਹਕ ਕੇਸ਼
ਗੁਰੂ ਕਰਤਾ ਹਰਰਾਇ॥
ਸੁਲਤਾਨ ਹਮ ਦਰਵੇਸ਼
ਗੁਰੂ ਕਰਤਾ ਹਰਰਾਇ।।
ਫੱਯਾਜ਼ੁੱਦਾਰੈਨ ਗੁਰੂ ਕਰਤਾ ਹਰਰਾਇ॥
ਸਰਵਰੇ ਕੋਨੈਨ ਗੁਰੂ ਕਰਤਾ ਹਰਰਾਇ॥
ਹਕ ਵਾਸਫਿ ਅਕਰਾਮ
ਗੁਰੂ ਕਰਤਾ ਹਰਰਾਇ॥
ਖਾਸਾਂ ਹਮਾਂ ਬਰਕਾਮ
ਗੁਰੂ ਕਰਤਾ ਹਰਰਾਇ॥

ਉਨ੍ਹਾਂ ਨੇ ਲਿਖਿਆ ਹੈ ਕਿ ਸਤਵੇਂ ਪਾਤਸ਼ਾਹ ਸੱਚ ਦੇ ਪਾਲਣਹਾਰ ਹੋਣ ਦੇ ਨਾਲ ਨਾਲ ਦਰਵੇਸ਼ ਰੂਪ ਅਤੇ ਸੁਲਤਾਨ ਵੀ ਸਨ।

ਗੁਰ ਗੱਦੀ 'ਤੇ ਬਿਰਾਜਮਾਨ ਹੋਣ ਉਪਰੰਤ ਗੁਰੂ ਹਰ ਰਾਏ ਨੇ ਗਰੀਬਾਂ, ਲੋੜਵੰਦਾਂ ਅਤੇ ਰੋਗੀਆਂ ਦੀ ਦੇਖਭਾਲ, ਸੇਵਾ ਅਤੇ ਦਵਾ ਦਾਰੂ ਵੱਲ ਖਾਸ ਧਿਆਨ ਦਿਤਾ। ਉਨ੍ਹਾਂ ਦੇ ਦਵਾਖਾਨੇ ਵਿਚ ਕੀਮਤੀ ਅਤੇ ਦੁਰਲਭ ਦਵਾਈਆਂ ਰੱਖੀਆਂ ਜਾਂਦੀਆਂ। ਇਕ ਵਾਰ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਲਈ ਹਕੀਮਾਂ ਨੇ ਅਜਿਹੀਆਂ ਦਵਾਈਆਂ ਦੱਸੀਆਂ ਜੋ ਗੁਰੂ ਜੀ ਦੇ ਦਵਾਖਾਨੇ ਤੋਂ ਬਿਨਾ ਕਿਤੇ ਨਾ ਮਿਲੀਆਂ। ਭਾਵੇਂ ਸਮੇਂ ਦੇ ਹਾਕਮ ਗੁਰੂ ਜੀ ਦੇ ਵਿਰੁਧ ਸਨ, ਫਿਰ ਵੀ ਉਸ ਨੇ ਗੁਰੂ ਜੀ ਨੂੰ ਨਿਮਰਤਾ ਸਾਹਿਤ ਬੇਨਤੀ ਪੱਤਰ ਲਿਖਿਆ ਅਤੇ ਗੁਰੂ ਜੀ 'ਤੇ ਪੂਰਨ ਵਿਸ਼ਵਾਸ ਪ੍ਰਗਟ ਕੀਤਾ।

ਜਦੋਂ ਸਿੱਖਾਂ ਨੇ ਯਾਦ ਕਰਵਾਇਆ ਕਿ ਇਹ ਤਖਤ ਤਾਂ ਪੰਜਵੇਂ ਅਤੇ ਛੇਵੇਂ ਪਾਤਸ਼ਾਹ ਜੀ ਦੇ ਵਿਰੁਧ ਸੀ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਕਿੰਨੇ ਤਸੀਹੇ ਦਿਤੇ ਗਏ ਸਨ ਅਤੇ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਵਾਲੇ ਗੁਰੂ ਹਰਗੋਬਿੰਦ ਸਾਹਿਬ ਨਾਲ ਜੰਗਾਂ ਲੜੀਆਂ, ਤਾਂ ਗੁਰੂ ਜੀ ਨੇ ਸਮਝਾਇਆ ਕਿ ਜਦੋਂ ਇਕ ਹੱਥ ਨਾਲ ਫੁੱਲ ਤੋੜਦੇ ਹਾਂ ਅਤੇ ਦੂਜੇ ਹੱਥ ਨਾਲ ਅਰਪਿਤ ਕਰਦੇ ਹਾਂ, ਸੁਗੰਧ ਤਾਂ ਦੋਵੇਂ ਹੱਥਾਂ ਨੂੰ ਹੀ ਮਿਲਦੀ ਹੈ। ਇਸੇ ਤਰ੍ਹਾਂ ਜਦੋਂ ਕੁਹਾੜੇ ਨਾਲ ਸੰਦਲ ਦੇ ਰੁੱਖ ਨੂੰ ਕੱਟਿਆ ਜਾਂਦਾ ਹੈ ਤਾਂ ਸੁਗੰਧ ਕੁਹਾੜੇ ਵਿਚੋਂ ਵੀ ਆਣ ਲੱਗ ਜਾਂਦੀ ਹੈ। ਇਸ ਲਈ ਸਾਨੂੰ ਬੁਰਿਆਈ ਦਾ ਉਤਰ ਭਲਿਆਈ ਵਿਚ ਹੀ ਦੇਣਾ ਚਾਹੀਦਾ ਹੈ।

ਗੁਰੂ ਹਰ ਰਾਏ ਜੀ ਪਾਸ ਹਰ ਵੇਲੇ ਹਰ ਪੱਖੋਂ ਤਿਆਰ ਬਰਤਿਆਰ 2200 ਸੈਨਿਕ ਰਹਿੰਦੇ ਸਨ। ਉਨ੍ਹਾਂ ਨੂੰ ਕੋਈ ਵੀ ਜੰਗ ਨਹੀਂ ਲੜਨੀ ਪਈ। ਜਦੋਂ ਦਾਰਾ ਸ਼ਿਕੋਹ ਆਪਣੇ ਭਰਾ ਔਰੰਗਜ਼ੇਬ ਤੋਂ ਬਚਣ ਲਈ ਆ ਰਿਹਾ ਸੀ ਤਾਂ ਉਹ ਗੁਰੂ ਜੀ ਪਾਸ ਗੋਇੰਦਵਾਲ ਪ੍ਰਜਾ ਅਤੇ ਮਦਦ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੀ ਫੌਜ ਰਾਹੀਂ ਮਗਰ ਲੱਗੀ ਔਰੰਗਜ਼ੇਬ ਦੀ ਫੌਜ ਨੂੰ ਦਰਿਆ ਦੇ ਪਾਰ ਹੀ ਰੋਕ ਕੇ ਰਖਿਆ ਅਤੇ ਦਾਰਾ ਸ਼ਿਕੋਹ ਜਾਨ ਬਚਾ ਕੇ ਲਾਹੌਰ ਪੁੱਜ ਗਿਆ। ਜਦੋਂ ਔਰੰਗਜ਼ੇਬ ਨੂੰ ਜਾਣਕਾਰੀ ਮਿਲੀ ਤਾਂ ਉਸ ਨੇ ਸਪਸ਼ਟੀਕਰਣ ਦੇਣ ਲਈ ਤਲਬ ਕੀਤਾ ਸੀ, ਉਸ ਸਮੇਂ ਉਨ੍ਹਾਂ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਭੇਜਿਆ ਸੀ, ਜਿਸ ਦਾ ਵੇਰਵਾ ਉਪਰ ਦਿੱਤਾ ਜਾ ਚੁਕਾ ਹੈ।

ਅਖੀਰਲਾ ਸਮਾਂ ਆ ਜਾਣ 'ਤੇ ਗੁਰੂ ਹਰ ਰਾਏ ਜੀ ਨੇ ਆਪਣੇ ਛੋਟੇ ਪੁੱਤਰ ਸ੍ਰੀ ਹਰਕ੍ਰਿਸ਼ਨ ਜੀ ਨੂੰ 9 ਅਕਤੂਬਰ 1661 ਭਾਵ ਕੱਤਕ ਵਦੀ 9 (ਕੱਤਕ 5) ਸੰਮਤ 1718 ਨੂੰ ਗੁਰਗੱਦੀ ਸੌਂਪ ਦਿਤੀ ਅਤੇ ਉਸੇ ਦਿਨ ਐਤਵਾਰ ਨੂੰ ਜੋਤੀ ਜੋਤਿ ਸਮਾ ਗਏ। ਕੀਰਤਪੁਰ ਸਾਹਿਬ ਵਿਚ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸੁਸ਼ੋਭਿਤ ਹੈ।

# ਵਿਸ਼ਵ ਪੰਜਾਬੀ ਕਾਨਫਰੰਸਾਂ ਅਤੇ ਵਰਲਡ ਪੰਜਾਬੀ ਸੈਂਟਰ

**ਮਸਲੇ**

ਜਿਨ੍ਹਾਂ ਨੇ ਵਰਲਡ ਪੰਜਾਬੀ ਸੈਂਟਰ (ਵਪਸ) ਨੂੰ ਚਿਤਵਿਆ ਸੀ, ਉਨ੍ਹਾਂ ਨੇ ਇਸ ਨੂੰ ਗਲੋਬਲ ਹੋ ਗਏ ਪੰਜਾਬੀਆਂ ਵਾਸਤੇ 'ਨੋਡਲ' ਏਜੰਸੀ ਵਜੋਂ ਹੀ ਚਿਤਵਿਆ, ਇਸ ਲਈ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਦੁਨੀਆਂ ਭਰ ਦੇ ਪੰਜਾਬੀਆਂ ਦਾ ਸਾਂਝਾ ਪਲੇਟਫਾਰਮ ਹੈ। ਇਹ ਵੱਖਰੀ ਗੱਲ ਹੈ ਕਿ ਇਸ ਪਾਸੇ 'ਵਪਸ' ਬਹੁਤ ਸਾਰੇ ਕਾਰਨਾਂ ਕਰਕੇ ਤੁਰ ਨਹੀਂ ਸਕਿਆ। ਕਿਸੇ ਵੀ ਦਿਸ਼ਾ ਵਿਚ ਤੁਰਨ ਵਾਸਤੇ

ਡਾ. ਬਲਕਾਰ ਸਿੰਘ ਪਟਿਆਲਾ
ਡਾਇਰੈਕਟਰ, ਵਰਲਡ ਪੰਜਾਬੀ ਸੈਂਟਰ

ਪਹਿਲਾ ਕਦਮ ਤਾਂ ਪੁੱਟਣਾ ਹੀ ਪੈਣਾ ਹੈ। ਇਸ ਦੀ ਲੋੜ ਵੱਖ ਵੱਖ ਨਾਵਾਂ ਹੇਠ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਨਾਲ ਸਾਹਮਣੇ ਆ ਗਈ ਹੈ। ਪੰਜਾਬੀਆਂ ਦੀਆਂ ਅਕਾਂਖਿਆਵਾਂ ਅਤੇ ਦੁਸ਼ਵਾਰੀਆਂ ਨਾਲ ਜੁੜਿਆ ਕੋਈ ਵੀ ਯਤਨ ਅਸਲੋਂ ਚੰਗਾ ਜਾਂ ਅਸਲੋਂ ਬੁਰਾ ਕਹਿ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ, ਕਿਉਂਕਿ ਇਹੀ ਤਾਂ ਸਮੱਸਿਆ ਹੈ ਅਤੇ ਇਸੇ ਦਾ ਹੱਲ ਲੱਭਣ ਦੀ ਲੋੜ ਹੈ।

ਕੁਝ ਚਿਰ ਪਹਿਲਾਂ ਇਸ ਮੁੱਦੇ 'ਤੇ 'ਵਪਸ' ਵਿਖੇ ਚਰਚਾ ਕਰਵਾਈ ਗਈ ਸੀ ਕਿ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਜੜ੍ਹ ਵਿਚ ਮੁੱਦਾਹੀਣਤਾ (Agendalessness) ਪਈ ਹੈ। ਪਾਰਦਰਸ਼ੀ ਮੁੱਦਾ ਹੀ ਬੰਦਿਆਂ ਵੱਲੋਂ ਕੀਤੀਆਂ ਨੂੰ ਬੰਦੇ ਜੋੜਾ ਰਹਿ ਜਾਣ ਤੋਂ ਬਚਾ ਸਕਦਾ ਹੈ ਅਤੇ ਇਹ ਵਰਤਮਾਨ ਦੀ ਵੱਡੀ ਲੋੜ ਹੋ ਗਿਆ ਹੈ। ਇਸ ਦ੍ਰਿਸ਼ਟੀ ਤੋਂ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਬਾਰੇ ਨਿੱਠ ਕੇ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਪਰਵਾਸ ਨਾਲ ਪੈਦਾ ਹੋਈਆਂ ਦੁਸ਼ਵਾਰੀਆਂ ਨੂੰ ਹੋਣੀ ਵਾਂਗ ਭੋਗਦੇ ਪੰਜਾਬੀਆਂ ਵੱਲੋਂ ਸਾਂਝੀ ਰਾਏ ਬਣਾਉਣ ਦੀ ਥਾਂ ਵਿਅਕਤੀਗਤ ਯਤਨਾਂ ਨਾਲ ਸੰਤੁਸ਼ਟ ਹੋਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਮੱਸਿਆਵਾਂ ਕਿਉਂਕਿ ਬਹੁ-ਪਰਤੀ ਹਨ ਅਤੇ ਹੁੰਦੇ ਰਹੇ ਤੇ ਹੋ ਰਹੇ ਯਤਨ ਅਕਸਰ ਇਕ-ਪਰਤੀ ਨਜ਼ਰ ਆਉਂਦੇ ਹਨ। ਇਸ ਨਾਲ ਮਾਅਰਕੇਬਾਜ਼ੀ, ਚੌਧਰ-ਅਵਸਰ ਅਤੇ ਵਕਤੀ ਸੰਤੁਸ਼ਟੀ ਤਾਂ ਪੈਦਾ ਹੁੰਦੀ ਰਹੀ ਹੈ, ਪਰ ਲਾਮਬੰਦੀ




ਤੇ ਲਹਿਰ ਵੱਲ ਸੇਧਤ ਕੋਸ਼ਿਸ਼ਾਂ ਸਾਹਮਣੇ ਨਹੀਂ ਆਈਆਂ। ਕਾਰਨ ਬਹੁਤ ਸਾਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਇਹੀ ਲੱਗਦਾ ਹੈ ਕਿ ਸਿਰ ਪਈਆਂ ਨਜਿੱਠਣ ਦੇ ਪੰਜਾਬੀ ਸੁਭਾ ਨੇ ਅਗਾਊਂ ਪ੍ਰੋਗਰਾਮਿੰਗ ਤੇ ਪਲੈਨਿੰਗ ਵਾਲੇ ਪਾਸੇ ਤੁਰਨ ਹੀ ਨਹੀਂ ਦਿੱਤਾ। ਪਰਵਾਸ ਨਾਲ ਬਹੁ-ਸਭਿਆਚਾਰ ਪ੍ਰਸੰਗ ਵਿਚ ਪੈਦਾ ਹੋ ਗਏ ਵਰਤਾਰਿਆਂ ਵਿਚ ਪੰਜਾਬੀਆਂ ਨੇ ਜਿੰਨਾ ਮਿਹਨਤ ਨਾਲ ਕਮਾਇਆ ਹੈ, ਓਨਾਂ ਅਕਲ ਨਾਲ ਸ਼ਾਇਦ ਨਹੀਂ ਕਮਾਇਆ।

ਪੰਜਾਬੀ, ਦੁਨੀਆਂ ਵਿਚ ਜਿਥੇ ਵੀ ਗਏ ਹਨ, ਪੰਜਾਬੀ ਸੁਭਾ ਨੂੰ ਤਾਂ ਨਾਲ ਲੈ ਕੇ ਗਏ ਹਨ, ਪਰ ਪੰਜਾਬੀ ਸੁਜੱਗਤਾ ਨਾਲ ਨਿਭਣ ਦੀ ਦ੍ਰਿੜ੍ਹਤਾ ਨਾਲ ਕਿਹੜੇ ਕਾਰਨਾਂ ਕਰਕੇ ਨਹੀਂ ਨਿਭ ਸਕੇ, ਇਸ ਨੂੰ ਪੰਜਾਬੀ ਕਾਨਫਰੰਸਾਂ ਦਾ ਮੁੱਦਾ ਬਣਾਏ ਜਾਣ ਦੀ ਲੋੜ ਹੈ। ਇਸੇ ਕਰਕੇ ਪੰਜਾਬੀ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦਾ ਮੰਤਰ ਜੇ ਮਿਹਨਤ ਸੀ ਤਾਂ ਦੂਜੀ ਜਾਂ ਵਰਤਮਾਨ ਪੀੜ੍ਹੀ ਦਾ ਮੰਤਰ ਮਿਹਨਤ ਦੇ ਨਾਲ ਨਾਲ ਚੇਤਨਾ ਵੀ ਹੋ ਗਿਆ ਹੈ। ਦੂਜੀ ਪੀੜ੍ਹੀ ਨਾਲ ਕਦਮ ਮਿਲਾ ਕੇ ਚੱਲਣ ਦੀ ਕੋਸ਼ਿਸ਼ ਵਿਚੋਂ ਅਜਿਹੇ ਵਰਤਾਰੇ ਪੈਦਾ ਹੋਏ ਹਨ, ਜਿਨ੍ਹਾਂ ਵਿਚੋਂ ਇਕ ਪੰਜਾਬੀ ਕਾਨਫਰੰਸਾਂ ਹਨ। ਦੂਜੀ ਪੀੜ੍ਹੀ ਨੇ ਸਿਆਸਤ ਵਿਚ ਮੱਲਾਂ ਮਾਰੀਆਂ ਤਾਂ ਪਹਿਲੀ ਪੀੜ੍ਹੀ ਨੇ ਭਾਸ਼ਾ ਦੀ ਸਿਆਸਤ, ਵਿਰਸੇ ਦੀ ਸਿਆਸਤ ਅਤੇ ਚੌਧਰ ਦੀ ਸਿਆਸਤ ਵੱਲ ਮੋੜਾ ਕੱਟ ਲਿਆ। ਧੀਆਂ-ਪੁੱਤਰਾਂ ਦੇ ਮਗਰ ਲੱਗ ਕੇ ਗਏ ਪੰਜਾਬੀਆਂ ਦੀਆਂ ਪੀੜ੍ਹੀਆਂ ਵਿਚੋਂ ਬਹੁਤੇ ਪੜ੍ਹੇ-ਲਿਖੇ ਹਨ। ਇਹ ਸੋਚ ਵਿਚ ਅਗਾਂਹਵਧੂ ਹੋਣ ਦੇ ਬਾਵਜੂਦ ਸੁਭਾ ਵਿਚ ਚਾਹੁਣ ਦੇ ਬਾਵਜੂਦ ਵੀ ਬਹੁਤੇ ਨਹੀਂ ਬਦਲੇ। ਛੇਤੀ ਅਮੀਰ ਹੋਣ ਦੇ ਲਾਲਚ ਨੇ ਬਹੁਤਿਆਂ ਨੂੰ ਖੋਖਲਾਇਆ ਹੋਇਆ ਹੈ। ਅਜਿਹੀ ਹਫੜਾਦਫੜੀ ਤੋਂ ਪੰਜਾਬੀ ਕਾਨਫਰੰਸਾਂ ਵੀ ਬਚੀਆਂ ਹੋਈਆਂ ਨਹੀਂ ਹਨ ਅਤੇ ਇਸ ਦਾ ਪ੍ਰਗਟਾਵਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਵੀ ਹੋਣ ਲੱਗ ਪਿਆ ਹੈ ਅਤੇ ਪੰਜਾਬੀ ਕਾਨਫਰੰਸਾਂ ਪੁਰਾਣੀਆਂ ਸਾਹਿਤ ਸਭਾਵਾਂ ਵਰਗੀਆਂ ਹੀ ਲੱਗਣ ਲੱਗ ਪਈਆਂ ਹਨ।

ਇਹ ਸਭ ਨੂੰ ਪਤਾ ਲੱਗ ਗਿਆ ਹੈ ਕਿ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਜਿੰਨੀਆਂ ਆਪਣੇ ਪ੍ਰਬੰਧਕੀ ਫੱਟਿਆਂ ਕਰਕੇ ਦਿੱਸਣ ਲੱਗ ਪਈਆਂ ਹਨ, ਓਨੀਆਂ ਆਪਣੀਆਂ ਪ੍ਰਾਪਤੀਆਂ ਕਰਕੇ ਨਜ਼ਰ ਨਹੀਂ ਆਉਂਦੀਆਂ। ਕਾਨਫਰੰਸਾਂ ਵਿਚ ਸ਼ਾਮਲ ਸੰਬੋਧਕਾਂ ਅਤੇ ਸੰਬੋਧਤਾਂ ਨੂੰ ਧਿਆਨ ਵਿਚ ਰੱਖ ਲਈਏ ਤਾਂ ਕਾਨਫਰੰਸਾਂ ਆਪੇ ਕਹਿਣ ਤੇ ਆਪੇ ਸੁਣਨ ਵਰਗੀਆਂ ਪਰਸਪਰ ਮਹਿਮਾ ਸਭਾਵਾਂ ਲੱਗਣ ਲੱਗ ਪਈਆਂ ਹਨ। ਇਸ ਹਾਲਤ ਵਿਚ ਇਹ ਸੋਚੇ ਜਾਣ ਦੀ ਲੋੜ ਹੈ ਕਿ ਹੋ ਰਹੇ ਦੁਹਰਾਉ ਤੋਂ ਬਚਣ ਲਈ ਸਭ ਨੂੰ 'ਨੋਡਲ' ਏਜੰਸੀ ਨਾਲ ਕਿਵੇਂ ਜੋੜਿਆ ਜਾਵੇ? ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ 'ਵਪਸ' ਦੇ ਘਾੜਿਆਂ (ਪੂਰਬੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ, 2004) ਨੇ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਵਾਸਤੇ ਚਿਤਵਿਆ ਸੀ। ਇਸ ਪਲੇਟਫਾਰਮ ਨੂੰ ਗਲੋਬਲ ਪੰਜਾਬ ਦੇ ਪੰਜਾਬੀਆਂ ਵਾਸਤੇ ਵਰਤੇ ਜਾਣ ਵਾਲੀ 'ਨੋਡਲ' ਏਜੰਸੀ ਹੋ ਸਕਣ ਦੀਆਂ ਸੰਭਾਵਨਾਵਾਂ ਬਾਰੇ ਸੋਚਣਾ ਚਾਹੀਦਾ ਹੈ।

ਇਸ ਦਾ ਇਕ ਮਾਡਲ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਭਾਰਤੀ ਪੰਜਾਬੀ ਕਾਨਫਰੰਸਾਂ ਦੇ ਰੂਪ ਵਿਚ ਸਾਹਮਣੇ ਆ ਚੁਕਾ ਹੈ। ਇਸ ਦੀ ਸ਼ੁਰੂਆਤ ਬੇਸ਼ੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ ਗਈ ਸੀ, ਪਰ ਇਸੇ ਨੂੰ ਭਾਰਤ ਵਿਚਲੇ ਵੱਖ ਵੱਖ ਸੂਬਿਆਂ ਦੇ ਪੰਜਾਬੀਆਂ ਨੇ ਰੀਝ ਨਾਲ ਅਪਨਾ ਲਿਆ ਸੀ। ਇਸ ਨਾਲ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਹੋਣ ਲੱਗ ਸਕਦੀ ਹੈ ਅਤੇ ਸਮੱਸਿਆਵਾਂ ਦੇ ਹੱਲ ਵਾਸਤੇ ਸਾਂਝੀ ਸਮਝ ਵੀ ਬਣਾਈ ਜਾ ਸਕਦੀ ਹੈ। ਇਸੇ ਬਾਰੇ ਜਦੋਂ ਰਲ ਕੇ ਸੋਚਾਂਗੇ ਤਾਂ ਹੋਰ ਵੀ ਪਹਿਲੂ ਸਾਹਮਣੇ ਆ ਜਾਣਗੇ।

ਬਤੌਰ 'ਵਪਸ' ਡਾਇਰੈਕਟਰ ਕਹਿਣਾ ਚਾਹੁੰਦਾ ਹਾਂ ਕਿ ਜਿੰਮੇਵਾਰੀਆਂ ਨੂੰ ਅਹੁਦੇਦਾਰੀਆਂ ਦੇ ਦਖਲ ਤੋਂ ਮੁਕਤ ਕਰਕੇ ਹੀ ਠੀਕ ਸੇਧ ਵੱਲ ਵਧਿਆ ਜਾ ਸਕਦਾ ਹੈ। ਇਸ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਨਹੀਂ ਦੇਵਾਂਗੇ ਤਾਂ ਵਿਸ਼ਵ ਸਰੋਕਾਰਾਂ ਨੂੰ ਸਥਾਨਕ ਤਰਜੀਹਾਂ ਤੋਂ ਕੁਰਬਾਨ ਕਰ ਰਹੇ ਹੋਵਾਂਗੇ।

# ਅਮਰ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ

***ਇਹ ਲੇਖ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ (ਆਈ. ਏ. ਸੀ. ਓ.) ਦੇ ਆਗੂ ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ (ਫੋਨ: 661-331-5651) ਰਾਹੀਂ ਹਾਸਲ ਹੋਇਆ ਹੈ, ਜੋ ਜਥੇਬੰਦੀ ਦੇ ਦੋ ਆਗੂਆਂ ਕਿਰਪਾਲ ਸਿੰਘ ਸੰਧੂ ਤੇ ਸੁਮਿੱਤਰ ਸਿੰਘ ਉਪਲ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਸ਼ਹੀਦੀ ਦਿਵਸ 'ਤੇ ਉਚੇਚਾ ਲਿਖਿਆ ਹੈ। ਇਹ ਦੋਵੇਂ ਬਜ਼ੁਰਗ ਆਗੂ ਜਥੇਬੰਦੀ ਦੇ ਡਾਇਰੈਕਟਰ ਹਨ। ਇਹ ਜਥੇਬੰਦੀ ਗਦਰੀ ਬਾਬਿਆਂ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਲਗਾਤਾਰ ਪਹਿਰਾ ਦੇ ਰਹੀ ਹੈ। ਜਥੇਬੰਦੀ ਨੇ ਅਹਿਦ ਕੀਤਾ ਹੈ ਕਿ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਸਭਿਆਚਾਰਕ ਮੇਲਾ ਮਨਾਉਂਦੀ ਰਹੇਗੀ।***

17 ਦਸੰਬਰ 1928 ਨੂੰ ਸ਼ਾਮ ਦੇ 4:30 ਵਜੇ ਦਫਤਰੋਂ ਨਿਕਲਦੇ ਨੂੰ ਵੇਖ ਜੈ ਗੋਪਾਲ ਨੇ ਤਿਆਰ ਰਹਿਣ ਦਾ ਇਸ਼ਾਰਾ ਕੀਤਾ। ਸਾਂਡਰਸ ਜਦੋਂ ਆਪਣੇ ਮੋਟਰਸਾਈਕਲ 'ਤੇ ਨਿਕਲਿਆ ਤਾਂ ਰਾਜਗੁਰੂ ਨੇ ਉਸ ਦੇ ਗੋਲੀ ਮਾਰੀ। ਉਹ ਜ਼ਮੀਨ 'ਤੇ ਡਿੱਗ ਪਿਆ। ਇਸ ਪਿਛੋਂ ਭਗਤ ਸਿੰਘ ਨੇ ਦੋ ਗੋਲੀਆਂ ਹੋਰ ਮਾਰ ਨੇ ਉਸ ਨੂੰ ਪਾਰ ਬੁਲਾ ਦਿੱਤਾ। ਜਦੋਂ ਇਹ ਦੋਵੇਂ ਦੌੜੇ ਤਾਂ ਕੋਲ ਖੜ੍ਹੇ ਹੈਡ ਕਾਂਸਟੇਬਲ ਚੰਨਣ ਸਿੰਘ ਨੇ ਇਨ੍ਹਾਂ ਦਾ ਪਿਛਾ ਕੀਤਾ। ਇਨ੍ਹਾਂ ਦੀ ਹਿਫਾਜ਼ਤ ਵਿਚ ਖੜ੍ਹੇ ਚੰਦਰ ਸ਼ੇਖਰ ਆਜ਼ਾਦ ਨੇ ਚੰਨਣ ਸਿੰਘ ਨੂੰ ਰੁਕ ਜਾਣ ਲਈ ਕਿਹਾ ਪਰ ਉਹ ਨਾ ਰੁਕਿਆ ਅਤੇ ਫਿਰ ਆਜ਼ਾਦ ਦੀਆਂ ਦੋ ਗੋਲੀਆਂ ਨੇ ਉਸ ਨੂੰ ਡੱਕਿਆ। ਇਹ ਐਕਸ਼ਨ ਕਾਮਯਾਬ ਕਰਕੇ ਇਹ ਤਿੰਨੇ ਸਾਈਕਲਾਂ 'ਤੇ ਸਵਾਰ ਹੋ ਕੇ ਪਹਿਲਾਂ ਡੀ. ਏ. ਵੀ. ਕਾਲਜ ਦੇ ਹੋਸਟਲ ਗਏ, ਫਿਰ ਉਥੋਂ ਉਲੀਕੇ ਅਸਲੀ ਟਿਕਾਣੇ ਮੋਜਾਂਗ ਹਾਊਸ ਪਹੁੰਚ ਗਏ।

ਦਸੰਬਰ 1928 ਦੀ 9-10 ਦੀ ਦਰਮਿਆਨੀ ਰਾਤ ਨੂੰ ਲਾਹੌਰ ਦੇ ਮੋਜਾਂਗ ਹਾਊਸ



**ਕਿਰਪਾਲ ਸਿੰਘ ਸੰਧੂ**
ਫੋਨ: 559-259-4844
**ਸੁਮਿੱਤਰ ਸਿੰਘ ਉਪਲ**
ਫੋਨ: 530-695-1716

ਵਿਚ ਹੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦੇ ਸਰਗਰਮ ਕਾਰਕੁਨਾਂ ਦੀ ਹੋਈ ਮੀਟਿੰਗ ਵਿਚ ਨੌਜਵਾਨਾਂ ਦੇ ਡਿੱਗ ਰਹੇ ਮੁਲਾਰ ਨੂੰ ਠੁੰਮਣਾ ਦੇਣ ਲਈ ਫੈਸਲਾ ਕੀਤਾ ਗਿਆ ਕਿ ਮਿਸਟਰ ਸਕਾਟ ਨੂੰ ਗੋਲੀ ਮਾਰ ਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਜਾਵੇ। ਯੋਜਨਾ ਬਣਾਈ ਗਈ ਕਿ ਪਹਿਲਾਂ ਚੰਦਰ ਸ਼ੇਖਰ ਆਜ਼ਾਦ ਉਸ ਜਗ੍ਹਾ ਦਾ ਚੰਗੀ ਤਰ੍ਹਾਂ ਜਾਇਜ਼ਾ ਲੈਣਗੇ। ਜੈ ਗੋਪਾਲ ਸਕਾਟ ਦੇ ਬਾਹਰ ਆਉਣ ਦਾ ਇਸ਼ਾਰਾ ਕਰੇਗਾ, ਰਾਜਗੁਰੂ ਤੇ ਭਗਤ ਸਿੰਘ ਗੋਲੀਆਂ ਮਾਰਨਗੇ। ਇਨ੍ਹਾਂ ਦੀ ਹਿਫਾਜ਼ਤ ਲਈ ਚੰਦਰ ਸ਼ੇਖਰ ਆਜ਼ਾਦ ਵੀ ਉਥੇ ਹੋਵੇਗਾ। ਸਰਬਸੰਮਤੀ ਨਾਲ ਇਸ ਐਕਸ਼ਨ ਦੀ ਮਨਜ਼ੂਰੀ ਦਿੱਤੀ ਗਈ।

ਕਾਮਯਾਬ ਐਕਸ਼ਨ ਤੋਂ ਬਾਅਦ ਹੁਣ ਸਵਾਲ ਹਿੱਸਾ ਲੈਣ ਵਾਲਿਆਂ ਨੂੰ ਲਾਹੌਰ ਤੋਂ ਬਾਹਰ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਉਣ ਦਾ ਸੀ। ਪ੍ਰੋਗਰਾਮ ਅਨੁਸਾਰ, ਉਸੇ ਰਾਤ ਸੁਖਦੇਵ, ਭਗਵਤੀ ਚਰਨ ਵੋਹਰਾ ਦੇ ਘਰ ਗਏ। ਦੁਰਗਾ ਦੇਵੀ ਨੇ ਦਰਵਾਜਾ ਖੋਲ੍ਹਿਆ। ਸੁਖਦੇਵ ਨੇ ਸਾਰੀ ਗੱਲ ਦੁਰਗਾ ਦੇਵੀ, ਜਿਨ੍ਹਾਂ ਨੂੰ ਜਥੇਬੰਦੀ ਵਾਲੇ ਕੁਝ ਸਾਥੀ ਸਤਿਕਾਰ ਵਜੋਂ ਦੁਰਗਾ ਭਾਬੀ ਕਹਿ ਕੇ ਬੁਲਾਉਂਦੇ ਸਨ, ਨਾਲ ਸਾਰੀ ਵਾਰਤਾ ਸਾਂਝੀ ਕੀਤੀ: "ਭਗਤ ਸਿੰਘ ਤੇ ਰਾਜਗੁਰੂ ਨੂੰ ਲਾਹੌਰ ਤੋਂ ਬਾਹਰ ਲੈ ਜਾਣ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ। ਤੁਹਾਨੂੰ ਭਗਤ ਸਿੰਘ ਦੀ ਬੀਵੀ ਦਾ ਰੋਲ ਅਦਾ ਕਰਨਾ ਹੋਵੇਗਾ। ਬੇਟਾ ਸਾਚੀ (ਜੋ ਉਸ ਵੇਲੇ ਸਿਰਫ ਦੋ ਸਾਲ ਦਾ ਸੀ) ਵੀ ਤੁਹਾਡੇ ਕੋਲ ਹੋਵੇਗਾ। ਪੁਲਿਸ ਨਾਲ ਟਕਰਾਓ ਵੀ ਹੋ ਸਕਦਾ ਹੈ ਤੇ ਇਸ ਦੌਰਾਨ ਸਾਚੀ ਦੇ ਗੋਲੀ ਵੀ ਲੱਗ ਸਕਦੀ ਹੈ।"

ਦੁਰਗਾ ਦੇਵੀ ਨੇ ਕਿਹਾ, "ਸਾਚੀ ਜੇ ਮੇਰਾ ਪੁੱਤ ਹੈ ਤਾਂ ਤੁਸੀਂ ਵੀ ਸਾਰੇ ਆਪਣੀਆਂ ਮਾਂਵਾਂ ਦੇ ਪੁੱਤ ਹੋ। ਮੈਂ ਤਿਆਰ ਹਾਂ।" ਸੁਖਦੇਵ ਨੇ ਦੱਸਿਆ ਕਿ ਭਗਤ ਸਿੰਘ ਨੇ ਕੇਸ ਕਟਵਾ ਦਿੱਤੇ ਹਨ। ਉਹ ਪੂਰੇ ਯੂਰਪੀ ਲਿਬਾਸ ਵਿਚ ਹੋਵੇਗਾ। ਤੁਸੀਂ ਵੀ ਕੀਮਤੀ ਲਿਬਾਸ ਵਿਚ ਤਿਆਰ ਹੋਣਾ ਹੈ। ਕੱਲ੍ਹ ਨੂੰ ਮੂੰਹ-ਹਨੇਰੇ ਜਿਹੜੀ ਰੇਲ ਕਲਕੱਤੇ ਵੱਲ ਜਾਂਦੀ ਹੈ, ਉਸ ਵਿਚ ਜਾਣਾ ਹੈ।

ਯੋਜਨਾ ਅਨੁਸਾਰ ਭਗਤ ਸਿੰਘ ਨੇ ਉਪਰ ਦੀ ਲੰਮਾ ਕੋਟ ਪਹਿਨ ਕੇ ਜੇਬ ਵਿਚ ਛੇ ਗੋਲੀਆਂ ਵਾਲਾ ਪਿਸਤੌਲ ਰੱਖ ਲਿਆ। ਇਸੇ ਤਰ੍ਹਾਂ ਦੁਰਗਾ ਦੇਵੀ ਨੇ ਆਪਣੇ ਕੋਟ ਵਿਚ ਛੇ ਗੋਲੀਆਂ ਵਾਲਾ ਪਿਸਤੌਲ ਸੁਰੱਖਿਅਤ ਜਗ੍ਹਾ 'ਤੇ ਰੱਖ ਲਿਆ। ਸੁਖਦੇਵ, ਭਗਤ ਸਿੰਘ ਤੇ ਰਾਜਗੁਰੂ ਮੂੰਹ-ਹਨੇਰੇ ਭਗਵਤੀ ਵੋਹਰਾ ਦੇ ਘਰ ਪਹੁੰਚ ਗਏ। ਦੁਰਗਾ ਦੇਵੀ ਪਹਿਲਾਂ ਭਗਤ ਸਿੰਘ ਤੇ ਰਾਜਗੁਰੂ ਨੂੰ ਨਵੇਂ ਲਿਬਾਸ ਵਿਚ ਪਛਾਣ ਨਾ ਸਕੀ। ਛੇਤੀ-ਛੇਤੀ ਭਗਤ ਸਿੰਘ, ਦੁਰਗਾ ਦੇਵੀ, ਬੇਟਾ ਸਾਚੀ ਤੇ ਨੌਕਰ ਦਾ ਰੋਲ ਨਿਭਾ ਰਿਹਾ ਰਾਜਗੁਰੂ ਘੋੜੇ ਵਾਲੀ ਬੱਘੀ 'ਤੇ ਸਵਾਰ ਹੋ ਕੇ ਲਾਹੌਰ ਰੇਲਵੇ ਸਟੇਸ਼ਨ ਵਲ ਤੁਰ ਪਏ। ਭਗਤ ਸਿੰਘ ਨੇ ਕੋਚਵਾਨ ਜੋ ਨੌਜਵਾਨ ਸੀ, ਨੂੰ ਪੁੱਛਿਆ ਕਿ ਪੁਲਿਸ ਇਧਰ ਉਧਰ ਕਿਉਂ ਘੁੰਮ ਰਹੀ ਹੈ? ਤਾਂਗੇ ਵਾਲੇ ਨੌਜਵਾਨ ਨੇ ਜਵਾਬ ਦਿੱਤਾ, "ਸਾਹਿਬ ਜੀ, ਕੱਲ੍ਹ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਸਾਂਡਰਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਪੁਲਿਸ ਉਨ੍ਹਾਂ ਨੂੰ ਫੜਨ ਲਈ ਦੌੜ-ਫਿਰ ਰਹੀ ਹੈ।" ਭਗਤ ਸਿੰਘ ਨੇ ਮੁੜ ਸਵਾਲ ਕੀਤਾ, "ਜੇ ਤੈਨੂੰ ਭਗਤ ਸਿੰਘ ਮਿਲ ਜਾਵੇ?" ਉਹ ਝਟਪਟ ਬੋਲ ਪਿਆ, "ਭਗਤ ਸਿੰਘ ਲਈ ਤਾਂ ਮੈਂ ਤੇ ਮੇਰਾ ਘੋੜਾ ਬੱਘੀ ਹਾਜ਼ਰ ਹਨ, ਜਿਥੇ ਕਹੇਗਾ, ਛੱਡ ਕੇ ਆਵਾਂਗਾ।"

ਇਸੇ ਦੌਰਾਨ ਉਹ ਰੇਲਵੇ ਸਟੇਸ਼ਨ ਪਹੁੰਚ ਗਏ। ਟਿਕਟ ਖਰੀਦੇ ਹੋਏ ਸਨ। ਪੁਲਿਸ ਸਟੇਸ਼ਨ 'ਤੇ ਹਰਲ-ਹਰਲ ਕਰਦੀ ਫਿਰ ਰਹੀ ਸੀ। ਇਹ ਚਾਰੇ ਜਣੇ ਕੁਲੀ ਦੀ ਮਦਦ ਨਾਲ ਪੁਲਿਸ ਦੀਆਂ ਅੱਖਾਂ ਵਿਚ ਧੂੜ ਪਾ ਕੇ ਰੇਲ ਡੱਬਿਆਂ ਵਿਚ ਆਰਾਮ ਨਾਲ ਬੈਠ ਗਏ। ਰੇਲ ਆਪਣੇ ਸਫਰ 'ਤੇ ਰਵਾਨਾ ਹੋਈ। ਪ੍ਰੋਗਰਾਮ ਮੁਤਾਬਕ ਰਾਜਗੁਰੂ ਕਿਸੇ ਰੇਲਵੇ ਸਟੇਸ਼ਨ 'ਤੇ ਉਤਰ ਗਿਆ। ਉਸੇ ਦਿਨ ਚੰਦਰ ਸ਼ੇਖਰ ਆਜ਼ਾਦ ਸਾਧੂ ਦਾ ਭੇਸ ਵਟਾ ਕੇ ਲਾਹੌਰ ਤੋਂ ਬਾਹਰ ਸੁਰੱਖਿਅਤ ਆਪਣੇ ਟਿਕਾਣੇ 'ਤੇ ਪਹੁੰਚ ਗਏ। ਅਗਲੇ ਦਿਨ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਨਾਂ ਹੇਠ ਲਾਹੌਰ ਦੀਆਂ ਖਾਸ-ਖਾਸ ਥਾਂਵਾਂ 'ਤੇ ਇਸ਼ਤਿਹਾਰ ਲੱਗੇ ਹੋਏ ਸਨ। ਮਜਮੂਨ ਸੀ-ਸਕਾਟ ਦੀ ਜਗ੍ਹਾ ਸਾਂਡਰਸ ਮਾਰਿਆ ਗਿਆ ਤੇ ਲਾਲ ਲਾਜਪਤ ਰਾਏ ਜੀ ਦੀ ਮੌਤ ਦਾ ਬਦਲਾ ਲੈ ਲਿਆ ਗਿਆ ਹੈ।

ਸਰਕਾਰ ਬੁਰੀ ਤਰ੍ਹਾਂ ਘਬਰਾਈ ਤੇ ਬੌਖਲਾਈ ਹੋਈ, ਸਾਰੇ ਹਿੰਦੋਸਤਾਨ ਵਿਚ ਥਾਂ-ਥਾਂ 'ਤੇ ਛਾਪੇ ਮਾਰ ਕੇ ਵੱਡੀ ਗਿਣਤੀ ਵਿਚ ਗ੍ਰਿਫਤਾਰੀਆਂ ਕਰ ਰਹੀ ਸੀ। ਇਨ੍ਹਾਂ ਵਿਚ ਭਾਰਤ ਨੌਜਵਾਨ ਸਭਾ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸਸੀਏਸ਼ਨ, ਸਟੂਡੈਂਟਸ ਯੂਨੀਅਨ ਤੇ ਕਾਂਗਰਸ ਦੇ ਕਾਰਕੁਨ ਵੀ ਸ਼ਾਮਿਲ ਸਨ, ਜਿਵੇਂ ਕੇਦਾਰਨਾਥ ਸਹਿਗਲ, ਅਬਦੁਲ ਮਜੀਦ, ਸੰਤ ਰਾਮ, ਏ. ਸੀ. ਬਾਲੀ, ਰਾਮ ਚੰਦਰ, ਮਨਜ਼ੂਰ ਅਹਿਮਦ, ਧਰਮਵੀਰ, ਹੰਸ ਰਾਜ ਵੋਹਰਾ ਤੇ ਹੋਰ ਵੀ ਕਈ ਸਾਥੀ ਜਿਨ੍ਹਾਂ ਦੀ ਤਦਾਦ 30-35 ਤੋਂ ਉਪਰ ਸੀ। ਪੁਲਿਸ ਲਾਹੌਰ ਦੇ ਆਲੇ-ਦੁਆਲੇ ਦੇ ਪਿੰਡਾਂ, ਕਸਬਿਆਂ ਵਿਚ ਸੁਰਾਗ ਲੱਭਣ ਦੇ ਯਤਨ ਕਰ ਰਹੀ ਸੀ ਪਰ ਹੱਥ ਪੱਲੇ ਕੁਝ ਵੀ ਨਹੀਂ ਸੀ ਪੈ ਰਿਹਾ। ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰ ਕੀਤੇ ਬੰਦਿਆਂ ਨੂੰ ਜ਼ਮਾਨਤ 'ਤੇ ਛੱਡਣ ਤੋਂ ਇਨਕਾਰ ਕਰਨ ਕਰਕੇ ਲੋਕਾਂ ਵਿਚ ਸਰਕਾਰ ਖਿਲਾਫ ਗੁੱਸਾ ਹੋਰ ਤਿੱਖਾ ਹੋ ਗਿਆ ਸੀ।

1928 ਵਿਚ ਸਾਰਾ ਸਾਲ ਹੀ ਅਣਗਿਣਤ ਛੋਟੀਆਂ ਵੱਡੀਆਂ ਹੜਤਾਲਾਂ ਹੋਈਆਂ। ਸਰਕਾਰ ਇਨ੍ਹਾਂ ਹੜਤਾਲਾਂ ਨੂੰ ਸਖਤੀ ਨਾਲ ਦਬਾ ਦੇਣ ਦੇ ਰੌਂਅ ਵਿਚ ਸੀ। ਸਰਕਾਰ ਨੇ ਟਰੇਡ ਡਿਸਪਿਊਟ ਬਿੱਲ ਤੇ ਪਬਲਿਕ ਸੇਫਟੀ ਬਿੱਲ ਅਸੈਂਬਲੀ ਵਿਚ ਪਾਸ ਕਰਾਉਣ ਦਾ ਮਨ ਬਣਾਇਆ। 18 ਅਗਸਤ 1928 ਨੂੰ ਜੱਲ੍ਹਿਆਂ ਵਾਲੇ ਬਾਗ ਵਿਚ ਭਾਰਤ ਨੌਜਵਾਨ ਸਭਾ ਨੇ ਇਨ੍ਹਾਂ ਲੋਕ ਵਿਰੋਧੀ ਬਿਲਾਂ ਖਿਲਾਫ ਮੁਹਿੰਮ ਚਲਾਉਣ ਲਈ ਮੀਟਿੰਗ ਕੀਤੀ, ਜਿਸ ਵਿਚ ਟਰੇਡ ਡਿਸਪਿਊਟ ਬਿਲ ਤੇ ਪਬਲਿਕ ਸੇਫਟੀ ਬਿੱਲ ਦੀ ਤਿੱਖੀ ਆਲੋਚਨਾ ਹੋਈ। ਨਾਲ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਅਸੈਂਬਲੀ ਦੇ ਚੁਣੇ ਹੋਏ ਮੈਂਬਰ ਸਾਹਿਬਾਨ 'ਤੇ ਜ਼ੋਰ ਪਾਇਆ ਜਾਵੇ ਕਿ ਉਹ ਟਰੇਡ ਡਿਸਪਿਊਟ ਬਿੱਲ ਤੇ ਪਬਲਿਕ ਸੇਫਟੀ ਬਿਲਾਂ ਖਿਲਾਫ ਆਪਣੀ ਵੋਟ ਦਾ ਹੱਕ ਇਸਤੇਮਾਲ ਕਰਨ ਤਾਂ ਜੋ ਇਹ ਬਿਲ ਅਸੈਂਬਲੀ ਵਿਚ ਪਾਸ ਨਾ ਹੋ ਸਕਣ।



*ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ*

ਸਾਲ 1929 ਵਿਚ ਫਰਵਰੀ ਮਹੀਨੇ ਦੀ 22, 23 ਤੇ 24 ਤਰੀਕ ਨੂੰ ਭਾਰਤ ਨੌਜਵਾਨ ਸਭਾ ਨੇ ਦੂਜੀ ਕਾਨਫਰੰਸ ਲਾਹੌਰ ਵਿਚ ਕੀਤੀ। ਇਹ 'ਕਿਰਤੀ' ਅਖਬਾਰ ਦੇ ਸੰਪਾਦਕ ਸੋਹਣ ਸਿੰਘ ਜੋਸ਼ ਦੀ ਪ੍ਰਧਾਨਗੀ ਹੇਠ ਹੋਈ। ਸਰਕਾਰ ਦੀਆਂ ਸਖਤੀਆਂ ਦੇ ਬਾਵਜੂਦ ਸਰਕਾਰੀ ਰਿਪੋਰਟਾਂ ਅਨੁਸਾਰ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਇਸ ਵਿਚ ਸ਼ਿਰਕਤ ਕੀਤੀ। ਇਸ ਕਾਨਫਰੰਸ ਦਾ ਸੁਨੇਹਾ ਇਹੀ ਸੀ ਕਿ ਨੌਜਵਾਨ ਆਜ਼ਾਦੀ ਦੇ ਰਾਹ ਪੈ ਚੁਕੇ ਹਨ ਅਤੇ ਆਜ਼ਾਦੀ ਖਾਤਰ ਹਰ ਕੁਰਬਾਨੀ ਲਈ ਤਿਆਰ ਹਨ। ਸੋਹਨ ਸਿੰਘ ਜੋਸ਼ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਭਾਰਤ ਦੀ ਮੁਕੰਮਲ ਆਜ਼ਾਦੀ ਨੂੰ ਭਾਰਤੀ ਨੌਜਵਾਨਾਂ



*ਦੁਰਗਾ ਭਾਬੀ ਅਤੇ ਭਗਵਤੀ ਚਰਨ ਵੋਹਰਾ*

ਦੀ ਦਿਲੀ ਇੱਛਾ ਦਸ ਕੇ ਸਾਮਰਾਜਵਾਦ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਕਿਸਾਨਾਂ, ਮਜ਼ਦੂਰਾਂ ਦੇ ਜਨਤਕ ਇਨਕਲਾਬ ਨਾਲ ਆਪਣੀ ਹਮਦਰਦੀ ਜਾਹਰ ਕੀਤੀ। ਮਤੇ ਵਿਚ ਇਹ ਵੀ ਪਾਸ ਕੀਤਾ ਗਿਆ ਕਿ ਸਾਂਡਰਸ ਦੇ ਕਤਲ ਪਿਛੋਂ ਵੱਡੀ ਗਿਣਤੀ ਵਿਚ ਨੌਜਵਾਨਾਂ ਦੀ ਸਰਕਾਰ ਵਲੋਂ ਕੀਤੀ ਗ੍ਰਿਫਤਾਰੀ ਨੌਜਵਾਨ ਲਹਿਰ ਨੂੰ ਦਬਾਉਣ ਦਾ ਘਟੀਆ ਤੇ ਕੋਝਾ ਯਤਨ ਕੀਤਾ ਜਾ ਰਿਹਾ ਹੈ। ਸਾਡੀ ਪੁਰਜ਼ੋਰ ਮੰਗ ਹੈ ਕਿ ਸਾਰੇ ਗ੍ਰਿਫਤਾਰ ਕੀਤੇ ਨੌਜਵਾਨ ਜਲਦੀ ਤੋਂ ਜਲਦੀ ਰਿਹਾ ਕੀਤੇ ਜਾਣ। ਇਨ੍ਹਾਂ ਦੀ ਰਿਹਾਈ ਲਈ ਕਮੇਟੀ ਵੀ ਬਣਾਈ ਗਈ।

ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਨੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਲੋਕਾਂ ਨਾਲ ਜੁੜੇ ਮਸਲੇ ਉਠਾਉਣ ਦੀ ਆਪਣੀ ਰਣਨੀਤੀ 'ਤੇ ਅਮਲ ਕਰ ਕੇ ਮਤਾ ਪਾਇਆ ਕਿ ਜਦੋਂ ਟਰੇਡ ਡਿਸਬਿਊਟ ਬਿਲ ਤੇ ਪਬਲਿਕ ਸੇਫਟੀ ਬਿਲ ਪਾਸ ਹੋਣ ਲਈ ਅਸੈਂਬਲੀ ਵਿਚ ਪੇਸ਼ ਹੋਣ, ਉਥੇ ਹਾਲ ਵਿਚ ਬੰਬ ਧਮਾਕਾ ਕੀਤਾ ਜਾਵੇ ਤੇ ਇਸ਼ਤਿਹਾਰ ਸੁੱਟੇ ਜਾਣ। ਇਹ ਸੁਝਾਅ ਭਗਤ ਸਿੰਘ ਦਾ ਸੀ। ਸਭ ਨੇ ਤਾੜੀਆਂ ਦੀ ਗੂੰਜ ਨਾਲ ਇਸ ਨੂੰ ਪ੍ਰਵਾਨ ਕੀਤਾ। ਕਿਹਾ ਗਿਆ ਕਿ ਧਮਾਕੇ ਦਾ ਮਤਲਬ ਹੋਵੇ, ਭਾਰਤੀ ਲੋਕਾਂ ਅੰਦਰ ਇਹੋ ਜਿਹੇ ਬਿਲਾਂ ਖਿਲਾਫ ਕਿੰਨੀ ਬੇਚੈਨੀ ਹੈ, ਜਿਸ ਨੂੰ ਉਹ ਕਦੇ ਬਰਦਾਸ਼ਤ ਨਹੀਂ ਕਰਨਗੇ। ਉਹ ਸਾਥੀ, ਜੋ ਅਸੈਂਬਲੀ ਹਾਲ ਜਾਣ, ਉਥੇ ਆਪਣੀ ਗ੍ਰਿਫਤਾਰੀ ਦੇਣ ਤਾਂ ਜੋ ਅਦਾਲਤ ਵਿਚ ਵੀ ਆਪਣੀ ਜਥੇਬੰਦੀ ਦੇ ਉਦੇਸ਼ਾਂ ਦਾ ਪ੍ਰਚਾਰ ਹੋ ਸਕੇ। ਕਈ ਸਾਥੀਆਂ ਨੇ ਆਪਣੇ ਨਾਂ ਪੇਸ਼ ਕੀਤੇ।

ਆਖਰਕਾਰ ਇਸ ਐਕਸ਼ਨ ਲਈ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੇ ਨਾਂਵਾਂ ਨੂੰ ਪ੍ਰਵਾਨਗੀ ਮਿਲੀ। ਜੈ ਦੇਵ ਕਪੂਰ ਨੇ ਅਸੈਂਬਲੀ ਹਾਲ ਵਿਚ ਜਾਣ ਲਈ ਦੋ ਪਾਸਾਂ ਦਾ ਬੰਦੋਬਸਤ ਕੀਤਾ। 18 ਅਪਰੈਲ 1929 ਨੂੰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਬੰਬ ਅਤੇ ਪਿਸਤੌਲ ਨਾਲ ਲੈਸ ਹੋ ਕੇ ਅਸੈਂਬਲੀ ਹਾਲ ਦੀ ਗੈਲਰੀ ਵਿਚ ਜਾ ਬੈਠੇ। ਜਿਵੇਂ ਹੀ ਸਰਕਾਰੀ ਬੈਂਚ ਦੇ ਲੀਡਰ ਸਰ ਜੌਕਨ ਸੂਸਟਰ ਨੇ ਵਾਇਸਰਾਏ ਦੇ ਅਧਿਕਾਰੀਆਂ ਰਾਹੀਂ ਇਹ ਬਿਲ ਐਕਟ ਬਣਾ ਦਿੱਤੇ ਜਾਣ ਦੀ ਜਾਣਕਾਰੀ ਦਿੱਤੀ ਤੇ ਹਾਊਸ ਦੇ ਸਪੀਕਰ ਬੀ. ਜੇ. ਪਟੇਲ ਆਪਣਾ ਫੈਸਲਾ ਦੇਣ ਲਈ ਉਠਿਆ ਤਾਂ ਗੈਲਰੀ ਵਿਚੋਂ ਬੰਬ ਸੁੱਟ ਕੇ ਧਮਾਕਾ ਕਰ ਦਿੱਤਾ ਗਿਆ। ਹਾਲ ਅੰਦਰ ਹਫੜਾ-ਦਫੜੀ ਮੱਚ ਗਈ। ਭਗਤ ਸਿੰਘ ਨੇ ਛੱਤ ਵਲ ਹੱਥ ਕਰਕੇ ਪਿਸਤੌਲ ਨਾਲ ਗੋਲੀਆਂ ਚਲਾਈਆਂ। ਬੀ. ਕੇ. ਦੱਤ ਨੇ ਗੈਲਰੀ ਵਿਚੋਂ ਥੱਲੇ ਇਸ਼ਤਿਹਾਰ ਸੁੱਟੇ ਅਤੇ ਦੋਹਾਂ ਨੇ 'ਇਨਕਲਾਬ ਜ਼ਿੰਦਾਬਾਦ', 'ਸਾਮਰਾਜ ਮੁਰਦਾਬਾਦ' ਦੇ ਨਾਅਰੇ ਮਾਰੇ ਤੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਪੇਸ਼ ਕਰ ਦਿੱਤਾ।

ਇਥੇ ਇਕ ਦਰਦਨਾਕ ਦੁਰਘਟਨਾ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਮਹਿਸੂਸ ਕਰਦੀ ਸੀ ਕਿ ਬੰਬ ਜ਼ਰੂਰ ਬਣਾਏ ਜਾਣ ਅਤੇ ਲੋੜ ਵੇਲੇ ਇਨ੍ਹਾਂ ਦੀ ਵਰਤੋਂ ਕੀਤੀ ਜਾਵੇ। 28 ਮਈ 1930 ਦੀ ਰਾਤ ਨੂੰ ਲਾਹੌਰ ਵਿਚ ਦਰਿਆ ਰਾਵੀ ਦੇ ਕੰਢੇ ਸੰਘਣੇ ਜੰਗਲ ਵਿਚ ਭਗਵਤੀ ਚਰਨ ਵੋਹਰਾ, ਸੁਖਦੇਵ ਤੇ ਕੁਝ ਹੋਰ ਸਾਥੀ ਬੰਬ ਟੈਸਟ ਕਰਨ ਗਏ। ਬੰਬ ਨੁਕਸਦਾਰ ਹੋਣ ਕਰਕੇ ਭਗਵਤੀ ਚਰਨ ਵੋਹਰਾ ਦੇ ਹੱਥ ਵਿਚ ਹੀ ਚੱਲ ਗਿਆ ਅਤੇ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ। ਉਥੇ ਦੁਖੀ ਅਤੇ ਭਰੇ ਮਨ ਨਾਲ ਭਗਵਤੀ ਚਰਨ ਵੋਹਰਾ ਦੇ ਜਿਸਮ ਨੂੰ ਸਪੁਰਦ-ਏ-ਖਾਕ ਕਰਕੇ ਇਹ ਵਾਪਸ ਚੁਪ-ਚਾਪ ਆਪਣੇ ਟਿਕਾਣੇ 'ਤੇ ਆ ਗਏ ਅਤੇ ਫਿਰ ਦੁਰਗਾ ਭਾਬੀ ਨਾਲ ਦੁੱਖ ਸਾਂਝਾ ਕੀਤਾ। ਇਉਂ ਜਥੇਬੰਦੀ ਇਕ ਸੂਝਵਾਨ ਇਨਕਲਾਬੀ ਸਾਥੀ ਤੋਂ ਸੱਖਣੀ ਹੋ ਗਈ।

23 ਮਾਰਚ 1931 ਨੂੰ ਭਗਤ ਸਿੰਘ ਦੀ ਉਮਰ 23 ਸਾਲ 6 ਮਹੀਨੇ 26 ਦਿਨ ਦੀ ਹੋ ਚੁਕੀ ਸੀ। ਸੁਖਦੇਵ ਉਸੇ ਸਾਲ, 1907 ਦੀ 15 ਮਈ ਨੂੰ ਪੈਦਾ ਹੋਏ ਸਨ। ਰਾਜਗੁਰੂ ਵੀ ਇਨ੍ਹਾਂ ਦਾ ਹਾਣੀ ਸੀ, ਜਿਸ ਦਾ ਨਾਂ ਸ਼ਿਵ ਰਾਮ ਸੀ। ਉਹ ਮਹਾਂਰਾਸ਼ਟਰ ਦਾ ਜੰਮਪਲ ਸੀ। ਇਨ੍ਹਾਂ ਤਿੰਨਾਂ ਸਾਥੀਆਂ ਦੀ ਜ਼ਿੰਦਗੀ ਦਾ ਆਖਰੀ ਦਿਨ ਸੀ। ਭਗਤ ਸਿੰਘ ਨੂੰ ਪਤਾ ਸੀ ਕਿ ਘੜੀ ਦੀਆਂ ਸੂਈਆਂ ਦਾ ਇਕ-ਇਕ ਪਲ ਉਨ੍ਹਾਂ ਦੀ ਮੌਤ ਵੱਲ ਵਧ ਰਿਹਾ ਹੈ। ਸਰਕਾਰ ਵਲੋਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਦਿੱਤੀ ਜਾਣ ਵਾਲੀ ਫਾਂਸੀ ਦਾ ਦਿਨ ਭਾਵੇਂ ਗੁਪਤ ਰਖਿਆ ਜਾ ਰਿਹਾ ਸੀ, ਫਿਰ ਵੀ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੂੰ ਕਿਵੇਂ ਨਾ ਕਿਵੇਂ ਫਾਂਸੀ ਦਿੱਤੇ ਜਾਣ ਦਾ ਪਤਾ ਲੱਗ ਚੁਕਾ ਸੀ। ਇਸੇ ਲਈ ਕਿਸ਼ਨ ਸਿੰਘ ਤੇ ਮਾਤਾ ਵਿਦਿਆਵਤੀ, ਬਾਬਾ ਅਰਜਨ ਸਿੰਘ, ਭੈਣ ਅਮਰ ਕੌਰ ਤੇ ਹੋਰ ਰਿਸ਼ਤੇਦਾਰ ਸਵੇਰ ਤੋਂ ਹੀ ਇਨ੍ਹਾਂ ਤਿੰਨਾਂ ਨਾਲ ਮੁਲਾਕਾਤ ਲਈ ਸਰਕਾਰੀ ਅਧਿਕਾਰੀਆਂ ਨਾਲ ਜੂਝ ਰਹੇ ਸਨ। ਲਾਹੌਰ ਸੈਂਟਰਲ ਜੇਲ੍ਹ ਦੇ ਬਾਹਰ ਸੜਕਾਂ 'ਤੇ ਲੋਕਾਂ ਦੇ ਝੁੰਡ ਆਪ-ਮੁਹਾਰੇ ਸਰਕਾਰੀ ਫੈਸਲੇ ਅਨੁਸਾਰ 24 ਮਾਰਚ ਨੂੰ ਦਿੱਤੀ ਜਾਣ ਵਾਲੀ ਫਾਂਸੀ ਵਾਲੇ ਦਿਨ ਦੇ ਇੰਤਜ਼ਾਰ ਵਿਚ ਘੁੰਮ-ਫਿਰ ਰਹੇ ਸਨ ਤਾਂ ਜੋ ਆਜ਼ਾਦੀ ਤੋਂ ਆਪਾ ਵਾਰਨ ਵਾਲੇ ਇਨ੍ਹਾਂ ਇਨਕਲਾਬੀ ਯੋਧਿਆਂ ਦੀਆਂ ਲਾਸ਼ਾਂ ਦੇ ਆਖਰੀ ਦਰਸ਼ਨ ਕਰ ਸਕਣ।

ਭਗਤ ਸਿੰਘ ਦੇ ਵਕੀਲ ਲਿਖਦੇ ਹਨ ਕਿ ਭਗਤ ਸਿੰਘ ਨੇ ਆਪਣੇ ਖੈਰਖਵਾਹ ਜੇਲ੍ਹ ਵਾਰਡਨ ਰਾਹੀਂ ਮੈਨੂੰ ਸੁਨੇਹਾ ਭਿਜਵਾਇਆ ਕਿ ਲੈਨਿਨ, ਜਿਸ ਨੇ ਦੁਨੀਆਂ ਦੇ ਨਕਸ਼ੇ 'ਤੇ ਪਹਿਲੀ ਵਾਰ ਰੂਸ ਵਿਚ ਸਮਾਜਵਾਦੀ ਹਕੂਮਤ ਦੀ ਨੀਂਹ ਰੱਖੀ ਹੈ, ਦੀ ਜੀਵਨੀ ਪੜ੍ਹਨ ਲਈ ਚਾਹੀਦੀ ਹੈ। ਇਹ ਉਸੇ ਸਾਲ ਮਾਰਚ ਮਹੀਨੇ ਦਾ ਕੋਈ ਦੂਜਾ ਹਫਤਾ ਸ਼ੁਰੂ ਹੋਣ ਵਾਲਾ ਸੀ। ਮੈਂ ਕਿਤਾਬ ਲੈ ਕੇ ਮਿਲਣ ਲਈ ਜੇਲ੍ਹ ਅੰਦਰ ਗਿਆ। ਸੁਪਰਡੈਂਟ ਨੇ ਮੇਰੇ ਵਲ ਦੇਖਿਆ ਅਤੇ ਕਿਹਾ, ਵਕੀਲ ਸਾਹਿਬ! ਫਾਂਸੀ ਤਾਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਲਗਣੀ ਹੈ, ਸਿਰ ਤੋਂ ਪੈਰਾਂ ਤਕ ਘਬਰਾਏ ਹੋਏ ਤੁਸੀਂ ਹੋ। ਜਦੋਂ ਮੈਂ ਭਗਤ ਸਿੰਘ ਵਾਲੀ ਕੋਠੜੀ ਵਿਚ ਗਿਆ ਤਾਂ ਉਹ ਖੁਸ਼ ਮਿਜ਼ਾਜ ਬੈਠੇ ਸਨ। ਮੈਨੂੰ ਦੇਖ ਕੇ ਉਠ ਖੜ੍ਹੇ ਹੋਏ। ਪਹਿਲਾਂ ਪੁਛਿਆ, ਲੈਨਿਨ ਦੀ ਜੀਵਨੀ ਲਿਆਂਦੀ ਹੈ? ਮੈਂ ਕਿਤਾਬ ਉਨ੍ਹਾਂ ਨੂੰ ਦੇ ਦਿੱਤੀ। ਉਹ ਬਹੁਤ ਖੁਸ਼ ਹੋਏ ਅਤੇ ਸ਼ੁਕਰੀਆ ਆਖਿਆ। ਵਾਪਸ ਮੁੜਨ ਲੱਗਿਆ ਤਾਂ ਮੈਂ ਪੁਛਿਆ, ਭਗਤ ਸਿੰਘ, ਦੇਸ਼ ਵਾਸੀਆਂ ਲਈ ਕੋਈ ਸੰਦੇਸ਼ ਦੇਣਾ ਚਾਹੁੰਦੇ ਹੋ, ਤਾਂ ਕਹਿਣ ਲੱਗੇ, ਸਾਡੇ ਕੇਸ ਵਿਚ ਦਿਲਚਸਪੀ ਲੈਣ ਵਾਲੇ ਸਾਰਿਆਂ ਨੇਤਾਵਾਂ ਤੇ ਦੋਸਤਾਂ-ਮਿੱਤਰਾਂ ਦਾ ਬਹੁਤ-ਬਹੁਤ ਧੰਨਵਾਦ। ਜੋ ਦੋਸਤ ਫਰਾਰ ਹੋਏ, ਅੱਜ ਵੀ ਆਜ਼ਾਦੀ ਦੀ ਜੰਗ ਲੜ ਰਹੇ ਹਨ, ਉਨ੍ਹਾਂ ਸਾਥੀਆਂ ਲਈ ਸ਼ੁਭ ਕਾਮਨਾਵਾਂ। ਮੈਂ ਪੁੱਛਿਆ, ਕੁਝ ਹੋਰ? ਉਹ ਝੱਟ ਬੋਲੇ, 'ਸਾਮਰਾਜ-ਮੁਰਦਾਬਾਦ ਤੇ ਇਨਕਲਾਬ ਜ਼ਿੰਦਾਬਾਦ।'

ਇਤਿਹਾਸ ਗਵਾਹ ਹੈ ਕਿ ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੇਸ਼ ਦੇ ਅੰਦਰੋਂ ਤੇ ਬਾਹਰੋਂ ਵੀ ਲੜੀ ਗਈ। ਇਸ ਉਦੇਸ਼ ਖਾਤਿਰ ਕਲਮ, ਜ਼ਬਾਨ ਤੇ ਹਥਿਆਰ, ਜੋ ਸਾਧਨ ਵੀ ਵਰਤਣੇ ਪਏ, ਵਰਤੇ ਗਏ। ਕਿਰਤ ਕਮਾਈ ਵਾਰਨੀ ਪਈ। ਜੇਲ੍ਹਾਂ ਦਾ ਤਸ਼ੱਦਦ ਸਹਿਣਾ ਪਿਆ, ਖਿੜੇ ਮੱਥੇ ਸਹਾਰਿਆ। ਫਾਂਸੀ ਦੇ ਰੱਸੇ ਨੂੰ ਚੁੰਮ ਗਲ ਨਾਲ ਲਾਇਆ। ਗੱਲ ਕੀ, ਸ਼ਹਾਦਤਾਂ ਦੀ ਨਾ ਮੁੱਕਣ ਵਾਲੀ ਲੰਮੀ ਕਤਾਰ ਹੋਰ ਲੰਮੀ ਹੁੰਦੀ ਚਲੀ ਗਈ। ਕਿਹਾ ਜਾ ਸਕਦਾ ਹੈ ਕਿ ਤਨ, ਮਨ ਤੇ ਧਨ ਕੁਰਬਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

# ਸ਼ਹੀਦ ਭਗਤ ਸਿੰਘ ਦੀ ਪੈੜ ਨੱਪਣਾ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਨੂੰ ਆਪਣੀ ਸੱਜਰੀ ਪਾਕਿਸਤਾਨ ਫੇਰੀ ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਪੈੜ ਨੱਪਣ ਦੇ ਕਈ ਮੌਕੇ ਮਿਲੇ। ਮੇਰਾ ਜੱਦੀ ਪਿੰਡ ਸੂਨੀ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਕੇਵਲ 8-10 ਕਿਲੋਮੀਟਰ ਦੂਰ ਹੈ। ਮੇਰਾ ਜਨਮ 22 ਮਾਰਚ 1934 ਦਾ ਹੈ। ਭਗਤ ਸਿੰਘ ਨੂੰ ਮੇਰੇ ਜਨਮ ਤੋਂ ਤਿੰਨ ਸਾਲ ਪਹਿਲਾਂ 23 ਮਾਰਚ 1931 ਨੂੰ ਫਾਂਸੀ ਲੱਗੀ ਸੀ। ਮੇਰੇ ਬਚਪਨ ਵਿਚ ਮੇਰੇ ਬਾਪੂ ਜੀ ਖਟਕੜ ਕਲਾਂ ਦੀ ਗੱਲ ਬੜੇ ਮਾਣ ਨਾਲ ਕਰਿਆ ਕਰਦੇ ਸਨ। ਦੁਆਬੇ ਨਾਲ ਸਬੰਧਤ ਹੋਣ ਕਾਰਨ ਉਂਜ ਖਟਕੜ ਕਲਾਂ ਜਿਲਾ ਜਲੰਧਰ ਵਿਚ ਪੈਂਦਾ ਸੀ ਤੇ ਸੂਨੀ ਹੁਸ਼ਿਆਰਪੁਰ ਵਿਚ। ਮੇਰੀ ਭੂਆ ਦਾ ਪਿੰਡ ਹੇੜੀਆਂ, ਖਟਕੜ ਤੋਂ ਮਸਾਂ ਪੰਜ ਕਿਲੋਮੀਟਰ ਦੂਰ ਹੈ। ਇੱਕ ਵਾਰੀ ਮੇਰੇ ਜ਼ਿਦ ਕਰਨ 'ਤੇ ਬਾਪੂ ਜੀ ਹੇੜੀਆਂ ਨੂੰ ਜਾਂਦੇ ਸਮੇਂ ਮੈਨੂੰ ਖਟਕੜ ਕੋਲੋਂ ਦੀ ਲੈ ਕੇ ਗਏ ਸਨ, ਆਪਣੇ ਊਠ 'ਤੇ ਬਿਠਾ ਕੇ।



*ਲਾਹੌਰ ਰੇਲਵੇ ਪੁਲਿਸ ਚੌਕੀ ਵਿਚ ਡੀ. ਐਸ. ਪੀ. ਗੋਪਾਲ ਸਿੰਘ ਪੰਨੂ ਸਰਦਾਰ ਭਗਤ ਸਿੰਘ ਤੋਂ ਪੁੱਛ ਗਿੱਛ ਕਰਦੇ ਹੋਏ*

ਆਪਣੀ ਵਿਦਿਆ ਪ੍ਰਾਪਤੀ ਤੇ ਦਿੱਲੀ-ਦੱਖਣ ਘੁੰਮਦਿਆਂ ਮੇਰੇ ਮਨ ਵਿਚ ਭਗਤ ਸਿੰਘ ਦਾ ਜੋ ਬਿੰਬ ਬਣਿਆ, ਉਹ ਮੰਜੀ ਉਤੇ ਬੈਠੇ ਦਾ ਸੀ, ਇੱਕ ਹੱਥ ਨੂੰ ਹਥਕੜੀ ਲੱਗੇ ਦਾ। ਮੇਰੇ ਵਿਆਹ ਤੋਂ ਪਿਛੋਂ ਪਤਾ ਲੱਗਾ ਕਿ ਮੰਜੀ ਕੋਲ ਬੈਠਾ ਜੋ ਸਰਦਾਰ ਭਗਤ ਸਿੰਘ ਨਾਲ ਗੱਲਾਂ ਕਰ ਰਿਹਾ ਹੈ, ਉਹ ਮੇਰੀ ਪਤਨੀ ਸੁਰਜੀਤ ਕੌਰ ਦਾ ਦਾਦਾ ਸੀ-ਗੋਪਾਲ ਸਿੰਘ ਪੰਨੂ, ਨੁਸ਼ਹਿਰਾ ਪੰਨੂਆਂ ਦਾ ਜੰਮਪਲ। ਇਹ ਵੀ ਕਿ ਇਹ ਤਸਵੀਰ ਲਾਹੌਰ ਰੇਲਵੇ ਸਟੇਸ਼ਨ ਦੀ ਪੁਲਿਸ ਚੌਕੀ ਦੀ ਹੈ। ਦਾਦਾ ਜੀ ਉਸ ਵੇਲੇ ਡੀ. ਐਸ. ਪੀ. ਹੋਣ ਦੇ ਨਾਤੇ ਦੋਸ਼ੀ ਭਗਤ ਸਿੰਘ ਤੋਂ ਪੁੱਛ ਗਿੱਛ ਕਰ ਰਹੇ ਸਨ। ਆਪਣੀ ਫੇਰੀ ਸਮੇਂ ਅਸੀਂ ਰੇਲਵੇ ਸਟੇਸ਼ਨ ਵਾਲੀ ਉਸ ਪੁਲਿਸ ਚੌਕੀ ਕੋਲੋਂ ਵੀ ਲੰਘੇ।

ਉਂਜ ਭਗਤ ਸਿੰਘ ਦੀ ਇਸ ਗ੍ਰਿਫਤਾਰੀ ਦਾ ਸਬੰਧ ਲਾਹੌਰ ਵਿਖੇ ਦੁਸਹਿਰੇ ਮੌਕੇ ਹੋਏ ਉਸ ਬੰਬ ਧਮਾਕੇ ਨਾਲ ਦੱਸਿਆ ਗਿਆ ਹੈ, ਜਿਸ ਵਿਚ 9 ਬੰਦੇ ਮਾਰੇ ਗਏ ਸਨ ਤੇ 50 ਜਖਮੀ ਜ਼ਖਮੀ ਹੋਏ ਸਨ। ਇਹ ਧਮਾਕਾ ਸੱਤ ਮਹੀਨੇ ਪਹਿਲਾਂ 25 ਅਕਤੂਬਰ 1926 ਨੂੰ ਹੋਇਆ ਸੀ ਤੇ ਗ੍ਰਿਫਤਾਰੀ 29 ਮਈ 1927 ਨੂੰ ਹੋਈ ਦੱਸੀ ਗਈ ਸੀ। ਨਿਸਚੇ ਹੀ ਇਸ ਗ੍ਰਿਫਤਾਰੀ ਦਾ ਉਸ ਧਮਾਕੇ ਨਾਲ ਕੋਈ ਸਬੰਧ ਨਹੀਂ ਸੀ। ਗੋਪਾਲ ਸਿੰਘ ਪੰਨੂ ਦੀ ਤਫਤੀਸ਼ ਉਪਰੰਤ ਭਗਤ ਸਿੰਘ ਨੂੰ ਜ਼ਮਾਨਤ 'ਤੇ ਛਡਣਾ ਪੈ ਗਿਆ, ਪਰ ਗੋਰੀ ਸਰਕਾਰ ਨੇ ਜ਼ਮਾਨਤ 20,000 ਦੇ ਜਾਤੀ ਮੁਚੱਲਕੇ ਅਤੇ 20,000 ਦੇ ਦੋ ਜਾਮਨ ਰੱਖ ਦਿੱਤੀ, ਜੋ ਇਕ ਸਦੀ ਪਹਿਲਾਂ ਬਹੁਤ ਭਾਰੀ ਜ਼ਮਾਨਤ ਸੀ। ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਲਈ ਵੀ ਇਹ ਔਖਾ ਸੀ। ਫੇਰ ਵੀ ਕਿਸ਼ਨ ਸਿੰਘ ਦੇ ਦੋਸਤਾਂ ਅਤੇ ਸੁਤੰਤਰਤਾ ਸੰਗਰਾਮ ਨਾਲ ਹਮਦਰਦੀ ਰੱਖਣ ਵਾਲਿਆਂ ਨੇ ਜ਼ਮਾਨਤ ਦੇ ਕੇ ਭਗਤ ਸਿੰਘ ਨੂੰ ਛੁਡਵਾ ਲਿਆ ਸੀ। ਆਉਂਦੇ ਵਰ੍ਹੇ ਇੱਕ ਵਾਰ ਫੇਰ ਦੁਸਹਿਰੇ ਸਮੇਂ ਬੰਬ ਧਮਾਕਾ ਹੋਇਆ, ਜਿਸ ਵਿਚ ਜਾਨੀ ਨੁਕਸਾਨ ਤਾਂ ਨਹੀਂ ਹੋਇਆ, ਉਹ ਟੋਲੀ ਜ਼ਰੂਰ ਫੜੀ ਗਈ ਜੋ ਧਮਾਕੇ ਕਰਦੀ ਸੀ। ਇਸ ਦਾ ਭਗਤ ਸਿੰਘ ਨਾਲ ਉਕਾ ਕੋਈ ਸਬੰਧ ਨਹੀਂ ਸੀ, ਭਾਵ ਉਹ ਉਸ ਵੇਲੇ ਬੇਕਸੂਰ ਸੀ।


ਪਰ ਭਗਤ ਸਿੰਘ ਤੇ ਉਸ ਦੇ ਸਾਥੀ ਬਾਜ਼ ਆਉਣ ਵਾਲੇ ਨਹੀਂ ਸਨ। 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਨੇ ਲਾਹੌਰ ਆਉਣਾ ਸੀ ਤਾਂ ਇਨ੍ਹਾਂ ਨੌਜਵਾਨਾਂ ਵਲੋਂ ਸਥਾਪਤ ਕੀਤੀ ਭਾਰਤ ਸਭਾ ਨੇ ਲਾਹੌਰ ਕਾਂਗਰਸ ਨਾਲ ਮਿਲ ਕੇ ਕਮਿਸ਼ਨ ਦਾ ਰਸਤਾ ਰੋਕਣ ਵਿਚ ਕੋਈ ਕਸਰ ਨਾ ਛੱਡੀ। ਜਦੋਂ ਲਾਲਾ ਲਾਜਪਤ ਰਾਏ ਦੀ ਕਮਾਂਡ ਥੱਲੇ ਸਭਾ ਦੇ ਨੌਜਵਾਨਾਂ ਨੇ ਪੁਲਿਸ ਨੂੰ ਬੇਵਸ ਕਰ ਦਿੱਤਾ ਤਾਂ ਐਸ. ਪੀ. ਸਕਾਟ ਨੇ ਲਾਠੀਚਾਰਜ ਦਾ ਹੁਕਮ ਦੇ ਛੱਡਿਆ, ਜਿਸ ਨੂੰ ਸਹਾਇਕ ਐਸ. ਪੀ. ਸਾਂਡਰਸ ਨੇ ਖੂਬ ਵਰਤਿਆ। ਇਥੋਂ ਤੱਕ ਕਿ ਲਾਠੀਚਾਰਜ ਦੀ ਮਾਰ ਥੱਲੇ ਆਏ ਲਾਲਾ ਜੀ ਢਾਈ ਹਫਤੇ ਦੇ ਅੰਦਰ ਅੰਦਰ ਸ਼ਹੀਦ ਹੋ ਗਏ। ਭਗਤ ਸਿੰਘ ਤੇ ਉਸ ਦੇ ਨੌਜਵਾਨ ਸਾਥੀ ਉਸ ਵੇਲੇ ਤਾਂ ਲਾਠੀਚਾਰਜ ਕਰਨ ਵਾਲਿਆਂ ਨਾਲ ਸਿੱਝ ਨਾ ਸਕੇ, ਪਰ ਉਨ੍ਹਾਂ ਨੇ ਇਸ ਦਾ ਬਦਲਾ ਲੈਣ ਦੀ ਸਹੁੰ ਖਾ ਲਈ।

ਉਨ੍ਹਾਂ ਨੇ ਫੈਸਲਾ ਕੀਤਾ ਕਿ ਨਿਸ਼ਚਿਤ ਦਿਨ ਤੇ ਸਮੇਂ ਅਨੁਸਾਰ ਜਦੋਂ ਐਸ. ਪੀ. ਸਕਾਟ ਆਪਣੇ ਦਫਤਰ ਤੋਂ ਬਾਹਰ ਆਏਗਾ ਤਾਂ ਉਸ ਨੂੰ ਨਹੀਂ ਛੱਡਣਾ। ਹੋਇਆ ਇਹ ਕਿ ਉਸ ਦਿਨ ਸਕਾਟ ਕਿਧਰੇ ਟੂਰ 'ਤੇ ਗਿਆ ਹੋਇਆ ਸੀ ਤੇ ਮੌਕੇ ਦੀ ਤਾੜ ਵਿਚ ਬੈਠੇ ਨੌਜਵਾਨਾਂ ਨੇ ਭੁਲੇਖੇ ਵਿਚ ਏ. ਐਸ. ਪੀ. ਸਾਂਡਰਸ ਫੁੰਡ ਛਡਿਆ। ਇਹ ਘਟਨਾ 17 ਦਸੰਬਰ 1928 ਨੂੰ ਵਾਪਰੀ। ਸਾਂਡਰਸ ਦਾ ਕਤਲ ਉਸ ਕੇਸ ਦਾ ਹਿੱਸਾ ਵੀ ਬਣਿਆ, ਜਿਸ ਨੂੰ ਗੋਰੀ ਸਰਕਾਰ ਨੇ ਲਾਹੌਰ ਸਾਜਿਸ਼ ਕੇਸ ਦਾ ਨਾਂ ਦਿੱਤਾ; ਤੇ ਜਿਸ ਤਹਿਤ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ।

ਭਗਤ ਸਿੰਘ ਦੀ ਵਿਦਿਆ ਵਾਲਾ ਨੈਸ਼ਨਲ ਕਾਲਜ ਵੀ ਬੰਦ ਹੋ ਚੁਕਾ ਹੈ ਤੇ ਸੈਂਟਰਲ ਜੇਲ੍ਹ ਵੀ, ਜਿੱਥੇ ਤਿੰਨਾਂ ਸੂਰਬੀਰਾਂ ਨੂੰ ਫਾਂਸੀ ਲੱਗੀ ਸੀ, ਉਹ ਥਾਂ ਹੁਣ ਯਾਦਗਾਰ ਚੌਕ ਨੇ ਲੈ ਲਈ ਹੈ। ਅਸੀਂ ਇਨ੍ਹਾਂ ਥਾਂਵਾਂ ਉਤੋਂ ਵੀ ਲੰਘੇ। ਇੱਕ ਪੜਾਅ ਉਤੇ ਸੁਰਜੀਤ ਦੇ ਦਾਦਾ ਗੋਪਾਲ ਸਿੰਘ ਅਨਾਰਕਲੀ ਥਾਣੇ ਦੇ ਐਸ. ਐਚ. ਓ. ਵੀ ਰਹੇ। ਅਸੀਂ ਉਹ ਥਾਣਾ ਵੀ ਵੇਖਿਆ। ਉਨ੍ਹਾਂ ਦਿਨਾਂ ਵਿਚ ਹੀ ਗੋਪਾਲ ਸਿੰਘ ਦਾ ਬੇਟਾ ਹਰਬੰਸ ਸਿੰਘ ਪੰਨੂ ਲਾਹੌਰ ਵਿਚ ਵਕਾਲਤ ਕਰਦਾ ਸੀ, ਜਦੋਂ ਉਸ ਦੇ ਘਰ ਸੁਰਜੀਤ ਦਾ ਜਨਮ ਹੋਇਆ। ਇਸ ਫੇਰੀ ਸਮੇਂ ਸੁਰਜੀਤ ਨੂੰ ਆਪਣੇ ਲਾਹੌਰ ਵਿਚ ਜਨਮੇ ਹੋਣ ਦੀ ਗੱਲ ਵੀ ਕਈ ਵਾਰ ਦੁਹਰਾਉਣੀ ਪਈ, ਖਾਸ ਕਰਕੇ 'ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਹੀ ਨਹੀਂ' ਦੇ ਪ੍ਰਸੰਗ ਵਿਚ। ਇਨ੍ਹਾਂ ਗੱਲਾਂ ਕਰਕੇ ਆਪਣੀ ਇਸ ਫੇਰੀ ਸਮੇਂ ਲਾਹੌਰ ਘੁੰਮਦਿਆਂ ਮੈਨੂੰ ਵੀ ਜਾਪਿਆ ਜਿਵੇਂ ਮੈਂ ਆਪਣੇ ਸਹੁਰਿਆਂ ਦੇ ਸ਼ਹਿਰ ਵਿਚ ਗਿਆ ਹੋਵਾਂ।

ਲਾਹੌਰ ਤੋਂ ਪਰਤਦਿਆਂ ਮੈਂ ਆਪਣੇ ਪਿੰਡ ਤੋਂ ਆਪਣੀ ਕਾਰ ਚੁੱਕਣੀ ਸੀ। ਪਤਾ ਲੱਗਾ ਕਿ ਪੰਜਾਬ ਦੇ ਸਭਿਆਚਾਰ ਤੇ ਯਾਤਰਾ ਮੰਤਰਾਲੇ ਨੇ ਖਟਕੜ ਕਲਾਂ ਵਾਲੇ ਸ਼ਹੀਦ ਨਾਲ ਸਬੰਧਤ ਅਜਾਇਬ ਘਰ ਨੂੰ ਆਡੀਓ-ਵੀਡੀਓ ਤਕਨੀਕਾਂ ਰਾਹੀਂ ਨਵੇਂ ਸਿਰਿਉਂ ਉਸਾਰਿਆ ਹੈ, ਜਿਸ ਲਈ ਪੈਸੇ ਦਾ ਪ੍ਰਬੰਧ ਕਾਂਗਰਸੀ ਨੇਤਾ ਤੇ ਅਨੰਦਪੁਰ ਸਾਹਿਬ ਦੀ ਸਾਬਕਾ ਸੰਸਦ ਮੈਂਬਰ ਅੰਬਿਕਾ ਸੋਨੀ ਨੇ ਕੀਤਾ ਹੈ। ਅਸੀਂ ਅਜਾਇਬ ਘਰ ਪਹੁੰਚੇ ਤਾਂ ਕੀ ਵੇਖਦੇ ਹਾਂ ਕਿ ਭਗਤ ਸਿੰਘ ਦਾ ਬੁੱਤ ਸੜਕ ਤੋਂ ਦੂਰ ਚਲਾ ਗਿਆ ਹੈ ਤੇ ਉਸ ਦੇ ਪਿਛਲੇ ਪਾਸੇ ਕੁਝ ਕਮਰੇ ਤੇ ਹਾਲ ਕਮਰੇ ਉਸਾਰੇ ਗਏ ਹਨ ਤਾਂ ਕਿ ਅਜਾਇਬ ਘਰ ਨੂੰ ਹਰ ਪੱਖ ਤੋਂ ਨਵਿਆਇਆ ਜਾ ਸਕੇ। ਪ੍ਰਵੇਸ਼ ਦੁਆਰ 'ਤੇ ਸੇਵਾ ਨਿਭਾ ਰਹੇ ਸੁਪਰਵਾਈਜ਼ਰ ਅਮਰਜੀਤ ਸਿੰਘ ਨੇ ਮੈਨੂੰ ਪਛਾਣ ਲਿਆ। ਉਹ ਮੇਰੀ 'ਦੇਸ਼ ਸੇਵਕ' ਦੀ ਸੰਪਾਦਕੀ ਸਮੇਂ ਮੈਨੂੰ ਮਿਲ ਚੁਕਾ ਸੀ। ਉਥੇ ਜੋਧ ਸਿੰਘ ਗੈਲਰੀ ਇੰਚਾਰਜ ਵੀ ਮੇਰਾ ਜਾਣੂ ਨਿਕਲ ਆਇਆ। ਉਨ੍ਹਾਂ ਤੋਂ ਪਤਾ ਲੱਗਾ ਕਿ ਦੋ ਦਿਨ ਪਹਿਲਾਂ ਮੈਡਮ ਅੰਬਿਕਾ ਸੋਨੀ ਵੀ ਉਥੇ ਗਈ ਸੀ।

ਉਨ੍ਹਾਂ ਦੋਹਾਂ ਨੇ ਸਾਨੂੰ ਵੀ ਨਵਾਂ ਅਜਾਇਬ ਘਰ ਉਨੇ ਹੀ ਉਤਸ਼ਾਹ ਨਾਲ ਵਿਖਾਇਆ, ਜਿੰਨਾ ਅੰਬਿਕਾ ਸੋਨੀ ਨੂੰ ਵਿਖਾਇਆ ਸੀ। ਜਦੋਂ ਭਗਤ ਸਿੰਘ ਦੀ ਮੰਜੀ ਵਾਲੀ ਤਸਵੀਰ ਕੋਲੋਂ ਲੰਘੇ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਗੋਪਾਲ ਸਿੰਘ ਪੰਨੂ (ਉਥੇ ਗਲਤੀ ਨਾਲ ਪੰਨਾ ਲਿਖਿਆ ਗਿਆ ਹੈ) ਮੇਰੀ ਪਤਨੀ ਦੇ ਦਾਦਾ ਜੀ ਸਨ ਤਾਂ ਉਨ੍ਹਾਂ ਨੇ ਬਾਕੀ ਦੇ ਦ੍ਰਿਸ਼ ਹੋਰ ਵੀ ਪਿਆਰ ਨਾਲ ਦਿਖਾਏ, ਦੁਰਗਾ ਭਾਬੀ ਤੇ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਸਮੇਤ। ਇਹ ਦੱਸਦਿਆਂ ਕਿ ਉਸ ਸਾਕੇ ਉਪਰੰਤ ਭਗਤ ਸਿੰਘ ਆਪਣੇ ਮਾਪਿਆਂ ਨੂੰ ਦੱਸੇ ਬਿਨਾ ਸਾਕੇ ਵਾਲਾ ਸਥਾਨ ਦੇਖ ਆਇਆ ਸੀ ਤੇ ਵਾਪਸੀ ਉਤੇ ਆਪਣੇ ਸਾਥੀਆਂ ਨੂੰ ਕਹਿ ਰਿਹਾ ਸੀ ਕਿ ਗੋਰੀ ਸਰਕਾਰ ਦੇ ਏਡੇ ਜ਼ੁਲਮ ਉਤੇ ਵੀ ਸਾਡੇ ਲੋਕ ਚੁੱਪ ਹਨ। ਉਥੇ ਸਭ ਤਸਵੀਰਾਂ (ਭਗਤ ਸਿੰਘ ਦੀ ਡਾਇਰੀ ਦੇ ਪੰਨਿਆਂ ਸਮੇਤ ਦਾ ਆਕਾਰ ਵੱਡਾ ਕੀਤਾ ਗਿਆ ਹੈ। ਦਰਸ਼ਕਾਂ ਨੂੰ ਦੱਸਣ ਲਈ ਇੱਕ ਬੰਬ ਗੋਲਾ ਵੀ ਬਣਾਇਆ ਹੋਇਆ ਹੈ ਤਾਂ ਕਿ ਅਸੈਂਬਲੀ ਵਿਚ ਬੰਬ ਸੁੱਟਣ ਦੀ ਘਟਨਾ 'ਤੇ ਚਾਨਣਾ ਪਾਇਆ ਜਾ ਸਕੇ। ਸਭ ਤੋਂ ਪ੍ਰਭਾਵੀ ਪੇਸ਼ਕਾਰੀ ਭਗਤ ਸਿੰਘ ਦੇ ਮਾਤਾ ਜੀ ਸ੍ਰੀਮਤੀ ਵਿਦਿਆਵਤੀ ਦੇ ਬੋਲਾਂ ਵਾਲੀ ਹੈ, ਜੋ ਉਸ ਨੇ 1963 ਵਿਚ ਮਾਲਵਿੰਦਰਜੀਤ ਸਿੰਘ ਵੜੈਚ ਵਲੋਂ ਕੀਤੀ ਇੱਕ ਇੰਟਰਵੀਊ ਸਮੇਂ ਬੋਲੇ। ਬੋਲਾਂ ਵਿਚ ਮਾਤਾ ਜੀ ਦਾ ਸਹਿਜ ਤੇ ਹੌਸਲਾ ਬੜਾ ਹੀ ਪ੍ਰਭਾਵੀ ਹੈ, ਆਪਣੇ ਬੇਟੇ ਦੀ ਦਲੇਰੀ ਬਾਰੇ ਮਾਣ ਭਰਿਆ।



*ਮਾਲਵਿੰਦਰਜੀਤ ਸਿੰਘ ਵੜੈਚ 1963 ਵਿਚ ਮਾਤਾ ਵਿਦਿਆਵਤੀ ਨਾਲ ਖਟਕੜਕਲਾਂ ਵਿਖੇ ਪੁਸ਼ਤੈਨੀ ਘਰ ਵਿਚ ਗੱਲਬਾਤ ਕਰਦੇ ਹੋਏ*

ਚੰਡੀਗੜ੍ਹ ਪਹੁੰਚ ਕੇ ਮੈਂ ਆਪਣੇ ਮਿੱਤਰ ਸ. ਵੜੈਚ ਨੂੰ ਵੀ ਮਿਲਿਆ ਅਤੇ ਸ਼ਹੀਦ ਤੇ ਸ਼ਹੀਦ ਦੀ ਮਾਤਾ ਜੀ ਬਾਰੇ ਹੋਰ ਵੀ ਗੱਲਾਂ ਸਾਂਝੀਆਂ ਕੀਤੀਆਂ। ਸ਼ਹੀਦ ਦੇ ਦਾਦਾ ਅਰਜਨ ਸਿੰਘ ਤੇ ਦਾਦੀ ਜੈ ਕੌਰ, ਚਾਚਾ ਅਜੀਤ ਸਿੰਘ ਤੇ ਚਾਚੀ ਹਰਨਾਮ ਕੌਰ, ਚਾਚਾ ਸਵਰਨ ਸਿੰਘ ਤੇ ਚਾਚੀ ਹੁਕਮ ਕੌਰ ਬਾਰੇ ਹੀ ਨਹੀਂ, ਰਾਜ ਗੁਰੂ, ਸੁਖਦੇਵ ਤੇ ਚੰਦਰ ਸ਼ੇਖਰ ਆਜ਼ਾਦ ਦੇ ਸੁਭਾਅ ਬਾਰੇ ਵੀ ਉਨ੍ਹਾਂ ਦੱਸਿਆ ਕਿ ਸਾਂਡਰਸ ਦੇ ਗੋਲੀ ਮਾਰਨ ਵਿਚ ਰਾਜ ਗੁਰੂ ਦੀ ਪਹਿਲਕਦਮੀ ਦਾ ਕਾਰਨ ਇਹ ਸੀ ਕਿ ਉਹ ਆਪਣੇ ਸਾਥੀਆਂ ਵਿਚ ਮੀਰੀ ਹੋਣਾ ਚਾਹੁੰਦਾ ਸੀ। ਇਹ ਵੀ ਕਿ ਉਸ ਵੇਲੇ ਇਹ ਸਾਰੀ ਕਾਢ ਤੇ ਪਲਾਨਿੰਗ ਸੁਖਦੇਵ ਨੇ ਕੀਤੀ ਸੀ।

ਸ. ਵੜੈਚ ਨੇ ਭਗਤ ਸਿੰਘ ਦੇ ਮਨ ਉਤੇ ਕਰਤਾਰ ਸਿੰਘ ਸਰਾਭਾ ਦੇ ਪ੍ਰਭਾਵ ਦੀ ਗੱਲ ਵੀ ਪੂਰੀ ਤਫਸੀਲ ਨਾਲ ਦੱਸੀ, ਸ਼ਹੀਦ ਦੀ ਜਲ੍ਹਿਆਂ ਵਾਲਾ ਬਾਗ ਦੀ ਫੇਰੀ ਨਾਲ ਜੋੜ ਕੇ। ਇਹ ਦਰਸਾਉਣ ਲਈ ਕਿ ਭਗਤ ਸਿੰਘ ਦੀਆਂ ਨਾੜਾਂ ਵਿਚ ਤਾਂ ਚਾਚਾ ਅਜੀਤ ਸਿੰਘ ਦਾ ਖੂਨ ਸੀ, ਪਰ ਅਸਲੀ ਉਤਸ਼ਾਹ ਸਰਾਭਾ ਦੀ ਸ਼ਹੀਦੀ ਤੇ ਜਲ੍ਹਿਆਂ ਵਾਲੇ ਦੇ ਸਾਕੇ ਨੇ ਭਰਿਆ।

ਚੇਤੇ ਰਹੇ, ਮਾਲਵਿੰਦਰਜੀਤ ਸਿੰਘ ਵੜੈਚ ਨੇ ਹਰੀਸ਼ ਜੈਨ ਤੇ ਗੁਰਦੇਵ ਸਿੰਘ ਸਿੱਧੂ ਨਾਲ ਗਦਰੀ ਬਾਬਿਆਂ, ਭਗਤ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀ ਇਨਕਲਾਬੀਆਂ ਦੇ ਜੀਵਨ ਤੇ ਯੋਗਦਾਨ ਬਾਰੇ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ ਅਤੇ ਬਹੁਤ ਸਾਰੇ ਕੀਮਤੀ ਦਸਤਾਵੇਜ਼ ਰੋਸ਼ਨੀ ਵਿਚ ਲਿਆਂਦੇ ਹਨ। ਇਹ ਕੰਮ ਬਾਦਸਤੂਰ ਜਾਰੀ ਹੈ।

**ਅੰਤਿਕਾ: ਇੱਕ ਲੋਕ ਦੋਹਾ**

ਜਣਨੀ ਜਣੇ ਤਾਂ ਭਗਤ ਜਨ,
ਜਾਂ ਦਾਤਾ ਜਾਂ ਸੂਰ।
ਨਹੀਂ ਤਾਂ ਜਣਨੀ ਬਾਂਝ ਰਹੇ
ਕਾਹੇ ਗੰਵਾਏ ਨੂਰ।

## ਸ਼ਹੀਦ ਭਗਤ ਸਿੰਘ ਸਬੰਧੀ ਕਵਿਤਾਵਾਂ

### ਆਓ ਨੀ ਭੈਣੋਂ ਰਲ ਗਾਵੀਏ ਘੋੜੀਆਂ

**ਰਾਮ ਲਭਾਇਆ ਤਾਹਿਰ**

ਆਓ ਨੀ ਭੈਣੋਂ ਰਲ ਗਾਵੀਏ ਘੋੜੀਆਂ,
ਜੰਞ ਤਾਂ ਹੋਈ ਏ ਤਿਆਰ ਵੇ ਹਾਂ।
ਮੌਤ ਕੁੜੀ ਨੂੰ ਪਰਣਾਵਣ ਚੱਲਿਆ,
ਭਗਤ ਸਿੰਘ ਸਰਦਾਰ ਵੇ ਹਾਂ।
ਫਾਂਸੀ ਦੀ ਟੋਪੀ ਵਾਲਾ ਮੁਕਟ ਬਣਾ ਕੇ,
ਸਿਹਰਾ ਤਾਂ ਬੱਧਾ ਝਾਲਰਦਾਰ ਵੇ ਹਾਂ।
ਭਾਰਤ ਮਾਤਾ ਉਤੋਂ ਚੰਦਾ ਚਾ ਕੀਤਾ,
ਪਾਣੀ ਤਾਂ ਪੀਤਾ ਉਤੋਂ ਵਾਰ ਵੇ ਹਾਂ।
ਹੰਝੂਆਂ ਦੇ ਪਾਣੀ ਨਾਲ ਭਰ ਕੇ ਘੜੋਲੀ,
ਲਹੂ ਦੀ ਰਾਖੀ ਮੌਲੀ ਤਾਰ ਵੇ ਹਾਂ।
ਖੂਨੀ ਮਹਿੰਦੀ ਚਾ ਤੈਨੂੰ ਲਾਈ ਫਿਰੰਗੀਆਂ,
ਹੱਥਕੜੀਆਂ ਦਾ ਗਾਨਾ ਤਿਆਰ ਵੇ ਹਾਂ।
ਫਾਂਸੀ ਦੇ ਤਖਤੇ ਨੂੰ ਖਾਰਾ ਬਣਾ ਕੇ,
ਬੈਠਾ ਤਾਂ ਚੌਂਕੜੀ ਮਾਰ ਵੇ ਹਾਂ।
ਵਾਗ-ਫੜਾਈ ਵੇ ਤੈਥੋਂ ਭੈਣਾਂ ਨੇ ਮੰਗਣੀ,
ਭੈਣਾਂ ਦਾ ਰੱਖੀਂ ਵੀਰਾ ਭਾਰ ਵੇ ਹਾਂ।
ਮਾਤਮੀ ਵਾਜੇ ਵਜਦੇ ਬੂਹੇ ਭਾਰਤ ਦੇ,
ਮਾਰੂ ਦਾ ਰਾਗ ਉਚਾਰ ਵੇ ਹਾਂ।
ਬਾਬਲ ਗਾਂਧੀ ਧਰਮੀ ਕਾਜ ਰਚਾਇਆ,
ਲਗਨ-ਮਹੂਰਤ ਵਿਚਾਰ ਵੇ ਹਾਂ।
ਹਰੀ ਕ੍ਰਿਸ਼ਨ ਤੇਰਾ ਬਣਿਆ ਵੇ ਸਾਂਢੂ,
ਢੁੱਕੇ ਤੁਸੀਂ ਇੱਕੋ ਵਾਰ ਵੇ ਹਾਂ।
ਰਾਜਗੁਰੂ ਤੇ ਸੁਖਦੇਵ ਸਹਿਬਾਲੜੇ,
ਤੁਰਿਆ ਏਂ ਤੂੰ ਤਾਂ ਵਿਚਕਾਰ ਵੇ ਹਾਂ।
ਪੈਂਤੀ ਕਰੋੜ ਤੇਰੇ ਜਾਂਞੀ ਵੇ ਲਾੜਿਆ,
ਪੈਦਲ ਤੇ ਕਈ ਅਸਵਾਰ ਵੇ ਹਾਂ।
ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਹੈ ਤੁਰ ਪਈ,
'ਤਾਹਿਰ' ਵੀ ਹੋਇਆ ਏ ਤਿਆਰ ਵੇ ਹਾਂ।

***(ਹਰੀ ਕ੍ਰਿਸ਼ਨ=ਹਰੀ ਕ੍ਰਿਸ਼ਨ ਨੇ ਲਾਹੌਰ ਵਿਚ ਯੂਨੀਵਰਸਿਟੀ ਕਾਨਵੋਕੇਸ਼ਨ ਸਮੇਂ ਅੰਗਰੇਜ਼ ਗਵਰਨਰ ਉਤੇ ਗੋਲੀ ਚਲਾ ਕੇ ਭਗਤ ਸਿੰਘ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕੀਤੀ ਸੀ। ਕਹਿੰਦੇ ਹਨ, ਭਗਤ ਸਿੰਘ ਦੇ ਪਹਿਲੇ ਸ਼ਹੀਦੀ ਦਿਵਸ 23 ਮਾਰਚ 1932 ਨੂੰ ਇਹ ਦਿਵਸ ਮਨਾਉਣ ਦੀ ਅੰਗਰੇਜ਼ ਦੀ ਮਨਾਹੀ ਦੀ ਪਰਵਾਹ ਨਾ ਕਰਦਿਆਂ ਤਾਹਿਰ ਨੇ ਟਾਂਗੇ 'ਤੇ ਚੜ੍ਹ ਕੇ ਇਹ ਰਚਨਾ ਭਰੇ ਬਾਜ਼ਾਰ ਗਾਈ ਸੀ)***


### ਭਗਤ ਸਿੰਘ ਦੀ ਘੋੜੀ

ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।
ਬਾਬਲ ਧਰਮੀ ਗਾਂਧੀ ਕਾਜ ਰਚਾਇਆ
ਸ਼ੁਭ ਮਹੂਰਤ ਸੋਹਣੇ ਵਾਰ ਵੇ ਹਾਂ।
ਮੌਤ ਕੁੜੀ ਨੂੰ ਵਿਆਹੁਣ ਚੱਲਿਆ
ਭਗਤ ਸਿੰਘ ਸਰਦਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਹੱਥਕੜੀ ਦਾ ਗਾਨਾ ਫਰੰਗੀਆਂ ਬੱਧਾ
ਲਾੜੇ ਨੂੰ ਸ਼ਿੰਗਾਰ ਵੇ ਹਾਂ।
ਘੋੜੀ ਤੇ ਮਹਿੰਦੀ ਤੈਨੂੰ ਲਾਈ ਫਰੰਗੀਆਂ
ਗਲ ਫਾਂਸੀ ਦਾ ਸੋਹਣਾ ਹਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਮਾਤਾ ਪਿਆਰੀ ਅੱਜ ਹੰਝੂਆਂ ਦਾ ਪਾਣੀ ਪੀਤਾ
ਤੇਰੇ ਉਤੋਂ ਵਾਰ ਵੇ ਹਾਂ।
ਭੈਣ ਪਿਆਰੀ ਦੀਆਂ ਭਰੀਆਂ ਨੇ ਅੱਖਾਂ
ਡੁੱਲ੍ਹ ਡੁੱਲ੍ਹ ਪੈਂਦਾ ਵਿਚੋਂ ਨੀਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਰਾਜਗੁਰੂ ਸੁਖਦੇਵ ਵੀ ਤੁਰ ਪਏ
ਯਾਰਾਂ ਦੇ ਜਿਹੜੇ ਯਾਰ ਵੇ ਹਾਂ।
ਸ਼ਮਾ ਵਤਨ ਦੇ ਤਿੰਨ ਪ੍ਰਵਾਨੇ ਚੱਲੇ
ਸੱਦਣ ਡੋਲਾ ਮਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ



ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਸਤਲੁਜ ਦੇ ਕੰਢੇ ਤੇਰੀ ਵੇਦੀ ਬਣਾਈ
ਲਹਿਰਾਂ ਨੇ ਕੀਤਾ ਹੈ ਸ਼ਿੰਗਾਰ ਵੇ ਹਾਂ।
ਚਾਲੀ ਕਰੋੜ ਤੇਰੀ ਜੰਞ ਵੇ ਲਾੜਿਆ
ਕਈ ਪੈਦਲ ਤੇ ਕਈ ਅਸਵਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਖੜ੍ਹ ਖੜ੍ਹ ਸੋਂਹਦੇ ਗਮ ਨਾ ਕੋਈ
ਮੱਥੇ ਤੇ ਲਾਲੀ ਬੇਸ਼ੁਮਾਰ ਵੇ ਹਾਂ।
ਕੌਮ ਲਈ ਮਿਟਣ ਦਾ ਸ਼ੌਕ ਦਿਲ ਵਿਚ
ਰਿਹਾ ਰੂਹਾਂ ਤੇ ਠਾਠਾਂ ਮਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।
ਜਦ ਤੱਕ ਚਮਕਣ ਚੰਨ ਤੇ ਤਾਰੇ
ਜਦ ਤੱਕ ਰਹੇ ਸੰਸਾਰ ਵੇ ਹਾਂ।
ਇਸ ਸ਼ਹੀਦ ਦਾ ਨਾਮ ਚਮਕੇ
ਸੂਰਜ ਦੀ ਮਾਰੇ ਚਮਕਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

ਰੱਸੀ ਫਾਂਸੀ ਦੀ ਸ਼ੇਰ ਨੇ ਚੁੰਮ ਕੇ
ਦਿੱਤਾ ਸੂਲੀ ਨੂੰ ਸ਼ਿੰਗਾਰ ਵੇ ਹਾਂ।
ਬਲਕਾਰੀ ਅਮਰ ਹੋਇਆ ਦੇਸ਼ ਤੇ ਮਿਟ ਕੇ
ਭਗਤ ਸਿੰਘ ਸਰਦਾਰ ਵੇ ਹਾਂ।
ਆਵੋ ਨੀ ਸਈਓ ਰਲ ਗਾਵੋ ਘੋੜੀਆਂ
ਜੰਞ ਤੇ ਹੋਈ ਹੈ ਤਿਆਰ ਵੇ ਹਾਂ।

**ਯਾਦ ਝਰੋਖਾ**

# ਮੁਕੇਰੀਆਂ ਵਾਲਾ ਘਰ

ਕੋਆਪਰੇਟਿਵ ਟਰੇਨਿੰਗ ਸੈਂਟਰ, ਮੇਰਠ ਵਿਖੇ ਜਦੋਂ ਮੈਨੂੰ ਮੁਕੇਰੀਆਂ ਵਿਚ ਨਿਯੁਕਤੀ ਆਰਡਰ ਮਿਲੇ ਤਾਂ ਮੈਂ ਸੋਚੀਂ ਪੈ ਗਿਆ ਕਿ ਇਹ ਇਲਾਕਾ ਤਾਂ ਮੈਂ ਦੇਖਿਆ ਹੀ ਨਹੀਂ। ਮੈਨੂੰ ਪੰਜਾਬ ਦੇ ਸ਼ਹਿਰਾਂ ਬਾਰੇ ਬਹੁਤਾ ਪਤਾ ਨਹੀਂ ਸੀ। 1953 'ਚ ਪਿੰਡ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। ਉਦੋਂ ਤੱਕ ਦੋ ਕੁ ਵਾਰ ਚੋਰੀ-ਚੋਰੀ ਜਲੰਧਰ ਫਿਲਮ ਦੇਖਣ ਆਏ ਸੀ, ਪੰਜ-ਛੇ ਮੁੰਡੇ ਰਲ ਕੇ। ਪਿੰਡ ਤੋਂ ਸਿੱਧਾ ਜਮਸ਼ੇਦਪੁਰ ਕਾਲਜ ਵਿਚ ਦਾਖਲ ਹੋਇਆ। 1957 'ਚ ਉਥੋਂ ਬੀ-ਕਾਮ ਪਾਸ ਕਰਕੇ ਪੰਜਾਬ ਵਾਪਸ ਆਇਆ। 1958 ਵਿਚ ਜਲੰਧਰ ਨੌਕਰੀ ਮਿਲ ਗਈ ਤੇ ਜਨਵਰੀ 1962 ਵਿਚ ਮੁਕੇਰੀਆਂ ਦਾ ਦਾਣਾ-ਪਾਣੀ ਹੋ ਗਿਆ।

ਮੈਂ ਇਕ ਪੋਸਟ ਕਾਰਡ ਇੰਸਪੈਕਟਰ ਦਫਤਰ ਨੂੰ ਲਿਖ ਦਿੱਤਾ ਕਿ ਮੈਂ ਫਲਾਣੀ ਤਰੀਕ ਨੂੰ ਐਨੇ ਵਜੇ ਤੜਕੇ ਦੀ ਰੇਲ ਗੱਡੀ 'ਤੇ ਮੁਕੇਰੀਆਂ ਉਤਰਾਂਗਾ। ਜੇ ਕੋਈ ਲੈਣ ਆ ਜਾਵੇ ਤਾਂ ਬੜੀ ਮਿਹਰਬਾਨੀ ਹੋਵੇਗੀ। ਨਿਯੁਕਤੀ ਦੇ ਆਰਡਰ 'ਤੇ ਹੀ ਲਿਖਿਆ ਹੋਇਆ ਸੀ, ਇੰਸਪੈਕਟਰ ਦੀ ਪੋਸਟ ਖਾਲੀ ਹੈ।



**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

ਜਦੋਂ ਮੈਂ ਉਤਰਿਆ ਤਾਂ ਇਕ ਸਰਦਾਰ ਜੀ ਤੇ ਦੋ ਮੋਨੇ ਬੰਦੇ ਮੇਰੇ ਕੋਲ ਨੂੰ ਆਏ। ਸਤਿ ਸ੍ਰੀ ਅਕਾਲ ਬੁਲਾ ਕੇ ਪੁੱਛਣ ਲੱਗੇ, ਤੁਸੀਂ ਹੀ ਨਵੇਂ ਇੰਸਪੈਕਟਰ ਹੋ? ਮੇਰੇ ਹਾਂ ਕਹਿਣ 'ਤੇ ਉਨ੍ਹਾਂ ਆਪਣੀ ਜਾਣ-ਪਛਾਣ ਕਰਵਾਈ: ਇੰਦਰਜੀਤ ਸਿੰਘ ਸਬ ਇੰਸਪੈਕਟਰ, ਮੀਆਂ ਚਤਰ ਸਿੰਘ ਸਬ ਇੰਸਪੈਕਟਰ ਤੇ ਕੁਲਦੀਪ ਰਾਜ ਕਲਰਕ। ਦਫਤਰ ਦੇ ਸੇਵਾਦਾਰ ਧਰਮ ਸਿੰਘ ਨੂੰ ਉਹ ਸਟੇਸ਼ਨ ਤੋਂ ਬਾਹਰ ਆਪਣੇ ਸਾਈਕਲਾਂ ਕੋਲ ਖੜ੍ਹਾ ਕਰ ਆਏ ਸਨ। ਉਨ੍ਹਾਂ ਮੇਰਾ ਟਰੰਕ, ਬਿਸਤਰਾ, ਅਟੈਚੀ ਕੇਸ, ਬੈਗ ਤੇ ਕੁਝ ਕਿਤਾਬਾਂ, ਫੜ ਲਏ। ਬਾਹਰ ਆ ਕੇ ਰਿਕਸ਼ਾ 'ਤੇ ਸਮਾਨ ਰੱਖ ਕੇ, ਮੈਨੂੰ ਰਿਕਸ਼ੇ 'ਤੇ ਬਿਠਾ ਕੇ ਉਹ ਆਪਣੇ ਸਾਈਕਲਾਂ 'ਤੇ ਤੁਰ ਪਏ। ਰਿਕਸ਼ਾ ਸ਼ਹਿਰ ਦੀਆਂ ਭੀੜੀਆਂ ਗਲੀਆਂ ਦੇ ਵਿਚੀਂ ਆਹਲੂਵਾਲੀਆਂ ਦੇ ਮੁਹੱਲੇ ਵਿਚ ਇੰਸਪੈਕਟਰ ਕੋ-ਆਪਰੇਟਿਵ ਸੁਸਾਇਟੀਜ਼ ਦੇ ਦਫਤਰ ਲੈ ਗਿਆ। ਅਜੇ ਸੂਰਜ ਨਹੀਂ ਸੀ ਚੜ੍ਹਿਆ। ਉਹ ਸੇਵਾਦਾਰ ਨੂੰ ਜ਼ਰੂਰੀ ਹਦਾਇਤਾਂ ਦੇ ਕੇ ਘਰਾਂ ਨੂੰ ਚਲੇ ਗਏ। ਦਫਤਰ ਦੇ ਕਈ ਕਮਰੇ ਸਨ। ਸੇਵਾਦਾਰ ਨੇ ਮੇਰਾ ਬਿਸਤਰਾ ਖੋਲ੍ਹ ਕੇ ਇਕ ਕਮਰੇ ਵਿਚ ਮੰਜੇ 'ਤੇ ਵਿਛਾ ਦਿੱਤਾ ਤੇ ਪੁੱਛਣ ਲੱਗਾ, ਜੇ ਇਸ਼ਨਾਨ ਕਰਨਾ ਹੈ ਤਾਂ ਪਾਣੀ ਦੀ ਬਾਲਟੀ ਲਿਆ ਦਿਆਂ। ਮੈਂ ਕਿਹਾ ਕਿ ਮੈਂ ਜ਼ਰਾ ਆਰਾਮ ਕਰ ਲਵਾਂ, ਤੂੰ ਅੱਠ ਵਜੇ ਮੈਨੂੰ ਜਗਾ ਦਈਂ। ਮੁਕੇਰੀਆਂ ਸ਼ਹਿਰ 'ਚ ਹਰ ਘਰ ਨਲਕਾ ਨਹੀਂ ਸੀ। ਸਾਡੇ ਦਫਤਰ ਵਾਲੇ ਆਰੀਆ ਹਾਈ ਸਕੂਲ (ਗਰਲਜ਼), ਜੋ ਦਫਤਰ ਦੇ ਸਾਹਮਣੇ ਸੀ, ਤੋਂ ਪਾਣੀ ਲਿਆਉਂਦੇ ਸਨ। ਨਹਾ ਕੇ ਮੈਂ ਤਿਆਰ ਹੋਇਆ। ਉਦੋਂ ਦਾੜ੍ਹੀ ਕਤਰੀ ਹੋਈ ਹੁੰਦੀ ਸੀ ਤੇ ਪੱਗ ਵੀ ਟੋਪੀ ਵਾਂਗ ਸਿਰ 'ਤੇ ਟਿਕਾ ਲੈਂਦਾ।

ਸੇਵਾਦਾਰ ਚਾਹ ਦੀ ਦੁਕਾਨ ਤੋਂ ਚਾਹ ਅਤੇ ਨਾਲ ਖਾਣ ਲਈ ਕੁਝ ਲਿਆਇਆ। 9 ਵਜੇ ਕੁਲਦੀਪ ਰਾਜ ਕਲਰਕ ਤੇ 8 ਸਬ-ਇੰਸਪੈਕਟਰ ਦਫਤਰ ਆ ਹਾਜ਼ਰ ਹੋਏ। ਸਭ ਤੋਂ ਪਹਿਲਾਂ ਮੇਰੀ ਚਾਰਜ ਰਿਪੋਰਟ ਤਿਆਰ ਕੀਤੀ। ਬਾਬੂ ਨੇ ਹੋਰ ਵੀ ਦਫਤਰ ਦੀ ਡਾਕ 'ਤੇ ਮੇਰੇ ਦਸਤਖਤ ਕਰਾਏ। ਮੈਂ ਮੋਟਾ-ਮੋਟਾ ਪੜ੍ਹ ਕੇ ਦਸਤਖਤ ਕੀਤੇ। ਬਾਰਾਂ ਕੁ ਵਜੇ ਮੈਂ ਹੁਸ਼ਿਆਰਪੁਰ ਏ. ਆਰ. ਦਫਤਰ ਨੂੰ ਜਾਣਾ ਸੀ। ਏ. ਆਰ. ਸ. ਮੋਹਿੰਦਰ ਸਿੰਘ ਸਿੱਧੂ ਸਨ। ਉਨ੍ਹਾਂ ਇੰਨੀਆਂ ਹਦਾਇਤਾਂ ਦਿੱਤੀਆਂ ਕਿ ਚੇਤੇ ਰੱਖਣੀਆਂ ਔਖੀਆਂ ਸਨ। ਸਬ-ਇੰਸਪੈਕਟਰਾਂ 'ਤੇ ਕੰਟਰੋਲ ਰੱਖਣਾ, ਖਾਸ ਹਦਾਇਤ ਸੀ।

ਹੁਸ਼ਿਆਰਪੁਰ ਦਫਤਰੋਂ ਵਿਹਲਾ ਹੋ ਕੇ ਮੈਂ ਰਾਤ ਆਪਣੇ ਪਿੰਡ ਆ ਗਿਆ ਤੇ ਦੂਜੇ ਦਿਨ ਸਵੇਰੇ ਪਿੰਡੋਂ ਸਾਈਕਲ ਵੀ ਮੁਕੇਰੀਆਂ ਨੂੰ ਬੱਸ 'ਤੇ ਰਖਾ ਕੇ ਲੈ ਗਿਆ। ਮੁਕੇਰੀਆਂ ਘਰ ਲੱਭਣ ਦੀ ਕਵਾਇਦ ਸ਼ੁਰੂ ਹੋਈ। ਕੋਈ ਘਰ ਹੀ ਨਾ ਮਿਲੇ। ਸ਼ਹਿਰ ਦੀ ਵਸੋਂ ਬਹੁਤੀ ਹਿੰਦੂਆਂ ਦੀ ਸੀ ਤੇ ਉਹ ਮੈਨੂੰ ਸਿੱਖ ਦੇਖ ਕੇ ਨਾਂਹ ਕਰ ਦਿਆ ਕਰਨ। ਆਖਿਰ ਇਕ ਝਾਂਗੀ ਪਟਵਾਰੀ ਦਾ ਇਕ ਕਮਰਾ ਮਿਲਿਆ ਜਿਸ ਨਾਲ ਨਾ ਬਾਥਰੂਮ, ਨਾ ਟਾਇਲਟ। ਟਾਇਲਟ ਬਾਹਰ ਖੇਤਾਂ ਵਿਚ ਜਾਓ ਤੇ ਨਹਾਓ ਇਕ ਖੂੰਜੇ ਪਾਣੀ ਦੀ ਬਾਲਟੀ ਰੱਖ ਕੇ ਕਰੋ। ਕਾਫੀ ਤੰਗੀ ਮਹਿਸੂਸ ਹੁੰਦੀ। ਕਈ ਮਹੀਨੇ ਮਕਾਨ ਲੱਭਦਿਆਂ ਲੰਘ ਗਏ। ਸਾਡੇ ਦਫਤਰ ਦੇ ਮਾਲਕ ਚੌਧਰੀ ਬਲਬੀਰ ਸਿੰਘ ਆਹਲੂਵਾਲੀਆ, ਜੋ ਮੁਕੇਰੀਆਂ 'ਚ ਸਬ-ਰਜਿਸਟਰਾਰ ਸਨ, ਦੀ ਦਫਤਰ ਨਾਲ ਕਾਫੀ ਜਗ੍ਹਾ ਖਾਲੀ ਪਈ ਸੀ। ਉਸ ਸਮੇਂ ਸਿਆਸੀ ਲੀਡਰਾਂ ਨੂੰ ਸਬ-ਰਜਿਸਟਰਾਰ ਲਾਇਆ ਜਾਂਦਾ ਸੀ, ਜਿਸ ਤਰ੍ਹਾਂ ਅੱਜ ਕੱਲ੍ਹ ਚੇਅਰਮੈਨ ਨਿਯੁਕਤ ਕਰਦੇ ਹਨ। ਮਕਾਨ ਛੱਤਣ ਲਈ ਉਸ ਨੇ ਇੱਟਾਂ ਦੇ ਚੱਕੇ ਵੀ ਲਾਏ ਹੋਏ ਸਨ। ਕਹਿਣ ਲੱਗੇ, ਮਕਾਨ ਤਾਂ ਮੈਂ ਬਣਾ ਦਿਆਂ ਪਰ ਸੀਮੈਂਟ ਨਹੀਂ ਮਿਲਦਾ। ਕਿਸੇ ਤਰ੍ਹਾਂ ਬੀ. ਡੀ. ਓ. ਸਾਹਿਬ ਨੂੰ ਮਿਲ ਕੇ ਮੈਂ ਸੀਮੈਂਟ ਦਿਵਾਇਆ। ਇਹ ਦੋ ਕਮਰੇ, ਰਸੋਈ ਤੋਂ ਅਲੱਗ ਵਿਹੜੇ ਵਾਲਾ ਮੇਰੀ ਮਰਜ਼ੀ ਦਾ ਨਵਾਂ ਮਕਾਨ ਬਣਿਆ। ਚੌਧਰੀ ਨੇ ਕਿਰਾਇਆ 25 ਰੁਪਏ ਮਹੀਨਾ ਮੰਗਿਆ। ਅਕਤੂਬਰ 1962 ਵਿਚ ਮੈਂ ਘਰ ਵਾਲੀ ਅਤੇ ਬੱਚਿਆਂ ਨੂੰ ਲਿਆਇਆ।

ਜਿਉਂ ਹੀ ਅਸੀਂ ਰਿਕਸ਼ੇ ਤੋਂ ਉਤਰੇ, ਸਾਰੇ ਮੁਹੱਲੇ ਦੀਆਂ ਜਨਾਨੀਆਂ ਅਤੇ ਨਿਆਣੇ ਸਾਡੇ ਦੁਆਲੇ ਇਕੱਠੇ ਹੋ ਗਏ। ਉਹ ਸਾਨੂੰ ਦੇਖ ਕੇ ਖੁਸ਼ ਸਨ। ਕਿਸੇ ਨੇ ਕਾਕੇ ਨੂੰ ਫੜ ਲਿਆ ਤੇ ਕਿਸੇ ਨੇ ਗੁੱਡੀ ਨੂੰ ਚੁੱਕ ਲਿਆ। ਛੋਟੇ-ਛੋਟੇ ਮੁੰਡੇ ਰਿਕਸ਼ੇ ਤੋਂ ਸਮਾਨ ਲਾਹੁਣ ਲੱਗ ਪਏ। ਜਨਾਨੀਆਂ ਆਖਣ, "ਭੈਣ ਚੰਗਾ ਹੋਇਆ ਤੂੰ ਆ ਗਈ। ਸਰਦਾਰ ਤਾਂ ਉਦਾਸ ਜਿਹਾ ਰਹਿੰਦਾ ਸੀ, ਚੁੱਪ-ਚਾਪ, ਕਦੇ ਕਿਸੇ ਨਾਲ ਬੋਲਿਆ ਤੱਕ ਨਹੀਂ ਸੀ।" ਮੈਂ ਚੁੱਪ ਕਰਕੇ ਅੰਦਰ ਵੜ ਕੇ ਦਰਵਾਜਾ ਬੰਦ ਕਰ ਲੈਂਦਾ ਸੀ। ਰੋਟੀ-ਪਾਣੀ ਧਰਮ ਸਿੰਘ ਸੇਵਾਦਾਰ ਬਹੁਤ ਵਧੀਆ ਬਣਾਉਂਦਾ ਸੀ। ਉਹ ਇਥੇ ਮੁਕੇਰੀਆਂ ਕਈ ਸਾਲਾਂ ਤੋਂ ਲੱਗਾ ਹੋਇਆ ਸੀ। ਮੁਕੇਰੀਆਂ ਤੋਂ ਹਾਜੀਪੁਰ ਵਾਲੀ ਸੜਕ ਤੋਂ ਚਾਰ ਮੀਲ 'ਤੇ ਪੈਂਦੇ ਪਿੰਡ ਪਟਿਆਲ ਦਾ ਰਹਿਣ ਵਾਲਾ ਸੀ। ਨੌਕਰੀ ਕਰਨ ਦੇ ਅਕਲ ਵਾਲੇ ਤੌਰ-ਤਰੀਕਿਆਂ ਤੋਂ ਜਾਣੂ ਸੀ। ਪਿੰਡਾਂ ਦੇ ਦੌਰੇ 'ਤੇ ਜਾਣਾ ਸਾਡੇ ਲਈ ਲਾਜ਼ਮੀ ਸੀ ਤੇ ਉਹ ਮੇਰੇ ਨਾਲ ਹੁੰਦਾ। ਸਬ-ਇੰਸਪੈਕਟਰ ਨੂੰ ਅਸੀਂ ਪਹਿਲਾਂ ਹੀ ਭੇਜ ਦਿੰਦੇ ਤੇ ਉਹ ਲੋਕਾਂ ਨੂੰ ਇਕੱਠੇ ਕਰ ਰੱਖਦਾ। ਰਾਹ ਵਿਚ ਧਰਮ ਸਿੰਘ ਪਹਿਲਾਂ ਰਹਿ ਚੁਕੇ ਇੰਸਪੈਕਟਰਾਂ ਦੀਆਂ ਚੰਗੀਆਂ ਅਤੇ ਮਾੜੀਆਂ ਗੱਲਾਂ ਮੈਨੂੰ ਸੁਣਾਉਂਦਾ ਰਹਿੰਦਾ। ਜਿਨ੍ਹਾਂ ਇੰਸਪੈਕਟਰਾਂ ਨੇ ਕਦੇ ਵੱਕਾਰ ਵਾਲਾ ਸਟੈਂਡ ਲਿਆ, ਉਨ੍ਹਾਂ ਦੀ ਉਹ ਬਹੁਤ ਤਾਰੀਫ ਕਰਦਾ। ਉਸ ਨੂੰ ਬਹਾਦਰ ਇੰਸਪੈਕਟਰਾਂ ਨਾਲ ਕੰਮ ਕਰਨ ਦਾ ਚਾਅ ਸੀ। ਉਸ ਨੇ ਸਵੇਰੇ ਆ ਕੇ ਮੇਰੇ ਲਈ ਪਾਣੀ ਦੀ ਬਾਲਟੀ ਲਿਆਉਣੀ ਤੇ ਫੇਰ ਚਾਹ ਬਣਾ ਕੇ ਦੇਣੀ, ਮੇਰਾ ਸਾਈਕਲ ਸਾਫ ਕਰਨਾ, ਟਾਇਰਾਂ ਵਿਚ ਹਵਾ ਭਰਨੀ। ਇਕ ਪੰਪ ਅਤੇ ਪੰਚਰ ਲਾਉਣ ਦਾ ਸਮਾਨ ਉਸ ਨੇ ਆਪਣੇ ਸਾਈਕਲ ਨਾਲ ਦਰੀ ਦੇ ਝੋਲੇ ਵਿਚ ਪਾ ਕੇ ਟੰਗਿਆ ਹੁੰਦਾ। ਮੁਕੇਰੀਆਂ ਸਰਵਿਸ ਦੌਰਾਨ ਮੈਨੂੰ ਕਦੇ ਵੀ ਉਸ 'ਤੇ ਗੁੱਸਾ ਨਹੀਂ ਸੀ ਆਇਆ। ਧਰਮ ਸਿੰਘ ਕਹਿੰਦਾ:

ਨੌਕਰੀ ਹਾਂ ਜੀ ਦੀ
ਚੋਰੀ ਨਾ ਜੀ ਦੀ
ਯਾਰੀ ਮਾਂ ਜੀ ਦੀ

ਤੇ ਵਿਆਖਿਆ ਕਰਦਾ ਕਿ ਅਫਸਰ ਨੂੰ 'ਹਾਂ ਜੀ' ਵਿਚ ਜਵਾਬ ਦੇਣਾ। ਚੋਰੀ ਕਰਕੇ ਮੰਨਣਾ ਨਹੀਂ। ਪੁਲਿਸ ਕੁੱਟੇ ਵੀ ਤਾਂ ਵੀ 'ਨਾ ਜੀ' ਕਹਿਣਾ। ਜੇ ਕਿਸੇ ਜ਼ਨਾਨੀ ਨਾਲ ਨਾਜਾਇਜ਼ ਸਬੰਧਾਂ ਬਾਰੇ ਲੋਕੀਂ ਕਹਿਣ ਤਾਂ ਜਵਾਬ ਦੇਣਾ, ਉਹ ਤਾਂ ਮੇਰੀ ਮਾਂ ਲੱਗਦੀ ਆ।

ਮੇਰੀ ਘਰ ਵਾਲੀ ਦੇ ਆਉਣ 'ਤੇ ਉਸ ਨੇ ਸਵੇਰੇ ਸਬਜ਼ੀ ਲਿਆ ਕੇ ਦੇਣੀ। ਮੇਰੇ ਕੱਪੜੇ ਧੋਬੀ ਨੂੰ ਦੇ ਕੇ ਆਉਣੇ ਤੇ ਲਿਆਉਣੇ। ਉਨ੍ਹੀਂ ਦਿਨੀਂ ਸੂਤੀ ਕੱਪੜੇ ਹੀ ਹੁੰਦੇ ਸਨ ਤੇ ਧੋਬੀਆਂ ਨਾਲ ਵਾਹ ਪੈਂਦਾ ਸੀ। ਇੰਸਪੈਕਟਰ ਦੀ ਉਹ ਠੁੱਕ ਬਣਾ ਦਿੰਦਾ ਸੀ। ਬਿਨਾ ਇਜਾਜ਼ਤ ਕਿਸੇ ਨੂੰ ਇੰਸਪੈਕਟਰ ਦੇ ਕਮਰੇ ਵਿਚ ਨਾ ਜਾਣ ਦਿੰਦਾ। ਇਸ ਤਰ੍ਹਾਂ ਰੋਕਣ ਨਾਲ ਉਸ ਦਾ ਵੀ ਲੋਕਾਂ, ਖਾਸ ਕਰਕੇ ਸੁਸਾਇਟੀਆਂ ਦੇ ਸੈਕਟਰੀਆਂ ਵਿਚ ਟੌਹਰ ਬਣਿਆ ਰਹਿੰਦਾ। ਉਹ ਆਪ ਵੀ ਆਖਿਆ ਕਰਦਾ, ਜੇ ਕੋਈ ਆਪ ਹੀ ਅੰਦਰ ਚਲੇ ਜਾਵੇ ਤਾਂ ਸਾਨੂੰ ਸਰਕਾਰ ਨੇ ਕਾਹਦੇ ਲਈ ਰੱਖਿਆ? ਸਾਡੀ ਹੋਰ ਕਿਹੜੀ ਡਿਊਟੀ ਆ।

ਇੰਸਪੈਕਟਰ ਦੇ ਦਫਤਰ ਲਈ ਗਰਮੀਆਂ ਦੇ ਦੋ ਮਹੀਨੇ ਇਕ ਮਜ਼ਦੂਰ, ਛੱਤ 'ਤੇ ਲੱਗਾ ਪੱਖਾ ਹੱਥ ਨਾਲ ਚਲਾਉਣ ਲਈ ਰੱਖਣ ਦੀ ਇਜਾਜ਼ਤ ਸੀ। ਸਰਦੀ ਤੋਂ ਬਚਣ ਲਈ ਦੋ ਮਹੀਨੇ ਅੰਗੀਠੀਆਂ ਬਾਲੀਆਂ ਜਾ ਸਕਦੀਆਂ ਸਨ।

ਮੇਰੀ ਘਰ ਵਾਲੀ ਕੋਲ ਮੁਹੱਲੇ ਦੀਆਂ ਇਕ-ਦੋ ਤੀਵੀਆਂ ਬੈਠੀਆਂ ਹੀ ਰਹਿੰਦੀਆਂ। ਨਵੰਬਰ 1962 ਵਿਚ ਮੈਂ 150 ਰੁਪਏ ਦਾ ਦੇਸੀ ਜਿਹਾ ਰੇਡੀਓ ਕਿਸ਼ਤਾਂ 'ਤੇ ਖਰੀਦਿਆ, ਕਿਉਂਕਿ ਚੀਨ ਦੇ ਹਮਲੇ ਦੀਆਂ ਖਬਰਾਂ ਸੁਣਨੀਆਂ ਜ਼ਰੂਰੀ ਸਨ। ਆਮ ਘਰਾਂ ਵਿਚ ਰੇਡੀਓ ਨਹੀਂ ਸਨ ਹੁੰਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੋਗਿੰਦਰ ਸਿੰਘ ਦਾ ਘਰ ਵੀ ਸਾਡੇ ਨਾਲ ਹੀ ਸੀ। ਉਨ੍ਹਾਂ ਦੀ ਘਰ ਵਾਲੀ ਅਤੇ ਬੇਟੀਆਂ ਦੀ ਮੇਰੀ ਘਰ ਵਾਲੀ ਨਾਲ ਬਹੁਤ ਬਣਦੀ ਸੀ।

ਜਦੋਂ ਅਸੀਂ ਪਹਿਲਾਂ-ਪਹਿਲਾਂ ਗਏ ਤਾਂ ਪਿੰਡੋਂ ਨਿੱਤਨੇਮ ਵਾਲਾ ਗੁਟਕਾ ਲਿਜਾਣਾ ਭੁੱਲ ਗਏ। ਮੁਕੇਰੀਆਂ ਸ਼ਹਿਰ ਦੀ ਕਿਸੇ ਵੀ ਦੁਕਾਨ ਤੋਂ ਗੁਟਕਾ ਨਾ ਮਿਲਿਆ ਤਾਂ ਮਹਿੰਦਰ (ਮੇਰੀ ਘਰ ਵਾਲੀ) ਨੇ ਜੋਗਿੰਦਰ ਸਿੰਘ ਦੀ ਘਰ ਵਾਲੀ ਨੂੰ ਦੱਸਿਆ ਤਾਂ ਉਨ੍ਹਾਂ ਨੇ ਤੁਰੰਤ ਆਪਣੀ ਬੇਟੀ ਦੇ ਹੱਥ ਗੁਟਕਾ ਭੇਜ ਦਿੱਤਾ।

1954 ਦੇ ਲਾਗੇ ਪੰਜਾਬ ਨੈਸ਼ਨਲ ਬੈਂਕ, ਮੁਕੇਰੀਆਂ ਵਿਖੇ ਡਾਕਾ ਪਿਆ, ਜੋ ਅਜੀਬ ਘਟਨਾ ਸੀ। ਅਖਬਾਰਾਂ ਦੀਆਂ ਸੁਰਖੀਆਂ ਕਈ ਦਿਨ ਤਕ ਇਸ ਡਾਕੇ ਦਾ ਵੇਰਵਾ ਦਿੰਦੀਆਂ ਰਹੀਆਂ। ਮੈਂ ਉਦੋਂ ਜਮਸ਼ੇਦਪੁਰ ਕਾਲਜ ਵਿਚ ਪੜ੍ਹਦਾ ਸਾਂ। ਮੁਕੇਰੀਆਂ ਡਾਕੇ ਵਿਚ ਡਾਕੂਆਂ ਜੋ ਦਲੇਰੀ ਦਿਖਾਈ, ਉਹ ਹੈਰਾਨ ਕਰਨ ਵਾਲੀ ਸੀ। ਮੈਂ ਆਪਣੇ ਸੇਵਾਦਾਰ ਧਰਮ ਸਿੰਘ ਤੋਂ ਇਸ ਦਾ ਵੇਰਵਾ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਤਿੰਨ ਡਾਕੂਆਂ ਨੇ ਪੁਲਿਸ ਦੀਆਂ ਵਰਦੀਆਂ ਪਾਈਆਂ ਤੇ ਮੁਕੇਰੀਆਂ ਥਾਣੇ ਚਲੇ ਗਏ। ਥਾਣੇ ਦੇ ਸਟਾਫ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ ਅਤੇ ਉਨ੍ਹਾਂ ਦਾ ਸਾਰਾ ਅਸਲਾ ਵੀ ਲੈ ਗਏ। ਉਸ ਪਿਛੋਂ ਬਾਜ਼ਾਰ ਵਿਚ ਸਥਿਤ ਪੰਜਾਬ ਨੈਸ਼ਨਲ ਬੈਂਕ ਗਏ। ਬੈਂਕ ਦੇ ਗੋਰਖਾ ਚੌਕੀਦਾਰ ਨੂੰ ਜ਼ਖਮੀ ਕਰਕੇ ਮੂੰਹ ਵਿਚ ਕੱਪੜਾ ਤੁੰਨ੍ਹ ਕੇ ਇਕ ਪਾਸੇ ਬੰਨ੍ਹ ਦਿੱਤਾ। ਕੈਸ਼ ਵਾਲੀਆਂ ਤਜੋਰੀਆਂ ਤੋੜ ਕੇ ਸਭ ਕੈਸ਼ ਬੈਗ ਵਿਚ ਪਾ ਕੇ ਮੁਕੇਰੀਆਂ ਦੇ ਬੱਸ ਅੱਡੇ 'ਤੇ ਗਏ। ਬੱਸ ਦਾ ਡਰਾਈਵਰ ਪ੍ਰੀਤਮ ਬੱਸ ਦੀ ਛੱਤ 'ਤੇ ਸੁੱਤਾ ਪਿਆ ਸੀ। ਉਸ ਨੂੰ ਜਗਾ ਕੇ ਪਿਸਤੋਲ ਦਿਖਾ ਕੇ ਬੱਸ 'ਤੇ ਸਵਾਰ ਹੋ ਕੇ ਜਲੰਧਰ ਵੱਲ ਚਲੇ ਗਏ। ਮੂੰਹਾਂ 'ਤੇ ਠਾਠੇ ਬੰਨ੍ਹੇ ਹੋਏ ਸਨ। ਜਲੰਧਰ ਤੋਂ ਪੰਜ-ਸੱਤ ਮੀਲ ਉਰੇ ਹੀ ਬੱਸ ਰੁਕਵਾ ਕੇ ਕੈਸ਼ ਅਤੇ ਥਾਣੇ ਤੋਂ ਲੁੱਟੇ ਅਸਲੇ ਨਾਲ ਬੱਸ ਵਿਚੋਂ ਉਤਰ ਗਏ। ਕਈ ਸਾਲ ਇਹ ਕੇਸ ਚੱਲਦਾ ਰਿਹਾ। ਮੈਨੂੰ ਬਹੁਤਾ ਪਤਾ ਨਹੀਂ। ਕੋਈ ਪਾਠਕ ਇਸ ਡਕੈਤੀ ਦਾ ਵੇਰਵਾ ਦੇਵੇ ਤਾਂ ਬੜਾ ਦਿਲਚਸਪ ਹੋਵੇਗਾ।




ਸਾਡੇ ਸਬ-ਇੰਸਪੈਕਟਰ ਮੀਆਂ ਚਤਰ ਸਿੰਘ ਕੇਵਲ ਨਾਂ ਦੇ ਹੀ ਚਤਰ ਸਿੰਘ ਸਨ। ਬੜੇ ਸਿੱਧੇ-ਸਾਦੇ। ਮੇਰੇ ਤੋਂ ਦਸ-ਬਾਰਾਂ ਸਾਲ ਵੱਡੇ। ਬੋਲੀ ਡੋਗਰੀ ਸੀ। 'ਮੈਂ ਕਿਹਾ' ਨੂੰ 'ਮੀ ਗਲਾਇਆ' ਉਨ੍ਹਾਂ ਦੇ ਮੂੰਹੋਂ ਬੜਾ ਜਚਦਾ। ਬਾਬੂ ਕੁਲਦੀਪ ਰਾਜ, ਚਤਰ ਸਿੰਘ ਦੀ ਯੱਕੜੀਆਂ ਦੇ ਲਤੀਫੇ ਬਣਾ-ਬਣਾ ਕੇ ਸੁਣਾਇਆ ਕਰਦਾ। ਚਤਰ ਸਿੰਘ ਦੇ ਤਰੱਕੀ ਦੇ ਆਰਡਰ ਆ ਗਏ ਤਾਂ ਉਸ ਨੇ ਲਿਖ ਕੇ ਭੇਜ ਦਿੱਤਾ ਕਿ ਮੇਰੇ ਕੋਲੋਂ ਇੰਸਪੈਕਟਰ ਦੀ ਡਿਊਟੀ ਨਹੀਂ ਕਰ ਹੋਣੀ। ਮੈਨੂੰ ਸਬ-ਇੰਸਪੈਕਟਰ ਹੀ ਰਹਿਣ ਦਿੱਤਾ ਜਾਵੇ। ਉਦੋਂ ਉਸ ਦੀ ਤਨਖਾਹ 132 ਰੁਪਏ ਮਹੀਨਾ ਸੀ ਅਤੇ ਇੰਸਪੈਕਟਰ ਬਣਨ 'ਤੇ ਪਹਿਲੇ ਸਾਲ 140 ਰੁਪਏ ਮਿਲਣੀ ਸੀ। ਕੇਵਲ 8 ਰੁਪਏ ਲਈ ਉਹ ਘਰੋਂ ਦੂਰ ਨਹੀਂ ਸੀ ਜਾਣਾ ਚਾਹੁੰਦਾ। ਇਕ ਵਾਰ ਕਿਸੇ ਕੁਤਾਹੀ ਕਾਰਨ ਮੈਂ ਡਾਂਟ ਦਿੱਤਾ ਤਾਂ ਸਰਵਿਸ ਤੋਂ ਅਸਤੀਫਾ ਲਿਖ ਕੇ ਹੀ ਬਾਬੂ ਕੁਲਦੀਪ ਰਾਜ ਨੂੰ ਫੜਾ ਗਿਆ। ਮੈਂ ਇੰਦਰਜੀਤ ਸਿੰਘ ਅਤੇ ਇਕ ਹੋਰ ਸਬ-ਇੰਸਪੈਕਟਰ ਨੂੰ ਭੇਜ ਕੇ ਉਸ ਨੂੰ ਮਨਾਇਆ।

ਇੰਦਰਜੀਤ ਸਿੰਘ ਕਾਫੀ ਸਾਲਾਂ ਤੋਂ ਮੁਕੇਰੀਆਂ ਲੱਗਾ ਹੋਇਆ ਸੀ। ਉਸ ਦੇ ਚਾਰਜ ਵਿਚ ਬਹੁਤੇ ਪਿੰਡ ਲੁਬਾਣਾ ਬਰਾਦਰੀ ਦੇ ਸਨ। ਚਤਰ ਸਿੰਘ ਦੇ ਚਾਰਜ ਵਿਚ ਰਾਜਪੂਤਾਂ ਦੇ। ਚਤਰ ਸਿੰਘ ਉਨ੍ਹਾਂ ਨਾਲ ਬੈਠ ਕੇ ਹੁੱਕਾ ਪੀ ਲੈਂਦਾ ਤੇ ਉਨ੍ਹਾਂ ਨਾਲ ਘੁਲ-ਮਿਲ ਕੇ ਉਨ੍ਹਾਂ ਨੂੰ ਪਤਿਆ ਕੇ ਅੜੀਆਂ ਹੋਈਆਂ ਵਸੂਲੀਆਂ ਵੀ ਕਰਾ ਲੈਂਦਾ।

ਸਾਡੇ ਪਿੰਡਾਂ ਲਾਗੇ ਦੁੱਗਾਂ ਪਿੰਡ ਦਾ ਇਕ ਜਗੀਰ ਸਿੰਘ ਸੀ। ਉਹਦੀ ਰੇਡੀਓ ਦੀ ਮੁਰੰਮਤ ਦੀ ਦੁਕਾਨ ਸੀ। ਉਹ ਨਵੇਂ ਰੇਡੀਓ ਵੀ ਬਣਾ ਕੇ ਵੇਚਦਾ ਸੀ। ਮੈਂ ਵੀ ਨਵਾਂ ਰੇਡੀਓ ਉਸ ਤੋਂ ਖਰੀਦਿਆ ਸੀ। ਇਕ ਦਿਨ ਮੈਂ ਉਹਦੀ ਦੁਕਾਨ 'ਤੇ ਗਿਆ, ਉਥੇ ਦੋ-ਚਾਰ ਬੰਦੇ ਹੋਰ ਵੀ ਬੈਠੇ ਸਨ। ਕਹਿਣ ਲੱਗਾ, "ਇੰਸਪੈਕਟਰ ਸਾਹਿਬ! ਤੁਸੀਂ ਕਦੋਂ ਸਬ-ਇੰਸਪੈਕਟਰ ਬਣਨਾ ਏਂ?" ਮੈਂ ਉਹਦਾ ਮਖੌਲ ਸਮਝ ਗਿਆ ਕਿ ਇਹ ਇੰਨਾ ਭੋਲਾ ਤਾਂ ਨਹੀਂ ਹੈ, ਜਿਸ ਨੂੰ ਇਹ ਪਤਾ ਨਾ ਹੋਵੇ ਕਿ ਸਬ-ਇੰਸਪੈਕਟਰ ਤੋਂ ਇੰਸਪੈਕਟਰ ਵੱਡਾ ਹੁੰਦਾ ਹੈ। ਮੈਂ ਵੀ ਹੱਸ ਕੇ ਕਿਹਾ, "ਕੀ ਗੱਲ?"

ਜਗੀਰ ਸਿੰਘ ਨੇ ਕਿਹਾ, "ਬੱਸ ਊਂਈ, ਮੈਂ ਦੇਖਦਾਂ ਕਿ ਇੰਦਰਜੀਤ ਦੇ ਘਰ ਲੋਕੀ ਗੰਨੇ, ਸਾਗ ਤੇ ਪਤਾ ਨਹੀਂ ਹੋਰ ਕੀ ਕੁਸ਼ ਬੋਰੀਆਂ 'ਚ ਪਾ ਕੇ ਲਈ ਆਉਂਦੇ ਹਨ, ਤੁਹਾਡੇ ਘਰ ਵੱਲ ਕੋਈ ਜਾਂਦਾ ਕਦੇ ਦੇਖਿਆ ਹੀ ਨਹੀਂ।" ਸੁਣ ਕੇ ਅਸੀਂ ਸਾਰੇ ਖੂਬ ਹੱਸੇ।

ਘਰ ਦਾ ਕੰਮ ਕਰਨ ਲਈ ਮਹਿੰਦਰ ਨੇ ਲਾਜੋ ਝਿਊਰੀ ਰੱਖ ਲਈ। ਪਾਣੀ ਦੀਆਂ ਇਕ-ਦੋ ਬਾਲਟੀਆਂ ਧਰਮ ਸਿੰਘ ਲਿਆ ਦਿੰਦਾ ਤੇ ਬਾਕੀ ਲਾਜੋ। ਇਨ੍ਹਾਂ ਦੋਹਾਂ ਦੀ ਆਪਸ ਵਿਚ ਬਣਦੀ ਨਹੀਂ ਸੀ। ਸਮਝ ਲਵੋ ਕਿ ਕੁੱਤੇ ਤੇ ਬਿੱਲੀ ਵਾਲਾ ਵੈਰ ਸੀ। ਧਰਮ ਸਿੰਘ ਮੈਨੂੰ ਆਖਿਆ ਕਰੇ, "ਸਾਹਿਬ ਤੁਸੀਂ ਤਾਂ ਸਾਰੇ ਸ਼ਹਿਰ ਦੀ ਜੂਠ ਰੱਖ ਲਈ ਆ।" ਲਾਜੋ ਮਹਿੰਦਰ ਕੋਲ ਕਿਹਾ ਕਰੇ, "ਇਹ ਧਰਮਾ, ਦਾਦੇ-ਮਗੌਣਾ ਦਫਤਰ ਅੱਗੇ ਮੈਨੂੰ ਕਹਿਣ ਲੱਗਾ, 'ਆ ਜਾ ਲਾਜੋ ਤੈਨੂੰ ਪਲਾਈਏ ਘੁੱਟ।' ਮੈਂ ਕਿਹਾ, ਆਪਣੀ ਮਾਂ ਨੂੰ ਪਿਲਾਈਂ ਹਰਾਮਜ਼ਾਦਿਆ, ਆਹ ਛਿੱਤਰ ਦੇਖ ਲੈ।"

ਹੌਲੀ-ਹੌਲੀ ਘਰ ਦੇ ਕੰਮ ਵਿਚ ਧਰਮ ਸਿੰਘ ਦਾ ਦਖਲ ਲਾਜੋ ਨੇ ਖਤਮ ਹੀ ਕਰ ਦਿੱਤਾ। ਉਹ ਆਪੇ ਹੀ ਸਬਜ਼ੀ ਜਾਂ ਦੁਕਾਨ ਤੋਂ ਹੋਰ ਸਮਾਨ ਲਿਆ ਦਿਆ ਕਰੇ। ਆਟਾ ਵੀ ਪਿਹਾ ਲਿਆਇਆ ਕਰੇ। ਕਦੇ-ਕਦੇ ਮਹਿੰਦਰ ਨੂੰ ਆਖਦੀ, "ਬੀਬੀ ਅੱਜ ਤਾਂ ਮੇਰੇ ਢਿੱਡ ਪੀੜ ਹੋ ਰਹੀ ਆ। ਕਿਤੇ ਸਰਦਾਰ ਹੁਰਾਂ ਦੀ ਬਚਦੀ ਦਾਰੂ ਦੇ ਦੋ ਘੁੱਟ ਦਿਓ ਮੈਨੂੰ।" ਉਹਨੂੰ ਪਤਾ ਹੁੰਦਾ ਕਿ ਥੋੜ੍ਹੀ-ਬਹੁਤੀ ਤਾਂ ਪਈ ਹੀ ਹੁੰਦੀ ਸੀ। ਹੁੰਦੀ ਵੀ ਠੇਕੇ ਦੀ ਸੰਤਰਾ ਜਾਂ ਮਾਲਟਾ ਮਾਰਕਾ। ਮੁਕੇਰੀਆਂ ਸ਼ਹਿਰ ਵਿਚ ਅੰਗਰੇਜ਼ੀ ਸ਼ਰਾਬ ਦਾ ਠੇਕਾ ਨਹੀਂ ਸੀ ਹੁੰਦਾ। 1963 ਤੱਕ ਸਾਰੇ ਜਿਲੇ ਵਿਚ ਕੇਵਲ ਹੁਸ਼ਿਆਰਪੁਰ ਸ਼ਹਿਰ ਵਿਚ ਹੀ ਅੰਗਰੇਜ਼ੀ ਸ਼ਰਾਬ ਦਾ ਠੇਕਾ ਸੀ।

ਮਈ 1963 ਵਿਚ 150 ਰੁਪਏ ਦਾ ਊਸ਼ਾ ਕੰਪਨੀ ਦਾ ਟੇਬਲ ਫੈਨ ਖਰੀਦਿਆ, ਜੋ ਵੀਹ-ਪੱਚੀ ਸਾਲ ਤੱਕ ਕਦੇ ਖਰਾਬ ਨਾ ਹੋਇਆ। ਇਹ ਪੱਖਾ ਵੀ ਦਸ ਰੁਪਏ ਮਹੀਨਾ ਕਿਸ਼ਤਾਂ 'ਤੇ ਲਿਆ।

ਇਸ ਤਰ੍ਹਾਂ ਅਸੀਂ ਗੁਜ਼ਾਰਾ ਕਰਦੇ। ਉਨ੍ਹੀਂ ਦਿਨੀਂ ਇਕ ਨਵਾਂ ਸਬ-ਇੰਸਪੈਕਟਰ ਆਇਆ। ਉਹ ਘਰੋਂ ਗਰੀਬ ਸੀ। ਸਾਰੇ ਸਬ-ਇੰਸਪੈਕਟਰਾਂ ਨੇ ਸਲਾਹ ਕੀਤੀ ਅਤੇ ਮੇਰੇ ਕਮਰੇ ਵਿਚ ਆ ਕੇ ਕਹਿਣ ਲੱਗੇ, "ਇੰਸਪੈਕਟਰ ਸਾਹਿਬ, ਅਸੀਂ ਇਕ ਸਲਾਹ ਕੀਤੀ ਏ, ਜੇ ਤੁਸੀਂ ਮੰਨੋਗੇ?" ਮੈਂ ਕਿਹਾ, "ਕੀ ਸਲਾਹ ਕੀਤੀ ਆ।" ਤੁਸੀਂ ਆਪਣਾ ਪੁਰਾਣਾ ਸਾਈਕਲ ਮਹਿੰਦਰ ਸਿੰਘ ਸਬ-ਇੰਸਪੈਕਟਰ ਨੂੰ ਵੇਚ ਦਿਓ ਤੇ ਤੁਸੀਂ ਨਵਾਂ ਲੈ ਲਵੋ, ਜਦੋਂ ਦੌਰੇ 'ਤੇ ਜਾਂਦੇ ਹੋ, ਸਾਡੇ ਸਾਈਕਲ ਨਵੇਂ ਹੁੰਦੇ ਆ ਤੇ ਤੁਹਾਡਾ ਪੁਰਾਣਾ। ਇਹ ਗੱਲ ਸਾਨੂੰ ਜਚਦੀ ਨਹੀਂ।"

ਇੰਦਰਜੀਤ ਸਬ-ਇੰਸਪੈਕਟਰ ਸਾਰੀ ਟੀਮ ਦਾ ਕਪਤਾਨ ਸੀ ਤੇ ਕਹਿਣ ਲੱਗਾ, ਤਨਖਾਹ ਵਾਲੇ ਦਿਨ ਮਹਿੰਦਰ ਸਿੰਘ ਤੁਹਾਨੂੰ ਪੰਜਾਹ ਰੁਪਏ ਦੇ ਦੇਵੇਗਾ। ਨਵਾਂ ਸਾਈਕਲ ਮੈਂ ਤੁਹਾਨੂੰ ਲੈ ਦਿਆਂਗਾ। ਇਸ ਤਰ੍ਹਾਂ 50 ਰੁਪਏ ਦੇ ਕੇ ਮੈਂ ਨਵਾਂ ਸਾਈਕਲ 165 ਰੁਪਏ ਵਿਚ ਖਰੀਦ ਲਿਆ। ਬਾਕੀ ਪੈਸੇ ਕਿਸ਼ਤਾਂ ਵਿਚ ਦਿੱਤੇ। ਇਹ ਹੈ ਸਾਡੀ ਉਸ ਸਮੇਂ ਦੀ ਕਹਾਣੀ। ਹੱਕ-ਹਲਾਲ ਦੀ ਕਮਾਈ ਵਿਚ ਗੁਜ਼ਾਰਾ ਕਰਨ ਦੀ।

ਮਹਿੰਦਰ ਸਿੰਘ ਅਕਸਰ ਬਿਮਾਰ ਰਹਿੰਦਾ ਸੀ। ਸਿਵਲ ਹਸਪਤਾਲ ਵਾਲਾ ਡਾਕਟਰ ਮੇਰਾ ਦੋਸਤ ਬਣ ਗਿਆ। ਉਹ ਦਵਾਈਆਂ ਦੇ ਬਿੱਲ ਪਾਸ ਕਰ ਦਿੰਦਾ ਤੇ ਮੈਨੂੰ ਸਰਕਾਰ ਵਲੋਂ ਪੈਸੇ ਮਿਲ ਜਾਂਦੇ, ਪਰ ਏ. ਆਰ. ਦਫਤਰ ਵਾਲੇ ਖਾਹ-ਮਖਾਹ ਦੇ ਇਤਰਾਜ਼ ਲਾ ਕੇ ਬਿੱਲ ਵਾਪਸ ਭੇਜ ਦਿੰਦੇ, ਮਾਰਚ ਮਹੀਨੇ ਮੱਝ ਦੇ ਅੜਾ ਕੇ ਦੁੱਧ ਦੇਣ ਵਾਂਗ 'ਵਾਜ਼ਾਂ ਮਾਰ-ਮਾਰ ਕੇ ਬਿੱਲ ਵਾਪਸ ਮੰਗਦੇ। ਟੀ. ਏ. ਬਿੱਲ ਵੀ ਮਾਰਚ ਵਿਚ ਹੀ ਪਾਸ ਕਰਦੇ। ਪਹਿਲਾਂ ਇਤਰਾਜ਼ ਲਾਈ ਜਾਂਦੇ।

ਮੁਕੇਰੀਆਂ ਨਵਾਂ-ਨਵਾਂ ਸਿਨਮਾ ਘਰ ਬਣਿਆ ਸੀ। ਔਰਤਾਂ ਲਈ ਐਤਵਾਰ ਨੂੰ ਸਵੇਰੇ ਲੇਡੀਜ਼ ਸ਼ੋਅ ਹੁੰਦਾ ਜਿਸ ਵਿਚ ਕੇਵਲ ਔਰਤਾਂ ਤੇ ਬੱਚੇ ਹੀ ਜਾ ਸਕਦੇ। ਮਹਿੰਦਰ ਨੇ ਮੁਹੱਲੇ ਦੀਆਂ ਹੋਰ ਸ਼ੌਕੀਨ ਔਰਤਾਂ ਨਾਲ ਲੇਡੀ ਸ਼ੋਅ 'ਤੇ ਜ਼ਰੂਰ ਜਾਣਾ ਤੇ ਮੁਕੇਰੀਆਂ 'ਚ ਲੱਗੀ ਹਰ ਚੰਗੀ-ਮਾੜੀ ਫਿਲਮ ਦੇਖਣੀ। ਨਵਾਂ ਸਿਨਮਾ ਬਣਨ ਤੋਂ ਪਹਿਲਾਂ ਨੌਸ਼ਹਿਰਾ ਪੱਤਣ ਵਾਲੀ ਸੜਕ 'ਤੇ ਟੈਂਟ ਲਾ ਕੇ ਟੂਰਿੰਗ ਟਾਕੀ ਪਾਈਪ ਸਿਨਮਾ ਘਰ ਹੁੰਦਾ ਸੀ।

ਮੇਰੇ ਮੁਕੇਰੀਆਂ ਵਿਖੇ ਸਰਵਿਸ ਸਮੇਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸਨ। ਕੈਰੋਂ ਦਾ ਕਤਲ ਹੋ ਗਿਆ। ਉਹ ਦਿੱਲੀ ਤੋਂ ਪੰਜਾਬ ਆ ਰਹੇ ਸਨ। ਪਾਣੀਪਤ ਲਾਗੇ ਜੀ. ਟੀ. ਰੋਡ 'ਤੇ ਮੁਰੰਮਤ ਚੱਲਦੀ ਸੀ ਤੇ ਗੱਡੀਆਂ ਉਥੇ ਹੌਲੀ ਹੋ ਜਾਂਦੀਆਂ ਸਨ। ਕਾਤਲਾਂ ਨੇ ਪੁਲਿਸ ਦੀਆਂ ਵਰਦੀਆਂ ਪਾਈਆਂ ਸਨ ਤੇ ਨਾਕਾ ਲਾ ਕੇ ਗੱਡੀਆਂ ਦੀ ਤਲਾਸ਼ੀ ਲੈਣ ਲੱਗ ਪਏ। ਜਦੋਂ ਕੈਰੋਂ ਸਾਹਿਬ ਦੀ ਕਾਰ ਆਈ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਕਾਤਲਾਂ ਨੂੰ ਲੱਭਣ ਲਈ ਪੰਜਾਬ ਭਰ ਵਿਚ ਬੱਸਾਂ ਰੋਕ-ਰੋਕ ਕੇ ਤਲਾਸ਼ੀ ਲਈ ਗਈ। ਸਾਨੂੰ ਵੀ ਹੁਸ਼ਿਆਰਪੁਰ ਜਾਂਦਿਆਂ ਬੱਸ ਵਿਚੋਂ ਉਤਾਰ ਕੇ ਹਰਿਆਣਾ ਥਾਣੇ ਦਾ ਇੰਚਾਰਜ ਪੁੱਛੇ ਕਿ ਕਿਥੋਂ ਆਏ ਹੋ, ਕਿਥੇ ਜਾਣਾ ਹੈ, ਕੀ ਕੰਮ ਕਰਦੇ ਹੋ, ਵਗੈਰਾ। ਕਤਲ ਪਾਣੀਪਤ ਲਾਗੇ ਹੋਇਆ ਤੇ ਤਲਾਸ਼ੀਆਂ ਦਸੂਹਾ, ਹੁਸ਼ਿਆਰਪੁਰ ਰੋਡ 'ਤੇ! ਪੁਲਿਸ ਵਾਲੇ ਐਵੇਂ ਝਾੜੀਆਂ 'ਤੇ ਡੰਡੇ ਮਾਰ ਰਹੇ ਸਨ।

**ਮਿਨੀ ਕਹਾਣੀ**

## ਕਰਨੀ ਵਾਲਾ ਬਾਬਾ

ਘਰ ਦੀਆਂ ਤੰਗੀਆਂ ਤੁਰਸ਼ੀਆਂ ਵਿਚ ਜਵਾਨ ਕੁੜੀ ਕਦੋਂ ਜੁਆਨੀ ਦੀਆਂ ਬਰੂਹਾਂ ਟੱਪਣ ਲੱਗੀ, ਪਤਾ ਹੀ ਨਾ ਲੱਗਾ। ਉਸ ਦੇ ਹਾਣ ਦੀਆਂ ਸੱਭੇ ਕੁੜੀਆਂ ਦੇ ਵਿਆਹ ਹੋ ਚੁਕੇ ਸਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਹ ਵੀ ਵਿਆਹ ਦੇ ਸੁਪਨੇ ਸਜਾਉਣ ਲੱਗੀ। ਪ੍ਰੰਤੂ ਘਰ ਵਿਚ ਇਸ ਦੀ ਕੋਈ ਸੁਗਬੁਗਾਹਟ ਨਹੀਂ ਸੀ। ਹੁਣ ਕੁੜੀ ਨੂੰ ਗੁੱਸਾ ਵੀ ਵੱਧ ਆਉਣ ਲੱਗਾ। ਜੋ ਵੀ ਉਸ ਦੇ ਹੱਥ 'ਚ ਹੁੰਦਾ, ਚਲਾ ਕੇ ਮਾਰਦੀ, ਚੀਖਦੀ।

ਅਖੀਰ ਫੈਸਲਾ ਹੋਇਆ ਕਿ ਇਸ ਨੂੰ ਡੇਰੇ ਵਾਲੇ ਬਾਬੇ ਕੋਲ ਲਿਜਾਇਆ ਜਾਵੇ ਤਾਂ ਕਿ ਇਸ ਅੰਦਰ ਆ ਵੱਸੀਆਂ ਭੈੜੀਆਂ ਰੂਹਾਂ ਨਿੱਕਲ ਸਕਣ। ਮਾਂ ਉਸ ਨੂੰ ਬਾਬੇ ਕੋਲ ਲੈ ਗਈ। ਬਾਬੇ ਨੇ ਸੱਤ ਵੀਰਵਾਰ ਰਾਤ ਦੀ ਚੌਂਕੀ ਭਰਨ ਲਈ ਕਿਹਾ। ਪਹਿਲੀ ਹੀ ਚੌਂਕੀ 'ਚ ਮਾਂ ਨੂੰ ਬਾਹਰ ਬਿਠਾ ਕੇ ਮੰਤਰ ਜਾਪ ਲਈ ਕਿਹਾ ਗਿਆ। ਬਾਬਾ ਕੁੜੀ ਨੂੰ ਛੋਟੇ ਜਿਹੇ ਕਮਰੇ ਵਿਚ ਲੈ ਗਿਆ।

ਪਹਿਲਾਂ ਪਹਿਲ ਕੁੜੀ ਦੀਆਂ ਚੀਕਾਂ ਸੁਣਾਈ ਦਿੱਤੀਆਂ, ਫੇਰ ਇੱਕ ਖਾਮੋਸ਼ੀ ਛਾ ਗਈ। ਕੋਈ ਤਿੰਨ ਕੁ ਘੰਟੇ ਪਿਛੋਂ ਬਾਬੇ ਦੇ ਕਮਰੇ 'ਚੋਂ ਕੁੜੀ ਪਸੀਨੋ ਪਸੀਨਾ ਬਾਹਰ ਨਿੱਕਲੀ। ਬਾਬੇ ਨੇ ਕਿਹਾ, ਆਤਮਾ ਕਾਫੀ ਕਰੜੀ ਸੀ, ਮੁਸ਼ਕਿਲ ਨਾਲ ਹੀ ਉਸ ਨੇ ਕੁੜੀ ਨੂੰ ਛੱਡਿਆ।

ਮਾਂ ਬਾਬੇ ਦੇ ਚਰਨੀਂ ਡਿਗ ਗਈ, "ਬਾਬਾ ਜੀ, ਤੁਸੀਂ ਬਹੁਤ ਕਰਨੀ ਵਾਲੇ ਹੋ।"

ਬਾਬੇ ਦੇ ਸ਼ਾਂਤ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਸੀ। ਅਗਲੇ ਵੀਰਵਾਰ ਕੁੜੀ ਦੀਆਂ ਅੱਖਾਂ ਵਿਚਲੀ ਚਮਕ ਦੱਸ ਰਹੀ ਸੀ ਕਿ ਉਹ ਚੌਂਕੀ 'ਤੇ ਜਾਣ ਲਈ ਕਿੰਨੀ ਉਤਾਵਲੀ ਸੀ। ਮਾਂ ਸਾਰੇ ਪਿੰਡ ਵਿਚ ਕਰਨੀ ਵਾਲੇ ਬਾਬੇ ਦੇ ਸੋਹਲੇ ਗਾ ਰਹੀ ਸੀ।

*-ਬਬੀਤਾ, ਨਾਭਾ*
*ਫੋਨ: 91-94632-23164*

# ਹਰਫ ਹਰਫ ਹੋਣਾ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਤਝੜ ਦੀ ਗੱਲ ਕੀਤੀ ਸੀ। ਕੀ ਹੈ, ਪਤਝੜ? ਸਾਲ ਦਾ ਆਖਰੀ ਪਹਿਰ। ਪੁਰਾਣੇ ਪੱਤਿਆਂ ਦੇ ਤੁਰ ਜਾਣ ਦਾ ਵੇਲਾ।...ਪਤਝੜ ਰੁੱਖਾਂ, ਬੂਟਿਆਂ 'ਤੇ ਹੀ ਨਹੀਂ ਆਉਂਦੀ ਸਗੋਂ ਇਨਸਾਨ ਦੇ ਪਿਛਲੇਰੇ ਸਮੇਂ ਵਿਚ ਵੀ ਆਉਂਦੀ ਹੈ। ਜੀਵਨ ਦੇ ਇਸ ਰੰਗ ਨੂੰ ਕੁਦਰਤ ਵਾਂਗ ਰੰਗਲੀ ਆਭਾ ਨਾਲ ਮਨਾਉਣ ਅਤੇ ਆਖਰੀ ਪਲਾਂ ਨੂੰ ਯਾਦਗਾਰੀ ਬਣਾਉਣ ਦਾ ਹੁਨਰ ਆ ਜਾਵੇ ਤਾਂ ਮਨੁੱਖਾ ਜੀਵਨ ਅਕੀਦਤਯੋਗ ਬਣ ਜਾਂਦਾ। ਹਥਲੇ ਲੇਖ ਵਿਚ ਉਹ ਹਰਫਾਂ ਦੀ ਬਾਤ ਪਾਉਂਦਿਆਂ ਕਹਿੰਦੇ ਹਨ, "ਹਰਫਾਂ ਨਾਲ ਗੱਲਾਂ ਕਰੋ, ਉਹ ਹੁੰਗਾਰਾ ਭਰਨਗੇ। ਆਪਣੀ ਵੇਦਨਾ ਦੱਸੋ, ਉਹ ਵੇਦਨਾ ਨੂੰ ਵਰ ਬਣਾ ਦੇਣਗੇ।" ਡਾ. ਭੰਡਾਲ ਨੂੰ ਹੇਰਵਾ ਹੈ, "ਹੁਣ ਕੋਈ ਨਹੀਂ ਅਜਿਹੀ ਲਿਖਤ ਦਾ ਵਾਰਸ, ਜੋ ਗੁਰੂ ਨਾਨਕ ਦੇ ਬੋਲ, 'ਧਨੁ ਲੇਖਾਰੀ ਨਾਨਕਾ ਜਿਨ ਲਿਖਾਇਆ ਸਚੁ' 'ਤੇ ਪੂਰਾ ਉਤਰੇ। ਸਿਰਫ ਮੁਖੌਟਾਧਾਰੀ ਬਣ ਕੇ ਹੀ ਨਾਨਕਾ ਦਾ ਵਾਰਸ ਬਣਨ ਦਾ ਭਰਮ ਪਾਲ ਰਹੇ ਹਾਂ।" -ਸੰਪਾਦਕ**

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਹਰਫ, ਸੰਵਾਦ-ਸਾਧਨ, ਭਾਵਨਾਵਾਂ ਨੂੰ ਕਿਰਤ ਦੇ ਹਵਾਲੇ ਕਰਨ ਦਾ ਕਰਮ ਅਤੇ ਮਨ-ਚਾਹਨਾ ਨੂੰ ਹਰਫ-ਪ੍ਰੇਮੀਆਂ ਤੀਕ ਪਹੁੰਚਾਉਣ ਦਾ ਧਰਮ। ਹਰਫ, ਸੰਵੇਦਨਾ ਨੂੰ ਵਾਕਾਂ ਤੇ ਇਬਾਰਤ ਵਿਚ ਪ੍ਰੋਣ ਦਾ ਕਾਰਜ ਕਰਦੇ, ਖੁਰਦੇ, ਮਰਦੇ ਅਤੇ ਸਮੋਈ ਸਾਧਨਾ ਨੂੰ ਪੜ੍ਹਨ ਵਾਲਿਆਂ ਦੇ ਨੈਣਾਂ 'ਚ ਧਰਦੇ।

ਹਰਫ ਨਾਲ ਹਰਫ ਮਿਲ ਬੈਠਦੇ ਤਾਂ ਵਾਕ ਬਣਦੇ। ਵਾਕਾਂ ਦੀਆਂ ਲੜੀਆਂ ਪਹਿਰਿਆਂ ਵਿਚ ਤਬਦੀਲ ਹੋ ਕਿਰਤ ਨੂੰ ਜਨਮਦੀਆਂ। ਕਿਰਤ ਵਿਚਲਾ ਸੁਨੇਹਾ ਪੜ੍ਹਤ ਵਿਚੋਂ ਪ੍ਰਕਾਸ਼ਮਾਨ ਹੋ ਬਹੁਤ ਕੁਝ ਗੁੰਗੀ ਤਹਿਜ਼ੀਬ ਦੇ ਨਾਮ ਹੋ ਜਾਂਦਾ।

ਹਰਫ ਹਸਦੇ ਤੇ ਹਰਫ ਹੀ ਰੋਂਦੇ, ਹਰਫ ਹੀ ਕਰਨ ਵਿਚਾਰ। ਹਰਫਾਂ ਵਿਚੋਂ ਉਕਰੇ ਨਕਸ਼ਾਂ 'ਚ ਹੁੰਦਾ ਰੂਹ-ਦੀਦਾਰ। ਹਰਫ ਹੀ ਜਦ ਇਨਾਇਤ ਬਣਦੇ, ਪੂਰਨ ਕਰਦੇ ਆਸ। ਹਰਫ ਦਾ ਹੀ ਚਾਨਣ ਬਣਦੀ, ਰੂਹ ਨਾਲ ਕੀਤੀ ਅਰਦਾਸ। ਹਰਫ ਆਵੇਸ਼ ਅਤੇ ਅਗੰਮਤਾ, ਹਰਫ ਹੀ ਸਿਧ-ਸੰਵਾਦ। ਹਰਫਾਂ ਬੀਹੀ ਗੂੰਜਦਾ ਰਹਿੰਦਾ, ਹਰਦਮ ਜੀਵਨ-ਨਾਦ। ਹਰਫ ਸੰਜੋਗ ਤੇ ਹਰਫ ਮਿਲਾਪ, ਹਰਫ ਭਟਕਣ ਦੀ ਰੀਤ। ਹਰਫਾਂ ਦੇ ਵਿਚ ਰਹੇ ਸਮੋਈ, ਖੁਦ ਨਾਲ ਖੁਦ ਪ੍ਰੀਤ। ਹਰਫ ਮੌਲਾ ਤੇ ਹਰਫ ਮਸੀਤ, ਹਰਫ ਮੰਦਿਰ-ਪੁਜਾਰੀ। ਹਰਫ ਹੀ ਸ਼ਬਦ-ਗੁਰੂ ਹੋ ਕੇ, ਰੰਗਦੇ ਬਣ ਲਲਾਰੀ। ਹਰਫ ਹੀ ਸਾਧ-ਪਖੰਡ ਦਾ ਰੁਤਬਾ ਤੇ ਹਰਫ ਸੱਚ-ਆਵਾਜ਼। ਹਰਫ ਕੋਲੋਂ ਕਿੰਜ ਛੁਪਾਵੇ, ਰੋਂਦਾ ਜਿੰਦ ਦਾ ਸਾਜ਼। ਹਰਫਾਂ ਨੂੰ ਹੀ ਗਲ ਨਾਲ ਲਾਓ, ਹਰਫ ਸਾਹਾਂ ਦਾ ਸੰਗ। ਹਰਫ ਵਿਚ ਇਕੱਲ ਵੀ ਮੌਲੇ, ਰਹਿ ਕੇ ਅੰਗ ਤੇ ਸੰਗ। ਹਰਫ ਹੂਕ ਤੇ ਹਰਫ ਹਾਕ ਏ, ਹਰਫ ਲੇਰ ਦਾ ਰੂਪ। ਹਰਫ ਕਿਸੇ ਦੀ ਪੀੜਾ ਚੂਸੇ, ਹਰਫ ਹੀ ਸੱਜਣ-ਸਰੂਪ।

ਰੋਂਦੇ ਹਰਫਾਂ ਨੂੰ ਕੌਣ ਵਰਾਵੇ? ਕੌਣ ਗਲ ਨਾਲ ਲਾਵੇ ਅਤੇ ਉਨ੍ਹਾਂ ਦੀਆਂ ਘਰਾਲਾਂ ਨੂੰ ਪੂੰਝ ਕੇ ਆਵੇ, ਜਿਨ੍ਹਾਂ ਦੀ ਤਾਸੀਰ ਵਿਚ ਧੀਆਂ ਦੀ ਉਡਾਣ, ਰੀਝਾਂ ਅਤੇ ਸੁਪਨਿਆਂ ਨੂੰ ਸੁਲਘਣ ਦੀ ਸਜ਼ਾ ਮਿਲ ਜਾਵੇ। ਸਜ਼ਾ-ਯਾਫਤਾ ਹਰਫ ਨੂੰ ਰੌਣ ਲਾਵੇ ਅਤੇ ਦੀਦਿਆਂ ਵਿਚ ਖਾਰਾ ਸਮੁੰਦਰ ਉਛਲ ਆਵੇ।

ਹਰਫ ਸਿਸਕਦੇ ਕਿਉਂਕਿ ਉਨ੍ਹਾਂ ਦੀ ਵੱਖੀ ਵਿਚ ਸੂਲਾਂ, ਸੂਲੀਆਂ, ਸੰਤਾਪ ਅਤੇ ਸੋਗ ਦੀਆਂ ਕਲਮਾਂ ਜਿਨ੍ਹਾਂ ਦੇ ਪੁੰਗਰਨ 'ਤੇ ਪੀੜ ਦੀ ਛਾਂਵੇਂ ਸਾਹ ਵੀ ਧੁਖਣ ਲੱਗਦੇ। ਔਂਤਰੀ ਆਬੋ-ਹਵਾ ਵਿਚ ਮੌਲਦਾ ਪੀੜ-ਪੌਦਾ ਹਰ ਵਿਹੜੇ 'ਚ ਦੁੱਖਾਂ ਦਾ ਛਿੜਕਾ ਕਰਦਾ।

ਹਰਫ ਸਹਿਲਾਓ ਤਾਂ ਕਿ ਹੁਬਕੀਆਂ ਨੂੰ ਹਰਨ ਦਾ ਵੱਲ ਆਵੇ। ਹਿੱਕ ਵਿਚ ਜੰਮ ਚੁਕੀਆਂ ਅਰਦਾਸਾਂ, ਅਸੀਸਾਂ ਅਤੇ ਦੁਆਵਾਂ ਹਰਫ-ਵਰਕੇ 'ਤੇ ਖੇੜਿਆਂ ਦੀਆਂ ਫੁੱਲਝੜੀਆਂ ਖਿੜਾਵੇ ਤੇ ਹਵਾਵਾਂ 'ਚ ਸੁਗੰਧਤ ਸੁਰ ਉਪਜਾਵੇ।

ਹਰਫ ਦੇ ਨੈਣ ਵਿਚਲੇ ਹੰਝੂ ਹਰਫ-ਸੰਵੇਦਨਾ ਨੂੰ ਅਰਥਾਂ ਵਿਚ ਰਮ ਸਮਾਉਂਦੇ। ਪੜ੍ਹਾਕੂਆਂ ਦੇ ਦੀਦਿਆਂ ਵਿਚ ਗਮ ਦਾ ਸੁਰਮਾ ਪਾਉਂਦੇ। ਫਿਰ ਬਹੁਤ ਔਖਾ ਹੁੰਦਾ ਗਮ ਨੂੰ ਮਟਕਾ ਕੇ ਜ਼ਿੰਦਗੀ ਦੇ ਰਾਹਾਂ ਦੀ ਨਿਸ਼ਾਨਦੇਹੀ ਕਰਨੀ।

ਹਰਫ ਬਹੁਤ ਨਾਰਾਜ਼ ਨੇ ਕਲਮੋਂ ਕੋਰੇ ਹੱਥਾਂ ਤੋਂ, ਸੰਵੇਦਨਾ ਤੋਂ, ਵਿਰਵੀ ਸੋਚ ਤੋਂ, ਜੋਸ਼ 'ਚੋਂ ਗੁੰਮ ਚੁਕੀ ਹੋਸ਼ ਤੋਂ, ਦਰਦ ਵਿਚ ਪਸੀਜਦੀ ਫਿਤਰਤ ਤੋਂ, ਬਹਾਰਾਂ ਵਿਚ ਪੱਤਝੜਾਂ ਨੂੰ ਭੁੱਲਣ ਵਾਲੇ ਵਿਅਕਤੀਤਵ ਤੋਂ, ਹਰਫ-ਹਾਰ ਕਾਗਜ਼ ਦੇ ਗਲ ਵਿਚ ਪਾਉਣ ਤੋਂ, ਬੇਆਸ ਹੋ ਚੁਕੇ ਕਰਮ-ਦਾਨੀਆਂ ਤੋਂ, ਖੁਦ ਨੂੰ ਹਰਫਾਂ ਹਵਾਲੇ ਕਰਨੋਂ ਮੁਨਕਰੀ ਤੋਂ ਅਤੇ ਅੰਤਰੀਵ ਨੂੰ ਹਰਫਾਂ 'ਚ ਉਲਥਾਉਣ ਤੋਂ ਆਕੀ ਲੋਕਾਂ ਤੋਂ।

ਹਰਫ ਉਦਾਸ ਵੀ ਬਹੁਤ ਨੇ ਕਿ ਕੋਈ ਨਹੀਂ ਉਨ੍ਹਾਂ ਨੂੰ ਪੜ੍ਹਦਾ। ਉਹ ਕਿਤਾਬਾਂ ਵਿਚ ਸਿਉਂਕਣ ਜੋਗੇ ਰਹਿ ਗਏ। ਕੋਈ ਨਹੀਂ ਹਰਫਾਂ ਸੰਗ ਸੰਵਾਦ ਰਚਾਉਂਦਾ। ਨਾ ਹੀ ਉਨ੍ਹਾਂ ਨੂੰ ਆਪਣੀ ਬਾਤ ਸੁਣਾਉਂਦਾ ਅਤੇ ਹੁੰਗਾਰੇ ਦੀ ਆਸ ਮਨ 'ਚ ਪਾਲਦਾ। ਹਰਫ ਨੂੰ ਜਦ ਕੋਈ ਗਲ ਲਾਉਣ ਤੋਂ ਹੀ ਮੁਨਕਰ ਹੋ ਜਾਵੇ ਤਾਂ ਹਰਫਾਂ ਦੀ ਹੋਂਦ 'ਤੇ ਹੀ ਪ੍ਰਸ਼ਨ ਉਗਦਾ। ਅਜਿਹਾ ਪ੍ਰਸ਼ਨ ਅਜੋਕੇ ਸਮੇਂ ਵਿਚ ਹਰਫਾਂ 'ਤੇ ਉਕਰਿਆ ਜਾ ਰਿਹਾ, ਜੋ ਹੌਲੀ ਹੌਲੀ ਵਕਤ ਦੀ ਤ੍ਰਾਸਦੀ ਬਣੇਗਾ।

ਹਰਫ ਨਿਮਾਣੇ ਤੇ ਨਿਤਾਣੇ ਨਹੀਂ ਹੁੰਦੇ। ਹਰਫ ਦੀ ਤਾਕਤ ਤੇ ਸਮਰੱਥਾ ਦਾ ਅੰਦਾਜ਼ਾ ਉਨ੍ਹਾਂ ਕਿਰਤਾਂ ਤੋਂ ਲੱਗ ਸਕਦਾ, ਜਿਨ੍ਹਾਂ ਨੇ ਸਮੇਂ ਦੀ ਸੋਚ ਬਦਲ, ਨਵੀਂ ਤਹਿਜ਼ੀਬ, ਤਨਜ਼ੀਮ ਅਤੇ ਤਹਿਰੀਕ ਨੂੰ ਸਮਿਆਂ ਦੇ ਨਾਂ ਕੀਤਾ। ਹਰਫ ਹੀ ਇਨਕਲਾਬ ਬਣਦੇ ਕਿਉਂਕਿ ਹਰਫ ਹੀ ਬੰਦੂਕ ਦੀ ਗੋਲੀ ਤੋਂ ਵੀ ਵੱਧ ਮਾਰੂ ਹੁੰਦੇ, ਜੇ ਇਨ੍ਹਾਂ ਨੂੰ ਵਰਤਣ ਦੀ ਜਾਚ ਆ ਜਾਵੇ।

ਹਰਫ ਬਹੁਤ ਸੂਹਲ, ਸਹਿਜ ਤੇ ਮਲੂਕ। ਛੇਤੀ ਫਿਸ ਪੈਂਦੇ। ਆਪ ਵੀ ਰੋਂਦੇ ਤੇ ਪਾਠਕ ਨੂੰ ਵੀ ਰੁਆਉਂਦੇ। ਹਰਫਾਂ ਦੀ ਤਾਸੀਰ, ਹਰਫ ਉਕਰਨ ਵਾਲਿਆਂ 'ਤੇ ਨਿਰਭਰ।

ਹਰਫਾਂ ਵਿਚ ਹਾਸੇ ਵੀ ਤੇ ਹੌਕੇ ਵੀ, ਪੀੜਾ ਵੀ ਤੇ ਖੁਸ਼ੀ ਵੀ ਅਤੇ ਪਾਕੀਜ਼ਗੀ ਵੀ ਤੇ ਮਲੀਨਤਾ ਵੀ। ਹਰਫ-ਸੁਹਜ ਨਾਲ ਸਮਾਜ ਵਿਚ ਸੁਹਜ ਭਰੇ ਵਰਤਾਰਿਆਂ ਦੀ ਵਰੇਸ। ਯੁੱਗ-ਜਿਉਣ ਦਾ ਵਰ ਦੇਣਾ, ਹਰਫਾਂ ਦਾ ਧਰਮ ਅਤੇ ਉਹ ਅਜਿਹੀ ਮਾਨਵੀ ਕਰਮ ਤੋਂ ਕਦੇ ਵੀ ਕੁਤਾਹੀ ਨਹੀਂ ਕਰਦੇ।

ਕਲਮ, ਹਰਫ-ਦਸਤਕ ਬਣ ਕੇ ਹਿਰਖ ਕਰਦੀ;

ਅਜੇ ਅੱਖ ਲੱਗੀ ਹੀ ਸੀ
ਹਰਫ ਨੇ ਦਰ ਖੜਕਿਆ
ਮੈਂ ਪੁਛਿਆ
ਐਂਵੇਂ ਕਾਹਤੋਂ ਘੜੀ-ਮੁੜੀ ਤੰਗ ਕਰਦਾਂ?
ਹਰਫ ਨਿੰਮੋਝੂਣਾ ਹੋ ਗਿਆ
ਤੇ ਕਹਿਣ ਲੱਗਾ, ਕੀ ਕਰਾਂ
ਕੋਈ ਵੀ ਦਰ ਹੁੰਗਾਰਾ ਨਹੀਂ ਭਰਦਾ
ਇੱਕ ਤੂੰ ਹੀ ਏਂ ਜੋ ਮੇਰੀ ਝੋਲੀ 'ਚ
ਵੇਦਨਾ-ਸੰਵੇਦਨਾ ਧਰਦਾ ਏਂ।

ਨਿਰਮੋਹਿਆ! ਦੇਖੀਂ ਝਿੜਕ ਨਾ ਦੇਵੀਂ।
ਅਤੇ
ਮੈਂ ਹਰਫਾਂ ਸੰਗ ਹਰਫ ਬਣ ਗਿਆ।

ਹਰਫ, ਰੋਹ ਦਾ ਹੋਕਰਾ, ਢਾਹੇ ਹੋਏ ਜ਼ੁਲਮਾਂ ਨੂੰ ਜ਼ਾਲਮ ਦੇ ਸਾਹਵੇਂ ਕਰਨ ਦੀ ਜੁਰਅਤ। ਜ਼ਾਲਮ ਦੇ ਦੀਦਿਆਂ ਵਿਚ ਉਸ ਦੇ ਕੁਕਰਮਾਂ ਤੇ ਕਮੀਨਗੀਆਂ ਨੂੰ ਧਰ, ਕੁਝ ਸੁਚਾਰੂ ਸੋਚਣ ਅਤੇ ਕਰਨ ਲਈ ਚੋਭ ਲਾਉਣੀ। ਜ਼ਫਰਨਾਮਾ, ਔਰੰਗਜ਼ੇਬ ਨੂੰ ਉਸ ਦੇ ਕੀਤੇ ਲਈ ਪਛਤਾਵਾ ਅਤੇ ਗੁਰੂ ਜੀ ਨਾਲ ਸਮਝੌਤਾ ਕਰਨ ਲਈ ਪਹਿਲ ਕਰਨ ਵਾਸਤੇ ਉਕਸਾਉਣਾ। ਇਹ ਹੈ ਜ਼ਫਰਨਾਮੇ ਦਾ ਪਰਮ ਧਰਮ ਅਤੇ ਇਸ ਦੀ ਧਾਰਮਕਤਾ ਵਿਚੋਂ ਹੀ ਸਿੱਖ-ਸੋਚ ਅਤੇ ਵਿਰਾਸਤ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਦਾ ਅਹਿਸਾਸ।

ਹਰਫ ਜਦ ਹੋਕਾ ਲਾਉਂਦੇ ਤਾਂ ਦਰਦੀਲੀ ਗਾਥਾ ਬਣ ਕੇ ਚਸਕਦਾ। ਇਸ ਚਸਕਣੀ ਵਿਚੋਂ ਹੀ ਹੰਭੇ-ਹਾਰਿਆਂ ਨੂੰ ਨਵੀਂ ਜ਼ਿੰਦਗੀ, ਨਵੇਂ ਸੁਪਨੇ ਅਤੇ ਥੱਕੇ-ਹਾਰੇ ਕਦਮਾਂ ਨੂੰ ਨਿਵੇਕਲੀ ਊਰਜਾ ਮਿਲਦੀ, ਜੋ ਨਵੀਆਂ ਪੈੜਾਂ ਦੀ ਜਨਮਦਾਤੀ ਹੁੰਦੀ।

ਹਰਫ-ਹੋਕਰੇ ਨੂੰ ਹਰਫਾਂ ਦੇ ਹਵਾਲੇ ਕਰਨ ਲੱਗਿਆਂ ਮਨ ਦੀ ਚੀਸ ਹਰਫਾਂ ਵਿਚ ਸਿੰਮਦੀ:

ਮੈਂ ਅਕਸਰ ਹੀ
ਹਰਫਾਂ ਦੀ ਬਸਤੀ ਹੋਕਾ ਲਾਉਂਦਾ ਹਾਂ
ਲਰਜ਼ਦੇ ਹਰਫਾਂ ਨੂੰ ਜਗਾਉਂਦਾ ਹਾਂ
ਹਰਫ ਅੰਗੜਾਈਆਂ ਭਰਦੇ
ਮੱਥੇ ਦਾ ਚਾਨਣ ਹੁੰਗਾਰਾ ਬਣਦੇ
ਮੇਰੇ ਅੰਤਰੀਵ ਨੂੰ ਆਪੇ 'ਚ ਸਮੋ
ਸ਼ਬਦ ਤੋਂ ਇਬਾਰਤ 'ਚ ਵਟੀਂਦੇ
ਅਰਥਾਂ ਦਾ ਚੋਗਾ ਪਾ
ਖੁਦ ਹੋਕਰਾ ਬਣ ਜਾਂਦੇ।

ਬਹੁਤੀ ਵਾਰ ਹਰਫ ਮਜਲਿਸ ਲਾਉਂਦੇ
ਤੇ ਅਕੀਦਤ ਦਾ ਸੁੱਚਮ ਬਣ
ਕਿਰਤ-ਸਾਧਨਾ ਦਾ ਨਾਮਕਰਨ ਬਣਦੇ।

ਕੁਝ ਹਰਫ ਅੜਬ ਹੁੰਦੇ
ਬੜਾ ਪਲੋਸਦਾ ਹਾਂ
ਪਰ ਉਹ ਵਾਕ-ਲੜੀ ਬਣ ਕੇ
ਤਸ਼ਬੀਹੀ ਇਬਾਰਤ ਤੋਂ ਅਭਿੱਜ
ਤੇ ਦਰਦ-ਜ਼ਬਾਨ ਬਣਨ ਤੋਂ ਆਕੀ ਹੋ ਜਾਂਦੇ।

ਕਈ ਵਾਰ
ਇਹ ਹਰਫ ਮੇਰੀ ਚੁੱਪ 'ਚ
ਆਪ ਵੀ ਚੁੱਪ ਦਾ ਲਿਬਾਸ ਪਹਿਨ
ਗੁੰਗੇ ਦਰਦ ਦਾ ਨਾਮਕਰਨ ਹੋ ਜਾਂਦੇ।

ਵੈਸੇ ਬਹੁਤ ਔਖਾ ਹੁੰਦਾ
ਹਰਫ ਹਰਫ ਹੋ ਵਰਕੇ 'ਤੇ ਵਿਛਣਾ
ਅਰਥ ਅਰਥ ਹੋ ਸ਼ਬਦਾਂ 'ਚ ਖੁਰਨਾ
ਵਾਕ ਵਾਕ ਹੋ ਇਬਾਦਤਨਾਮਾ ਸਿਰਜਣਾ
ਸਤਰ ਸਤਰ ਹੋ ਲਿਖਤ ਦੇ ਨਕਸ਼ ਉਘਾੜਨੇ।
ਨਕਸ਼, ਜੋ ਸੂਰਜ ਦੀ ਹਾਕ,
ਦਰਿਆ ਦੀ ਰਵਾਨਗੀ,
ਹਵਾ ਦਾ ਹੋਕਰਾ
ਅਤੇ ਧਰਤ ਦਾ ਧਰਤਨਾਮਾ ਹੁੰਦੇ।

ਹੁਣ ਮੈਨੂੰ ਕਿਸੇ ਫੱਕਰ ਵਾਂਗ
ਹਰਫਾਂ ਦੀ ਜੂਹੇ ਜਾ ਕੇ
ਹੋਕਾ ਲਾਉਣਾ ਚੰਗਾ ਲੱਗਦਾ
ਕਿਉਂਕਿ
ਪਹੁ ਫੁਟਾਲੇ 'ਚ ਹਰਫਾਂ ਸੰਗ ਸੰਵਾਦ
ਰੂਹ ਦੀ ਖੁਰਾਕ ਜੁ ਹੋਈ
ਅਤੇ ਚੰਗਾ ਲੱਗਦਾ ਹੈ
ਹਰਫਾਂ ਸੰਗ ਹਰਫ ਹਰਫ ਹੋਣਾ।

ਹਰਫ ਹੌਸਲਾ ਅਤੇ ਹਿੰਮਤ ਦਾ ਹਰਕਾਰਾ। ਨਵੇਂ ਸੂਰਜਾਂ ਦੀ ਦੱਸ ਪਾਉਂਦਾ ਦੁਆਰਾ। ਤਾਰਿਆਂ ਨਾਲ ਅੱਟਿਆ ਅੰਬਰ-ਚੁਬਾਰਾ। ਰੌਸ਼ਨ-ਰਾਹਾਂ ਵਿਚੋਂ ਮਿਟਿਆ ਅੰਧਕਾਰਾ ਅਤੇ ਸੋਚ-ਜੂਹਾਂ 'ਚ ਫੈਲਿਆ ਉਜਿਆਰਾ।

ਹਰਫ, ਸਾਹੇ ਚਿੱਠੀ ਵੀ ਤੇ ਮੌਤ ਦਾ ਪ੍ਰਵਾਨਾ ਵੀ। ਸ਼ਗਨਾਂ ਦਾ ਸੁਨੇਹਾ, ਸੋਗ ਦਾ ਪੈਗਾਮ ਵੀ। ਪ੍ਰੇਮ ਪੱਤਰ ਤੇ ਪ੍ਰਮਾਣ ਪੱਤਰ ਵੀ। ਮਿਲਣ-ਆਸ ਵੀ ਤੇ ਵਿਛੜਨ ਦਾ ਸਦਮਾ ਵੀ। ਬੀਤੇ ਦਾ ਬਿਰਤਾਂਤ, ਤੇ ਆਲੇ-ਦੁਆਲੇ 'ਚ ਵਾਪਰਦਾ ਦੁਖਾਂਤ ਵੀ। ਮੋਹ ਦਾ ਪ੍ਰਗਟਾਅ, ਤੇ ਗੁੱਸੇ ਦਾ ਵਹਾਅ ਵੀ। ਉਦਾਸੀ ਦੀ ਤਫਸੀਲ, ਤੇ ਹੁਲਾਸੀ ਦੀ ਅੰਜ਼ੀਲ ਵੀ।

ਹਰਫ ਬਹੁਤ ਕੁਝ ਆਪਣੇ ਵਿਚ ਜਜ਼ਬ ਕਰਦੇ। ਅੰਦਰੇ ਅੰਦਰ ਹਉਕੇ ਭਰਦੇ। ਕਦੇ ਜਿੱਤਦੇ ਪਰ ਕਦੇ ਹਰਦੇ। ਕਦੇ ਚਾਵਾਂ ਦੀ ਚੰਗੇਰ ਤੇ ਕਦੇ ਇਕੱਲ-ਕੋਠੜੀ।

ਹਰਫ ਦਾ ਸਫਰ ਬਹੁਤ ਲੰਮਾ ਤੇ ਕਸ਼ਟਮਈ। ਇਸ ਦੇ ਸਫਰਨਾਮੇ ਨੂੰ ਸਲਾਮ ਕਹਿੰਦਿਆਂ, ਮਨ ਚੀਕਦਾ:

ਇਕ ਪੁਸਤਕ ਵਰਕਾ ਵਰਕਾ ਹੋ
ਸਮੇਂ ਦੇ ਗਰਭ 'ਚ ਲਾਪਤਾ।

ਹਰ ਵਰਕਾ ਸਤਰ ਸਤਰ ਹੋ
ਤਹਿਜ਼ੀਬ ਦੀ ਹਿੱਕ ਦਾ ਹਉਕਾ।

ਹਰ ਸਤਰ ਸ਼ਬਦ ਸ਼ਬਦ ਹੋ
ਆਪਣੀ ਧੂਣੀ ਸੇਕਣ ਲਈ ਮਜਬੂਰ।
ਅਤੇ ਹਰ ਸ਼ਬਦ ਨੂੰ
ਹਰਫ ਹਰਫ ਹੋਣ ਦਾ ਸਰਾਪ।
ਮੈਂ ਸਰਾਪੇ ਹਰਫਾਂ ਸੰਗ
ਜੀਂਦਾ, ਥੀਂਦਾ ਤੇ ਉਮਰਾ ਸਿਉਂਦਾ।

ਹਫਿਆ, ਹਾਰਿਆ, ਬੇਬੱਸ ਹੋਇਆ
ਸ਼ਬਦ-ਜੂਹੇ ਜਦ ਜਾਵਾਂ
ਤਾਂ 'ਨੇਰ ਦੇ ਵਿਹੜੇ ਚੰਨ-ਚਿੱਪਰ ਦਾ
ਮਿਲ ਜਾਂਦਾ ਸਿਰਨਾਵਾਂ।

ਹਰਫ ਦਾ ਦਾਨ-ਪ੍ਰਦਾਨ ਹੁੰਦਾ ਰਹੇ ਤਾਂ ਹਰਫਾਂ ਦੀ ਤਾਜ਼ਗੀ ਬਰਕਰਾਰ। ਮਹਿਕ ਬਾਸੀ ਨਹੀਂ ਹੁੰਦੀ। ਉਨ੍ਹਾਂ ਦਾ ਖੇੜਾ ਇਬਾਰਤ ਨੂੰ ਇਬਾਦਤ ਬਣਾ ਦਿੰਦਾ। ਹਰਫ ਹਮੇਸ਼ ਟਹਿਕਦੇ ਤੇ ਮਹਿਕਦੇ, ਜੀਵਨ-ਰੁੱਤਾਂ ਨੂੰ ਰਾਂਗਲੀਆਂ ਬਣਾਉਣ ਦੇ ਕਾਬਲ।

ਹਰਫਾਂ ਨਾਲ ਗੱਲਾਂ ਕਰੋ, ਉਹ ਹੁੰਗਾਰਾ ਭਰਨਗੇ। ਆਪਣੀ ਵੇਦਨਾ ਦੱਸੋ, ਉਹ ਵੇਦਨਾ ਨੂੰ ਵਰ ਬਣਾ ਦੇਣਗੇ। ਉਨ੍ਹਾਂ ਦੀ ਜੂਹੇ ਚਿਰਾਗ ਧਰੋ, ਚਾਨਣ ਅਤੇ ਨਿੱਘ ਨਾਲ ਮਨ-ਵਿਹੜਾ ਭਰ ਜਾਵੇਗਾ।

ਕਾਲੇ ਹਰਫਾਂ ਨਾਲ ਕਾਲੇ ਲੇਖ ਲਿਖੇ ਜਾਂਦੇ ਜਦ ਕਿ ਸੂਹੇ ਅੱਖਰਾਂ ਵਿਚ ਸੰਦਲੀ ਰੁੱਤ ਦੀ ਆਮਦ। ਇਸ ਨਾਲ ਖੇੜਿਆਂ ਅਤੇ ਖੁਸ਼ੀਆਂ ਦਾ ਖਜਾਨਾ, ਪੜ੍ਹਨ ਵਾਲੇ ਨੂੰ ਮੁਖਾਤਬ ਹੁੰਦਾ।

ਹਰਫਾਂ ਦੀ ਸ਼ਕਲ, ਅੰਦਾਜ਼ ਅਤੇ ਆਪੋ ਵਿਚਲਾ ਫਾਸਲਾ, ਵਿਅਕਤੀਤਵ ਦੀ ਪਛਾਣ। ਹਰਫਾਂ ਵਿਚੋਂ ਕਿਸੇ ਦੀ ਦਿੱਭ-ਦ੍ਰਿਸ਼ਟੀ ਨੂੰ ਪੜ੍ਹਿਆ ਜਾ ਸਕਦਾ। ਇਸੇ ਲਈ ਕਾਰਪੋਰੇਟ ਅਦਾਰੇ ਹੱਥ-ਲਿਖਤ ਪੜ੍ਹ ਕੇ ਹੀ ਕਿਸੇ ਨੂੰ ਅਦਾਰੇ ਦਾ ਹਿੱਸਾ ਬਣਾਉਂਦੇ।

ਹਰਫ ਬਹੁਤ ਕੁਝ ਕਿਹਾ ਤੇ ਅਣਕਿਹਾ, ਸੋਚ ਵਿਚ ਧਰਦੇ ਬਸ਼ਰਤੇ ਅਸੀਂ ਹਰਫਾਂ ਦੀ ਤਾਸੀਰ, ਤਰਕੀਬ, ਤਕਦੀਰ ਅਤੇ ਤਹਿਜ਼ੀਬ ਨੂੰ ਸਹੀ ਸੰਦਰਭ ਵਿਚ ਸਮਝ ਸਕੀਏ।

ਕਈ ਵਾਰ ਹਰਫ ਸੱਚ ਦਾ ਹੁੰਗਾਰਾ ਭਰਨ ਤੋਂ ਡਰਦਾ। ਅਫਸੋਸ, ਅਜੋਕੇ ਸਮੇਂ ਵਿਚ ਕਲਮ ਤੇ ਹਰਫ ਡਰ ਕੇ ਦਿਨ ਕਟੀ ਕਰ ਰਹੇ ਅਤੇ ਹਰ ਸਾਹ ਨਾਲ ਮਰ ਰਹੇ। ਅਜਿਹੇ ਜੀਵਨ ਨਾਲੋਂ ਮਰਨਾ ਬਹੁਤ ਬਿਹਤਰ। ਜਦ ਹਰਫ ਸਿਰਫ ਲੱਕੜ ਦੀ ਨਿਸ਼ਾਨੀ, ਸਰਕਾਰੀ ਲੋਈ ਜਾਂ ਪੈਸਿਆਂ ਦੀ ਖਣਕਾਰ ਲਈ ਵਿਕਾਊ ਹੋ ਜਾਵੇ ਤਾਂ ਹਰਫ ਆਪਣੀ ਹੋਣੀ 'ਤੇ ਕੀਰਨੇ ਪਾਉਣ ਜੋਗਾ ਰਹਿ ਜਾਂਦਾ। ਹਰ ਕਲਮ ਹੀ ਵਿਕਾਊ। ਸਿਰਫ ਮੁੱਲ ਵੱਖੋ-ਵੱਖਰਾ। ਕੋਈ ਦਸ ਹਜਾਰੀ ਤੇ ਕੋਈ ਵੀਹ ਕਰੋੜੀ।

ਹੁਣ ਕੋਈ ਨਹੀਂ ਅਜਿਹੀ ਲਿਖਤ ਦਾ ਵਾਰਸ, ਜੋ ਗੁਰੂ ਨਾਨਕ ਦੇ ਬੋਲ, 'ਧਨੁ ਲੇਖਾਰੀ ਨਾਨਕਾ ਜਿਨ ਲਿਖਾਇਆ ਸਚੁ' 'ਤੇ ਪੂਰਾ ਉਤਰੇ। ਸਿਰਫ ਮੁਖੌਟਾਧਾਰੀ ਬਣ ਕੇ ਹੀ ਨਾਨਕਾ ਦਾ ਵਾਰਸ ਬਣਨ ਦਾ ਭਰਮ ਪਾਲ ਰਹੇ ਹਾਂ।

ਹਰਫ-ਬੰਦਨਾ ਵਿਚ ਜੁੜੇ ਹੱਥ ਚੁੰਮਣ ਨੂੰ ਜੀਅ ਕਰਦਾ। ਇਸ ਦੀ ਆਰਤੀ ਵਿਚੋਂ ਜੀਵਨ ਦੀਆਂ ਸੁਰਖ-ਪੈੜਾਂ ਨੂੰ ਵਕਤ ਦੀ ਗੁੰਗੀ ਦਹਿਲੀਜ਼ 'ਤੇ ਧਰਨ ਦੀ ਧਾਰਨਾ ਮਨ ਵਿਚ ਪੈਦਾ ਕਰੋ, ਹਰ ਬਨੇਰੇ ਤੋਂ ਝਰਦਾ ਚਾਨਣ ਹਰ ਵਿਹੜੇ ਨੂੰ ਯੁੱਗ ਜਿਉਣ ਦਾ ਵਰਦਾਨ ਦੇਵੋ। ਅਜਿਹੇ ਘਰਾਂ ਵਿਚ ਜੀਵਨ-ਸਕਾਰਥ ਦੀ ਅਉਧ ਬਣ ਜਾਵੇਗਾ।

ਸ਼ਬਦ ਦੀ ਮਹਿਮਾ ਬੇਅੰਤ, ਅਥਾਹ ਬਰਕਤਾਂ ਅਤੇ ਇਨ੍ਹਾਂ ਦੀਆਂ ਅਸੀਸਾਂ ਵਿਚੋਂ ਜ਼ਿੰਦਗੀ ਨੂੰ ਨਵੀਂ ਸੇਧ ਬਾਰੇ ਗੁਰਬਾਣੀ ਦਾ ਫੁਰਮਾਨ ਹੈ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅਕਥ ਕਥਾ ਲੇ ਰਹਉ ਨਿਰਾਲਾ।' ਇਸ ਨੂੰ ਸਮਝਣਾ ਅਤੇ ਰੂਹ ਵਿਚ ਉਤਾਰਨਾ ਜੀਵਨ ਦਾ ਮੂਲ-ਮੰਤਰ।

ਮਨੁੱਖੀ ਬੋਲ ਹੀ ਜੀਵਨ-ਵਤੀਰਾ, ਜੋ ਮਨੁੱਖੀ ਆਦਤ ਬਣਦਾ। ਆਦਤਾਂ ਹੀ ਮਨੁੱਖੀ ਕਦਰਾਂ-ਕੀਮਤਾਂ ਦੀ ਪਛਾਣ ਹੁੰਦੀਆਂ ਅਤੇ ਕਦਰਾਂ-ਕੀਮਤਾਂ ਹੀ ਕਿਸਮਤ ਦੀ ਸਿਰਜਣਾ ਕਰਦੀਆਂ। ਹਰਫਾਂ ਨੂੰ ਸੰਜਮ, ਸੋਚ, ਸਲੀਕੇ ਅਤੇ ਸੰਤੁਲਿਤ ਰੂਪ ਵਿਚ ਵਰਤੀਏ ਤਾਂ ਜੀਵਨ-ਮਹਿਕ ਚੌਗਿਰਦੇ ਦਾ ਹਾਸਲ ਹੁੰਦੀ।

ਦਿਆਲੂ ਤੇ ਕਿਰਪਾਲੂ ਹਰਫਾਂ ਨੂੰ ਕਦੇ ਵੀ ਝਗੜਾਲੂ ਨਾ ਬਣਾਓ। ਹਰਫ ਤਾਂ ਬਹੁਤ ਹੀ ਨਰਮ, ਮੁਲਾਇਮ ਅਤੇ ਕੋਮਲ ਹੁੰਦੇ। ਇਨ੍ਹਾਂ ਦੀ ਕੋਮਲਤਾ ਦੀ ਬਰਕਰਾਰੀ ਲਈ ਖੁਦ ਕੋਮਲਤਾ ਨੂੰ ਜਾਂਦੀ ਪਗਡੰਡੀ ਫੜੋ।

ਚੰਗੇ ਹਰਫ, ਰੂਹ-ਰੇਜ਼ਤਾ, ਅੰਤਰੀਵ ਦੀ ਤ੍ਰਿਪਤੀ, ਮਨ ਦਾ ਸਕੂਨ ਤੇ ਸਹਿਜ, ਚੰਗੇਰੀਆਂ ਭਾਵਨਾਵਾਂ ਦਾ ਪ੍ਰਵਾਹ ਅਤੇ ਇਸ ਵਿਚੋਂ ਹੁੰਦੀ ਜ਼ਿੰਦਗੀ ਨੂੰ ਜਿਉਣ ਦਾ ਕਲਾ-ਆਗਾਜ਼।

ਹਰਫਾਂ ਵਿਚੋਂ ਹੀ ਸਿਆਣਪ, ਸਾਦਗੀ ਅਤੇ ਸੰਵੇਦਨਾ ਝਲਕਦੀ। ਲਾਲਚ, ਹਵਸ, ਹੈਵਾਨਗੀ, ਲਾਚਾਰੀ ਅਤੇ ਨਾਲਾਇਕੀ ਵੀ ਹਰਫਾਂ ਦੇ ਹਿੱਸੇ। ਪਰ ਹਰਫ ਇਸ ਨੂੰ ਕਿਸ ਰੂਪ, ਸੰਦਰਭ ਅਤੇ ਕਿਸ ਭਾਵ ਨਾਲ ਪ੍ਰਗਟ ਹੁੰਦੇ, ਇਹ ਹਰਫਾਂ 'ਤੇ ਨਿਰਭਰ।

ਹਰਫਾਂ ਨੂੰ ਬੌਣੇ, ਨਿਤਾਣੇ, ਨਿਰਬਲ, ਨਾਲਾਇਕ ਅਤੇ ਨਾਂਹ-ਵਾਚੀ ਨਾ ਬਣਾਓ। ਇਸ ਦੀ ਵਡਿੱਤਣ ਨੂੰ ਉਚੇਰਾ ਕਰੋ, ਤੁਸੀਂ ਵੀ ਉਪਰ ਉਠੋਗੇ।

ਹਰਫ ਮਨੁੱਖ, ਪਰਿਵਾਰ, ਸਮਾਜ, ਦੇਸ਼ ਜਾਂ ਦੁਨੀਆਂ ਨੂੰ ਬਦਲ ਦਿੰਦੇ। ਇਕ ਹੀ ਬੋਲ ਨਾਹਰਾ ਬਣ ਜਾਂਦਾ। ਇਹ ਨਾਹਰਾ ਲੋਕ ਮਨਾਂ ਵਿਚ ਗੂੰਜਦਾ, ਕਹਿਣੀ ਤੇ ਕਰਨੀ ਦੀ ਦੂਰੀ ਮਿਟਾ ਨਿਵੇਕਲੀਆਂ ਅਤੇ ਨਵੀਨਤਮ ਧਰਾਤਲਾਂ ਦੀ ਸਿਰਜਣਾ ਕਰਨ ਲੱਗਿਆਂ ਪਲ ਵੀ ਨਾ ਲਾਉਂਦਾ। ਧਾਰਮਕ ਗ੍ਰੰਥ, ਹਰਫ-ਅਰਾਧਨਾ, ਜਿਨ੍ਹਾਂ ਵਿਚ ਜੀਵਨ ਦੇ ਹਰ ਖੇਤਰ ਦੀਆਂ ਸਮੋਈਆਂ ਸਮੁੱਚੀਆਂ ਸਿਆਣਪਾਂ, ਮਨੁੱਖ ਲਈ ਮਾਰਗ-ਦਰਸ਼ਨ। ਸ਼ਬਦ-ਗੁਰੂ ਦਾ ਸੰਕਲਪ, ਸ਼ਬਦ ਦੀ ਅਸੀਮਤਾ, ਅਪਾਰਤਾ ਅਤੇ ਅੰਤਰੀਵਤਾ ਵਿਚੋਂ ਅਕੱਥ ਤੇ ਅਕਹਿ ਅਰਥਾਂ ਦੀ ਆਸਥਾ। ਸ਼ਬਦ ਵਿਚ ਡੂੰਘਾ ਉਤਰਨ ਅਤੇ ਇਸ ਦੀਆਂ ਅਰਥ-ਤੰਦਾਂ ਨੂੰ ਖੋਲ੍ਹਣ, ਪੜ੍ਹਨ ਅਤੇ ਇਸ ਨੂੰ ਜੀਵਨ ਵਿਚ ਰੰਗਣ ਦੀ ਲੋੜ। ਸ਼ਬਦ-ਗੁਰੂ ਦਾ ਸੰਦੇਸ਼ ਸਰਬੋਤਮ।

ਕੁਝ ਗੱਲਾਂ ਲਈ ਹਰਫ ਬੌਣੇ ਰਹਿ ਜਾਂਦੇ ਅਤੇ ਕੁਝ ਹਰਫ ਗੱਲਾਂ ਨੂੰ ਹੀ ਹੀਣਾ ਬਣਾ ਦਿੰਦੇ। ਜਦ ਕੋਈ ਸੋਚ, ਸੁਪਨਾ ਜਾਂ ਸੰਵਾਦ, ਹਰਫ ਦੇ ਮੇਚ ਨਾ ਆਉਂਦੇ ਤਾਂ ਬਹੁਤ ਕੁਝ ਅਣਕਿਹਾ ਰਹਿ ਜਾਂਦਾ। ਇਹ ਅਬੋਲਤਾ ਹੀ ਸਮੇਂ ਦੀ ਕੁੱਖ ਵਿਚ ਸੁੱਚੀ ਵਿਰਾਸਤ ਦੇ ਰੂਪ ਵਿਚ ਕਈ ਪੀੜੀਆਂ ਨੂੰ ਪ੍ਰਭਾਵਿਤ ਕਰਦਾ।

ਹਰਫਾਂ ਵਿਚਲੀ ਚੁੱਪ ਨੂੰ ਸਮਝਣਾ ਸਭ ਤੋਂ ਔਖਾ। ਇਸ ਦੀ ਸੁੰਨ-ਸਮਾਧੀ ਨੂੰ ਮਨੁੱਖੀ ਸੰਵੇਦਨਾ ਵਿਚ ਟਿਕਾਉਣਾ, ਵੱਡੀ ਔਖਿਆਈ, ਪਰ ਜੋ ਇਸ ਨੂੰ ਜੀਵਨ ਵਿਚ ਢਾਲ ਲੈਂਦੇ, ਉਹ ਜੀਵਨ-ਜੁਗਤ ਦਾ ਹਾਸਲ ਹੁੰਦੇ।

ਸ਼ਬਦ ਜਦ ਸਮੇਂ, ਸਥਾਨ ਤੇ ਸਥਿਤੀ ਨੂੰ ਸਮਰਪਿਤ ਸੰਦੇਸ਼ ਸਮਿਆਂ ਨੂੰ ਸੰਬੋਧਤ ਕਰਦੇ ਤਾਂ ਇਸ ਦੀ ਸਾਰਥਕਤਾ, ਸਮਾਂ-ਸੀਮਾ ਨੂੰ ਉਲੰਘ ਨਵੇਂ ਕੀਰਤੀਮਾਨਾਂ ਦੀ ਕਹਾਣੀ ਬਣ ਜਾਂਦੀ।

ਸ਼ਬਦ ਸੰਤਾਂ, ਸਾਧੂਆਂ ਅਤੇ ਸਤਯੁੱਗੀਆਂ ਦੀ ਸਾਤਵਿਕਤਾ ਨੂੰ ਸਮ-ਦ੍ਰਿਸ਼ਟੀ ਨਾਲ ਰੰਗੇ ਸੰਤ-ਬਾਣੀ ਦਾ ਰੂਪ ਧਾਰਦੇ, ਜੋ ਸੱਚ ਅਤੇ ਸਦਭਾਵਨਾ ਦਾ ਸਤਿਸੰਗ ਬਣਦੇ।

ਹਰਫਾਂ ਦੀ ਹੋਣੀ ਕਿਆਸਣ ਵਾਲੇ ਖੁਦ ਹੀ ਹੋਣੀ ਬਣ ਗਏ। ਬੰਦਾ ਮਰ ਜਾਂਦਾ, ਪਰ ਸਦਾ ਜਿਉਂਦੇ ਰਹਿੰਦੇ ਹਰਫ। ਉਹ ਮਰ ਕੇ ਵੀ ਨਹੀਂ ਮਰਦੇ। ਲੋਕ-ਚੇਤਿਆਂ ਵਿਚ ਹਰਫ-ਨਾਦ ਨਵੀਆਂ ਸੁਰਾਂ ਛੇੜ, ਸੁਪਨਿਆਂ ਲਈ ਨਵੀਂ ਤਸ਼ਬੀਹ ਬਣਦੇ।

ਹਰਫ ਮੌਤ ਤੋਂ ਬੇਖੌਫ, ਡਰ ਤੋਂ ਨਿਰਲੇਪ, ਧਮਕੀ ਤੋਂ ਬੇ-ਲਿਹਾਜ਼। ਕਤਲ ਹੋਣ ਜਾਂ ਮਰਨ ਲਈ ਹਰ ਪਲ ਤਿਆਰ। ਉਨ੍ਹਾਂ ਲਈ ਮਰਨਾ ਹੀ ਜਿਉਣ ਦਾ ਸਬੱਬ।

ਹਰਫਾਂ ਵਿਚੋਂ ਜ਼ਿੰਦਗੀ ਭਾਲਣ ਵਾਲੇ ਵਕਤ ਦੀ ਸੁੱਚੀ ਸਰਘੀ। ਚੜ੍ਹਦੇ ਸੂਰਜ ਦੀ ਆਮਦ, ਢਹੇ ਹੋਏ ਬਨੇਰਿਆਂ ਨੂੰ ਧੀਰਜ, ਛੱਤ ਤੋਂ ਉਤਰ ਰਹੀ ਧੁੱਪ ਅਤੇ ਜੀਵਨੀ ਨਿਰੰਤਰਤਾ ਦਾ ਨਗਮਾ।

ਹਰਫਾਂ ਨੂੰ ਹੱਲਾਸ਼ੇਰੀ, ਹਿੰਮਤ ਅਤੇ ਹੱਠ-ਧਰਮੀ ਦੀ ਪਿਉਂਦ ਲਾਓ, ਜ਼ਿੰਦ ਦੇ ਬਗੀਚੇ ਵਿਚ ਨਵੀਆਂ ਤਰਜ਼ੀਹਾਂ, ਤਦਬੀਰਾਂ ਅਤੇ ਤਕਦੀਰਾਂ ਦੀਆਂ ਫੁੱਲ-ਬਗੀਚੀਆਂ ਮਹਿਕਣਗੀਆਂ।

ਕਹਾਣੀ

# ਵੱਡਾ ਡਾਕਟਰ


***'ਵੱਡਾ ਡਾਕਟਰ' ਉਘੇ ਨਾਵਲਕਾਰ ਨਾਨਕ ਸਿੰਘ (1897-1971) ਦੀ ਕਹਾਣੀ ਰਚਨਾ ਹੈ ਜਿਸ ਵਿਚ ਬਾਲ ਮਨ ਦੀ ਬਾਤ ਨੂੰ ਬਹੁਤ ਸੂਖਮ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਮਾਪੇ ਭਾਵੇਂ ਬੱਚਿਆਂ ਦੀ ਸਿਹਤਯਾਬੀ ਬਾਰੇ ਲੱਖ ਸੁਚੇਤ ਹੋਣ ਪਰ ਬਾਲ ਮਨ ਅੰਦਰਲੀਆਂ ਸੂਖਮ ਗੱਲਾਂ ਨੂੰ ਪੜ੍ਹਨਾ ਹਾਰੀ-ਸਾਰੀ ਦਾ ਕੰਮ ਨਹੀਂ। ਇਸ ਕਹਾਣੀ ਵਿਚ ਬਲੂੰਗੜੇ ਦੇ ਪਿਆਰ ਨੂੰ ਆਧਾਰ ਬਣਾ ਕੇ ਲੇਖਕ ਨੇ ਮਾਪਿਆਂ ਅਤੇ ਬਾਲ ਮਨ ਅੰਦਰ ਹੋ ਰਹੀ ਉਥਲ-ਪੁਥਲ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ ਹੈ, ਜਿਨ੍ਹਾਂ ਨੂੰ ਪੜ੍ਹਦਿਆਂ ਪਾਠਕ ਦੀਆਂ ਅੱਖਾਂ ਖੁੱਲ੍ਹੀਆਂ ਹੀ ਰਹਿ ਜਾਂਦੀਆਂ ਹਨ। -ਸੰਪਾਦਕ***

*(1)*

ਦਫਤਰੋਂ ਛੁੱਟੀ ਹੋਣ 'ਤੇ ਬਾਬੂ ਦੀਨਾ ਨਾਥ ਸੋਟੀ ਹਿਲਾਉਂਦਾ ਘਰ ਵਲ ਜਾ ਰਿਹਾ ਸੀ। ਜਦ ਉਹ ਮੁਨਿਆਰਾਂ ਦੇ ਬਾਜ਼ਾਰ ਵਿਚੋਂ ਲੰਘਿਆ ਤਾਂ ਉਸ ਨੂੰ ਆਪਣੇ ਕਾਕੇ ਜਗਦੀਸ਼ ਦਾ ਖਿਆਲ ਆਇਆ ਜੋ ਖਿਡੌਣਿਆਂ ਦਾ ਬੜਾ ਲੋਭੀ ਸੀ।

ਉਹ ਇਕ ਮੁਨਿਆਰ ਦੀ ਹੱਟੀ ਅੱਗੇ ਜਾ ਖਲੋਤਾ ਤੇ ਬਹੁਤ ਸਾਰੇ ਖਿਡੌਣਿਆਂ ਵਿਚੋਂ ਉਸ ਨੇ ਇਕ ਜੱਤ ਵਾਲਾ ਕੁੱਤਾ ਪਸੰਦ ਕੀਤਾ। ਪੈਸੇ ਦੁਕਾਨਦਾਰ ਨੂੰ ਦੇ, ਕੁੱਤਾ ਖੀਸੇ ਵਿਚ ਪਾ ਉਹ ਘਰ ਵਲ ਟੁਰ ਪਿਆ। ਸਾਰੇ ਖਿਡੌਣਿਆਂ ਵਿਚੋਂ ਉਸ ਨੇ ਜੱਤ ਵਾਲਾ ਕੁੱਤਾ ਹੀ ਕਿਉਂ ਪਸੰਦ ਕੀਤਾ, ਇਸ ਦਾ ਵੀ ਇਕ ਖਾਸ ਕਾਰਨ ਸੀ। ਜਗਦੀਸ਼ ਨੂੰ ਸ਼ੌਕ ਸੀ ਜਾਨਦਾਰ ਖਿਡੌਣਿਆਂ ਨਾਲ ਖੇਡਣ ਦਾ, ਪਰ ਦੀਨਾ ਨਾਥ ਨੂੰ ਮੁੰਡੇ ਦੀ ਇਹ ਆਦਤ ਪਸੰਦ ਨਹੀਂ ਸੀ।

ਜਦ ਉਹ ਘਰ ਪੁੱਜਾ ਤਾਂ ਥੜ੍ਹੇ ਉਤੇ ਅੱਜ ਵੀ ਉਸ ਨੇ ਜਗਦੀਸ਼ ਨੂੰ ਇਕ ਜਾਨਦਾਰ ਖਿਡੌਣੇ ਨਾਲ ਖੇਡਦਿਆਂ ਵੇਖਿਆ। ਡਾਢਾ ਕੂਲਾ, ਰਿਸ਼ਟ ਪੁਸ਼ਟ ਤੇ ਗੁਦ ਗੁਦਾ ਖਿਡੌਣਾ, ਇਹ ਬਿੱਲੀ ਦਾ ਬਲੂੰਗੜਾ ਸੀ।



ਨਾਨਕ ਸਿੰਘ

ਬਾਬੂ ਦੀਨਾ ਨਾਥ ਵੱਲ ਜਗਦੀਸ਼ ਦੀ ਪਿੱਠ ਸੀ, ਜਿਸ ਕਰਕੇ ਉਹ ਮੂੰਹ ਧਿਆਨ ਆਪਣੀ ਖੇਡੇ ਰੁੱਝਾ ਰਿਹਾ। ਬਲੂੰਗੜੇ ਦੀਆਂ ਅਗਲੀਆਂ ਲੱਤਾਂ ਨੂੰ ਫੜ ਕੇ ਉਹ ਉਸ ਨੂੰ ਸਿੱਧਾ ਖੜ੍ਹਾ ਕਰਨਾ ਚਾਹੁੰਦਾ ਸੀ, ਪਰ ਉਹ ਮੁੜ ਚਹੁੰ ਲੱਤਾਂ ਪਰਨੇ ਹੋ ਜਾਂਦਾ।

ਬਲੂੰਗੜਾ ਘੜੀ ਮੁੜੀ ਉਸ ਦਾ ਮੂੰਹ ਚੁੰਮਣ ਲਈ ਬੂਥੀ ਚੁੱਕਦਾ, ਪਰ ਜਗਦੀਸ਼ ਧੱਕ ਕੇ ਪਰੇ ਕਰ ਦੇਂਦਾ। ਅਖੀਰ ਇਕ ਵਾਰੀ ਉਸ ਨੇ ਮੁੰਡੇ ਦਾ ਮੂੰਹ ਚੁੰਮ ਲਿਆ।

ਖੇਡ ਵਿਚ ਜਗਦੀਸ਼ ਇੰਨਾ ਮਸਤ ਸੀ ਕਿ ਉਸ ਨੂੰ ਆਪਣੀ ਨਿੱਕਰ ਅਤੇ ਝੱਗੇ ਦਾ ਵੀ ਖਿਆਲ ਨਾ ਰਿਹਾ, ਜੋ ਬਲੂੰਗੜੇ ਦੇ ਚਿੱਕੜ ਭਰੇ ਪੰਜਿਆਂ ਨਾਲ ਨਾਸ ਹੋ ਰਹੇ ਸਨ।

ਪਿੱਛੇ ਖਲੋਤੇ ਬਾਬੂ ਦੀਨਾ ਨਾਥ ਨੇ ਇਹ ਸਭ ਕੁਝ ਦੇਖਿਆ ਅਤੇ ਗੁੱਸੇ ਨਾਲ ਉਸ ਦਾ ਚਿਹਰਾ ਤਮਤਮਾ ਉਠਿਆ। ਉਸ ਨੇ ਪੈਂਦਿਆਂ ਹੀ ਇਕ ਖਰਵੇ ਹੱਥ ਨਾਲ ਬਲੂੰਗੜਾ ਉਸ ਤੋਂ ਖੋਹ ਕੇ ਇਕ ਪਾਸੇ ਸੁੱਟ ਦਿੱਤਾ ਤੇ ਕਹਿਣ ਲੱਗਾ, "ਛੱਡ ਨਲੈਕਾ ਇਸ ਬਲਾ ਨੂੰ। ਵੇਖ ਤੇ ਸਹੀ, ਕੀ ਹਾਲ ਕੀਤਾ ਈ ਨਵੇਂ ਕਪੜਿਆਂ ਦਾ!"

ਪਿਉ ਦੇ ਆਉਣ ਤੋਂ ਪਹਿਲਾਂ ਜਗਦੀਸ਼ ਕੁਝ ਹੋਰ ਹੀ ਸੋਚ ਰਿਹਾ ਸੀ। ਉਹ ਇਸ ਖਿਆਲ ਵਿਚ ਸੀ ਕਿ ਆਪਣੇ ਬਾਬੂ ਜੀ ਦੇ ਆਉਣ 'ਤੇ ਉਹ ਆਪਣੇ ਇਸ ਨਵੇਂ ਦੋਸਤ ਦੀ ਜਾਣ-ਪਛਾਣ ਉਸ ਨਾਲ ਕਰਾਵੇਗਾ ਤੇ ਬਾਊ ਵੇਖ ਕੇ ਬਹੁਤ ਖੁਸ਼ ਹੋਵੇਗਾ, ਪਰ ਪਿਉ ਦੇ ਇਸ ਵਰਤਾਉ ਨੇ ਉਸ ਦੇ ਉਤਸ਼ਾਹ ਨੂੰ ਸਲ੍ਹਾਬਾ ਚੜ੍ਹਾ ਦਿੱਤਾ।

ਉਸ ਨੇ ਇਕ ਸਹਿਮੀ ਨਜ਼ਰ ਨਾਲ ਪਿਉ ਵਲ ਤਕਿਆ ਤੇ ਫਿਰ ਪਿਆਰ, ਤਰਸ ਤੇ ਬੇਵਸੀ ਦੀ ਨਜ਼ਰ ਨਾਲ ਵੇਖਿਆ-ਕਈਆਂ ਕਦਮਾਂ 'ਤੇ ਡਿੱਗੇ ਪਏ ਆਪਣੇ ਬਲੂੰਗੜੇ ਨੂੰ।

ਪਤੀ ਦੀ ਕੜਕਵੀਂ ਆਵਾਜ਼ ਸੁਣ ਕੇ ਅੰਦਰੋਂ ਉਮਾ ਦੇਵੀ ਨਿਕਲ ਆਈ। ਉਸ ਨੂੰ ਵੇਖਦਿਆਂ ਹੀ ਬਾਬੂ ਦੀਨਾ ਨਾਥ ਦਾ ਕ੍ਰੋਧ ਉਸ ਉਤੇ ਵਰ੍ਹਨ ਲੱਗਾ, "ਤੂੰ ਕਿਤਨੀ ਬੇ-ਸਮਝ ਏਂ! ਤੈਨੂੰ ਪਤਾ ਨਹੀਂ ਬਿੱਲੀਆਂ ਕੁੱਤਿਆਂ ਦੇ ਮੂੰਹ ਦੀ ਹਵਾੜ ਤੇ ਇਨ੍ਹਾਂ ਦੇ ਵਾਲ ਕਿੰਨੇ ਖਤਰਨਾਕ ਹੁੰਦੇ ਨੇ? ਵੇਖਦੀ ਨਹੀਂ, ਕਿਹੜੇ ਵੇਲੇ ਦਾ ਬਲੂੰਗੜੇ ਨੂੰ ਚੁੰਮਣ ਡਿਹਾ ਹੋਇਆ ਏ ਤੇ ਕੱਪੜਿਆਂ ਦਾ ਸਤਿਆਨਾਸ ਵੱਖਰਾ ਕਰ ਛੱਡਿਆ ਸੂ! ਨਾਲੇ ਠੰਢ ਵਿਚ ਇਸ ਵੇਲੇ ਤੱਕ ਬਾਹਰ ਥੜ੍ਹੇ 'ਤੇ ਬੈਠਾ ਹੋਇਆ ਏ!"

ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਬਾਬੂ ਦੀਨਾ ਨਾਥ ਆਪਣੀ ਅਕਲ ਦੇ ਗਜ਼ਾਂ ਨਾਲ ਮਿਣਨਾ ਚਾਹੁੰਦਾ ਸੀ, ਪਰ ਉਮਾ ਦੇਵੀ ਦੇ ਸੀਨੇ ਵਿਚ ਮਾਂ ਦਾ ਦਿਲ ਸੀ। ਉਹ ਬਾਲਾਂ ਦੇ ਸੁਭਾਅ ਤੋਂ ਵਧੇਰੇ ਜਾਣੂ ਸੀ। ਕਹਿਣ ਲੱਗੀ, "ਹੱਛਾ ਫੇਰ ਕੀ ਹੋਇਆ, ਅੰਞਾਣਾ ਜੂ ਹੋਇਆ, ਸਾਰੇ ਬਾਲ ਇਸੇ ਤਰ੍ਹਾਂ ਹੁੰਦੇ ਨੇ ਕਿ!"

ਦੀਨਾ ਨਾਥ ਹੋਰ ਤੇਜ਼ ਹੋ ਕੇ ਬੋਲਿਆ, "ਸਾਰੇ ਬਾਲ ਤੇ ਹੋਏ ਜੰਗਲੀਆਂ ਅਨਪੜ੍ਹਾਂ ਦੇ। ਇਹੋ ਜਿਹੇ ਗਵਾਰਾਂ ਦੀ ਸੁਹਬਤ ਵਿਚ ਮੈਂ ਨਹੀਂ ਪੈਣ ਦੇਣਾ ਚਾਹੁੰਦਾ ਮੁੰਡੇ ਨੂੰ।"

ਪਿਉ ਦਾ ਹੁਕਮ ਪਾ ਕੇ ਜਗਦੀਸ਼ ਮੁਜਰਮ ਵਾਂਗ ਅੱਗੇ ਅੱਗੇ ਟੁਰ ਪਿਆ। ਅੰਦਰ ਪਹੁੰਚਦਿਆਂ ਤਾਈਂ ਉਸ ਨੇ ਪਿਉ ਦੀ ਅੱਖ ਬਚਾ ਕੇ ਕਈ ਵਾਰ ਪਿਛਾਂਹ ਤੱਕਿਆ, ਪਰ ਬਲੂੰਗੜਾ ਹੁਣ ਉਥੇ ਨਹੀਂ ਸੀ।

*(2)*

ਸਭ ਤੋਂ ਪਹਿਲਾਂ ਉਸ ਦੇ ਕੱਪੜੇ ਬਦਲਾਏ ਗਏ ਅਤੇ ਫਿਰ ਬਾਬੂ ਦੀਨਾ ਨਾਥ ਨੇ ਉਸ ਨੂੰ ਪਿਆਰ ਨਾਲ ਕੁੱਛੜ ਲਿਆ। ਉਸ ਦਾ ਮੂੰਹ ਚੁੰਮਦਾ ਦਿਲ ਵਿਚ ਆਪਣੀ ਸਖਤੀ 'ਤੇ ਪਛਤਾਉਣ ਲੱਗਾ, ਪਰ ਬੱਚੇ ਦੀ ਅਰੋਗਤਾ ਲਈ ਉਸ ਨੂੰ ਇਹ ਸਭ ਕੁਝ ਕਰਨਾ ਹੀ ਪੈਣਾ ਸੀ।

ਜਗਦੀਸ਼ ਉਸ ਦੀ ਗੋਦ ਵਿਚ ਬੈਠਾ ਸੀ, ਪਰ ਅੱਗੇ ਵਾਂਗ ਖੁਸ਼ੀ ਖੁਸ਼ੀ ਨਹੀਂ, ਸਗੋਂ ਡਾਢਾ ਬੇਕਲ ਜਿਹਾ ਹੋ ਕੇ।

ਬਾਬੂ ਦੀਨਾ ਨਾਥ ਨੂੰ ਖਿਡੌਣੇ ਦਾ ਚੇਤਾ ਆ ਗਿਆ। ਉਸ ਨੇ ਝੱਟ ਕੋਟ ਦੀ ਜੇਬ ਵਿਚੋਂ ਜੱਤ ਵਾਲਾ ਕੁੱਤਾ ਕੱਢ ਕੇ ਜਗਦੀਸ਼ ਨੂੰ ਫੜਾ ਦਿੱਤਾ।

ਕੁੱਤਾ ਬੜਾ ਸੋਹਣਾ ਸੀ, ਪਰ ਜਗਦੀਸ਼ ਨੂੰ ਉਸ ਪਾਸੋਂ ਕੋਈ ਖੁਸ਼ੀ ਨਾ ਮਿਲ ਸਕੀ। ਉਹ ਉਸ ਨੂੰ ਵੇਖ ਕੇ ਖੁਸ਼ ਹੋਣਾ ਚਾਹੁੰਦਾ ਸੀ, ਪਰ ਬਲੂੰਗੜੇ ਦਾ ਧਿਆਨ ਸਗੋਂ ਉਸ ਨੂੰ ਵਧੇਰੇ ਬੇਚੈਨ ਕਰੀ ਜਾਂਦਾ ਸੀ। ਰਾਤੀਂ ਸੌਣ ਲੱਗਿਆਂ ਉਸ ਨੇ ਕੁੱਤੇ ਨੂੰ ਆਪਣੇ ਨਾਲ ਹੀ ਪੰਘੂੜੇ 'ਤੇ ਸਵਾਇਆ।

ਇਸ ਵੇਲੇ ਸਾਰੇ ਸੁੱਤੇ ਹੋਏ ਸਨ। ਜਗਦੀਸ਼ ਹੀ ਆਪਣੀ ਵਿਛਾਈ 'ਤੇ ਲੇਟਿਆ ਕਿਸੇ ਦੀ ਯਾਦ ਵਿਚ ਮਗਨ ਸੀ। ਥੋੜ੍ਹੀ ਦੇਰ ਬਾਅਦ ਉਹ ਉਠ ਕੇ ਬੈਠ ਗਿਆ ਤੇ ਸਰਾਂਦੀ ਪਏ ਕੁੱਤੇ ਨੂੰ ਚੁੱਕ ਕੇ ਤੇ ਉਸ ਨੂੰ ਅਗਲੀਆਂ ਲੱਤਾਂ ਤੋਂ ਫੜ ਕੇ ਖੜ੍ਹਾ ਕਰਨ ਲਗਾ। ਪਰ ਇਹ ਬਲੂੰਗੜੇ ਵਾਂਗ ਸ਼ਰਾਰਤਾਂ ਨਹੀਂ ਸੀ ਕਰਦਾ, ਨਾ ਹੀ ਉਸ ਦਾ ਮੂੰਹ ਚੁੰਮਣ ਨੂੰ ਹੰਭਲੇ ਮਾਰਦਾ ਸੀ। ਬਲੂੰਗੜੇ ਦੀਆਂ ਜਿਨ੍ਹਾਂ ਹਰਕਤਾਂ ਤੋਂ ਜਗਦੀਸ਼ ਨੂੰ ਗੁੱਸਾ ਆਉਂਦਾ ਸੀ, ਉਹ ਇਸ ਕੁੱਤੇ ਵਿਚ ਨਹੀਂ ਸਨ। ਫਿਰ ਵੀ ਜਗਦੀਸ਼ ਨੂੰ ਇਹ ਚੰਗਾ ਨਹੀਂ ਸੀ ਲੱਗਦਾ। ਉਹ ਚਾਹੁੰਦਾ ਸੀ, ਇਹ ਵੀ ਬਲੂੰਗੜੇ ਵਾਂਗ ਸ਼ਰਾਰਤਾਂ ਕਰੇ ਤੇ ਇਸ ਦੇ ਬਦਲੇ ਉਸ ਨੂੰ ਉਹੋ ਜਿਹਾ ਗੁੱਸਾ ਆਵੇ, ਪਰ ਇਹ ਨਾ ਹੋ ਸਕਿਆ।

ਹੌਲੀ ਹੌਲੀ ਉਸ ਨੂੰ ਇਸ ਕੁੱਤੇ ਪਾਸੋਂ ਨਫਰਤ ਹੋਣ ਲੱਗੀ। ਤੇ ਥੋੜ੍ਹੇ ਚਿਰ ਬਾਅਦ ਉਸ ਨੇ ਕੁੱਤੇ ਨੂੰ ਚੁੱਕ ਕੇ ਹੇਠਾਂ ਸੁੱਟ ਦਿੱਤਾ। ਲੰਮਾ ਪਿਆ ਪਿਆ ਸੋਚਣ ਲੱਗਾ, "ਕੀ ਹੁਣ ਉਹ ਨਹੀਂ ਆਵੇਗਾ? ਕੀ ਬਾਊ ਜੀ ਦੇ ਵਰਤਾਉ ਤੋਂ ਉਹ ਮੇਰੇ ਨਾਲ ਵੀ ਗੁੱਸੇ ਹੋ ਜਾਏਗਾ? ਇਸ ਵੇਲੇ ਉਹ ਕਿਥੇ ਹੋਵੇਗਾ, ਕੀ ਕਰਦਾ ਹੋਵੇਗਾ? ਸ਼ਾਇਦ ਕਿਤੋਂ ਹੁਣੇ ਹੀ ਆ ਨਿਕਲੇ, ਸ਼ਾਇਦ ਹੁਣੇ ਹੀ ਉਸ ਦੀ ਮਿੱਠੀ ਮਿੱਠੀ ਮਿਆਊਂ ਮੇਰੇ ਕੰਨੀਂ ਆ ਪਵੇ!" ਨਾਲ ਹੀ ਉਸ ਨੂੰ ਇਕ ਹੋਰ ਖਿਆਲ ਆਇਆ, ਆਪਣੇ ਗੁਆਂਢੀਆਂ ਦੇ ਕੁਤੇ ਜੈਕ ਦਾ, ਜੋ ਬਿੱਲੀਆਂ ਨੂੰ ਵੇਖ ਕੇ ਖਾਣ ਨੂੰ ਪੈਂਦਾ ਸੀ।

ਉਹ ਸੋਚਣ ਲੱਗਾ, ਸਾਡੇ ਘਰ ਵੀ ਤਾਂ ਇਸ ਵੇਲੇ ਕੁੱਤਾ ਮੌਜੂਦ ਏ। ਇਸ ਦੇ ਹੁੰਦਿਆਂ ਬਲੂੰਗੜਾ ਸਾਡੇ ਘਰ ਨਹੀਂ ਆ ਸਕੇਗਾ। ਕਮਰੇ ਵਿਚ ਵੇਖਿਆ, ਬਿਜਲੀ ਦੇ ਚਾਨਣ ਵਿਚ ਉਹੀ ਜੱਤ ਵਾਲਾ ਕੁੱਤਾ ਇਕ ਨੁਕਰੇ ਪਿਆ ਦਿਸਿਆ। ਉਹ ਅਛੋਪਲਾ ਪੰਘੂੜੇ 'ਚੋਂ ਉਤਰਿਆ ਤੇ ਜਾ ਕੇ ਕੁੱਤੇ ਨੂੰ ਚੁਕ ਲਿਆਇਆ, ਇਕ ਪਾਸੇ ਪੁਰਾਣੇ ਕੱਪੜੇ 'ਕੱਠੇ ਹੋਏ ਪਏ ਸਨ। ਉਸ ਨੇ ਕੁੱਤੇ ਨੂੰ ਉਨ੍ਹਾਂ ਕੱਪੜਿਆਂ ਥੱਲੇ ਨੱਪ ਦਿੱਤਾ ਤੇ ਫੇਰ ਆਪਣੇ ਬਿਸਤਰੇ 'ਤੇ ਆ ਲੇਟਿਆ।

ਹੁਣ ਉਹ ਬੜੀ ਬੇਸਬਰੀ ਨਾਲ ਬੈਠਾ ਬਲੂੰਗੜੇ ਨੂੰ ਉਡੀਕਣ ਲੱਗਾ। ਉਸ ਨੂੰ ਜਾਪਣ ਲੱਗਾ, ਜੀਕਣ ਬਲੂੰਗੜਾ ਉਸ ਦੇ ਆਸ ਪਾਸ ਆਉਣਾ ਚਾਹੁੰਦਾ ਹੈ, ਪਰ ਜੱਤ ਵਾਲਾ ਕੁੱਤਾ ਘੜੀ ਮੁੜੀ ਕੱਪੜਿਆਂ ਹੇਠੋਂ ਨਿਕਲ ਕੇ ਉਸ ਨੂੰ ਨਸਾ ਦੇਂਦਾ ਹੈ। ਉਹ ਫਿਰ ਉਠਿਆ 'ਤੇ ਕੁੱਤੇ ਨੂੰ ਕੱਪੜਿਆਂ ਹੇਠੋਂ ਕੱਢ ਲਿਆਇਆ। ਫਿਰ ਸਹਿਜ ਨਾਲ ਉਸ ਨੇ ਬਾਰੀ ਦਾ ਕੁੰਡਾ ਖੋਲ੍ਹਿਆ ਤੇ ਕੁੱਤੇ ਨੂੰ ਸੀਖਾਂ ਵਲ ਦੀ ਧੱਕ ਕੇ ਬਾਰੀ ਤੋਂ ਬਾਹਰ ਸੁੱਟ ਦਿੱਤਾ।

ਸੁੱਟ ਤਾਂ ਉਸ ਨੇ ਦਿਤਾ, ਪਰ ਇਸ ਨਾਲ ਵੀ ਤਸੱਲੀ ਨਾ ਹੋਈ। ਸਗੋਂ ਉਸ ਦਾ ਤੌਖਲਾ ਹੋਰ ਵਧ ਗਿਆ। ਕਾਰਨ? ਕੁੱਤਾ ਹੁਣ ਬਿਲਕੁਲ ਬੂਹੇ ਦੇ ਲਾਗੇ ਗਲੀ ਵਿਚ ਬੈਠਾ ਹੋਵੇਗਾ ਤੇ ਇਸ ਜ਼ਾਲਮ ਨੇ ਕਦ ਬਲੂੰਗੜਾ ਅੰਦਰ ਆਉਣ ਦੇਣਾ ਹੈ। ਇਸੇ ਬੇਚੈਨੀ ਵਿਚ ਉਹ ਪਤਾ ਨਹੀਂ ਕਿੰਨਾ ਚਿਰ ਛਟਪਟਾਂਦਾ ਰਿਹਾ ਤੇ ਅਖੀਰ ਨੀਂਦ ਆ ਗਈ।

*(3)*

"ਹੈਂ ਜੀ, ਤੁਸਾਂ ਬਾਰੀ ਨਹੀਂ ਸੀ ਬੰਦ ਕੀਤੀ?" ਪ੍ਰਭਾਤ ਵੇਲੇ ਨਾਲ ਉਮਾ ਦੇਵੀ ਨੇ ਪਾਸਾ ਪਰਤਦਿਆਂ ਪਤੀ ਨੂੰ ਕਿਹਾ, "ਕਿਡੀ ਠੰਢੀ 'ਵਾ ਆਉਣ ਡਹੀ ਏ।"

ਬਾਬੂ ਦੀਨਾ ਨਾਥ ਨੇ ਰਜਾਈ 'ਚੋਂ ਉਠ ਕੇ ਵੇਖਿਆ, ਬਾਰੀ ਖੁੱਲ੍ਹੀ ਸੀ, ਪਰ ਉਹ ਹੈਰਾਨੀ ਨਾਲ ਸੋਚਣ ਲੱਗਾ, ਇਸ ਨੂੰ ਤਾਂ ਮੈਂ ਆਪ ਬੰਦ ਕਰਕੇ ਸੁੱਤਾ ਸਾਂ।

ਦੋਵੇਂ ਉਠ ਬੈਠੇ। ਉਨ੍ਹਾਂ ਨੂੰ ਬੜਾ ਫਿਕਰ ਹੋਣ ਲੱਗਾ ਕਿ ਬਾਰੀ ਕਿਸ ਤਰ੍ਹਾਂ ਖੁੱਲ੍ਹ ਗਈ।



ਝਟ ਪਟ ਉਨ੍ਹਾਂ ਨੇ ਉਠ ਕੇ ਸੰਦੂਕਾਂ ਟਰੰਕਾਂ ਦੇ ਜੰਦਰੇ ਟੋਹਣੇ ਸ਼ੁਰੂ ਕਰ ਦਿੱਤੇ। ਸਭ ਕੁਝ ਜਿਉਂ ਦਾ ਤਿਉਂ ਸੀ। ਕੋਈ ਅੰਦਰ ਆਉਂਦਾ ਤਾਂ ਖਾਲੀ ਕਿਸ ਤਰ੍ਹਾਂ ਚਲਾ ਜਾਂਦਾ। ਤੇ ਨਾਲੇ ਬਾਬੂ ਦੀਨਾ ਨਾਥ ਆਪਣੇ ਹੱਥੀਂ ਬਾਰੀ ਦਾ ਕੁੰਡਾ ਅੜਾ ਕੇ ਸੁੱਤਾ ਸੀ। ਬਾਹਰਲਾ ਬੂਹਾ ਵੇਖਿਆ। ਉਹ ਵੀ ਜਿਉਂ ਦਾ ਤਿਉਂ ਬੰਦ ਸੀ, ਕੁੰਡਾ ਅੰਦਰੋਂ ਵੱਜਾ ਹੋਇਆ ਸੀ।

ਬਾਬੂ ਦੀਨਾ ਨਾਥ ਨੇ ਬੂਹਾ ਖੋਲ੍ਹ ਕੇ ਬਾਹਰ ਗਲੀ ਵਿਚ ਝਾਤੀ ਮਾਰੀ ਤਾਂ ਸਭ ਤੋਂ ਪਹਿਲਾਂ ਓਹੀ ਕੱਲ੍ਹ ਦਾ ਲਿਆਂਦਾ ਜੱਤ ਵਾਲਾ ਕੁੱਤਾ ਉਸ ਦੀ ਨਜ਼ਰ ਪਿਆ। ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਜਗਦੀਸ਼ ਦੀ ਹੀ ਕਾਰਸਤਾਨੀ ਹੈ। ਮੁੰਡੇ ਦੀ ਬੇਸਮਝੀ ਉਤੇ ਉਸ ਨੂੰ ਖਿਝ ਆਈ, ਪਰ ਜਗਦੀਸ਼ ਸੁੱਤਾ ਪਿਆ ਸੀ, ਇਸ ਲਈ ਬਾਬੂ ਦੀਨਾ ਨਾਥ ਗੁੱਸਾ ਪੀ ਗਿਆ। ਜਾਗਦਾ ਹੁੰਦਾ ਤਾਂ ਜ਼ਰੂਰ ਦੋ ਚਾਰ ਝਿੜਕਾਂ ਤੇ ਇਕ ਅੱਧ ਚਪੇੜ ਉਹ ਖਾਂਦਾ, ਪਰ ਉਮਾ ਦੇਵੀ ਨੇ ਜਦ ਪਤੀ ਦੀ ਜ਼ਬਾਨੀ ਇਹ ਗੱਲ ਸੁਣੀ ਤਾਂ ਉਸ ਦਾ ਹਾਸਾ ਨਿਕਲ ਗਿਆ।

ਬੂਹੇ ਬਾਰੀਆਂ ਬੰਦ ਕਰਕੇ ਜਦ ਦੀਨਾ ਨਾਥ ਲੰਮਾ ਪੈਣ ਲੱਗਾ ਤਾਂ ਉਸ ਦੀ ਨਜ਼ਰ ਜਗਦੀਸ਼ ਦੇ ਪੰਘੂੜੇ 'ਤੇ ਪਈ। ਬਲੂੰਗੜਾ ਜਗਦੀਸ਼ ਦੀ ਬਾਂਹ ਵਿਚ ਸਿਰ ਦਈ ਘੁਰ ਘੁਰ ਕਰ ਰਿਹਾ ਸੀ ਤੇ ਸੁੱਤੇ ਜਗਦੀਸ਼ ਦਾ ਹੱਥ ਸਹਿਜੇ ਸਹਿਜ ਉਸ ਦੀ ਪਿੱਠ 'ਤੇ ਫਿਰ ਰਿਹਾ ਸੀ। ਜਗਦੀਸ਼ ਦੇ ਚਿਹਰੇ ਉਤੇ ਇਸ ਵੇਲੇ ਮੁਸਕਰਾਹਟ ਖੇਡ ਰਹੀ ਸੀ।

"ਹੈਂ! ਬਦਜ਼ਾਤ ਫਿਰ ਆ ਵੜਿਆ!" ਕਹਿੰਦਿਆਂ ਦੀਨਾ ਨਾਥ ਨੇ ਜਗਦੀਸ਼ ਦੀ ਬਾਂਹ ਵਿਚੋਂ ਬਲੂੰਗੜਾ ਖਿੱਚ ਲਿਆ। ਇਸ ਦੇ ਨਾਲ ਹੀ ਜਗਦੀਸ਼ ਜਾਗ ਪਿਆ, ਉਸ ਨੇ ਬਲੂੰਗੜੇ ਨੂੰ ਵੇਖਿਆ, ਪਰ ਵਿਛੋੜੇ ਦੇ ਵੇਲੇ। ਮਿਲਾਪ ਦੀਆਂ ਸੁਨਹਿਰੀ ਘੜੀਆਂ ਕਿਵੇਂ ਬੀਤ ਗਈਆਂ, ਇਸ ਦਾ ਉਸ ਨੂੰ ਕੋਈ ਪਤਾ ਨਹੀਂ। ਉਸ ਨੇ ਅਰਮਾਨ ਭਰੀ ਨਜ਼ਰ ਨਾਲ ਆਪਣੀ ਨਿੱਕੀ ਬਾਂਹ ਵਿਚੋਂ ਬਲੂੰਗੜੇ ਨੂੰ ਖਚੀਂਦਾ ਵੇਖਿਆ, ਮਾਨੋ ਉਸ ਦੇ ਸੀਨੇ ਵਿਚੋਂ ਦਿਲ ਨੂੰ ਖਿਚੀਂਦਾ ਵੇਖਿਆ।

ਉਸ ਨੇ ਚਾਹਿਆ ਕਿ ਝਟ ਪਟ ਉਠ ਕੇ ਪਿਉ ਪਾਸੋਂ ਆਪਣੇ ਬੂੰਗੇ ਨੂੰ ਖੋਹ ਲਵੇ, ਪਰ ਪਿਉ ਦੀਆਂ ਲਾਲ ਲਾਲ ਅੱਖਾਂ ਤੇ ਗੁੱਸੇ ਭਰਿਆ ਚਿਹਰਾ ਵੇਖ ਕੇ ਉਸ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਬਲੂੰਗੜੇ ਨੇ ਤਾਂ ਨਹੁੰਦਰਾਂ ਮਾਰ ਕੇ ਗੁੱਸਾ ਕਿਸੇ ਹੱਦ ਤੱਕ ਪ੍ਰਗਟ ਕੀਤਾ, ਪਰ ਜਗਦੀਸ਼ ਵਿਚਾਰਾ ਆਪਣੇ ਪ੍ਰੀਤਮ ਵਿਛੋੜੇ ਨੂੰ ਕਿਸੇ ਤਰ੍ਹਾਂ ਵੀ ਜਾਹਰ ਨਾ ਕਰ ਸਕਿਆ।

ਉਮਾ ਦੇਵੀ ਨੇ ਬਥੇਰਾ ਰੋਕਿਆ, ਵਾਸਤੇ ਪਾਏ, ਪਰ ਦੀਨਾ ਨਾਥ ਨੇ ਇਕ ਨਾ ਮੰਨੀ। ਉਸ ਨੇ ਝਟ ਪਟ ਨਾਲ ਦੀ ਕੋਠੜੀ ਵਿਚੋਂ ਨੌਕਰ ਮੁੰਡੇ ਨੂੰ ਆਵਾਜ਼ ਦਿੱਤੀ। ਨੌਕਰ ਆਇਆ ਤੇ ਦੀਨਾ ਨਾਥ ਨੇ ਬਲੂੰਗੜਾ ਉਸ ਨੂੰ ਫੜਾਉਂਦਿਆਂ ਕਿਹਾ, "ਜਾਹ ਸ਼ਹਿਰੋਂ ਬਾਹਰ ਗੰਦੇ ਨਾਲੇ ਤੋਂ ਪਾਰ ਛੱਡ ਕੇ ਆ।"

"ਬਾਊ ਜੀ, ਮੇਰਾ ਬੂੰਗਾ!" ਬੜੀ ਦਰਦ ਭਰੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ।

ਬਾਬੂ ਦੀਨਾ ਨਾਥ ਨੂੰ ਉਸ ਉਤੇ ਇਕ ਤਾਂ ਅੱਠਾ ਆਨਿਆਂ ਦੇ ਖਿਡੌਣੇ ਦਾ ਗੁੱਸਾ ਸੀ, ਉਤੋਂ ਇਸ ਦਾ ਇਹ ਪਾਗਲਪੁਣਾ ਕਿ ਬਲੂੰਗੜੇ ਦੇ ਮੂੰਹ ਨਾਲ ਮੂੰਹ ਜੋੜ ਕੇ ਪਤਾ ਨਹੀਂ ਕਿੰਨੇ ਚਿਰ ਤੋਂ ਸੁੱਤਾ ਰਿਹਾ। ਉਸ ਨੇ ਇਕ ਹੌਲਾ ਜਿਹਾ ਥੱਪੜ ਜਗਦੀਸ਼ ਦੇ ਸਿਰ 'ਤੇ ਮਾਰ ਕੇ ਕਿਹਾ, "ਚੁੱਪ ਕਰਨਾ ਏ ਕਿ ਨਹੀਂ? ਬੂੰਗੇ ਦਾ ਬੱਚਾ! ਖਬਰਦਾਰ ਜੇ ਮੁੜ ਕੇ ਇਹਦਾ ਨਾਂ ਲਿਆ ਤੇ!"

ਉਮਾ ਦੇਵੀ ਪਾਸੋਂ ਮੁੰਡੇ ਦੀ ਹਾਲਤ ਦੇਖੀ ਨਾ ਗਈ। ਉਹ ਗਿੜਗਿੜਾ ਕੇ ਬੋਲੀ, "ਰਹਿਣ ਦਿਓ ਸੂ ਝਟ ਪਲ, ਕਿਉਂ ਮੁੰਡੇ ਦਾ ਦਿਲ ਤੋੜਦੇ ਓ।"

ਪਰ ਦੀਨਾ ਨਾਥ ਦੇ ਦਿਲ 'ਤੇ ਕੋਈ ਅਸਰ ਨਾ ਹੋਇਆ। ਉਹ ਬੱਚੇ ਦੀ ਸਿਹਤ ਬਦਲੇ ਸਭ ਕੁਝ ਸਹਿਣ ਨੂੰ ਤਿਆਰ ਸੀ। ਘੂਰਕ ਕੇ ਉਸ ਨੂੰ ਕਹਿਣ ਲੱਗਾ, "ਤੂੰਹੀਓ ਤੇ ਬਹੁਤਾ ਇਸ ਨੂੰ ਸਿਰੇ ਚੜ੍ਹਾ ਛੱਡਿਆ ਈ। ਤੂੰ ਮੁੰਡੇ ਨੂੰ ਜ਼ਰੂਰ ਬੀਮਾਰ ਕਰ ਕੇ ਰਹਿਣਾ ਏਂ! ਤੈਨੂੰ ਇਕ ਵਾਰੀ ਜੂ ਸਮਝਾਇਆ ਏ, ਬਿੱਲੀਆਂ-ਕੁੱਤੇ ਨਿਰਾ ਬੀਮਾਰੀ ਦਾ ਘਰ ਹੁੰਦੇ ਨੇ।" ਫਿਰ ਨੌਕਰ ਵੱਲ ਤੱਕ ਕੇ ਕਹਿਣ ਲੱਗਾ, "ਲੈ ਜਾ ਉਏ ਮੁੰਡਿਆ, ਛੱਡ ਆ ਇਸ ਨੂੰ, ਛੇਤੀ ਜਾਹ।"

ਜਗਦੀਸ਼ ਨੂੰ ਜੇ ਹੋਰ ਕਿਸੇ ਕਾਰਨ ਧੱਫਾ ਪੈਂਦਾ ਤਾਂ ਉਹ ਛੱਤ ਸਿਰ 'ਤੇ ਚੁੱਕ ਲੈਂਦਾ, ਪਰ ਇਸ ਵੇਲੇ ਉਹ ਕੁਸਕਿਆਂ ਤੱਕ ਨਾਂ। ਸਗੋਂ ਅਜਿਹੀ ਨਜ਼ਰ ਨਾਲ ਪਿਉ ਵੱਲ ਤੱਕਣ ਲੱਗਾ, ਮਾਨੋ ਉਸ ਨੇ ਕੋਈ ਬੜਾ ਭਾਰੀ ਕਸੂਰ ਕੀਤਾ ਹੈ। ਉਸ ਨੇ ਆਪਣੇ ਪਿਆਰੇ ਬਲੂੰਗੜੇ ਲਈ ਸ਼ਹਿਰ ਨਿਕਾਲੇ ਦਾ ਹੁਕਮ ਸੁਣਿਆ ਤੇ ਕਲੇਜਾ ਮਸੋਸ ਕੇ ਰਹਿ ਗਿਆ। ਬਲੂੰਗੜੇ ਨੂੰ ਉਸ ਨੇ ਇਕ ਵਾਰੀ ਨਜ਼ਰ ਭਰ ਕੇ ਵੇਖਣਾ ਚਾਹਿਆ, ਪਰ ਸਿਰ 'ਤੇ ਪਿਉ ਨੂੰ ਖੜ੍ਹਾ ਵੇਖ ਕੇ ਅੱਖਾਂ ਨਾ ਚੁੱਕ ਸਕਿਆ। ਅਖੀਰ ਜਦ ਸਾਰਾ ਤਾਣ ਲਾ ਕੇ ਉਸ ਨੇ ਨਜ਼ਰ ਫੇਰੀ ਵੀ, ਤਾਂ ਉਸ ਦਾ ਬਲੂੰਗੜਾ ਉਥੇ ਨਹੀਂ ਸੀ। ਉਸ ਦੇ ਪ੍ਰੇਮ ਨੂੰ ਹੋਤਾ ਨੇ ਦੂਰ ਪਹੁੰਚਾ ਦਿੱਤਾ ਸੀ।

ਸਾਰਾ ਦਿਨ ਜਗਦੀਸ਼ ਉਦਾਸ ਰਿਹਾ। ਘੜੀ ਮੁੜੀ ਕਿਸੇ ਬਹਾਨੇ ਗਲੀ ਦਾ ਮੋੜ ਭਉਂ ਕੇ ਬਾਜ਼ਾਰ ਦੇ ਸਿਰੇ ਤੀਕ ਜਾਂਦਾ ਤੇ ਜਿਥੇ ਤਕ ਨਜ਼ਰ ਜਾਂਦੀ, ਬਾਜ਼ਾਰ ਦੇ ਦੁਹਾਂ ਸਿਰਿਆਂ ਨੂੰ ਵੇਖਦਾ। ਪਰ ਹਰ ਵਾਰੀ ਉਸ ਨੂੰ ਨਿਰਾਸ਼ ਹੀ ਮੁੜਨਾ ਪੈਂਦਾ।

ਜਗਦੀਸ਼ ਨੂੰ ਪੱਕਾ ਵਿਸ਼ਵਾਸ ਸੀ ਕਿ ਰਾਤ ਨੂੰ ਉਸ ਦਾ ਬਲੂੰਗੜਾ ਕੱਲ੍ਹ ਵਾਂਗ ਆ ਨਿਕਲੇਗਾ। ਕੱਲ੍ਹ ਦੀ ਬਾਬਤ ਉਸ ਨੂੰ ਘੜੀ ਮੁੜੀ ਅਫਸੋਸ ਹੁੰਦਾ ਕਿ ਉਹ ਕਿਉਂ ਨਾ ਜਾਗਦਾ ਰਿਹਾ, ਤਾਂ ਜੁ ਜਿੰਨਾ ਚਿਰ ਬਲੂੰਗੜਾ ਉਸ ਦੇ ਨਾਲ ਰਿਹਾ ਸੀ, ਉਹ ਰੱਜ ਕੇ ਉਸ ਨੂੰ ਪਿਆਰ ਤਾਂ ਕਰ ਲੈਂਦਾ। ਅਖੀਰ ਫੈਸਲਾ ਕਰ ਲਿਆ ਕਿ ਅੱਜ ਸਾਰੀ ਰਾਤ ਨਹੀਂ ਸਵਾਂਗਾ।

ਜ਼ਰਾ ਕੁ ਅੱਖ ਲੱਗਣ ਲਗਦੀ ਤਾਂ ਉਹ ਝਟ ਪਟ ਸੁਚੇਤ ਹੋ ਜਾਂਦਾ ਤੇ ਮੁੜ ਮੁੜ ਬਿਸਤਰੇ ਦੇ ਸੱਜੇ ਖੱਬੇ ਹਥ ਮਾਰਦਾ ਤੇ ਕਦੇ ਕਮਰੇ ਵਿਚ ਨਜ਼ਰ ਦੁੜਾਂਦਾ। ਸੁਤਿਆਂ ਕਿਸੇ ਵੇਲੇ ਉਸ ਦੇ ਕੰਨਾਂ ਨੂੰ 'ਮਿਆਊਂ' ਦਾ ਭਰਮ ਜਿਹਾ ਪੈਂਦਾ ਤੇ ਉਹ ਝਟ ਉਠ ਕੇ ਬੈਠ ਜਾਂਦਾ। ਜਦ ਉਸ ਨੂੰ ਸਮਝ ਆਉਂਦੀ ਕਿ ਇਹ ਤਾਂ ਕੋਈ ਟਿੰਡੀ ਟੀਂ ਟੀਂ ਕਰ ਰਹੀ ਹੈ, ਜਾਂ ਉਸ ਦੇ ਸੁਤੇ ਹੋਏ ਬਾਬੂ ਜੀ ਦੇ ਸਾਹ ਲੈਣ ਦੀ ਆਵਾਜ਼ ਹੈ। ਉਸ ਦੀ ਇਹ ਰਾਤ ਬੜੀ ਬੇਆਰਾਮੀ ਨਾਲ ਬੀਤੀ।

*(4)*

ਵੱਡੇ ਵੇਲੇ ਜਗਦੀਸ਼ ਨਾ ਜਾਗਿਆ ਤੇ ਉਮਾ ਦੇਵੀ ਨੇ ਜਦ ਉਸ ਨੂੰ ਜਗਾਇਆ ਤਾਂ ਪਤਾ ਲੱਗਾ ਕਿ ਜਗਦੀਸ਼ ਨੂੰ ਪੰਜ ਭੱਠ ਬੁਖਾਰ ਚੜ੍ਹਿਆ ਹੋਇਆ ਹੈ।

ਬਾਬੂ ਦੀਨਾ ਨਾਥ ਅੱਜ ਦਫਤਰ ਵਿਚ ਬੇਚੈਨ ਜਿਹਾ ਰਿਹਾ। ਉਸ ਨੂੰ ਮੁੜ ਮੁੜ ਕੇ ਇਹੋ ਖਿਆਲ ਆਉਂਦਾ ਕਿ ਮੁੰਡੇ ਨੂੰ ਭਾਵੇਂ ਬਲੂੰਗੜੇ ਨੇ ਹੀ ਬੀਮਾਰ ਕਰ ਦਿੱਤਾ ਹੋਵੇ। ਉਮਾ ਦੇਵੀ ਉਤੇ ਉਸ ਨੂੰ ਘੜੀ ਮੁੜੀ ਗੁੱਸਾ ਆਉਂਦਾ। ਉਹ ਦਿਲ ਵਿਚ ਕਹਿੰਦਾ, ਇਸ ਨੂੰ ਹਜ਼ਾਰ ਵੇਰਾਂ ਸਮਝਾ ਚੁਕਾ ਸਾਂ ਕਿ ਬਿੱਲੀਆਂ ਦੇ ਨੱਕ ਮੂੰਹ ਦੀ ਗੰਦੀ ਹਵਾ ਬੜੀ ਖਤਰਨਾਕ ਹੁੰਦੀ ਹੈ, ਮੁੰਡੇ ਨੂੰ ਇਨ੍ਹਾਂ ਨਾਲ ਨਾ ਖੇਡਣ ਦਿਆ ਕਰੇ, ਪਰ ਇਸ ਬੇ-ਸਮਝ ਤੀਵੀਂ ਨੇ ਇਕ ਨਾ ਸੁਣੀ। ਨਾ ਜਾਣੀਏ ਬਲੂੰਗੜੇ ਦਾ ਕੋਈ ਵਾਲ ਮੁੰਡੇ ਦੇ ਅੰਦਰ ਚਲਾ ਗਿਆ ਹੋਵੇ, ਮੂੰਹ ਨਾਲ ਮੂੰਹ ਲਾਈ ਤਾਂ ਮੈਂ ਉਸ ਨੂੰ ਆਪ ਵੇਖਿਆ ਸੀ।

ਬਾਬੂ ਦੀਨਾ ਨਾਥ ਅੱਜ ਵਕਤ ਤੋਂ ਪਹਿਲਾਂ ਹੀ ਦਫਤਰੋਂ ਆ ਗਿਆ। ਜਗਦੀਸ਼ ਬੁਖਾਰ ਨਾਲ ਬੇਸੁਰਤ ਪਿਆ ਸੀ। ਦੀਨਾ ਨਾਥ ਘੜੀ ਮੁੜੀ ਉਮਾ ਦੇਵੀ ਨੂੰ ਛਿੱਥਾ ਪਾਉਂਦਾ ਤੇ ਉਹ ਵਿਚਾਰੀ ਸਿਰ ਨੀਵਾਂ ਪਾ ਲੈਂਦੀ।

ਬੁਖਾਰ ਦਿਨੋ-ਦਿਨ ਭਿਆਨਕ ਸ਼ਕਲ ਫੜਦਾ ਗਿਆ। ਅਖੀਰ ਦੀਨਾ ਨਾਥ ਨੂੰ ਦਫਤਰੋਂ ਕੁਝ ਦਿਨਾਂ ਦੀ ਛੁੱਟੀ ਲੈਣੀ ਪਈ।

*(5)*

ਸਿਆਲ ਦੀਆਂ ਲੰਮੀਆਂ ਰਾਤਾਂ ਔਖਾਂ ਵਿਚ ਤੇ ਦਿਨ ਨੱਠੋ-ਭੱਜੀ ਵਿਚ ਬਿਤਾਇਆਂ ਪੂਰੇ ਤਿੰਨ ਹਫਤੇ ਹੋ ਗਏ, ਪਰ ਜਗਦੀਸ਼ ਨੇ ਮੰਜੇ ਦੀ ਸਾਂਝ ਨਾ ਛੱਡੀ। ਉਮਾ ਦੇਵੀ ਜਦ ਉਸ ਨੂੰ ਵੇਖਦੀ ਤਾਂ ਉਸ ਦਾ ਦਿਲ ਰੋ ਉਠਦਾ, ਜਗਦੀਸ਼ ਵਿਚ ਹੁਣ ਬੋਲਣ ਚਾਲਣ ਦੀ ਵੀ ਸਮਰੱਥਾ ਨਹੀਂ ਸੀ। ਉਸ ਦੇ ਮਘਦੇ ਬੁੱਲ੍ਹਾਂ ਨਾਲ ਬੁਲ੍ਹ ਜੋੜੀ ਉਮਾ ਦੇਵੀ ਕਿੰਨਾ ਚਿਰ ਅੱਥਰੂਆਂ ਨਾਲ ਉਸ ਦਾ ਮੂੰਹ ਧੋਂਦੀ ਰਹਿੰਦੀ ਤੇ ਅੱਥਰੂ ਜਗਦੀਸ਼ ਦੇ ਬੁੱਲ੍ਹਾਂ 'ਚੋਂ ਆ ਰਹੇ ਸੇਕ ਨਾਲ ਗਰਮ ਹੋ ਜਾਂਦੇ।

ਦੀਨ ਨਾਥ ਤਾਂ ਮਾਨੋਂ ਪਾਗਲ ਹੀ ਹੋਇਆ ਫਿਰਦਾ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਏਨੀ ਛੇਤੀ ਇਹ ਕੀ ਭਾਣਾ ਵਰਤ ਗਿਆ ਹੈ। ਉਸ ਨੂੰ ਸਹੇ ਛੱਡ ਪਹੇ ਦੀ ਪੈ ਗਈ ਸੀ। ਜਗਦੀਸ਼ ਦੇ ਨਾਲ ਹੀ ਉਮਾ ਦੇਵੀ ਦੀ ਜਾਨ ਵੀ, ਉਸ ਨੂੰ ਖਤਰੇ ਵਿਚ ਦਿਸ ਰਹੀ ਸੀ, ਜਿਸ ਨੇ ਕਈਆਂ ਦਿਨਾਂ ਤੋਂ ਅੰਨ ਦਾ ਭੋਰਾ ਨਹੀਂ ਸੀ ਛੋਹਿਆ। ਦੀਨਾ ਨਾਥ ਦੀ ਫੁਲਵਾੜੀ ਫੁੱਲਾਂ ਸਣੇ ਮੁਰਝਾ ਰਹੀ ਸੀ।


*(6)*

ਦੋਹਾਂ ਪਤੀ-ਪਤਨੀ ਲਈ ਅੱਜ ਰਾਤ ਖਾਸ ਤੌਰ 'ਤੇ ਡਾਢੀ ਮੁਸੀਬਤ ਦੀ ਸੀ, ਜਦ ਕਿ ਸ਼ਾਮ ਨੂੰ ਡਾਕਟਰ ਜਾਂਦਾ ਹੋਇਆ ਉਨ੍ਹਾਂ ਨੂੰ ਕਹਿ ਗਿਆ ਸੀ ਕਿ ਅੱਜ ਮੁੰਡੇ ਦਾ ਖਾਸ ਖਿਆਲ ਰੱਖਣਾ, ਜੇ

(ਅਗਲੇ ਸਫੇ 'ਤੇ ਜਾਰੀ)

# ਪਾਸਵਾਨ ਅਤੇ ਬਿਸ਼ਪ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਬਹੁਤੇ ਲੋਕ ਪਾਸਵਾਨ ਨੂੰ ਬਿਹਾਰ ਦੇ ਇੱਕ ਸਿਆਸਤਦਾਨ ਰਾਮ ਵਿਲਾਸ ਪਾਸਵਾਨ ਦੇ ਉਪ-ਨਾਂ ਵਜੋਂ ਜਾਣਦੇ ਹਨ। ਇਸ ਨੇ ਲੋਕ ਜਨਸ਼ਕਤੀ ਨਾਂ ਦੀ ਪਾਰਟੀ ਬਣਾਈ ਹੋਈ ਹੈ। ਅੱਜ ਕਲ੍ਹ ਇਹ ਕੇਂਦਰ ਵਿਚ ਖੁਰਾਕ ਮੰਤਰੀ ਹੈ। ਇਸ ਨੂੰ ਪੌਣ-ਕੁੱਕੜ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਚੋਣਾਂ ਤੋਂ ਪਹਿਲਾਂ ਲੋਕ ਰਾਇ ਦੀ ਹਵਾ ਦਾ ਰੁੱਖ ਭਾਂਪ ਕੇ ਦਲ ਬਦਲ ਲੈਂਦਾ ਹੈ। ਹੁਣ ਤਾਂ ਇਸ ਦਾ ਲੜਕਾ ਚਿਰਾਗ ਪਾਸਵਾਨ ਵੀ ਰਾਜਨੀਤੀ ਵਿਚ ਪੈਰ ਧਰਨ ਲੱਗਾ ਹੈ।

ਪਾਸਵਾਨ ਦਰਅਸਲ ਇੱਕ ਦਲਿਤ ਜਾਤੀ ਦੁਸਾਧ ਦਾ ਉਪ-ਨਾਂ ਵੀ ਹੈ ਤੇ ਇਸ ਜਾਤੀ ਦਾ ਸ਼ਾਬਦਿਕ ਅਰਥ ਬਣਿਆ, ਭੈੜਾ (ਦੁਸ਼) ਖਾਣਾ (ਆਦ) ਖਾਣ ਵਾਲੇ। ਕਿਹਾ ਜਾਂਦਾ ਹੈ ਕਿ ਇਹ ਸੂਰ ਦਾ ਮਾਸ ਖਾਇਆ ਕਰਦੇ ਸਨ। ਮੁਗਲ ਹਕੂਮਤਾਂ ਸਮੇਂ ਇਨ੍ਹਾਂ ਨੂੰ ਦੁਸਾਧ (ਅਜਿੱਤ) ਸਮਝਦਿਆਂ ਅੰਗ-ਰੱਖਿਅਕਾਂ ਅਤੇ ਚੌਕੀਦਾਰੀ ਦਾ ਕੰਮ ਦਿੱਤਾ ਗਿਆ। ਮੁਗਲ ਕਾਲ ਸਮੇਂ ਦਰਬਾਰੀ ਭਾਸ਼ਾ ਫਾਰਸੀ ਸੀ, ਇਸ ਲਈ ਇਨ੍ਹਾਂ



ਰਾਮ ਵਿਲਾਸ ਪਾਸਵਾਨ

ਸੂਚਕ ਵੀ ਹੋ ਗਿਆ ਹੈ। ਇਸ ਜਾਤੀ ਦੇ ਬਹੁਤੇ ਲੋਕ ਬਿਹਾਰ ਵਿਚ ਰਹਿੰਦੇ ਹਨ, ਪਰ ਇਹ ਨਾਲ ਲਗਦੇ ਪ੍ਰਾਂਤਾਂ ਉਤਰ ਪ੍ਰਦੇਸ਼, ਝਾੜਖੰਡ, ਉਤਰਾਖੰਡ, ਮੱਧ ਪ੍ਰਦੇਸ਼ ਵਿਚ ਵੀ ਖਾਸੀ ਗਿਣਤੀ ਵਿਚ ਪਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਪਾਸਵਾਨ ਬਹੁਤ ਲੜਾਕੇ ਰਹੇ ਹਨ ਅਤੇ ਈਸਟ ਇੰਡੀਆ ਕੰਪਨੀ ਵਲੋਂ ਲੜਦੇ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਦਿੱਲੀ ਅਤੇ ਰਾਜਸਥਾਨ ਤੋਂ ਪਰਵਾਸ ਕਰਕੇ ਹੋਰ ਰਾਜਾਂ ਵਿਚ ਗਏ। ਇਹ ਸ਼ੁਰੂ ਵਿਚ ਰਾਜਪੂਤ ਸਨ ਪਰ ਇਤਿਹਾਸਕ ਕਾਰਨਾਂ ਕਰਕੇ ਇਨ੍ਹਾਂ ਦਾ ਸਮਾਜਕ ਦਰਜਾ ਡਿਗਦਾ ਗਿਆ ਤੇ ਅੰਤ ਦਲਿਤ ਹੀ ਬਣ ਕੇ ਰਹਿ ਗਏ। ਪਿੰਡਾਂ ਵਿਚ ਇਹ ਚੌਕੀਦਾਰੀ ਦਾ ਕੰਮ ਕਰਦੇ ਰਹੇ ਹਨ। ਭਾਰਤ ਵਿਚ ਕਈ ਜਾਤੀਆਂ ਦੀ ਇਸ ਤਰ੍ਹਾਂ ਅਵਨਤੀ ਹੁੰਦੀ ਰਹੀ ਹੈ। ਉਂਜ ਅੱਜ ਪਾਸਵਾਨ ਜੀਵਨ ਦੇ ਕਈ ਖੇਤਰਾਂ ਵਿਚ ਖੂਬ ਮੱਲਾਂ ਮਾਰ ਰਹੇ ਹਨ।

ਦੁਸਾਧ ਸੰਸਕ੍ਰਿਤ ਦੁਸਾਧਯ ਤੋਂ ਬਣਿਆ ਦੱਸਿਆ ਜਾਂਦਾ ਹੈ, ਜਿਸ ਦਾ ਅਰਥ ਹੈ, ਜਿਸ ਨੂੰ ਜਿੱਤਿਆ ਨਹੀਂ ਜਾ ਸਕਦਾ। ਇੱਕ ਹੋਰ ਵਿਉਤਪਤੀ ਅਨੁਸਾਰ ਇਹ ਦੁਸ਼-ਆਦ ਤੋਂ ਬਣਿਆ ਹੈ, ਜਿਸ ਦਾ ਨਾਂ ਪਾਸਵਾਨ ਪਿਆ। ਗੌਰਤਲਬ ਹੈ ਕਿ ਫਾਰਸੀ ਸ਼ਬਦ ਪਾਸਬਾਨ ਦਾ ਅਰਥ ਹੈ-ਰਖਵਾਲਾ, ਚੌਕੀਦਾਰ, ਪਹਿਰੇਦਾਰ, ਨਿਗਾਹਬਾਨ। ਪੰਜਾਬੀ ਵਿਚ ਕਿਧਰੇ ਕਿਧਰੇ ਪਾਸਬਾਨ ਸ਼ਬਦ ਚੌਕੀਦਾਰ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ, ਜਿਵੇਂ ਪਾਸ਼ ਦੀਆਂ ਇਨ੍ਹਾਂ ਸਤਰਾਂ ਵਿਚ,

ਝੁੱਗੀਏ ਨੀ ਹੁਣ ਪਾਸਬਾਨ ਤੇਰੇ ਜਾਗ ਪਏ,
ਜਾਗੇ ਤੇਰੇ ਖੇਤ ਤੇ ਕਿਸਾਨ ਤੇਰੇ ਜਾਗ ਪਏ।

ਪਾਸਬਾਨ ਦੀ 'ਬ' ਧੁਨੀ 'ਵ' ਵਿਚ ਵਟ ਗਈ। ਪਾਸਬਾਨ ਸ਼ਬਦ ਬਣਿਆ ਹੈ, ਫਾਰਸੀ ਪਾਸ+ਬਾਨ ਤੋਂ। ਫਾਰਸੀ 'ਪਾਸ' ਵਿਚ ਦੇਖਣ, ਨਿਗਾਹ ਮਾਰਨ, ਤਾੜਨ ਦੇ ਭਾਵ ਹਨ। ਕਿਸੇ ਵੱਲ ਵਿਸ਼ੇਸ਼ ਤੌਰ 'ਤੇ ਦੇਖਿਆ ਜਾਵੇ ਤਾਂ ਉਸ ਵੱਲ ਸੁਵੱਲੀ ਨਜ਼ਰ ਹੋ ਜਾਂਦੀ ਹੈ, ਇਸ ਲਈ ਪਾਸ ਦਾ ਅਰਥ ਲਿਹਾਜਦਾਰੀ ਜਾਂ ਤਰਫਦਾਰੀ ਵੀ ਹੈ। ਫਾਰਸੀ ਪਾਸਦਾਰ ਅਤੇ ਪਾਸੀ ਦਾ ਅਰਥ ਵੀ ਚੌਕੀਦਾਰ, ਪਹਿਰੇਦਾਰ ਹੈ। ਫਾਰਸੀ ਪਾਸ ਦਾ ਜੇਂਦ ਤੇ ਪਹਿਲਵੀ ਰੂਪ 'ਸਪਾਸ' ਹੈ, ਜਿਸ ਵਿਚ ਦੇਖਣ ਦੇ ਭਾਵ ਹਨ। ਇਸ ਤੋਂ ਸਿਪਾਹ ਤੇ ਫਿਰ ਸਿਪਾਹੀ ਸ਼ਬਦ ਬਣੇ ਹਨ। ਇਸ ਤਰ੍ਹਾਂ ਮੂਲ ਰੂਪ ਵਿਚ ਸਿਪਾਹੀ ਉਹੀ ਹੈ, ਜੋ ਸਾਡੇ ਜਾਨ ਮਾਲ ਦੀ ਰਾਖੀ ਕਰਦਾ ਹੈ। ਫੌਜ ਦਾ ਸਿਪਾਹੀ ਦੁਸ਼ਮਣ ਨਾਲ ਆਢਾ ਲੈਂਦਾ ਹੈ ਤੇ ਪੁਲਿਸ ਦਾ ਸਿਪਾਹੀ ਅਪਰਾਧੀਆਂ ਦੀ ਨਿਗਾਹਬਾਨੀ ਕਰਦਾ ਹੈ। ਦੇਸ਼ ਦੇ ਸਿਪਾਹੀ ਨੂੰ ਦੇਸ਼ ਦੇ ਰਾਖੇ ਵੀ ਕਿਹਾ ਜਾਂਦਾ ਹੈ।

ਪੁਰਾਣੀ ਫਾਰਸੀ ਸਪਾਸ ਦੇ ਟਾਕਰੇ ਸੰਸਕ੍ਰਿਤ 'ਪਸ਼' ਸ਼ਬਦ ਹੈ, ਜਿਸ ਵਿਚ ਦੇਖਣ, ਤੱਕਣ, ਨਿਗਾਹ ਮਾਰਨ, ਤਾੜਨ ਦੇ ਭਾਵ ਹਨ। ਸੰਸਕ੍ਰਿਤ ਸਪਸ਼ ਦਾ ਮਤਲਬ ਜਾਸੂਸ, ਦਰਸ਼ਕ ਆਦਿ ਹੁੰਦਾ ਹੈ। ਗੁਰੂ ਅਰਜਨ ਦੇਵ ਨੇ 'ਦੇਖੇ' ਦੇ ਅਰਥਾਂ ਵਿਚ 'ਪਸੇ' ਸ਼ਬਦ ਵਰਤਿਆ ਹੈ, 'ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰੁ॥' ਭਾਵ ਮੇਰਾ ਪਤੀ ਪਰਮਾਤਮਾ ਮੇਰੇ ਦਿਲ ਵਿਚ ਹੈ, ਮੈਂ ਉਸ ਨੂੰ ਕਿਵੇਂ ਦੇਖਾਂ? ਹੋਰ ਦੇਖੋ, 'ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ॥' (ਗੁਰੂ ਅਮਰ ਦਾਸ)। 'ਪਸਣ' ਸ਼ਬਦ ਵੀ ਦੇਖਣ ਦੇ ਅਰਥਾਂ ਵਿਚ ਆਇਆ ਹੈ, 'ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ॥' (ਗੁਰੂ ਅਰਜਨ ਦੇਵ)

ਪਾਸਬਾਨ ਅਤੇ ਸਿਪਾਹੀ ਦੇ ਸਕੇ ਸੰਬੰਧੀ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਖੂਬ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'Spek' ਕਲਪਿਆ ਗਿਆ ਹੈ, ਜਿਸ ਵਿਚ ਦੇਖਣ, ਤਾੜਨ, ਅਵਲੋਕਣ ਦੇ ਭਾਵ ਹਨ। ਅੰਗਰੇਜ਼ੀ ਦਾ ਸਭ ਤੋਂ ਜਾਣਿਆ ਪਛਾਣਿਆ ਸ਼ਬਦ Inspect, ਜਿਸ ਦਾ ਅਰਥ ਪੜਖਿਆ ਲੈਣਾ, ਦੇਖਣਾ ਆਦਿ ਹੁੰਦਾ ਹੈ, ਵਿਚ ਇਹ ਮੂਲ ਝਾਕਦਾ ਹੈ। ਇਹ ਲਾਤੀਨੀ Inspectus ਤੋਂ ਅੰਗਰੇਜ਼ੀ ਵਿਚ ਗਿਆ। ਇਸ ਵਿਚ ਦੇਖਣ ਦੇ ਭਾਵ ਹਨ।

ਪਿਛੇ ਜ਼ਿਕਰ ਕੀਤਾ ਹੈ ਕਿ ਸੰਸਕ੍ਰਿਤ ਸਪਸ਼ ਦਾ ਅਰਥ ਜਾਸੂਸ ਵੀ ਹੁੰਦਾ ਹੈ। ਦਿਲਚਸਪ ਹੈ ਕਿ ਇਸ ਦਾ ਸਜਾਤੀ ਅੰਗਰੇਜ਼ੀ ਸ਼ਬਦ Spy ਅਤੇ Espy ਵਿਚ ਵੀ ਜਾਸੂਸੀ ਦੇ ਭਾਵ ਹਨ। ਅੰਗਰੇਜ਼ੀ Expect ਵਿਚ ਵੀ ਦੇਖਣ, ਤੱਕਣ ਦਾ ਹੀ ਆਸ਼ਾ ਹੈ, ਜੋ ਅੰਤਿਮ ਤੌਰ 'ਤੇ ਲਾਤੀਨੀ ਪਿਛੋਕੜ ਦਾ ਹੈ। ਇਥੇ Spectre, Spectacle, Speculation ਸ਼ਬਦ ਵੀ ਢੁਕਦੇ ਹਨ, ਕਿਉਂਕਿ ਸਭ ਵਿਚ ਤੱਕਣ ਦੀ ਸਾਂਝ ਹੈ।

ਲਾਤੀਨੀ ਵਲੋਂ ਆਏ ਸ਼ਬਦ Respect ਵਿਚ ਵੀ ਕਿਸੇ ਵੱਲ ਉਚੀਆਂ ਨਜ਼ਰਾਂ ਨਾਲ ਦੇਖਣ ਵਾਲੀ ਭਾਵਨਾ ਹੈ, ਜਦ ਕਿ Suspect ਵਿਚ ਸ਼ੱਕ ਦੀਆਂ ਨਜ਼ਰਾਂ ਹਨ। ਲਾਤੀਨੀ ਵਲੋਂ ਆਏ Species (ਉਪਜਾਤੀ) ਵਿਚ ਪਹਿਲਾਂ ਖਾਸ ਕਿਸਮ, ਪ੍ਰਕਾਰ ਦੇ ਭਾਵ ਸਨ। ਮੁਢਲੇ ਤੌਰ 'ਤੇ ਇਸ ਵਿਚ ਦੇਖਣ ਵਿਚ ਕਿਹੋ ਜਿਹਾ, ਸ਼ਕਲ, ਮਾਨਸਿਕ ਦ੍ਰਿਸ਼, ਛਾਤੀ, ਚਿਤਵਣ, ਝਾਕੀ, ਮੁਹਾਂਦਰਾ, ਮੁਹਾਂਦਰਾ, ਮੁਤੰਗ ਜਿਹੇ ਅਰਥ ਸਨ। ਇਥੋਂ ਹੀ ਵਿਸ਼ੇਸ਼ ਪ੍ਰਜਾਤੀ ਦੇ ਭਾਵ ਵਿਕਸਿਤ ਹੋਏ। ਇਸ ਦੇ ਨਾਲ ਹੀ ਜੁੜਦਾ ਹੈ, ਮਸਾਲੇ ਦੇ ਅਰਥ ਵਾਲਾ ਸ਼ਬਦ Spice. ਲਾਤੀਨੀ ਵਿਚ ਇਸ ਦੇ ਪੁਰਾਣੇ ਅਰਥ ਪ੍ਰਕਾਰ, ਕਿਸਮ ਹੀ ਸਨ, ਜਿਸ ਤੋਂ ਵਿਕਸਿਤ ਹੁੰਦੇ ਇਸ ਦੇ ਅਰਥ ਬਣੇ ਚੀਜ਼ਾਂ ਵਸਤਾਂ, ਮਸਾਲੇ।

ਗਰੀਕ ਵਲੋਂ Scope ਨਾਲ ਜੁੜਦੇ ਸ਼ਬਦ ਅੰਗਰੇਜ਼ੀ ਤੇ ਹੋਰ ਯੂਰਪੀ ਭਾਸ਼ਾਵਾਂ ਵਿਚ ਦਾਖਲ ਹੋਏ। ਗਰੀਕ Skopos ਦਾ ਅਰਥ ਸੀ, ਧਿਆਨਯੋਗ ਜਾਂ ਦੇਖਣਯੋਗ ਚੀਜ਼, ਨਿਸ਼ਾਨਾ ਆਦਿ। ਇਸ ਤੋਂ ਅਰਥ ਪਸਾਰਾ ਹੋਇਆ-ਵਿਸ਼ਾਲ ਨਜ਼ਾਰਾ, ਨਿਸ਼ਾਨਾ ਆਦਿ। ਬਹੁਤ ਸਾਰੇ ਸ਼ਬਦਾਂ ਵਿਚ Scope ਸ਼ਬਦ ਇਕ ਪਿਛੇਤਰ ਵਜੋਂ ਆਉਂਦਾ ਹੈ, ਜਿਸ ਵਿਚ ਦੇਖਣ ਵਾਲੀ ਗੱਲ ਹੀ ਹੈ ਜਿਵੇਂ Microscope, Telescope ਆਦਿ। ਅਸੀਂ ਇਸ ਨੂੰ ਦਰਸ਼ੀ ਵਜੋਂ ਅਨੁਵਾਦਦੇ ਹਾਂ ਜਿਵੇਂ ਮਾਈਕਰੋਸਕੋਪ ਹੈ, ਸੂਖਮਦਰਸ਼ੀ।



ਬਿਸ਼ਪ

ਪਾਸਵਾਨ ਸ਼ਬਦ ਨਾਲ ਅੰਗਰੇਜ਼ੀ ਵਿਚ ਸੰਬੰਧਤ ਸਭ ਤੋਂ ਰੌਚਕ ਸ਼ਬਦ ਹੈ, ਇਸਾਈ ਧਰਮ ਦਾ ਬਿਸ਼ਪ (Bishop). ਅਸੀਂ ਪਿਛੇ ਪਾਸਬਾਨ ਦਾ ਜ਼ਿਕਰ ਕਰ ਆਏ ਹਾਂ। ਪੰਜਾਬੀ ਵਿਚ ਬਾਈਬਲ ਦੇ ਇੱਕ ਅਨੁਵਾਦ ਵਿਚ ਬਿਸ਼ਪ ਦੇ ਟਾਕਰੇ 'ਤੇ ਪੰਜਾਬੀ ਪਾਸਬਾਨ ਸ਼ਬਦ ਮਿਲਦਾ ਹੈ। ਬਿਸ਼ਪ ਦਾ ਮਤਲਬ ਹੁੰਦਾ ਹੈ-ਨਿਗਾਹਬਾਨ, ਨਜ਼ਰਸਾਨੀ ਕਰਨ ਵਾਲਾ। ਇਸਾਈ ਧਰਮ ਵਿਚ ਬਿਸ਼ਪ, ਐਲਡਰ (Elder) ਅਤੇ Presbyter ਇੱਕੋ ਅਰਥ ਵਿਚ ਵਰਤੇ ਗਏ ਹਨ, ਜਿਨ੍ਹਾਂ ਨੂੰ ਨਿਗਾਹਬਾਨ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਬਿਸ਼ਪ ਗਰੀਕ ਭਾਸ਼ਾ ਦਾ ਸ਼ਬਦ ਹੈ। ਬਿਸ਼ਪ ਦੇ ਮੁਖ ਕਰਤੱਵ ਸੰਗਤਾਂ ਦੀ ਰੂਹਾਨੀਅਤ ਦੀ ਦੇਖ-ਰੇਖ ਕਰਨਾ, ਉਨ੍ਹਾਂ ਨੂੰ ਪੜ੍ਹਾਉਣਾ, ਬੀਮਾਰਾਂ ਦੀ ਤੀਮਾਰਦਾਰੀ ਕਰਨਾ, ਪੁੰਨ ਦਾਨ ਵਾਲੇ ਕੰਮ ਨਿਭਾਉਣੇ ਆਦਿ ਹਨ।

ਬਿਸ਼ਪ ਸ਼ਬਦ ਦਾ ਪਹਿਲਾ ਰੂਪ ਸੀ Episkopos ਜਿਸ ਦਾ ਅਰਥ ਦੇਖ-ਰੇਖ ਕਰਨ ਵਾਲਾ, ਨਿਗਾਹਬਾਨ, ਨਿਗਰਾਨ, ਪਾਸਬਾਨ ਹੈ। ਪਹਿਲਾਂ ਪਹਿਲ ਇਹ ਸ਼ਬਦ ਸਰਕਾਰੀ ਅਧਿਕਾਰੀਆਂ ਲਈ ਵਰਤਿਆ ਜਾਂਦਾ ਸੀ, ਪਰ ਪਿਛੋਂ ਇਸਾਈ ਧਰਮ ਵਿਚ ਪ੍ਰਵੇਸ਼ ਪਾ ਕੇ ਵਿਸ਼ੇਸ਼ ਅਰਥਾਂ ਦਾ ਧਾਰਨੀ ਹੋ ਗਿਆ। ਇਹ ਬਣਿਆ ਹੈ Epi+Skopos ਤੋਂ। Epi ਦਾ ਮਤਲਬ ਹੈ, ਉਪਰ ਅਤੇ ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, Skopos ਦਾ ਅਰਥ ਹੈ, ਦੇਖਣਾ। ਸੋ, ਸ਼ਬਦ ਦਾ ਪੂਰਾ ਅਰਥ ਬਣਿਆ-ਦੇਖਣ ਵਾਲਾ, ਨਿਗਾਹਬਾਨ, ਪਾਸਬਾਨ। Episkopos ਸ਼ਬਦ ਵਿਚਲਾ ਮੁਢਲਾ ਉਚਾਰਖੰਡ 'ਐਪਿ' ਹੌਲੀ ਹੌਲੀ 'ਬਿ' ਵਿਚ ਬਦਲ ਗਿਆ, ਆਖਰੀ ਪੋਸ ਵਿਚੋਂ os ਉਡ ਗਿਆ ਤੇ ਸ਼ਬਦ Biscop ਬਣਨ ਪਿਛੋਂ ਬਿਸ਼ਪ 'ਤੇ ਅਟਕ ਗਿਆ। ਪਾਠਕ ਨੋਟ ਕਰਨ ਕਿ ਪਾਸਬਾਨ ਦਾ 'ਪਾਸ' ਅਤੇ ਬਿਸ਼ਪ ਦਾ 'Skopo' ਸਜਾਤੀ ਜੁਜ਼ ਹਨ।

---

# ਵੱਡਾ ਡਾਕਟਰ

(ਪਿਛਲੇ ਸਫੇ ਦੀ ਬਾਕੀ)

ਰਾਤ ਸੁੱਖ ਸਾਂਦ ਦੀ ਲੰਘ ਗਈ ਤਾਂ ਵੱਡੇ ਵੇਲੇ ਸਵੇਰੇ ਹੀ ਮੈਨੂੰ ਖਬਰ ਕਰਨੀ।

ਦੋਹਾਂ ਨੇ ਬੈਠਿਆਂ ਤਿੰਨ ਪਹਿਰ ਬਿਤਾ ਦਿੱਤੇ। ਦੀਨਾ ਨਾਥ ਬਥੇਰੀ ਕੋਸ਼ਿਸ਼ ਕਰਦਾ ਕਿ ਜਗਦੀਸ਼ ਨੂੰ ਲੈ ਲਵੇ, ਪਰ ਉਮਾ ਦੇਵੀ ਇਕ ਮਿੰਟ ਲਈ ਵੀ ਉਸ ਨੂੰ ਆਪਣੀ ਗੋਦ ਤੋਂ ਵੱਖ ਨਹੀਂ ਸੀ ਕਰਨਾ ਚਾਹੁੰਦੀ। ਉਹ ਬਰਾਬਰ ਉਸ ਦੇ ਚਿਹਰੇ 'ਤੇ ਨਜ਼ਰ ਟਿਕਾਈ ਬੈਠੀ ਰਹੀ ਅਤੇ ਇਸੇ ਬੈਠਕ ਵਿਚ ਉਸ ਨੇ ਰਾਤ ਤੋਂ ਪ੍ਰਭਾਤ ਕਰ ਦਿੱਤੀ। ਜਗਦੀਸ਼ ਨੂੰ ਅੱਖ ਪੁੱਟਿਆਂ ਚੌਵੀ ਘੰਟੇ ਹੋ ਗਏ ਸਨ।

ਜਦ ਇਸੇ ਤਰ੍ਹਾਂ ਬੈਠਿਆਂ ਉਸ ਦਾ ਲੱਕ ਆਕੜ ਗਿਆ ਤੇ ਲੱਤਾਂ ਸਉਂ ਗਈਆਂ ਤਾਂ ਉਮਾ ਦੇਵੀ ਨੇ ਪਤੀ ਵਲ ਤਕਿਆ, ਪਰ ਉਹ ਸੁੱਤਾ ਸੀ।

ਉਸ ਨੇ ਜਗਦੀਸ਼ ਨੂੰ ਮੰਜੇ 'ਤੇ ਪਾ ਦਿੱਤਾ ਤੇ ਆਪ ਉਠ ਕੇ ਖੜ੍ਹੀ ਹੋ ਗਈ। ਇਸੇ ਵੇਲੇ ਉਸ ਦੇ ਕੰਨਾਂ ਵਿਚ ਖਟ ਖਟ ਦੀ ਆਵਾਜ਼ ਪਈ, ਪਰ ਉਸ ਦਾ ਸਾਰਾ ਧਿਆਨ ਤਾਂ ਜਗਦੀਸ਼ ਵਲ ਸੀ। ਜਗਦੀਸ਼ ਦੀਆਂ ਅੱਖਾਂ ਅੱਜ ਉਂਜ ਹੀ ਡਰਾਉਣੀਆਂ ਜਿਹੀਆਂ ਜਾਪਦੀਆਂ ਸਨ। ਇਸ ਕਰਕੇ ਉਹ ਬਰਾਬਰ ਇਨ੍ਹਾਂ ਵਲ ਤੱਕ ਰਹੀ ਸੀ ਤੇ ਇਸ ਦੇ ਨਾਲ ਹੀ ਕਈ ਤਰ੍ਹਾਂ ਦੇ ਭੈੜੇ ਖਿਆਲ ਉਸ ਦੇ ਦਿਲ ਨੂੰ ਤੜਫਾ ਰਹੇ ਸਨ।

ਖਲਿਆਂ ਖਲਿਆਂ ਉਸ ਦਾ ਧਿਆਨ ਹੋਰ ਵਧੇਰੇ ਜਗਦੀਸ਼ ਵਲ ਖਿੱਚਿਆ ਗਿਆ। ਜਦ ਉਸ ਨੇ ਦੇਖਿਆ ਕਿ ਉਹ ਬੜੀ ਕੋਸ਼ਿਸ਼ ਨਾਲ ਅੱਖਾਂ ਖੋਲ੍ਹਣ ਦਾ ਯਤਨ ਕਰ ਰਿਹਾ ਹੈ ਤੇ ਉਸ ਦੇ ਬੁਲ੍ਹ ਵੀ ਕੁਝ ਫਰਕ ਰਹੇ ਸਨ।

ਝਟ ਪਟ ਮੰਜੇ 'ਤੇ ਬੈਠ ਕੇ ਉਸ ਨੇ ਜਗਦੀਸ਼ ਨੂੰ ਗੋਦ ਵਿਚ ਲੈ ਲਿਆ। ਇਸ ਵੇਲੇ ਫੇਰ ਉਸ ਨੂੰ ਬਾਹਰੋਂ ਆਵਾਜ਼ ਆਈ, ਜਿਸ ਤਰ੍ਹਾਂ ਕੋਈ ਬੂਹੇ ਨੂੰ ਖਰੋਚ ਰਿਹਾ ਹੈ। ਉਸ ਨੇ ਫਿਰ ਵੀ ਉਸ ਪਾਸੇ ਧਿਆਨ ਨਾ ਦਿੱਤਾ, ਕਿਉਂਕਿ ਜਗਦੀਸ਼ ਇਸ ਵੇਲੇ ਅੱਧ ਖੁਲ੍ਹੀਆਂ ਅੱਖਾਂ ਨਾਲ ਮਾਂ ਵੱਲ ਤਕ ਰਿਹਾ ਸੀ। ਨਾਲ ਹੀ ਬੁਲ੍ਹਾਂ ਵਿਚ ਕੁਝ ਕਹਿ ਰਿਹਾ ਸੀ, ਜੋ ਉਮਾ ਦੇਵੀ ਸਮਝਣ ਦਾ ਯਤਨ ਕਰ ਰਹੀ ਸੀ।

ਜਗਦੀਸ਼ ਨੂੰ ਕਈ ਦਿਨਾਂ ਬਾਅਦ ਅੱਜ ਅਚਾਨਕ ਇਸ ਤਰ੍ਹਾਂ ਦੀ ਹਰਕਤ ਕਰਦਾ ਵੇਖ ਉਮਾ ਦੇਵੀ ਦੇ ਅੰਦਰ ਇਕ ਖੁਸ਼ੀ ਦੀ ਲਹਿਰ ਦੌੜ ਗਈ। ਪਰ ਝਟ ਹੀ ਇਕ ਹੋਰ ਡਰਾਉਣੇ ਖਿਆਲ ਨੇ ਆ ਕੇ ਉਸ ਦਾ ਗਲਾ ਘੁੱਟ ਲਿਆ ਕਿ ਅੰਤਿਮ ਘੜੀਆਂ 'ਤੇ ਰੋਗੀ ਅਕਸਰ ਅਜਿਹੀਆਂ ਹਰਕਤਾਂ ਕਰਿਆ ਕਰਦੇ ਹਨ ਤੇ ਕੁਝ ਚੇਤੰਨ ਵੀ ਹੋ ਜਾਇਆ ਕਰਦੇ ਹਨ।

ਉਸ ਨੇ ਜਗਦੀਸ਼ ਦੇ ਮੱਥੇ 'ਤੇ ਹੱਥ ਫੇਰਦਿਆਂ ਸਹਿਮ ਭਰੀ ਆਵਾਜ਼ ਵਿਚ ਕਿਹਾ, "ਜਗਦੀਸ਼! ਕਿਉਂ ਕਾਕਾ? ਕੀ ਕਿਹਾ ਈ? ਉਚੀ ਬੋਲ ਕੇ...!"

ਉਸ ਦਾ ਵਾਕ ਅਜੇ ਖਤਮ ਵੀ ਨਹੀਂ ਸੀ ਹੋਇਆ ਕਿ ਬਾਹਰੋਂ ਬੜੀ ਧੀਮੀ ਜਿਹੀ ਆਵਾਜ਼ ਆਈ, "ਮਿਆਊਂ", ਤੇ ਨਾਲ ਹੀ ਇਸ ਨਾਲੋਂ ਵੀ ਧੀਮੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ, "ਬੀਬੀ ਬਲੂੰਗੜਾ!" ਤੇ ਹੱਥ ਦਾ ਇਸ਼ਾਰਾ ਉਸ ਨੇ ਬੂਹੇ ਵੱਲ ਕੀਤਾ।

ਜਿਸ ਤਰ੍ਹਾਂ ਕੋਈ ਸੁੱਤਾ ਤ੍ਰਭਕ ਉਠਦਾ ਹੈ, ਇਸ ਤਰ੍ਹਾਂ ਉਮਾ ਦੇਵੀ ਨੂੰ ਇਕ ਭੁਲੀ ਹੋਈ ਯਾਦ ਆ ਗਈ ਤੇ ਉਹ ਬਿਨਾ ਇਕ ਪਲ ਠਹਿਰਨ ਦੇ ਬੂਹੇ ਵਲ ਨੱਸੀ। ਉਸ ਨੇ ਬੂਹਾ ਖੋਲ੍ਹਿਆ। ਇਕ ਮਰੀਅਲ ਜਿਹਾ ਬਲੂੰਗੜਾ ਜਿਸ ਦਾ ਸਰੀਰ ਕੇਵਲ ਹੱਡੀਆਂ ਤੇ ਖੱਲੜੀ ਮਾਤਰ ਹੀ ਸੀ, ਅਗਲੇ ਪੰਜਿਆਂ ਨਾਲ ਬੂਹੇ ਨੂੰ ਖਰੋਚ ਰਿਹਾ ਸੀ ਤੇ ਬੂਹਾ ਖੁਲ੍ਹਦਿਆਂ ਹੀ ਦਹਿਲੀਜ਼ ਟੱਪਣ ਲਈ ਜ਼ੋਰ ਲਾਉਣ ਲੱਗਾ।

ਇਧਰ ਬਲੂੰਗੜਾ ਦਹਿਲੀਜ਼ ਟੱਪਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਧਰ ਜਗਦੀਸ਼ ਉਠਣ ਦੀਆਂ ਅਸਫਲ ਕੋਸ਼ਿਸ਼ਾਂ ਕਰ ਰਿਹਾ ਸੀ, ਪਰ ਦੋਹਾਂ ਨੂੰ ਹੋਰ ਖੇਚਲ ਕਰਨ ਦੀ ਲੋੜ ਨਾ ਪਈ। ਦੂਜੇ ਪਲ ਹੀ ਉਮਾ ਦੇਵੀ ਨੇ ਚਿੱਕੜ ਮਿੱਟੀ ਨਾਲ ਲਿਬੜਿਆ ਬਲੂੰਗੜਾ ਲਿਆ ਕੇ ਜਗਦੀਸ਼ ਦੀ ਛਾਤੀ 'ਤੇ ਰੱਖ ਦਿੱਤਾ।

ਜਗਦੀਸ਼ ਦੇ ਚਿਹਰੇ 'ਤੇ ਇਕ ਅਨੋਖੀ ਮੁਸਕਰਾਹਟ ਆਈ ਤੇ ਉਹ ਕਾਹਲੇ ਸਾਹ ਲੈਂਦਾ ਉਮਾ ਦੇਵੀ ਵਲ ਤੱਕ ਕੇ ਬੋਲਿਆ, "ਬੀਬੀ ਬੂੰਗਾ, ਮੇਆ ਬੂੰਗਾ!"

ਦੀਨਾ ਨਾਥ ਦੀ ਵੀ ਅੱਖ ਖੁੱਲ੍ਹ ਗਈ ਸੀ ਤੇ ਉਹ ਇਕ ਸੁਨਹਿਰੀ ਸੁਪਨੇ ਵਾਂਗ ਇਹ ਸਭ ਕੁਝ ਵੇਖ ਰਿਹਾ ਸੀ। ਉਮਾ ਦੇਵੀ ਤਾਂ ਖੁਸ਼ੀ ਨਾਲ ਦਿਲ ਛਾਤੀਓਂ ਬਾਹਰ ਨਿਕਲ ਨਿਕਲ ਪੈਂਦਾ ਸੀ। ਉਸ ਨੇ ਪਤੀ ਵਲ ਇਕ ਭੇਤਭਰੀ ਨਜ਼ਰ ਨਾਲ ਤੱਕਿਆ ਤੇ ਦੀਨਾ ਨਾਥ ਨੇ ਖੁਸ਼ੀ ਭਰੀ ਸ਼ਰਮਿੰਦਗੀ ਨਾਲ ਸਿਰ ਨੀਵਾਂ ਪਾ ਲਿਆ।

ਬਲੂੰਗੜਾ ਕੀ ਆਇਆ, ਜਗਦੀਸ਼ ਲਈ ਧਨੰਤਰ ਵੈਦ ਆ ਗਿਆ। ਅੱਧੇ ਘੰਟੇ ਦੇ ਅੰਦਰ ਅੰਦਰ ਉਹ ਚੰਗੀ ਤਰ੍ਹਾਂ ਹਿਲਣ ਜੁਲਣ ਜੋਗਾ ਹੋ ਗਿਆ। ਇਸ ਵੇਲੇ ਬਲੂੰਗੜਾ ਉਸ ਦੀ ਛਾਤੀ ਨਾਲ ਸੀ ਤੇ ਮੂੰਹ ਉਸ ਦੇ ਮੂੰਹ ਨਾਲ। ਦੀਨਾ ਨਾਥ ਹੈਰਾਨ ਹੋਇਆ ਇਹ ਕੌਤਕ ਵੇਖ ਰਿਹਾ ਸੀ। ਬਲੂੰਗੜੇ ਨੂੰ ਜਗਦੀਸ਼ ਪਾਸੋਂ ਖੋਹਣਾ ਅੱਗੇ ਨਾਲੋਂ ਬਹੁਤ ਸੁਖਾਲਾ ਕੰਮ ਸੀ, ਜਦ ਕਿ ਨਾ ਤਾਂ ਜਗਦੀਸ਼ ਵਿਚ ਹੀ ਅੜੀ ਕਰਨ ਦੀ ਤਾਕਤ ਸੀ ਅਤੇ ਨਾ ਹੀ ਬਲੂੰਗੜਾ ਨਹੁੰਦਰਾਂ ਮਾਰਨ ਜੋਗਾ ਸੀ, ਪਰ ਦੀਨਾ ਨਾਥ ਵਿਚ ਏਨੀ ਤਾਕਤ ਕਿਥੇ ਸੀ, ਜੁ ਇਨ੍ਹਾਂ ਦੋਹਾਂ ਚਿਰੀ ਵਿਛੁੰਨੀਆਂ ਰੂਹਾਂ ਨੂੰ ਨਿਖੇੜ ਸਕਦਾ!

ਰੋਜ਼ ਦੇ ਨੇਮ ਅਨੁਸਾਰ ਉਸ ਨੇ ਜਗਦੀਸ਼ ਨੂੰ ਜਦ ਥਰਮਾਮੀਟਰ ਲਾ ਕੇ ਵੇਖਿਆ ਤਾਂ ਬੁਖਾਰ ਜੋ ਰਾਤੀਂ 104 ਤੋਂ ਵੀ ਵੱਧ ਸੀ, ਇਸ ਵੇਲੇ ਨਾਰਮਲ ਡਿਗਰੀ 'ਤੇ ਪੁੱਜਾ ਹੋਇਆ ਸੀ।

ਨੌਕਰ ਆਇਆ ਤੇ ਕਹਿਣ ਲੱਗਾ, "ਬਾਊ ਜੀ! ਡਾਕਟਰ ਵੱਲ ਜਾਵਾਂ? ਕੀ ਕਹਾਂ ਉਸ ਨੂੰ?"

ਦੀਨਾ ਨਾਥ ਦੇ ਉਤਰ ਦੇਣ ਤੋਂ ਪਹਿਲਾਂ ਹੀ ਉਮਾ ਦੇਵੀ ਮੁਸਕਰਾਉਂਦੀ ਨੌਕਰ ਨੂੰ ਕਹਿਣ ਲੱਗੀ, "ਨਹੀਂ, ਹੁਣ ਡਾਕਟਰ ਵੱਲ ਜਾਣ ਦੀ ਲੋੜ ਨਹੀਂ, ਸਾਡੇ ਘਰ 'ਵੱਡਾ ਡਾਕਟਰ' ਆ ਗਿਆ ਹੈ।"

---

## ਮਿਨੀ ਕਹਾਣੀ

### ਰੰਗ ਦੇ ਪੱਤੇ

"ਵਾਹਿਗੁਰੂ ਜੀ ਕਾ ਖਾਲਸਾ...ਸੰਗਤੇ, ਹੋਰ ਸਭ ਠੀਕ ਆ।" ਸੱਥ ਨੇ ਮੂੰਹ ਵਿਚਲਾ ਜਰਦਾ ਥੁੱਕਦਿਆਂ ਤਾਸ਼ ਖੇਡ ਰਹੀ ਢਾਣੀ ਕੋਲ ਆ ਅਰਜ਼ ਗੁਜਾਰੀ।

ਸਰਪੰਚੀ ਦੀਆਂ ਵੋਟਾਂ ਦਾ ਐਲਾਨ ਹੁੰਦਿਆਂ ਹੀ ਉਹ ਆਪਣੇ ਸਾਥੀਆਂ ਨਾਲ ਪਿੰਡ ਦਾ ਗੇੜਾ ਲਾ ਰਿਹਾ ਸੀ। ਤਾਸ਼ ਰੋਕ ਸਭ ਉਨ੍ਹਾਂ ਵੱਲ ਦੇਖਣ ਲੱਗੇ।

"ਥੋਨੂੰ ਸਭ ਨੂੰ ਪਤਾ, ਬਈ ਆਪਾਂ ਐਤਕੀਂ ਸਰਪੰਚੀ ਦੀ ਚੋਣ ਲੜਨੀ ਹੈ, ਤਕੜੇ ਹੋ ਕੇ ਸਾਥ ਦਿਓ। ਸਰਕਾਰ ਆਪਣੀ ਆ, ਪਿੰਡ ਦਾ ਮੂੰਹ ਬਣਾ ਦੇਣਾ। ਗਰਾਂਟਾਂ ਵਾਲੇ ਫੱਟੇ ਚੱਕ ਦਿਆਂਗੇ। ਚੰਗਾ ਲਓ ਮੌਜਾਂ। ਸ਼ਾਮ ਨੂੰ ਸਾਰੇ ਭਰਾ ਗਰੀਬ ਦੇ ਘਰੇ ਦਰਸ਼ਨ ਦਿਓ।" ਹੱਥ ਜੋੜ ਉਸ ਅਗਲੇ ਘਰਾਂ ਵੱਲ ਨੂੰ ਚਾਲੇ ਪਾ ਦਿੱਤੇ।

"ਤਾਸ਼ ਵੰਡ ਯਾਰ, ਵਿਚੋਂ ਹੋਰ ਈ...!" ਸੂਬੇਦਾਰ ਨੇ ਔਖਾ ਹੁੰਦਿਆਂ ਕਿਹਾ। "ਕੀ ਹੋਇਆ ਤਾਇਆ?" ਜਿੰਦੂ ਨੇ ਤਾਸ਼ ਇਕੱਠੀ ਕਰਦਿਆਂ ਕਿਹਾ।

"ਯਾਰ, ਬੰਦੇ ਦੀ ਆਪਣੀ ਵੀ ਹੈਸੀਅਤ ਹੁੰਦੀ ਹੈ। ਨਾ ਬੋਲਣ ਦਾ ਪਤਾ, ਨਾ ਖਾਣ ਦਾ। ਪਿੰਡ ਛੱਡੋ, ਜਿਨ੍ਹਾਂ ਨੂੰ ਘਰੇ ਕੋਈ ਨਹੀਂ ਪੁਛਦਾ, ਉਹ ਲੀਡਰੀ ਕਰਦੇ ਫਿਰਦੇ ਆ। ਜਿਵੇਂ ਉਤਲੇ ਕਹਿੰਦੇ ਆ, ਕਰੀ ਜਾਂਦੇ ਆ। ਹੁਕਮ ਦੇ ਭੱਬੂ!" ਸੂਬੇਦਾਰ ਇਨ੍ਹਾਂ ਲੋਕਾਂ ਦੀ ਆਦਤ ਤੋਂ ਜਾਣੂ ਸੀ।


"ਨਹੀਂ ਸੂਬੇਦਾਰਾ, ਐਤਕੀਂ ਤਾਂ ਪੂਰੀ ਟੌਹਰ ਆ ਇਨ੍ਹਾਂ ਦੀ, ਸਰਪੰਚੀ ਤਾਂ ਵੱਟ 'ਤੇ ਪਈ ਆ। ਕਹਿੰਦੇ ਦੂਜੀ ਧਿਰ ਦੇ ਤਾਂ ਕਾਗਜ਼ ਈ ਰੱਦ ਕਰਵਾ ਦੇਣੇ। ਐਤਕੀਂ ਭੱਬੂ ਨਹੀਂ, ਰੰਗ ਦੇ ਪੱਤੇ ਆ।" ਮਾਸਟਰ ਚਮਕੌਰ ਸਿੰਘ ਨੇ ਭਵਿੱਖ ਜਾਂਚਦਿਆਂ ਕਿਹਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਹਾਸ਼ੀਏ 'ਤੇ ਧੱਕੇ ਪੰਜਾਬ ਦੇ ਕਬੀਲੇ

***ਪੰਜਾਬ ਅਤੇ ਹਰਿਆਣਾ ਨੇ ਭਾਵੇਂ ਆਪਣੇ ਆਪ ਨੂੰ ਕਬੀਲਾ-ਮੁਕਤ ਐਲਾਨਿਆ ਹੋਇਆ ਹੈ ਪਰ ਸੂਬੇ ਵਿਚ ਇਹ ਕਬੀਲੇ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ। ਸ. ਬੀਰਿੰਦਰ ਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਪੰਜਾਬ ਦੇ ਕਬੀਲਿਆਂ ਬਾਰੇ ਦਿਲਚਸਪ ਚਰਚਾ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਕਬੀਲਿਆਂ ਬਾਰੇ ਜੋ ਤੱਥ ਪੇਸ਼ ਕੀਤੇ ਹਨ, ਉਹ ਕਿਸੇ ਹੋਰ ਦੁਨੀਆਂ ਦੇ ਲਗਦੇ ਹਨ। -ਸੰਪਾਦਕ***

ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਿਕ ਭਾਰਤ ਵਿਚ ਕਰੀਬ ਸਾਢੇ ਅੱਠ ਫੀਸਦ ਕਬਾਇਲੀ ਲੋਕ ਹਨ ਜੋ ਸਾਰੇ ਸੂਬਿਆਂ ਵਿਚ ਥੋੜ੍ਹੀ-ਬਹੁਤੀ ਗਿਣਤੀ ਵਿਚ ਮਿਲਦੇ ਹਨ। ਉਤਰੀ ਭਾਰਤ ਵਿਚ ਪੰਜਾਬ ਤੇ ਹਰਿਆਣਾ ਹੀ ਅਜਿਹੇ ਸੂਬੇ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਕਬੀਲਾ-ਮੁਕਤ ਐਲਾਨਿਆ ਹੋਇਆ ਹੈ। ਇਬਟਸਨ ਅਤੇ ਰੋਜ਼ (1883) ਨੇ ਤਿੰਨ ਭਾਗੀ ਗਲੌਸਰੀ ਤਿਆਰ ਕੀਤੀ ਜਿਸ ਵਿਚ ਪੁਰਾਣੇ ਪੰਜਾਬ ਵਿਚ ਵਸਦੀਆਂ ਜਾਤਾਂ ਅਤੇ ਕਬੀਲਿਆਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਮਿਲਦਾ ਹੈ। ਉਸ ਤੋਂ ਬਾਅਦ ਇਸ ਲੇਖ ਦੇ ਲੇਖਕ ਨੇ 'ਕ੍ਰਿਮਿਨਲ ਟਰਾਈਬਜ਼ ਆਫ ਪੰਜਾਬ' (2010) (ਪੰਜਾਬ ਦੇ ਜਰਾਇਮ ਪੇਸ਼ਾ ਕਬੀਲੇ) ਵਿਚ ਵੀ ਇਨ੍ਹਾਂ ਕਬੀਲਿਆਂ ਦੀ ਵਿਸਤਾਰ ਪੂਰਵਕ ਚਰਚਾ ਕੀਤੀ ਹੈ।



ਪਿਛਲੀ ਇਕ ਸਦੀ ਤੋਂ ਵੱਧ ਸਮੇਂ ਦੇ 'ਟ੍ਰਿਬਿਊਨ' ਵਿਚ ਇਨ੍ਹਾਂ ਕਬੀਲਿਆਂ

**ਬੀਰਿੰਦਰ ਪਾਲ ਸਿੰਘ**

ਬਾਰੇ ਖਬਰਾਂ ਤੇ ਲੇਖ ਛਪਦੇ ਰਹੇ ਹਨ ਜੋ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੇ ਕਬੀਲਾ-ਮੁਕਤ ਹੋਣ ਦੇ ਦਾਅਵੇ ਨੂੰ ਨਕਾਰਦੇ ਹਨ। ਸਰਕਾਰ ਨੇ ਇਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਐਲਾਨਿਆ ਹੋਇਆ ਹੈ ਜਿਸ ਤੋਂ ਇਹ ਕਬੀਲੇ ਖੁਸ਼ ਨਹੀਂ। ਇਹ ਆਪਣੇ ਆਪ ਨੂੰ ਚਿਤੌੜ ਦੇ ਰਾਜਪੂਤ ਰਾਜਿਆਂ ਦੇ ਵੰਸ਼ਜ਼ ਮੰਨਦੇ ਹਨ ਜੋ ਖੁਦ ਛੂਆ-ਛਾਤ ਨੂੰ ਨਕਾਰਦੇ ਨਹੀਂ।

ਇਨ੍ਹਾਂ ਲੋਕਾਂ ਦਾ ਰੋਸ ਇਹੋ ਰਿਹਾ ਕਿ ਪਹਿਲਾਂ ਅੰਗਰੇਜ਼ੀ ਹਕੂਮਤ ਨੇ ਇਨ੍ਹਾਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤਾ ਤੇ ਫੇਰ ਆਪਣੀਆਂ ਹੀ ਸਰਕਾਰਾਂ ਨੇ ਇਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਬਣਾ ਦਿੱਤਾ। ਅਖਬਾਰੀ ਖਬਰਾਂ ਮੁਤਾਬਿਕ ਇਕ ਗੱਲ ਸਪਸ਼ਟ ਹੈ ਕਿ ਕਬੀਲਿਆਂ ਪ੍ਰਤੀ ਪੰਜਾਬ ਪੁਲਿਸ ਦੇ ਵਰਤਾਉ ਵਿਚ ਕੋਈ ਖਾਸ ਫਰਕ ਨਹੀਂ ਆਇਆ, ਭਾਵੇਂ ਸਰਕਾਰ ਸਾਮਰਾਜੀ ਹੋਵੇ ਜਾਂ ਜਮਹੂਰੀ। ਇਹ ਠੀਕ ਹੈ ਕਿ ਜਰਾਇਮ ਪੇਸ਼ਾ ਕਬੀਲਿਆਂ ਸਬੰਧੀ ਕਾਨੂੰਨ 1871 ਲਾਗੂ ਕਰਨ ਨਾਲ ਪੰਜਾਬ ਪੁਲਿਸ ਇਨ੍ਹਾਂ ਘੁਮੰਤਰ ਲੋਕਾਂ ਨੂੰ ਜੰਗਲਾਂ ਵਿਚੋਂ ਫੜ ਕੇ ਰਜਿਸਟਰ ਕਰ ਰਹੀ ਸੀ ਅਤੇ ਸੁਧਾਰ ਘਰਾਂ ਵਿਚ ਭਰਤੀ ਕਰਦੀ ਸੀ; ਜਦੋਂ ਕੋਈ ਚੋਰੀ-ਡਕੈਤੀ ਹੁੰਦੀ ਤਾਂ ਇਨ੍ਹਾਂ ਨੂੰ ਫੜ ਕੇ ਪੁੱਛ-ਪੜਤਾਲ ਕਰਦੀ ਸੀ। ਜਮਹੂਰੀ ਮੁਲਕ ਦੀ ਪੁਲਿਸ ਵੀ ਇਹੋ ਕਰਦੀ ਹੈ। ਜਦੋਂ ਜੇਬ ਕੱਟੀ ਜਾਵੇ ਜਾਂ ਚੈਨੀ ਖੋਹੀ ਜਾਵੇ, ਸਭ ਤੋਂ ਪਹਿਲਾਂ ਸਾਂਸੀ ਔਰਤਾਂ ਨੂੰ ਫੜਿਆ ਜਾਂਦਾ ਹੈ। ਇਸ ਤੋਂ ਵੀ ਪਰ੍ਹੇ ਆਜ਼ਾਦ ਭਾਰਤ ਦੀ ਪੁਲਿਸ ਨੇ ਅਜਿਹਾ ਕਰ ਦਿਖਾਇਆ ਜੋ ਸਾਮਰਾਜੀ ਪੁਲਿਸ ਵੀ ਨਾ ਕਰ ਸਕੀ। ਮਨੁੱਖੀ ਅਧਿਕਾਰਾਂ ਨੂੰ ਛਿੱਕੇ ਟੰਗ ਕੇ ਦਸੰਬਰ 1993 ਨੂੰ ਚਾਰ ਸਾਂਸੀ ਔਰਤਾਂ ਦੇ ਮੱਥਿਆਂ ਉਤੇ 'ਜੇਬ ਕਤਰੀ' ਉਕਰ ਦਿੱਤਾ। ਉਨ੍ਹਾਂ ਵਿਚੋਂ ਇਕ ਮਹਿੰਦਰ ਕੌਰ ਨੇ ਦੱਸਿਆ: "ਮੈਂ ਅਜੇ ਵੀ ਸਦਮੇ 'ਚ ਹਾਂ ਤੇ ਰਾਤ ਨੂੰ ਡਰ ਡਰ ਉਠਦੀ ਹਾਂ। ਮੈਨੂੰ ਯਾਦ ਹੈ, ਕਿਵੇਂ ਮੇਰੇ ਹੱਥ ਕੁਰਸੀ ਨਾਲ ਬੰਨ੍ਹ ਦਿੱਤੇ ਸੀ ਅਤੇ ਦੋ ਪੁਲਿਸ ਵਾਲਿਆਂ ਨੇ ਮੈਨੂੰ ਫੜਿਆ ਹੋਇਆ ਸੀ ਜਦੋਂਕਿ ਇਕ ਬੰਦੇ ਨੇ ਸਟੀਲ ਦੇ ਭਾਂਡਿਆਂ 'ਤੇ ਲਿਖਣ ਲਈ ਵਰਤੀ ਜਾਂਦੀ ਮਸ਼ੀਨ ਨਾਲ ਮੇਰੇ ਮੱਥੇ 'ਤੇ 'ਜੇਬ ਕਤਰੀ' ਲਿਖ ਦਿੱਤਾ।" ਇਕ ਹੋਰ ਬੀਬੀ ਪਰਮੇਸ਼ਵਰੀ ਦੇਵੀ ਅਨੁਸਾਰ: "ਐਸ.ਪੀ. ਛੀਨਾ ਨੇ ਸਾਡੇ ਮੱਥੇ ਬਦਲਾ ਲੈਣ ਲਈ ਖੁਣਵਾਏ ਕਿਉਂਕਿ ਅਸੀਂ ਕੁਝ ਪੁਲਿਸ ਵਾਲੇ ਕੁੱਟ ਦਿੱਤੇ ਸਨ ਜਿਨ੍ਹਾਂ ਨੇ ਸਾਡੀ ਭੱਠੀ 'ਤੇ ਛਾਪਾ ਮਾਰਿਆ। ਉਹਦੇ ਬੰਦਿਆਂ ਨੇ ਸਾਡੇ ਛਾਪਾ ਹੀ ਨਹੀਂ ਮਾਰਿਆ ਬਲਕਿ ਔਰਤਾਂ ਅਤੇ ਬੱਚਿਆਂ ਨੂੰ ਵੀ ਕੁਟਾਪਾ ਚਾੜ੍ਹਿਆ। ਇਸੇ ਕਰਕੇ ਅਸੀਂ ਪੁਲਿਸ ਕੁੱਟੀ ਸੀ।" (ਟ੍ਰਿਬਿਊਨ, ਅਕਤੂਬਰ 2016)


ਸਾਂਸੀ ਕੋਈ ਪੈਦਾਇਸ਼ੀ ਸ਼ਰਾਬ ਭੁੱਕੀ ਵੇਚਣ ਨਹੀਂ ਲੱਗੇ ਸਗੋਂ ਇਨ੍ਹਾਂ ਨੂੰ ਇਸ ਧੰਦੇ ਵਿਚ ਲਾਇਆ ਗਿਆ। ਜਦੋਂ ਇਨ੍ਹਾਂ ਨੂੰ ਜੰਗਲਾਂ ਵਿਚੋਂ ਕੱਢ ਕੇ ਵਸਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਹ ਘਰ-ਘਾਟ ਤੋਂ ਸੱਖਣੇ ਲੋਕ ਸ਼ਰਾਬ ਅਤੇ ਭੁੱਕੀ ਦੇ ਵਪਾਰੀਆਂ ਲਈ ਲਾਹੇਵੰਦ ਸਾਬਤ ਹੋਏ ਜਿਨ੍ਹਾਂ ਨੇ ਇਨ੍ਹਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਇਸ ਕੰਮ 'ਚ ਲਾਇਆ। ਪੁਲਿਸ ਦਾ ਸ਼ਰਾਬ ਦੇ ਵਪਾਰਿਆਂ ਨਾਲ ਮਿਲੀਭੁਗਤ ਹੋਣਾ ਲਾਜ਼ਮੀ ਸੀ, ਕਿਉਂਕਿ ਕਬਾਇਲੀ ਲੋਕਾਂ ਦੀ ਪਛਾਣ ਅਤੇ ਉਨ੍ਹਾਂ ਦੀ ਫੜੋ-ਫੜੀ ਪੁਲਿਸ ਹੀ ਕਰਦੀ ਸੀ। ਸਾਂਸੀ ਮਰਦ-ਔਰਤਾਂ ਸ਼ੱਰੇਆਮ ਕਹਿੰਦੇ ਹਨ- "ਜੀ ਅਸੀਂ ਤਾਂ ਅਰਾਮ ਦੀ ਜ਼ਿੰਦਗੀ ਜਿਉਣਾ ਚਾਹੁੰਦੇ ਹਾਂ, ਇਹ ਪੁਲਿਸ ਵਾਲੇ ਹੀ ਨਹੀਂ ਜਿਉਣ ਦਿੰਦੇ।"

ਇਸ ਤੋਂ ਇਲਾਵਾ ਕਬਾਇਲੀ ਲੋਕਾਂ ਬਾਰੇ ਹੋਰ ਵੀ ਕਈ ਕਿਸਮ ਦੀਆਂ ਧਾਰਨਾਵਾਂ ਪ੍ਰਚਲਿਤ ਹਨ। 1932 ਦੀ ਇਕ ਖਬਰ ਮੁਤਾਬਿਕ ਗੁਰਦਾਸਪੁਰ ਦੇ ਮੈਜਿਸਟਰੇਟ ਨੇ ਇਕ ਨੌਜਵਾਨ ਨੂੰ 25 ਰੁਪਏ ਜੁਰਮਾਨਾ ਕੀਤਾ, ਕਿਉਂਕਿ ਉਸ ਨੇ ਇਕ ਔਰਤ ਨਾਲ ਛੇੜਛਾੜ ਕੀਤੀ ਸੀ। ਨੌਜਵਾਨ ਨੇ ਜੱਜ ਸਾਹਮਣੇ ਕਬੂਲ ਕੀਤਾ: "ਮੈਂ ਇਸ ਜਨਾਨੀ ਨੂੰ ਜੱਫੀ ਇਸ ਕਰਕੇ ਪਾਈ ਸੀ, ਕਿਉਂਕਿ ਮੈਨੂੰ ਮਲੇਰੀਆ ਹੋਇਆ ਹੋਇਆ ਸੀ ਅਤੇ ਇਸ ਇਲਾਕੇ ਵਿਚ ਇਹ ਧਾਰਨਾ ਪ੍ਰਚਲਿਤ ਹੈ ਕਿ ਸਾਂਸੀ ਔਰਤ ਨੂੰ ਜੱਫੀ ਪਾਉਣ ਨਾਲ ਇਹ ਠੀਕ ਹੋ ਜਾਂਦਾ ਹੈ।"

1993 'ਚ ਛਪੇ ਇਕ ਲੇਖ ਅਨੁਸਾਰ ਕੁਝ ਅਜਿਹੀਆਂ ਧਾਰਨਾਵਾਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨੂੰ ਹਜ਼ਮ ਕਰਨਾ ਔਖਾ ਲੱਗਦਾ ਹੈ। ਮਸਲਨ, ਇਕ ਔਰਤ ਨੇ ਆਪਣੇ ਛੇ ਮਹੀਨੇ ਦੇ ਬੱਚੇ ਨੂੰ ਲੱਤਾਂ ਤੋਂ ਫੜ ਕੇ ਪੁਲਿਸ ਵਾਲੇ ਨੂੰ ਮਾਰਿਆ ਤਾਂ ਜੋ ਉਸ ਦਾ ਪਤੀ ਫੜਿਆ ਨਾ ਜਾਵੇ। ਬੱਚਾ ਥਾਂਏਂ ਮਰ ਗਿਆ। ਇਕ ਹੋਰ ਘਟਨਾ ਅਨੁਸਾਰ, ਛਾਪਾ ਮਾਰਨ ਆਈ ਪੁਲਿਸ 'ਤੇ ਦੋਸ਼ ਲਾਉਣ ਲਈ ਇਕ ਔਰਤ ਨੇ ਆਪਣੀ ਝੁੱਗੀ ਨੂੰ ਅੱਗ ਲਾ ਕੇ ਆਪਣੇ ਦੋਵੇਂ ਬੱਚੇ ਵਿਚ ਸੁੱਟ ਦਿੱਤੇ। ਇਹ ਕਿਸ ਨੇ ਅੱਖੀਂ ਵੇਖਿਆ ਹੋਵੇਗਾ? ਕੋਈ ਮਾਂ ਇਹੋ ਜਿਹੀ ਹਰਕਤ ਕਰ ਸਕਦੀ ਹੈ? ਕੀ ਕਬਾਇਲੀ ਮਾਵਾਂ ਦੇ ਦਿਲ 'ਚ ਬੱਚਿਆਂ ਲਈ ਪ੍ਰੇਮ ਨਹੀਂ ਹੁੰਦਾ?

ਲੇਖ ਵਿਚ ਕੁਝ ਹੋਰ ਘਟਨਾਵਾਂ ਦਾ ਜ਼ਿਕਰ ਵੀ ਹੈ। ਇਕ ਇਨ੍ਹਾਂ ਦੇ ਪੈਦਾਇਸ਼ੀ ਅਪਰਾਧੀ ਰੁਝਾਨ ਵੱਲ ਇਸ਼ਾਰਾ ਕਰਦਾ ਹੈ ਜੋ ਆਪਣੇ ਬੱਚਿਆਂ ਨੂੰ ਮੁੱਢ ਤੋਂ ਹੀ ਇਸ ਪਾਸੇ ਲਾਉਂਦੇ ਹਨ। ਉਹ ਬੱਚੇ ਦੇ ਮੂੰਹ 'ਚ ਚਾਂਦੀ ਦੇ ਸਿੱਕੇ ਨੂੰ ਧਾਗੇ ਨਾਲ ਬੰਨ੍ਹ ਕੇ ਢੂਸ ਦਿੰਦੇ ਹਨ ਤਾਂ ਜੋ ਮੂੰਹ 'ਚ ਸੁਰਾਖ ਬਣ ਜਾਵੇ ਜਿਸ ਦਾ ਲਾਭ ਉਹ ਜਵਾਨੀ 'ਚ ਚੋਰੀ ਕੀਤਾ ਮਾਲ ਲੁਕਾ ਕੇ ਉਠਾ ਸਕੇ। ਇਕ ਵੇਰਵਾ ਅਜਿਹੇ ਨੌਜਵਾਨ ਬਾਰੇ ਵੀ ਹੈ ਜੋ ਪੁਲਿਸ ਤੋਂ ਬਚਣ ਲਈ 20 ਫੁੱਟ ਉਚੀ ਦੀਵਾਰ ਕਿਰਲੀ ਵਾਂਗ ਚੜ੍ਹ ਕੇ ਭੱਜਣ 'ਚ ਸਫਲ ਹੋ ਗਿਆ।

ਇਕ ਹੋਰ ਵੇਰਵੇ ਮੁਤਾਬਿਕ ਜੇ ਇਕ ਕਬੀਲੇ ਦੇ ਲੋਕ ਮੌਕਾ-ਏ-ਵਾਰਦਾਤ 'ਤੇ ਖਾਂਦੇ-ਪੀਂਦੇ ਹਨ ਤਾਂ ਦੂਜੇ ਕਬੀਲੇ ਦੇ ਬੰਦੇ ਉਥੇ ਪੇਟ ਸਾਫ ਕਰਦੇ ਹਨ। ਕਬਾਇਲੀਆਂ ਬਾਰੇ ਅਜਿਹੇ ਵਿਚਾਰ ਉਨ੍ਹਾਂ ਦੇ ਆਦਮ ਜਾਤ ਵਿਚ ਹੋਣ 'ਤੇ ਵੀ ਸਵਾਲੀਆ ਨਿਸ਼ਾਨ ਖੜ੍ਹਾ ਕਰਦੇ ਹਨ। ਇਨ੍ਹਾਂ ਲੋਕਾਂ ਬਾਰੇ ਅਜਿਹੀਆਂ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ ਜੋ ਅੰਗਰੇਜ਼ ਹਾਕਮਾਂ ਨੇ ਉਨ੍ਹੀਵੀਂ ਸਦੀ ਦੇ ਜੀਵ ਵਿਗਿਆਨ ਅਤੇ ਵਿਕਾਸਵਾਦੀ ਸਿਧਾਂਤ ਦੇ ਆਧਾਰ 'ਤੇ ਘੜੀਆਂ ਸਨ। ਜੰਗਲਾਂ ਵਿਚ ਰਹਿੰਦੇ ਇਹ ਖਾਨਾਬਦੋਸ਼ ਲੋਕ ਜਾਨਵਰਾਂ ਵਰਗੇ ਹੀ ਤਾਂ ਹਨ। ਇਹ ਮਨੁੱਖ ਅਤੇ ਮਨੁੱਖੀ ਸਭਿਅਤਾ ਤੋਂ ਦੂਰ ਹਨ। ਇਨ੍ਹਾਂ ਦੇ ਚਿਹਰੇ-ਮੋਹਰੇ ਵੀ ਅਵੱਲੇ ਹਨ। 1932 ਦੀ ਇਕ ਖਬਰ ਮੁਤਾਬਿਕ ਸਿਟੀ ਮੈਜਿਸਟਰੇਟ ਸਾਹਮਣੇ ਇਕ ਗਵਾਹ ਨੇ ਬੌਰੀਆ ਮਨੁੱਖ ਦੀ ਪਛਾਣ ਦੱਸੀ- ਲੰਮਾ ਲੰਝਾ ਬੰਦਾ, ਲਾਲ ਅੱਖਾਂ, ਪੱਕਾ ਰੰਗ ਅਤੇ ਕਠੋਰ ਦਿੱਖ। ਅਜਿਹੀ ਸੋਚ ਨੇ ਆਮ ਲੋਕਾਂ ਦੇ ਮਨਾਂ 'ਚ ਇਨ੍ਹਾਂ ਪ੍ਰਤੀ ਤਰਸ ਜਾਂ ਦਇਆ ਦੀ ਥਾਂ



ਡਰ ਅਤੇ ਨਫਰਤ ਦੀ ਭਾਵਨਾ ਪ੍ਰਚੰਡ ਕਰ ਦਿੱਤੀ। ਇਥੋਂ ਤਕ ਕਿ ਕੁਝ ਖੋਜਾਰਥੀ ਲੜਕੀਆਂ ਮੇਰੀ ਅਗਵਾਈ ਤਹਿਤ ਕਬੀਲਿਆਂ 'ਤੇ ਖੋਜ ਕਰਨ ਲਈ ਰਾਜ਼ੀ ਹੋ ਗਈਆਂ ਪਰ ਉਨ੍ਹਾਂ ਦੇ ਮਾਪਿਆਂ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ, "ਇਹ ਲੋਕ ਖਤਰਨਾਕ ਹਨ, ਇਨ੍ਹਾਂ ਕੋਲ ਨਹੀਂ ਜਾਣਾ। ਸੁਪਰਵਾਈਜ਼ਰ ਭਾਵੇਂ ਬਦਲ ਲਓ।" ਜੇ ਸਮਾਜ ਵਿਗਿਆਨ ਤੇ ਸਮਾਜਿਕ ਮਾਨਵ ਵਿਗਿਆਨ ਦੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਇਕੀਵੀਂ ਸਦੀ 'ਚ ਅਜਿਹੀ ਧਾਰਨਾ ਰੱਖਦੇ ਹਨ ਤਾਂ ਬਾਕੀ ਲੋਕਾਂ ਦਾ ਕੀ ਬਣੇਗਾ?

ਆਮ ਧਾਰਨਾਵਾਂ ਦੇ ਉਲਟ, ਇਹ ਘਰੋਂ-ਘਾਟੋਂ ਉਜਾੜੇ ਲੋਕ, ਜਿਨ੍ਹਾਂ ਦੇ ਰਵਾਇਤੀ ਕਿੱਤੇ ਖਤਮ ਹੋ ਗਏ, ਜੇ ਕੋਈ ਚੋਰੀ ਚਕਾਰੀ ਦਾ ਜੁਰਮ ਕਰਦੇ ਵੀ ਹਨ, ਉਥੇ ਵੀ ਉਹ ਆਪਣੇ ਬਣਾਏ ਅਸੂਲਾਂ 'ਤੇ ਕਾਇਮ ਰਹਿੰਦੇ ਹਨ। ਮਸਲਨ, ਬੌਰੀਆ ਲੋਕ ਚੋਰੀ ਕਰਨ ਤੋਂ ਪਹਿਲਾਂ ਉਸ ਘਰ ਦੀ ਛੱਤ 'ਤੇ ਤਿੰਨ ਵਾਰ ਪੱਥਰ ਸੁੱਟਦੇ ਹਨ। ਜੇ ਮਾਲਕ ਫੇਰ ਵੀ ਨਾ ਜਾਗੇ ਤਾਂ ਉਹ ਸਮਝਦੇ ਹਨ ਕਿ ਇਸ ਕੋਲ ਹਰਾਮ ਦੀ ਕਮਾਈ ਹੈ ਜਿਸ ਨੂੰ ਲੁੱਟਣਾ ਇਨ੍ਹਾਂ ਦਾ ਹੱਕ ਹੈ। ਸੱਚੀ ਕਮਾਈ ਵਾਲਾ ਇਨਸਾਨ ਤਾਂ ਪਹਿਲੇ ਪੱਥਰ ਦੇ ਖੜਾਕ 'ਤੇ ਖੜ੍ਹਾ ਹੋ ਜਾਂਦਾ ਹੈ।

'ਟ੍ਰਿਬਿਊਨ' (1983) ਵਿਚ ਮੰਗਰੂ ਦੇ ਫੜੇ ਜਾਣ ਦੀ ਖਬਰ ਛਪੀ ਸੀ ਜੋ ਪੁਲਿਸ ਵਾਸਤੇ ਮਾਅਰਕੇ ਵਾਲੀ ਗੱਲ ਸੀ। ਇਹ ਫੜਿਆ ਕਿਵੇਂ ਗਿਆ? ਇਹ ਬਰਵਾਰ ਕਬੀਲੇ ਦਾ ਬੰਦਾ ਸੀ ਜਿਸ ਅਨੁਸਾਰ ਦੋ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੁੰਦਾ ਹੈ। ਇਕ ਚੋਰੀ ਸਮੇਂ ਕੋਈ ਹਥਿਆਰ ਲੈ ਕੇ ਨਹੀਂ ਜਾਵੇਗਾ ਅਤੇ ਦੂਜਾ ਚੋਰੀ ਬੱਤੀ ਬਾਲ ਕੇ ਕੀਤੀ ਜਾਵੇਗੀ। ਜਦੋਂ ਮੰਗਰੂ ਚੋਰੀ ਲਈ ਵੜਿਆ ਤਾਂ ਬਿਜਲੀ ਚਲੀ ਗਈ। ਲਾਲਟੈਨ ਲੱਭਣ ਦੇ ਚੱਕਰ ਵਿਚ ਭਾਂਡੇ ਡਿੱਗੇ ਜਿਨ੍ਹਾਂ ਨੇ ਮਾਲਕਾਂ ਨੂੰ ਜਗਾ ਦਿੱਤਾ ਅਤੇ ਉਹ ਫੜਿਆ ਗਿਆ।

ਇਸੇ ਤਰ੍ਹਾਂ ਦੇ ਅਸੂਲ ਬਲੋਚੀਆਂ ਦੇ ਹਨ ਜਿਸ ਦਾ ਹਵਾਲਾ ਪੰਜਾਬ ਪੁਲਿਸ ਦੇ ਤਤਕਾਲੀ ਇੰਸਪੈਕਟਰ ਜਨਰਲ ਆਪਣੇ 1961 ਦੇ 'ਟ੍ਰਿਬਿਊਨ' ਵਿਚ ਛਪੇ ਲੇਖ ਵਿਚ ਦਿੰਦੇ ਹਨ: "ਇਕ ਬਲੋਚੀ ਆਪਣੇ ਜ਼ਿਲ੍ਹੇ ਤੋਂ ਬਾਹਰ ਘੱਟ ਹੀ ਚੋਰੀ ਕਰਦਾ ਹੈ। ਇਸ ਕਬੀਲੇ ਦੇ ਅਸੂਲਾਂ ਅਨੁਸਾਰ ਜਦੋਂ ਵੀ ਕੋਈ ਯਾਤਰੂ ਕਿਸੇ ਬਲੋਚੀ ਤੋਂ ਉਸ ਦੀਆਂ ਕਾਰਗੁਜ਼ਾਰੀਆਂ ਅਤੇ ਗਤੀਵਿਧੀਆਂ ਬਾਰੇ ਪੁੱਛਦਾ ਹੈ ਤਾਂ ਉਸ ਨੂੰ ਸਾਫ-ਸਾਫ ਦੱਸਣਾ ਪੈਂਦਾ ਹੈ। ਇਹ ਗੱਲ ਯਕੀਨ ਕਰਨ ਵਾਲੀ ਤਾਂ ਨਹੀਂ, ਪਰ ਹੈ ਸੱਚ ਕਿ ਇਕ ਵਾਰੀ ਇਕ ਬਲੋਚੀ ਚੋਰੀ ਕਰ ਕੇ ਆ ਰਿਹਾ ਸੀ। ਜਦੋਂ ਉਸ ਨੂੰ ਪੁਲਿਸ ਦੇ ਸੁਪਰਡੈਂਟ ਨੇ ਪੁੱਛਿਆ ਤਾਂ ਉਸ ਨੇ ਸਾਰਾ ਵਾਕਿਆ ਸਾਫ-ਸਾਫ ਬਿਆਨ ਕਰ ਦਿੱਤਾ।"

ਇਨ੍ਹਾਂ ਵਾਕਿਆਤ ਤੋਂ ਇਹ ਸਿੱਧ ਹੁੰਦਾ ਹੈ ਕਿ ਕਬਾਇਲੀ ਲੋਕ ਕਿਸੇ ਸ਼ੌਕ ਜਾਂ ਆਦਤ ਕਾਰਨ ਨਹੀਂ ਸਗੋਂ ਮਜਬੂਰੀਵਸ ਅਜਿਹੇ ਜੁਰਮ ਕਰਦੇ ਹਨ। ਘਰ-ਘਾਟ ਤੋਂ ਵਾਂਝੇ ਕੀਤੇ ਇਹ ਲੋਕ 'ਮਰਦੇ ਕੀ ਨਾ ਕਰਦੇ' ਵਾਲੀ ਹਾਲਤ ਵਿਚ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਭੰਡਣਾ ਅਤੇ ਨਕਾਰਨਾ ਦਰੁਸਤ ਨਹੀਂ।

'ਟ੍ਰਿਬਿਊਨ' 1992 ਵਿਚ ਛਪੇ ਇਕ ਲੇਖ ਦਾ ਲੇਖਕ ਦੀਦਾ (ਗੁਰਦਾਸਪੁਰ) ਦਾ ਰਹਿਣ ਵਾਲਾ ਸਰਕਾਰੀ ਅਫਸਰ ਹੈ। ਉਸ ਨੇ ਸਾਂਸੀ ਲੋਕਾਂ ਦੇ ਸੰਨ੍ਹ ਲਾਉਣ ਦੀ ਕਲਾ ਨੂੰ ਬਚਪਨ ਵਿਚ ਦੇਖਿਆ ਸੀ। ਉਹ ਆਪਣੇ ਲੇਖ ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ: "ਮਿੱਟੀ ਦੀ ਕੰਧ 'ਚ ਗੈਂਦੀ ਨਾਲ ਛੋਟਾ ਜਿਹਾ ਗੋਲ ਆਕਾਰ ਦਾ ਸੰਨ੍ਹ ਪੱਕੇ ਤੌਰ 'ਤੇ ਖੂਬਸੂਰਤ ਬਨਾਵਟ ਵਾਲਾ ਹੁੰਦਾ ਹੈ ਜੋ ਸਾਂਸੀ ਕਾਰੀਗਰੀ ਅਤੇ ਸਬਰ ਦਾ ਸ਼ਾਨਦਾਰ ਨਮੂਨਾ ਹੈ। ਇਹ ਬੰਦੇ ਘੱਟ ਵੱਧ ਹੀ ਫੜੇ ਜਾਂਦੇ ਸਨ। ਹੁਣ ਇਹ ਲੋਕ ਕੰਧਾਂ 'ਚ ਸੰਨ੍ਹ ਲਾਉਣ ਦੀ ਬਜਾਏ ਦਾਰੂ ਦੇ ਮਟਕੇ ਜ਼ਮੀਨ 'ਚ ਦੱਬਦੇ ਹਨ।"

ਇਹ ਗੱਲ ਵੀ ਆਮ ਪ੍ਰਚੱਲਿਤ ਹੈ ਕਿ ਦੀਦਾ ਦੀ ਦਾਰੂ ਵਧੀਆ ਕਿਸਮ ਦੀ ਹੁੰਦੀ ਹੈ। ਇਕ ਵਾਰੀ ਕੁਝ ਗੋਰੇ ਸੈਲਾਨੀਆਂ ਨੇ ਇਸ ਦਾ ਸੇਵਨ ਕੀਤਾ। ਪੁੱਛਣ ਲੱਗੇ; "ਕਿਹੜਾ ਬਰੈਂਡ ਹੈ?" ਸਾਰੇ ਇਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ। ਦੁਬਾਰਾ ਪੁੱਛਣ 'ਤੇ ਇਕ ਨੇ ਕਿਹਾ: "ਦੀਦਾ।" ਕਹਿੰਦੇ ਨੇ, ਉਨ੍ਹਾਂ ਨੇ ਆਪਣੀ ਸਰਕਾਰ ਨੂੰ ਦੀਦਾ ਵਿਸਕੀ ਦਰਾਮਦ ਕਰਨ ਵਾਸਤੇ ਲਿਖਿਆ। ਇਸੇ ਦੀਦਾ ਬਸਤੀ ਬਾਰੇ ਉਦੋਂ ਦੇ ਵਿਧਾਇਕ ਸੁੰਦਰ ਸਿੰਘ ਨੇ 1946 ਦੇ 'ਟ੍ਰਿਬਿਊਨ' ਵਿਚ ਪੱਤਰ ਲਿਖਿਆ ਜੋ ਕਬਾਇਲੀ ਲੋਕਾਂ ਬਾਰੇ ਆਮ ਧਾਰਨਾ ਕਿ ਉਹ ਗੈਰ ਸਿਹਤਮੰਦ ਅਤੇ ਗੰਦਗੀ ਭਰਪੂਰ ਹਾਲਾਤ 'ਚ ਰਹਿੰਦੇ ਹਨ, ਨੂੰ ਬਾਖੂਬੀ ਨਕਾਰਦਾ ਹੈ। ਉਹ ਲਿਖਦੇ ਹਨ: "ਕੁਝ ਦਿਨ ਪਹਿਲਾਂ ਮੈਂ ਗੁਰਦਾਸਪੁਰ ਦੀ ਸਾਂਸੀ ਬਸਤੀ ਦੀਦਾ ਦੋਆਬਾ ਗਿਆ। ਉਨ੍ਹਾਂ ਨਾਲ ਖਾਣਾ ਖਾ ਕੇ ਅਤੇ ਰਾਤ ਗੁਜ਼ਾਰ ਕੇ ਮੈਨੂੰ ਖੁਸ਼ੀ ਹੋਈ। ਉਨ੍ਹਾਂ ਦੀ ਸਾਫ-ਸਫਾਈ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ। ਇਹ ਲਾਹੌਰ ਦੀਆਂ ਬਹੁਤੀਆਂ ਅਖੌਤੀ ਉਚ ਜਾਤੀਆਂ ਲਈ ਇਕ ਮਾਡਲ ਬਣ ਸਕਦੀ ਹੈ। ਉਂਜ ਮੈਨੂੰ ਇਹ ਜਾਣ ਕੇ ਤਕਲੀਫ ਹੋਈ ਕਿ ਇਨ੍ਹਾਂ ਲੋਕਾਂ ਨੂੰ ਰਾਤ ਨੂੰ ਵੀ ਚੈਨ ਨਾਲ ਸੌਣ ਨਹੀਂ ਦਿੱਤਾ ਜਾਂਦਾ। ਇਸ ਬਸਤੀ ਦੇ ਹਰ ਪੁਰਸ਼ ਨੂੰ ਰਾਤੀਂ ਦੋ ਵਾਰੀ ਦੀਨਾਨਗਰ ਦੇ ਥਾਣੇ ਹਾਜ਼ਰ ਹੋਣਾ ਪੈਂਦਾ ਹੈ ਜਿਹੜਾ ਇਨ੍ਹਾਂ ਦੀ ਬਸਤੀ ਤੋਂ ਦੋ ਮੀਲ 'ਤੇ ਹੈ। ਉਨ੍ਹਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਕੋਈ ਸਮਾਂ ਹੀ ਨਹੀਂ ਬਚਦਾ। ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਬਸਤੀ ਦੀ ਚਾਰਦੀਵਾਰੀ ਅੰਦਰ ਰਹਿਣ ਦੀ ਹਦਾਇਤ ਹੈ। ਜੇ ਉਹ ਆਪਣੇ ਘਰ ਦੀ ਕੰਧ ਤੋਂ ਇਕ ਇੰਚ ਵੀ ਬਾਹਰ ਆਏ ਤਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਪ੍ਰਮਾਣਿਤ ਹੱਦ ਨੂੰ ਪਾਰ ਕਰਨ ਦੇ ਜੁਰਮ ਵਿਚ ਗ੍ਰਿਫਤਾਰ ਵੀ ਕੀਤਾ ਜਾ ਸਕਦਾ ਹੈ।"

ਹਿੰਦੋਸਤਾਨ ਦੇ ਬਹੁਤ ਸਾਰੇ ਕਬਾਇਲੀ ਇਲਾਕਿਆਂ ਵਿਚ ਇਨ੍ਹਾਂ ਲੋਕਾਂ ਨੇ ਅੰਗਰੇਜ਼ੀ ਹਕੂਮਤ ਅਤੇ ਉਨ੍ਹਾਂ ਦੇ ਟੋਡੀ ਜ਼ਿਮੀਂਦਾਰਾਂ ਤੇ ਸ਼ਾਹੂਕਾਰਾਂ ਖਿਲਾਫ ਵਿਦਰੋਹ ਦੇ ਬਿਗਲ ਬਜਾਏ, ਪਰ ਹੈਰਾਨੀ ਦੀ ਗੱਲ ਹੈ ਕਿ ਖਾੜਕੂ ਸੁਭਾਅ ਵਾਲੇ ਪੰਜਾਬ ਦੇ ਖਿੱਤੇ ਵਿਚ ਅਜਿਹਾ ਕੋਈ ਛੋਟਾ ਜਿਹਾ ਉਪਰਾਲਾ ਵੀ ਨਹੀਂ ਹੋਇਆ। ਉਂਜ, ਨਾਲ ਲੱਗਦੇ ਸਿੰਧ ਇਲਾਕੇ ਦੇ 'ਹੂਰਾਂ ਵਲੋਂ ਸਮਾਨਾਂਤਰ ਸਰਕਾਰ ਬਣਾਉਣ' ਦੀ ਖਬਰ ਮਈ 1942 ਦੇ ਅਖਬਾਰ ਵਿਚ ਛਪੀ। ਇਸ ਖਬਰ ਨੇ ਦਿੱਲੀ ਦੀ ਸਰਕਾਰ ਨੂੰ ਵੀ ਹਿਲਾ ਦਿੱਤਾ ਜਿਸ ਨੇ ਹੂਰਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸਿੰਧ ਸਰਕਾਰ ਨੂੰ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ। ਸਰਕਾਰਾਂ ਇਨ੍ਹਾਂ ਲੋਕਾਂ ਨੂੰ ਭਾਵੇਂ ਜਰਾਇਮ ਪੇਸ਼ਾ ਕਰਾਰ ਦੇਣ ਜਾਂ ਚੋਰ-ਉਚੱਕੇ, ਪਰ ਇਹ ਆਪਣੇ ਆਪ ਨੂੰ ਦੇਸ਼ ਭਗਤ ਅਤੇ ਰਾਸ਼ਟਰਵਾਦੀ ਮੰਨਦੇ ਹਨ। 'ਟ੍ਰਿਬਿਊਨ' ਵਿਚ ਛਪੇ ਇਕ ਪੱਤਰ ਰਾਹੀਂ ਰੂਪਨਗਰ ਦੇ ਇਕ ਸਾਂਸੀ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਬਰਾਬਰ ਪੈਨਸ਼ਨ ਅਤੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਕਿਉਂਕਿ ਇਨ੍ਹਾਂ ਦੇ ਮਾਪੇ ਅੰਗਰੇਜ਼ੀ ਸਰਕਾਰ ਵਿਰੁਧ ਲੜਦੇ ਰਹੇ, ਤਾਂ ਹੀ ਉਨ੍ਹਾਂ ਨੂੰ ਅਪਰਾਧੀ ਕਰਾਰ ਦਿੱਤਾ ਗਿਆ। ਇਨ੍ਹਾਂ ਮਜ਼ਲੂਮ ਲੋਕਾਂ ਦੀ ਤਰਾਸਦੀ ਇਹੋ ਹੈ ਕਿ ਸਰਕਾਰ ਅਤੇ ਆਮ ਲੋਕ ਹਾਲੇ ਵੀ ਇਨ੍ਹਾਂ ਨੂੰ ਸ਼ੱਕ ਅਤੇ ਡਰ ਦੀ ਨਜ਼ਰ ਨਾਲ ਵੇਖਦੇ ਹਨ। 1994 ਦੇ 'ਟ੍ਰਿਬਿਊਨ' ਵਿਚ ਛਪੇ ਇਕ ਪੱਤਰ ਵਿਚ ਚਾਰ ਸਾਂਸੀ ਔਰਤਾਂ ਦੇ ਮੱਥੇ 'ਤੇ ਜੇਬ-ਕਤਰੀ ਉਕਰਨਾ ਜਾਇਜ਼ ਠਹਿਰਾਇਆ ਗਿਆ। ਅਜਿਹੀ ਮਾਨਸਿਕਤਾ ਨੂੰ ਹੁਣ ਬਦਲ ਦੇਣਾ ਚਾਹੀਦਾ ਹੈ।



# ਪ੍ਰਚਾਰ ਦੇ ਸਿਰ 'ਤੇ ਚਲਦੀ ਹੈ ਫਿਲਮੀ ਦੁਨੀਆਂ

ਫਿਲਮਾਂ ਵਿਚ ਕੁਝ ਸਿਤਾਰਿਆਂ ਕੋਲ ਫਿਲਮਾਂ ਬੇਸ਼ਕ ਹੀ ਇਕਾ-ਦੁੱਕਾ ਵੀ ਨਾ ਹੋਣ ਪਰ ਉਹ ਪ੍ਰਚਾਰ ਪਾਉਣ ਲਈ ਉਤਾਵਲੇ ਰਹਿੰਦੇ ਹਨ। ਕਦੇ ਪਰਿਵਾਰਕ ਕਾਰਨਾਂ ਕਰਕੇ ਅਤੇ ਕਦੇ ਕੁਝ ਪ੍ਰੇਮ ਪ੍ਰਸੰਗਾਂ ਜਾਂ ਇਸ਼ਤਿਹਾਰਬਾਜ਼ੀ ਕਾਰਨ। ਸ਼ਾਹਿਦ ਕਪੂਰ, ਕਰੀਨਾ ਕਪੂਰ ਅਤੇ ਸੋਨਮ ਕਪੂਰ ਵਰਗੇ ਕਲਾਕਾਰ ਅੱਜ ਕੱਲ੍ਹ ਭਾਵੇਂ ਫਿਲਮਾਂ ਵਿਚ ਬਹੁਤ


ਜਾਨਵੀ ਕਪੂਰ

ਘੱਟ ਦਿਖਾਈ ਦੇ ਰਹੇ ਹਨ ਪਰ ਪ੍ਰਚਾਰ ਵਿਚ ਛਾਏ ਰਹਿੰਦੇ ਹਨ। ਮੀਡੀਆ ਵੀ ਇਨ੍ਹਾਂ ਉਤੇ ਮਿਹਰਬਾਨ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸੈਲੇਬ੍ਰਿਟੀ ਅਤੇ ਪ੍ਰਚਾਰ ਦਾ ਚੋਲੀ ਦਾਮਨ ਦਾ ਸਾਥ ਹੁੰਦਾ ਹੈ। ਖੁਦ ਮੀਡੀਆ ਵੀ ਸੈਲੇਬ੍ਰਿਟੀ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖਣਾ ਪਸੰਦ ਕਰਦਾ ਹੈ। ਪ੍ਰਸ਼ੰਸਕ ਆਪਣੇ ਪਸੰਦੀਦਾ ਸਿਤਾਰੇ ਬਾਰੇ ਪੜ੍ਹਨਾ ਪਸੰਦ ਕਰਦੇ ਹਨ ਅਤੇ ਮੀਡੀਆ ਉਨ੍ਹਾਂ ਬਾਰੇ ਵਧਾ ਚੜ੍ਹਾ ਕੇ ਖਬਰਾਂ ਪਰੋਸਦਾ ਰਹਿੰਦਾ ਹੈ। ਤਹਿ ਵਿਚ ਜਾਈਏ ਤਾਂ ਕਈ ਰੋਚਕ ਤੱਥਾਂ ਦਾ ਖੁਲਾਸਾ ਹੁੰਦਾ ਹੈ। ਜਿਨ੍ਹਾਂ ਬਾਰੇ ਚਰਚਾ ਕਰਦੇ ਹਾਂ।

ਆਲੋਚਕਾਂ ਨੇ ਕਦੇ ਵੀ ਸ਼ਾਹਿਦ ਕਪੂਰ ਨੂੰ ਉਮਦਾ ਅਦਾਕਾਰ ਨਹੀਂ ਮੰਨਿਆ ਪਰ 'ਜਬ ਵੀ ਮੈੱਟ' ਤੋਂ ਬਾਅਦ ਮਿਲੇ ਆਪਣੇ ਸਟਾਰਡਮ ਨੂੰ ਉਸ ਨੇ ਬਹੁਤ ਚੰਗੀ ਤਰ੍ਹਾਂ ਸੰਭਾਲਿਆ। ਇਸ ਵਿਚ ਉਸ ਨੇ ਆਪਣੇ ਮਜ਼ਬੂਤ ਪ੍ਰਚਾਰ ਤੰਤਰ ਦਾ ਭਰਪੂਰ ਸਹਾਰਾ ਲਿਆ। ਸ਼ਾਹਿਦ ਕੋਲ ਫਿਲਮਾਂ ਹਮੇਸ਼ਾਂ ਘੱਟ ਹੀ ਰਹਿੰਦੀਆਂ ਹਨ ਕਿਉਂਕਿ ਉਹ ਅੱਜ ਵੀ ਆਪਣੇ ਦਮ 'ਤੇ ਕਿਸੇ ਫਿਲਮ ਨੂੰ ਨਹੀਂ ਚਲਾ ਸਕਦਾ। ਉਸ ਦੀਆਂ ਫਿਲਮਾਂ ਹਮੇਸ਼ਾਂ ਚੰਗੇ ਸਹਿ ਅਦਾਕਾਰ ਦੀ ਮੰਗ ਕਰਦੀਆਂ ਹਨ। ਇਸ ਸੂਰਤ ਵਿਚ ਮੀਡੀਆ ਸ਼ਾਹਿਦ ਨੂੰ ਸਿਰਫ ਪ੍ਰਚਾਰ ਵਿਚ ਰੱਖਣ ਲਈ ਉਸ ਦੀ ਫਿਟਨੈੱਸ ਅਤੇ ਬਾਕੀ ਗਤੀਵਿਧੀਆਂ ਦੀਆਂ ਖਬਰਾਂ ਪਰੋਸਦਾ ਰਹਿੰਦਾ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਮੀਡੀਆ ਉਸ ਦੀ ਪਤਨੀ ਮੀਰਾ ਰਾਜਪੂਤ ਅਤੇ ਬੇਟੀ ਮੀਸ਼ਾ ਨਾਲ ਜੁੜੀਆਂ ਖਬਰਾਂ ਨੂੰ ਵੀ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ। ਕਦੇ ਕਦੇ ਉਸ ਦੀ ਬਹੁਤ ਖਿੱਲੀ ਵੀ ਉਡਦੀ ਹੈ ਕਿ ਮੀਰਾ ਰਾਜਪੂਤ, ਸ਼ਾਹਿਦ ਕੋਲ ਆਈਆਂ ਕੁਝ ਪਟਕਥਾਵਾਂ ਨੂੰ ਪੜ੍ਹ ਕੇ ਉਸ ਨੂੰ ਸਲਾਹ ਦੇ ਰਹੀ ਹੈ। ਫਿਰ ਜਦੋਂ ਸ਼ਾਹਿਦ ਕਪੂਰ 'ਪਦਮਾਵਤ' ਵਰਗੀ ਕਿਸੇ ਫਿਲਮ ਵਿਚ ਨਜ਼ਰ ਆਉਂਦਾ ਹੈ ਤਾਂ ਉਸ ਦੇ ਪ੍ਰਚਾਰ ਤੰਤਰ ਦੀ ਸਰਗਰਮੀ ਕਾਬਿਲੇ-ਗੌਰ ਹੁੰਦੀ ਹੈ। ਉਦੋਂ ਉਹ ਸ਼ਾਹਿਦ ਦੀ ਮਹਿਮਾ ਗਾਉਣ ਵਿਚ ਕੋਈ ਕਸਰ ਨਹੀਂ ਛੱਡਦੇ। ਜ਼ਾਹਿਰ ਹੈ ਕਿ ਹੁਣ ਉਹ ਪਬਲੀਸਿਟੀ ਦਾ ਮਾਹਿਰ ਖਿਡਾਰੀ ਬਣ ਚੁੱਕਿਆ ਹੈ।

ਕਾਫੀ ਸਮੇਂ ਤੋਂ ਕਰੀਨਾ ਕਪੂਰ ਦੀਆਂ ਫਿਲਮਾਂ ਨਹੀਂ ਆ ਰਹੀਆਂ, ਪਰ ਉਹ ਆਪਣੇ ਪਤੀ ਅਤੇ ਬੇਟੇ ਤੈਮੂਰ ਨਾਲ ਕੀ ਕਰ ਰਹੀ ਹੈ? ਇਸ ਦੀ ਹਰ ਖਬਰ ਮੀਡੀਆ ਵਿਚ ਆਉਂਦੀ ਰਹਿੰਦੀ ਹੈ। ਉਮਦਾ ਅਭਿਨੇਤਰੀ ਕਰੀਨਾ ਦੀ ਆਉਣ ਵਾਲੀ ਫਿਲਮ 'ਗੁੱਡ ਨਿਊਜ਼' ਨੂੰ ਲੈ ਕੇ ਦਰਸ਼ਕਾਂ ਦੀ ਕੋਈ ਜਗਿਆਸਾ ਨਹੀਂ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਉਹ ਚਰਚਾ ਦਾ ਕੋਈ ਵੀ ਮੌਕਾ ਨਹੀਂ ਗਵਾਉਂਦੀ। ਉਸ ਦੇ ਕੁਝ 'ਇੰਡੋਰਸਮੈਂਟ' ਨੂੰ ਹੀ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ; ਜਦੋਂਕਿ ਪਤੀ ਅਤੇ ਪਤਨੀ ਦੋਵੇਂ ਹੀ ਕਾਫੀ ਸਮੇਂ ਤੋਂ ਫਿਲਮੀ ਟਰੈਕ 'ਤੇ ਕਾਫੀ ਪੱਛੜ ਚੁੱਕੇ ਹਨ। ਕਰੀਨਾ ਕੋਲ ਇਸ ਸਮੇਂ ਸਿਰਫ ਇਕ ਫਿਲਮ ਹੈ, ਉਹ ਵੀ ਉਸ ਨੂੰ ਅਕਸ਼ੈ ਨਾਲ ਆਪਣੀ ਦੋਸਤੀ ਕਾਰਨ ਮਿਲੀ ਹੈ ਅਤੇ ਸੈਫ ਜਿਨ੍ਹਾਂ ਇਕ-ਦੋ ਫਿਲਮਾਂ ਵਿਚ ਰੁੱਝਿਆ ਹੈ, ਉਨ੍ਹਾਂ ਫਿਲਮਾਂ ਬਾਰੇ ਕੋਈ ਜਾਣਦਾ ਨਹੀਂ ਹੈ, ਪਰ ਮੀਡੀਆ ਉਸ 'ਤੇ ਹਮੇਸ਼ਾਂ ਮਿਹਰਬਾਨ ਹੈ।

ਅਭਿਨੇਤਰੀ ਸੋਨਮ ਕਪੂਰ ਦੀ ਫਿਲਮ 'ਏਕ ਲੜਕੀ ਕੋ ਦੇਖਾ ਤੋ ਐਸਾ ਲਗਾ' ਕੋਈ ਖਾਸ ਕਮਾਲ ਨਹੀਂ ਕਰ ਸਕੀ ਪਰ ਉਸ ਬਾਰੇ ਇਹ ਮਸ਼ਹੂਰ ਹੈ ਕਿ ਸੋਨਮ ਨੂੰ ਛਿੱਕ ਵੀ ਆ ਜਾਏ ਤਾਂ ਉਹ ਖਬਰ ਬਣ ਜਾਂਦੀ ਹੈ। ਅੰਗਰੇਜ਼ੀ ਦੇ ਕੁਝ ਅਖਬਾਰਾਂ ਵਿਚ ਉਸ ਦਾ ਚੰਗਾ ਦਖਲ ਹੈ। ਉਹ ਉਸ ਨਾਲ ਜੁੜੀ ਹਰ ਛੋਟੀ ਵੱਡੀ ਗਤੀਵਿਧੀ ਨੂੰ ਖਬਰ ਬਣਾ ਦਿੰਦੇ ਹਨ, ਜਦੋਂਕਿ ਸੰਜੀਦਾ ਆਲੋਚਕ ਉਸ ਨੂੰ ਅਭਿਨੇਤਰੀ ਮੰਨਣ ਤੋਂ ਹੀ ਇਨਕਾਰੀ ਹਨ ਪਰ ਇਸ ਵਿਚ ਹੈਰਾਨੀ ਨਹੀਂ ਕਿ ਕਈ ਐਵਾਰਡ ਵੀ ਉਸ ਦੀ ਝੋਲੀ ਵਿਚ ਆਸਾਨੀ ਨਾਲ ਆ ਜਾਂਦੇ ਹਨ। ਮੀਡੀਆ ਵਿਚ ਉਸ ਦੀ ਦਿੱਖ, ਉਸ ਦਾ ਵਿਆਹ, ਰੈਂਪ-ਵਾਕ ਸਭ ਕੁਝ ਛਾਇਆ ਰਹਿੰਦਾ ਹੈ।

2012 ਵਿਚ ਕਰਿਸ਼ਮਾ ਕਪੂਰ ਦੀ ਆਖਰੀ ਵੱਡੀ ਰਿਲੀਜ਼ ਸੀ 'ਡੇਂਜਰਸ ਇਸ਼ਕ'। ਇਸ ਤੋਂ ਬਾਅਦ ਉਹ ਫਿਲਮਾਂ ਤੋਂ ਬਹੁਤ ਦੂਰ ਜਾ ਚੁੱਕੀ ਹੈ ਪਰ ਪ੍ਰਚਾਰ ਤੋਂ ਨਹੀਂ। ਉਸ ਦਾ ਪ੍ਰਚਾਰ


ਸ਼ਾਹਿਦ ਕਪੂਰ

ਤੰਤਰ ਉਸ ਨਾਲ ਜੁੜੀ ਕਿਸੇ ਵੀ ਗਤੀਵਿਧੀ ਨੂੰ ਮਿਸ ਨਹੀਂ ਕਰਦਾ। ਸੂਤਰ ਦੱਸਦੇ ਹਨ ਕਿ ਕਰਿਸ਼ਮਾ ਸਮੇਂ ਸਮੇਂ 'ਤੇ ਕਿਸੇ ਮੀਡੀਆ ਮੈਨੇਜਰ


ਸਾਰਾ ਅਲੀ ਖਾਨ

ਦੀ ਮਦਦ ਲੈਂਦੀ ਰਹਿੰਦੀ ਹੈ ਜੋ ਉਸ ਦੇ ਛੋਟੇ ਮੋਟੇ ਇੰਡੋਰਸਮੈਂਟ ਨੂੰ ਵੀ ਵਧਾ ਚੜ੍ਹਾ ਦੇ ਪੇਸ਼ ਕਰਦਾ ਹੈ।

ਟੀ.ਵੀ. ਹੋਸਟ ਅਤੇ ਐਂਕਰ ਮਨੀਸ਼ ਪੌਲ ਚੰਗੀ ਪਛਾਣ ਬਣਾ ਚੁੱਕਿਆ ਹੈ। ਕਈ ਟੀ.ਵੀ. ਹੋਸਟ ਉਸ ਨੂੰ ਆਪਣਾ ਆਦਰਸ਼ ਤਕ ਮੰਨਦੇ ਹਨ। ਸੌ ਤੋਂ ਜ਼ਿਆਦਾ ਛੋਟੇ-ਵੱਡੇ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰ ਚੁੱਕਿਆ ਮਨੀਸ਼ ਖੁਦ ਨੂੰ ਅਭਿਨੇਤਾ ਕਹਾਉਣਾ ਪਸੰਦ ਕਰਦਾ ਹੈ। ਅੱਜ ਕੱਲ੍ਹ ਉਹ ਆਪਣੀ ਨਵੀਂ ਫਿਲਮ ਨੂੰ ਲੈ ਕੇ ਬਹੁਤ ਰੁਝਿਆ ਹੋਇਆ ਹੈ। ਉਸ ਨੇ 2008 ਵਿਚ ਟੀ.ਵੀ. ਸੀਰੀਅਲ 'ਛੂਨਾ ਹੈ ਆਸਮਾਨ' ਜ਼ਰੀਏ ਅਦਾਕਾਰੀ ਵਿਚ ਕਦਮ ਰੱਖਿਆ ਸੀ। ਫਿਰ ਕੁਝ ਹੋਰ ਫਿਲਮਾਂ ਕੀਤੀਆਂ। ਉਸ ਦੀ ਫਿਲਮ 'ਤੇਰੇ ਬਿਨ ਲਾਦਿਨ' ਹਿੱਟ ਹੋਈ ਸੀ। ਬਤੌਰ ਅਭਿਨੇਤਾ ਉਸ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਜਿਸ ਤਰ੍ਹਾਂ ਉਹ ਪ੍ਰਚਾਰ ਕਰਦਾ ਰਹਿੰਦਾ ਹੈ, ਉਹ ਬੇਸ਼ਕ ਸਹੀ ਨਾ ਲੱਗੇ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਾਹਰੁਖ, ਸਲਮਾਨ ਵਰਗੇ ਕਈ ਸਿਤਾਰਿਆਂ ਦੇ ਉਹ ਬਹੁਤ ਕਰੀਬ ਹੈ।

ਸ਼ਾਇਦ ਬਹੁਤ ਘੱਟ ਸਿਨੇਮਾ ਪ੍ਰੇਮੀ ਕਰਿਸ਼ਮਾ ਤੰਨਾ ਤੋਂ ਵਾਕਿਫ ਹੋਣਗੇ। ਉਸ ਨੇ ਟੀ.ਵੀ. ਸੀਰੀਅਲ ਕਾਫੀ ਕੀਤੇ ਹਨ। ਪਿਛਲੇ ਦਿਨਾਂ ਵਿਚ ਇਕ ਈਵੈਂਟ ਮੈਨੇਜਰ ਨਾਲ ਠੱਗੀ ਦੇ ਮਾਮਲੇ ਵਿਚ ਉਸ ਦਾ ਨਾਂ ਕਾਫੀ ਉਛਲਿਆ ਸੀ। ਇਸ ਵਜ੍ਹਾ ਨਾਲ ਕੁਝ ਦਿਨਾਂ ਤਕ ਉਸ ਨੂੰ ਅਖਬਾਰਾਂ ਵਿਚ ਕਾਫੀ ਸੁਰਖੀਆਂ ਮਿਲੀਆਂ ਜੋ ਸੁਭਾਵਿਕ ਸਨ। ਜਿਥੋਂ ਤਕ ਵਰਤਮਾਨ ਵਿਚ ਉਸ ਦੀ ਸਰਗਰਮੀ ਦਾ ਸੁਆਲ ਹੈ, ਇਕ-ਦੋ ਫਿਲਮਾਂ ਵਿਚ ਉਹ ਛੋਟੇ-ਮੋਟੇ ਰੋਲ ਕਰ ਰਹੀ ਹੈ। ਸੰਜੇ ਦੱਤ 'ਤੇ ਆਧਾਰਿਤ ਫਿਲਮ 'ਸੰਜੂ' ਵਿਚ ਉਸ ਦਾ ਛੋਟਾ ਜਿਹਾ ਕਿਰਦਾਰ ਸੀ ਪਰ ਉਸ ਨੂੰ ਪ੍ਰਚਾਰ ਤੋਂ ਕੋਈ ਨਹੀਂ ਰੋਕ ਸਕਿਆ। ਕਦੇ ਸਲਮਾਨ ਖਾਨ ਤੇ ਕਦੇ ਆਪਣੇ ਪ੍ਰੇਮ ਪ੍ਰਸੰਗ ਟੁੱਟਣ ਤਾਂ ਕਦੇ ਆਪਣੀ ਦਿੱਖ ਦੀ ਵਜ੍ਹਾ ਨਾਲ ਉਹ ਬਰਾਬਰ ਖਬਰਾਂ ਵਿਚ ਬਣੀ ਰਹਿੰਦੀ ਹੈ। ਕਿਸੇ ਵੱਡੀ ਫਿਲਮੀ ਹਸਤੀ ਦੀ ਤਰ੍ਹਾਂ ਉਸ ਨੇ ਆਪਣਾ ਮੀਡੀਆ ਮੈਨੇਜਰ ਵੀ ਰੱਖਿਆ ਹੋਇਆ ਹੈ।

ਸਿਤਾਰਿਆਂ ਦੇ ਬੱਚੇ ਜਾਹਨਵੀ ਕਪੂਰ, ਸਾਰਾ ਅਲੀ ਖਾਨ ਦੇ ਫਿਲਮਾਂ ਵਿਚ ਆਉਣ ਤੋਂ ਬਹੁਤ ਪਹਿਲਾਂ ਹੀ ਉਨ੍ਹਾਂ ਦਾ ਪ੍ਰਚਾਰ ਤੰਤਰ ਸਰਗਰਮ ਹੋ ਗਿਆ ਸੀ। ਸ਼ਾਹਰੁਖ ਖਾਨ ਦੇ ਬੇਟੇ ਆਰੀਅਨ ਤੇ ਸੈਫ ਅਲੀ ਖਾਨ ਦੇ ਬੇਟੇ ਇਬਰਾਹਿਮ ਦੀ ਹੀ ਗੱਲ ਕਰੀਏ ਤਾਂ ਇਹ ਵੀ ਪ੍ਰਚਾਰ ਵਿਚ ਡੁੱਬੇ ਰਹਿੰਦੇ ਹਨ। ਗਾਹੇ-ਬਗਾਹੇ ਆਰੀਅਨ ਨਾਲ ਕਿਸੇ ਸਟਾਰ ਬੱਚੀ ਦੀ ਜੋੜੀ ਬਣਾਈ ਜਾਂਦੀ ਹੈ।

ਕਈ ਛੋਟੇ ਵੱਡੇ ਅਦਾਕਾਰ 'ਪੇਡ ਨਿਊਜ਼' ਦੇ ਸਹਾਰੇ ਖੁਦ ਨੂੰ ਸੁਰਖੀਆਂ ਵਿਚ ਹਮੇਸ਼ਾਂ ਬਣਾਈ ਰੱਖਦੇ ਹਨ। ਐਸ਼ਵਰਿਆ ਬੱਚਨ, ਆਮਿਰ ਖਾਨ, ਦੀਪਿਕਾ ਪਾਦੂਕੋਣ, ਰਣਵੀਰ ਸਿੰਘ, ਸ਼ਾਹਰੁਖ ਖਾਨ, ਅਕਸ਼ੈ ਕੁਮਾਰ ਕਿਹੜੇ-ਕਿਹੜੇ ਸਿਤਾਰਿਆਂ ਦਾ ਜ਼ਿਕਰ ਕਰੀਏ, ਇਹ ਸਾਰੇ ਆਪਣੀ ਮਨਚਾਹੀ ਖਬਰ ਛਪਾਉਣ ਲਈ ਪੇਡ ਨਿਊਜ਼ ਦੀ ਸ਼ਰਨ ਵਿਚ ਹੀ ਜਾਂਦੇ ਹਨ। ਖਾਸ ਤੌਰ 'ਤੇ ਫਿਲਮ ਦੇ ਪ੍ਰਚਾਰ ਦੌਰਾਨ ਇਸ ਦੀ ਮੰਗ ਵਧ ਜਾਂਦੀ ਹੈ। ਜ਼ਾਹਿਰ ਹੈ ਕਿ ਫਿਲਮ ਅਤੇ ਫਿਲਮੀ ਸਿਤਾਰਿਆਂ ਦੀ ਸਫਲਤਾ ਦੀਆਂ ਸੁਰਖੀਆਂ ਤਾਂ ਹੀ ਬਣਦੀਆਂ ਹਨ ਜਦੋਂ ਉਨ੍ਹਾਂ 'ਤੇ ਮੀਡੀਆ ਮਿਹਰਬਾਨ ਹੁੰਦਾ ਹੈ।

# ਖਲਨਾਇਕੀ ਦੀ ਜਾਨ ਅਦਾਕਾਰ ਪ੍ਰਾਣ

ਫਿਲਮਾਂ ਵਿਚ ਖਲਨਾਇਕਾਂ ਦੀ ਭੂਮਿਕਾ ਨੂੰ ਬਦਮਾਸ਼ਾਂ ਤੋਂ ਉਪਰ ਚੁੱਕ ਕੇ ਸ਼ਾਹੀ ਅੰਦਾਜ਼ ਦੇਣ ਵਾਲੇ ਅਜ਼ੀਮ ਅਦਾਕਾਰ ਪ੍ਰਾਣ ਨੇ ਆਪਣੇ ਫਿਲਮ ਸਫਰ ਦੀ ਸ਼ੁਰੂਆਤ ਪੰਜਾਬੀ ਫਿਲਮਾਂ ਤੋਂ ਕੀਤੀ। ਉਸ ਨੇ ਪਹਿਲਾਂ ਖਲਨਾਇਕ ਫਿਰ ਨਾਇਕ ਤੇ ਫਿਰ ਖਲਨਾਇਕ ਅਤੇ ਬਾਅਦ ਵਿਚ ਚਰਿਤਰ ਅਦਾਕਾਰ ਵਜੋਂ ਆਪਣੀ ਬਿਹਤਰੀਨ ਕਿਰਦਾਰਨਿਗਾਰੀ ਦੀ ਨੁਮਾਇਸ਼ ਕਰਦਿਆਂ ਭਰਪੂਰ ਸ਼ੋਹਰਤ, ਦੌਲਤ ਅਤੇ ਇੱਜ਼ਤ ਪਾਈ।

ਪ੍ਰਾਣ ਦਾ ਜਨਮ ਪੁਰਾਣੀ ਦਿੱਲੀ ਦੇ ਖੁਸ਼ਹਾਲ ਪੰਜਾਬੀ ਪਰਿਵਾਰ ਵਿਚ 12 ਫਰਵਰੀ 1920 ਨੂੰ ਹੋਇਆ। ਸਿਵਲ ਇੰਜੀਨੀਅਰ ਪਿਤਾ ਲਾਲਾ ਕੇਵਲ ਕ੍ਰਿਸ਼ਨ ਸਿਕੰਦ ਤੇ ਮਾਤਾ ਰਾਮੇਸ਼ਵਰੀ ਦੇ ਫਰਜ਼ੰਦ ਪ੍ਰਾਣ ਦਾ ਅਸਲ ਨਾਂ ਪ੍ਰਾਣ ਕ੍ਰਿਸ਼ਨ ਸਿਕੰਦ ਸੀ ਜੋ ਮੁਢਲੇ ਦੌਰ ਦੀਆਂ ਫਿਲਮਾਂ ਵਿਚ ਚਲਦਾ ਸੀ। ਉਸ ਨੇ ਦਸਵੀਂ ਤਕ ਵਿਦਿਆ ਹਾਸਲ ਕੀਤੀ। ਪਿਛੋਂ ਆਪਣਾ ਕੈਰੀਅਰ ਸਟਿਲ ਫੋਟੋਗ੍ਰਾਫਰ ਦੇ ਰੂਪ ਵਿਚ ਸ਼ੁਰੂ ਕੀਤਾ ਜਿਸ ਲਈ ਉਸ ਨੇ ਏ. ਦਾਸ ਐਂਡ ਕੰਪਨੀ, ਦਿੱਲੀ ਤੋਂ ਟਰੇਨਿੰਗ ਵੀ ਲਈ। ਜਦੋਂ ਇਸ ਕੰਪਨੀ ਦੀ ਇਕ ਸ਼ਾਖਾ ਲਾਹੌਰ ਖੁੱਲ੍ਹੀ ਤਾਂ ਪ੍ਰਾਣ ਉਥੇ ਜਾ ਕੇ ਕੰਮ ਕਰਨ ਲੱਗਾ। ਇਥੇ ਉਸ ਦੀ ਮੁਲਾਕਾਤ ਵਲੀ ਮੁਹੰਮਦ ਖਾਨ ਨਾਲ ਹੋਈ ਜੋ ਸੇਠ ਦਲਸੁੱਖ ਐਮ. ਪੰਚੋਲੀ ਦੀਆਂ ਫਿਲਮਾਂ ਲਈ ਕਹਾਣੀਆਂ, ਗੀਤ ਅਤੇ ਮੁਕਾਲਮੇ ਲਿਖਦੇ ਸਨ। ਵਲੀ ਸਾਹਿਬ ਰਾਹੀਂ ਹੀ ਪੰਜਾਬੀ ਫਿਲਮਾਂ 'ਚ ਕੰਮ ਕਰਨ ਦਾ ਮੌਕਾ ਮਿਲਿਆ।

ਪੰਜਾਬੀ ਫਿਲਮ 'ਯਮਲਾ ਜੱਟ' (1940) ਬਤੌਰ ਖਲਨਾਇਕ ਪ੍ਰਾਣ ਕ੍ਰਿਸ਼ਨ ਸਿਕੰਦ ਦੀ ਪਹਿਲੀ ਫਿਲਮ ਸੀ। ਫਿਲਮ ਵਿਚ ਉਸ ਨੇ ਕੁਲਦੀਪ ਨਾਮੀ ਸੋਹਣਾ ਖਲ-ਪਾਤਰ ਨਿਭਾਇਆ। 31 ਮਈ 1940 ਨੂੰ ਲਾਹੌਰ ਦੇ ਪੈਲੇਸ ਸਿਨੇਮਾ ਵਿਚ ਰਿਲੀਜ਼ ਹੋਈ ਇਹ ਫਿਲਮ ਵੱਡੀ ਹਿੱਟ ਸਾਬਤ ਹੋਈ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਪ੍ਰਾਣ ਕ੍ਰਿਸ਼ਨ ਨੂੰ ਇਸੇ ਬੈਨਰ ਦੀ ਹੀ ਦੂਜੀ ਪੰਜਾਬੀ ਫਿਲਮ 'ਚੌਧਰੀ' (1941) ਵਿਚ ਵੀ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਫਿਲਮ ਵਿਚ ਪ੍ਰਾਣ ਨੇ ਜਸਬੀਰ ਨਾਮੀ ਖਲ-ਪਾਰਟ ਬਾਖੂਬੀ ਅਦਾ ਕੀਤਾ। 22 ਅਗਸਤ 1941 ਨੂੰ ਪ੍ਰਭਾਤ ਟਾਕੀਜ਼, ਲਾਹੌਰ ਵਿਚ ਰਿਲੀਜ਼ ਹੋਈ ਇਹ ਫਿਲਮ ਵੀ ਸੁਪਰਹਿੱਟ ਹੋਈ।

ਦੋਵੇਂ ਕਾਮਯਾਬ ਪੰਜਾਬੀ ਫਿਲਮਾਂ ਵਿਚ ਬਿਹਤਰੀਨ ਕਿਰਦਾਰਨਿਗਾਰੀ ਸਦਕਾ ਉਸ ਨੂੰ ਉਰਦੂ/ਹਿੰਦੀ ਫਿਲਮ 'ਖਾਨਦਾਨ' (1942) ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਬਤੌਰ ਹੀਰੋ-ਹੀਰੋਇਨ ਪ੍ਰਾਣ ਅਤੇ ਨੂਰਜਹਾਂ ਦੀ ਇਹ ਪਹਿਲੀ ਫਿਲਮ ਸੀ। ਭਾਈ ਗੁਲਾਮ ਹੈਦਰ ਦੇ ਦਿਲਕਸ਼ ਸੰਗੀਤ 'ਚ ਪ੍ਰਾਣ, ਨੂਰਜਹਾਂ ਤੇ ਮਨੋਰਮਾ 'ਤੇ ਫਿਲਮਾਏ ਗੀਤ 'ਉੜ ਜਾ ਉੜ ਜਾ ਪੰਛੀ' (ਨੂਰਜਹਾਂ, ਗੁਲਾਮ ਹੈਦਰ), 'ਮੇਰੇ ਮਨ ਕਾ ਪੰਛੀ ਕਯਾ ਬੋਲੇ' (ਸ਼ਮਸ਼ਾਦ ਬੇਗ਼ਮ, ਗ਼ੁਲਾਮ ਹੈਦਰ) ਤੋਂ ਇਲਾਵਾ ਨੂਰਜਹਾਂ ਦੇ ਗਾਏ ਗੀਤ 'ਤੂੰ ਕੌਨ ਸੀ ਬਦਲੀ ਮੇਂ ਮੇਰੇ ਚਾਂਦ ਹੈ ਆਜਾ' ਨੇ ਬੜੀ ਮਕਬੂਲੀਅਤ ਖੱਟੀ। ਸਈਅਦ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ ਇਹ ਫਿਲਮ ਐਕਸੀਲੇਜ਼ਰ ਅਤੇ ਵੈਸਟ ਐਂਡ ਥੀਏਟਰ, ਬੰਬਈ ਵਿਖੇ 25 ਅਪਰੈਲ, 1942 ਨੂੰ ਰਿਲੀਜ਼ ਹੋਈ ਅਤੇ ਸੁਪਰਹਿੱਟ ਰਹੀ।

ਇਸ ਤੋਂ ਬਾਅਦ ਉਸ ਨੇ ਲਾਹੌਰ ਤੇ ਬੰਬੇ 'ਚ ਬਣੀਆਂ ਕੁਝ ਫਿਲਮਾਂ 'ਚ ਹੀਰੋ ਅਤੇ ਸਹਾਇਕ ਹੀਰੋ ਦੇ ਕਿਰਦਾਰ ਨਿਭਾਏ। ਇਨ੍ਹਾਂ ਵਿਚ ਫਿਲਮ 'ਸਹਾਰਾ' (1943), 'ਰਾਗਨੀ' (1945), 'ਕੈਸੇ ਕਹੂੰ' (1945), 'ਰੇਹਾਨਾ' (1946), 'ਖਾਮੋਸ਼ ਨਿਗਾਹੇਂ' (1946), 'ਪਰਾਏ ਬਸ ਮੇਂ' (1946), ਮਹਿੰਦਰਾ ਪਿਕਚਰਜ਼, 'ਮੋਹਿਨੀ' (1946), 'ਆਰਸੀ' (1947), 'ਬਦਨਾਮੀ' (1946), 'ਬੁੱਤ ਤਰਾਸ਼' (1947), 'ਬਰਸਾਤ ਕੀ ਏਕ ਰਾਤ' (1948), 'ਬਿਰਹਨ' (1948), 'ਚੁਨਰੀਆ' (1948), 'ਨੇਕ ਦਿਲ' (1948) ਸ਼ਾਮਲ ਹਨ। ਦਰਅਸਲ, ਪ੍ਰਾਣ ਨੂੰ ਮੁੱਖ ਕਿਰਦਾਰ ਨਿਭਾਉਣੇ ਜ਼ਿਆਦਾ ਪਸੰਦ ਨਹੀਂ ਸਨ,



ਕਿਉਂਕਿ ਅਦਾਕਾਰੀ ਦੇ ਨਾਲ-ਨਾਲ ਗਾਉਣਾ ਵੀ ਪੈਂਦਾ ਸੀ ਜੋ ਪ੍ਰਾਣ ਦੇ ਵੱਸ ਦੀ ਗੱਲ ਨਹੀਂ ਸੀ।

18 ਅਪਰੈਲ, 1945 ਨੂੰ ਉਸ ਦਾ ਵਿਆਹ ਪੰਜਾਬਣ ਮੁਟਿਆਰ ਸ਼ੁਕਲਾ ਆਹਲੂਵਾਲੀਆ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਫਰਜ਼ੰਦ ਸੁਨੀਲ ਸਿਕੰਦ, ਅਰਵਿੰਦ ਸਿਕੰਦ ਅਤੇ ਇਕ ਧੀ ਪਿੰਕੀ ਨੇ ਜਨਮ ਲਿਆ। 1947 'ਚ ਜਦੋਂ ਲਾਹੌਰ ਵਿਚ ਫਿਰਕੂ ਫਸਾਦ ਹੋਣ ਲੱਗੇ ਤਾਂ ਪ੍ਰਾਣ ਨੇ ਆਪਣੀ ਪਤਨੀ ਤੇ ਇਕ ਸਾਲ ਦੇ ਪੁੱਤਰ ਨੂੰ ਆਪਣੀ ਸਾਲੀ ਕੋਲ ਇੰਦੌਰ ਭੇਜ ਦਿੱਤਾ। ਫਿਰ ਉਹ ਖੁਦ ਵੀ ਇੰਦੌਰ ਅੱਪੜ ਗਏ। ਅਗਲੇ ਦਿਨ ਲਾਹੌਰ 'ਚ ਦੰਗਿਆਂ ਨੇ ਤੇਜ਼ੀ ਫੜ ਲਈ। ਇੰਦੌਰ ਤੋਂ ਉਹ ਆਪਣੇ ਪਰਿਵਾਰ ਨਾਲ 14 ਅਗਸਤ 1947 ਨੂੰ ਲਾਹੌਰ ਤੋਂ ਬੰਬਈ ਪਹੁੰਚ ਗਏ ਅਤੇ ਤਾਜ-ਮਹਿਲ ਹੋਟਲ 'ਚ ਕਿਆਮ ਕੀਤਾ। ਉਸ ਦਾ ਖਿਆਲ ਸੀ ਕਿ ਲਾਹੌਰ ਵਿਚ ਕਾਫੀ ਫਿਲਮਾਂ ਕਰਨ ਤੋਂ ਬਾਅਦ ਉਸ ਨੂੰ ਬੰਬਈ 'ਚ ਆਸਾਨੀ ਨਾਲ ਕੰਮ ਮਿਲ ਜਾਵੇਗਾ ਪਰ ਇੰਜ ਨਾ ਹੋਇਆ। ਇਥੇ ਉਸ ਨੂੰ ਖਾਸਾ ਸੰਘਰਸ਼ ਕਰਨਾ ਪਿਆ। ਛੇਤੀ ਹੀ ਉਸ ਨੂੰ ਉਥੋਂ ਨਿਕਲ ਕੇ ਸਸਤੇ ਤੋਂ ਸਸਤੇ ਹੋਟਲਾਂ ਵਿਚ ਰਹਿਣ ਲਈ ਮਜਬੂਰ ਹੋਣਾ ਪਿਆ। ਬਿੱਲ ਚੁਕਾਉਣ ਲਈ ਆਪਣੀ ਸ਼ਰੀਕ-ਏ-ਹਿਯਾਤ ਦੇ ਗਹਿਣੇ ਤਕ ਵੇਚਣੇ ਪਏ। ਪ੍ਰਾਣ ਦਾ ਸਫੀਨਾ ਡੁੱਬਣ ਨੂੰ ਹੀ ਸੀ ਜੇ ਅਫਸਾਨਾਗਾਰ ਸਆਦਤ ਹਸਨ ਮੰਟੋ ਅਤੇ ਸ਼ਿਆਮ ਵਰਗੇ ਦੋਸਤਾਂ ਨੇ ਉਸ ਨੂੰ 'ਜ਼ਿੱਦੀ' (1948) 'ਚ ਛੋਟਾ ਜਿਹਾ ਰੋਲ ਨਾ ਦਿਵਾ ਦਿੱਤਾ ਹੁੰਦਾ। ਹਿਦਾਇਤਕਾਰ ਸ਼ਾਹਿਦ ਲਤੀਫ ਦੀ ਦੇਵ ਆਨੰਦ ਅਤੇ ਕਾਮਿਨੀ ਕੌਸ਼ਲ ਦੇ ਮੁੱਖ ਕਿਰਦਾਰ ਵਾਲੀ ਇਸ ਫਿਲਮ ਦਾ ਮਿਹਨਤਾਨਾ ਪ੍ਰਾਣ ਨੂੰ 100 ਰੁਪਏ ਮਿਲਿਆ ਜੋ ਸ਼ਾਮ ਨੂੰ ਉਨ੍ਹਾਂ ਆਪਣੇ ਪਰਿਵਾਰ ਨਾਲ ਜਸ਼ਨ ਮਨਾਉਂਦਿਆਂ ਖਤਮ ਕਰ ਦਿੱਤਾ। ਫਿਰ ਇਸੇ ਹਫਤੇ 'ਚ ਉਸ ਨੇ ਤਿੰਨ ਫਿਲਮਾਂ ਹੋਰ ਸਾਈਨ ਕੀਤੀਆਂ, ਜਿਨ੍ਹਾਂ 'ਚ 'ਗ੍ਰਹਿਸਥੀ' (1948), 'ਅਪਰਾਧੀ' (1949) ਅਤੇ 'ਪੁਤਲੀ' (1950) ਸੀ।

ਦੇਸ਼ ਵੰਡ ਤੋਂ ਬਾਅਦ ਪ੍ਰਾਣ ਦੀ ਪਹਿਲੀ ਫਿਲਮ 'ਛਈ' (1950) ਸੀ। ਫਿਲਮ 'ਚ ਉਸ ਨੇ ਕੁਲਦੀਪ ਕੌਰ ਦੇ ਰੂ-ਬ-ਰੂ ਮੁਲਤਾਨੀ ਨਾਮੀ ਮਜ਼ਾਹੀਆ ਪਾਰਟ ਅਦਾ ਕੀਤਾ। ਉਸ 'ਤੇ ਦੋ ਗੀਤ ਫਿਲਮਾਏ ਗਏ 'ਕੋਈ ਲਾਲੇ ਨੂੰ ਲੈ ਜਾਏ ਲਾਲੇ ਮੁਸੇ' ਤੇ ਇਕ ਕੱਵਾਲੀ 'ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ-ਹੌਲੀ'। ਇਹ ਫਿਲਮ ਸੁਪਰਹਿੱਟ ਕਰਾਰ ਪਾਈ। ਪ੍ਰਾਣ ਦੀ ਦੂਜੀ ਪੰਜਾਬੀ ਫਿਲਮ ਰੂਪਬਾਨੀ ਫਿਲਮਜ਼, ਬੰਬਈ ਦੀ 'ਮੁਟਿਆਰ' (1951) ਸੀ। ਹਿਦਾਇਤਕਾਰ ਰਾਜਪਾਲ ਦੀ 'ਫੁੱਮਣ' (1941) 'ਚ ਪ੍ਰਾਣ ਨੇ ਹੀਰੋ ਦਾ ਕਿਰਦਾਰ ਅਦਾ ਕੀਤਾ ਜਿਸ ਦੇ ਸਨਮੁੱਖ ਹੀਰੋਇਨ ਦਾ ਪਾਰਟ ਗੀਤਾ ਬਾਲੀ ਨੇ ਨਿਭਾਇਆ।

ਹਰ ਕਿਰਦਾਰ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਵਾਲੇ ਪ੍ਰਾਣ ਨੇ ਆਪਣੀ ਵਿਲੱਖਣ ਅਦਾਕਾਰੀ ਦੇ ਨਾਲ ਆਪਣੇ ਹਰ ਕਿਰਦਾਰ 'ਚ ਨਵਾਂ ਰੰਗ ਭਰਿਆ। ਫਿਲਮ 'ਬੜੀ ਬਹਿਨ' (1949) 'ਚ ਧੂੰਏਂ ਦੇ ਛੱਲੇ ਬਣਾ ਕੇ ਉਡਾਉਂਦਿਆਂ ਹੋਇਆਂ ਸਿਗਰਟ ਪੀਣਾ ਉਸ ਦੀ ਪਛਾਣ ਬਣ ਗਈ ਸੀ ਅਤੇ ਫਿਰ ਉਸ ਨੇ ਆਪਣੇ ਇਸ ਅੰਦਾਜ਼ ਨੂੰ ਆਪਣੀ ਅਦਾਕਾਰੀ ਦੀ ਸ਼ੈਲੀ 'ਚ ਸ਼ਾਮਲ ਕਰ ਲਿਆ। ਫਿਲਮ 'ਹਲਾਕੂ' (1956), ਮਨੋਜ ਕੁਮਾਰ ਦੀ ਫਿਲਮ 'ਸ਼ਹੀਦ' (1965) ਤੋਂ ਬਾਅਦ ਫਿਲਮ 'ਉਪਕਾਰ' (1967) 'ਚ 'ਮਲੰਗ ਚਾਚਾ' ਦਾ ਅਮਰ ਪਾਤਰ ਨਿਭਾਉਣ ਵਾਲੇ ਪ੍ਰਾਣ ਦੀ ਨਾਕਾਰਾਤਮਕ ਦਿੱਖ 'ਚ ਖਾਸਾ ਬਦਲਾਓ ਆ ਗਿਆ। ਹੁਣ ਉਹ ਸਾਕਾਰਾਤਮਕ ਕਿਰਦਾਰ ਨਿਭਾਉਣ ਲੱਗਾ। ਉਸਨੇ 'ਜ਼ੰਜੀਰ' (1973) 'ਚ ਅਮਿਤਾਭ ਬੱਚਨ ਦੇ ਦੋਸਤ 'ਸ਼ੇਰ ਖਾਨ' ਦੀ ਭੂਮਿਕਾ 'ਚ ਜਾਨ ਪਾ ਦਿੱਤੀ ਸੀ। ਫਿਲਮ 'ਧਰਮਾ' (1973) ਤੇ 'ਕਸੌਟੀ' (1974) ਦੇ ਕਿਰਦਾਰਾਂ ਨਾਲ ਉਸਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪ੍ਰਾਣ 'ਤੇ ਫਿਲਮਾਏ ਗਏ ਤਮਾਮ ਗੀਤ ਸੁਪਰਹਿੱਟ ਰਹੇ। 350 ਤੋਂ ਜ਼ਿਆਦਾ ਫਿਲਮਾਂ 'ਚ ਆਪਣੀ ਆਲਾ-ਕਿਰਦਾਰਨਿਗਾਰੀ ਦੀ ਅਮਿੱਟ ਛਾਪ ਛੱਡਣ ਵਾਲੇ ਅਦਾਕਾਰ ਦਾ 12 ਜੁਲਾਈ 2013 ਨੂੰ ਬੰਬਈ ਵਿਖੇ 93 ਸਾਲ ਦੀ ਉਮਰੇ ਦੇਹਾਂਤ ਹੋ ਗਿਆ।

-ਮਨਦੀਪ ਸਿੰਘ ਸਿੱਧੂ

## Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298



## Windermere Western View Properties

484 Bovard, Dallas, OR 97338

**To Buy Or Sell Properties**
**House Or Business**

ਘਰ ਜਾਂ ਬਿਜਨਸ ਖਰੀਦਣ/ਵੇਚਣ ਲਈ ਸੰਪਰਕ ਕਰੋ, ਸੰਨੀ ਪਾਲ

**Cell: 503-400-9883**

Office: 503-623-2333



*Sunny Pal*
Real Estate Broker
(Licensed In Oregon)



## ਟਰਾਈ ਸਟੇਟ ਟਰੱਕ ਰਿਪੇਅਰ ਐਂਡ ਟਾਇਰ ਸ਼ਾਪ

1210 Hillsmith Dr., Cincinnati, OH 45215 (I-75 Exit 14; Corner of Chester Rd. & Hillsmith)

**Now Open**
**ਖੁੱਲ੍ਹ ਗਿਆ ਹੈ !**
ਸਿਨਸਿਨੈਟੀ, ਓਹਾਇਓ ਵਿਚ
ਸੈਮੀ ਟਰੱਕ ਗੈਰਾਜ

- ਪੀ. ਐਮ. ਸਰਵਿਸ ਕਰਦੇ ਹਾਂ
- ਨਵੇਂ/ਪੁਰਾਣੇ ਟਾਇਰ ਚੇਂਜ ਕਰਦੇ ਹਾਂ
- ਨਵੇਂ ਬਰੇਕ ਤੇ ਡਰੱਮ ਸਰਵਿਸ

**ਮਕੈਨਿਕ/ਹੈਲਪਰ ਚਾਹੀਦੇ ਹਨ**
ਅਨੁਭਵੀ ਬੰਦੇ ਨੂੰ ਚੰਗੀ ਤਨਖਾਹ। ਰਿਹਾਇਸ਼ ਦੇ ਪ੍ਰਬੰਧ ਵਿਚ ਮਦਦ ਵੀ ਕਰਾਂਗੇ



ਸੰਪਰਕ ਕਰੋ:

ਵਾਜਬ ਰੇਟ, ਤਸੱਲੀਬਖਸ਼ ਕੰਮ
*Timing 8AM to 6PM (Mon to Sat.) Sunday Closed.*

ਜਸਮਿੰਦਰ ਸਿੰਘ, ਫੋਨ: 513-765-0013
ਰਣਜੀਤ ਸਿੰਘ, ਫੋਨ: 513-804-0444

12



# US Business Brokers Inc.


## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

**916-995-0783 (Cell)**
**425-529-6283 (Cell)**

*630-206-2467 (Fax)*
www.ubbchicago.com aj@ubbchicago.com

**Contact us for any Financing Need Nationwide.**

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH